
**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY


SELLING MOTELS IS OUR ONLY BUSINESS

Jas Randhawa
510.406.5056
Howard Johnson
Louisiana
41 Units, Interior Corridor
I-10 Exit Location
Asking $2,850,000
Seller Financing

Bob Seth
408.807.9784
INDUS VALLEY INVESTMENTS

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 25, 20 June, 2009
20451 N Plum Grove Rd. Palatine, IL 60074
Ph:847-359-0746, Fax:847-705-9388


## ਸਵਾਈਨ ਫਲੂ ਨੇ ਪੰਜਾਬ ਸਮੇਤ ਦੁਨੀਆਂ ਘੇਰੀ, 163 ਮੌਤਾਂ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਹੈਦਰਾਬਾਦ:** ਸਵਾਈਨ ਫਲੂ ਦੀ ਤੇਜ਼ੀ ਨਾਲ ਸੰਸਾਰ ਪੱਧਰ 'ਤੇ ਫੈਲ ਰਹੀ ਬਿਮਾਰੀ ਨੇ ਲੋਕਾਂ ਵਿਚ ਇਕ ਤਰ੍ਹਾਂ ਨਾਲ ਦਹਿਸ਼ਤ ਮਚਾ ਦਿੱਤੀ ਹੈ ਅਤੇ ਹਾਲ ਹੀ ਵਿਚ ਪੰਜਾਬ ਵਿਚ ਇਸ ਦੇ 9 ਕੇਸ ਪੌਜ਼ੇਟਿਵ ਪਾਏ ਗਏ ਹਨ ਜਿਨ੍ਹਾਂ ਵਿਚੋਂ ਇਕ ਅਮ੍ਰਿਤਸਰ ਅਤੇ 8 ਜਲੰਧਰ ਨਾਲ ਸੰਬਧਤ ਹਨ। ਸੰਸਾਰ ਸਿਹਤ ਸੰਗਠਨ ਅਨੁਸਾਰ ਸਵਾਈਨ ਫਲੂ ਦੁਨੀਆਂ ਦੇ ਤਕਰੀਬਨ 76 ਮੁਲਕਾਂ ਵਿਚ ਫੈਲ ਚੁੱਕਾ ਹੈ ਅਤੇ ਇਸ ਨਾਲ ਸੰਸਾਰ ਪੱਧਰ 'ਤੇ 163 ਵਿਅਕਤੀ ਮਾਰੇ ਜਾ ਚੁੱਕੇ ਹਨ। ਹਾਲ ਹੀ ਵਿਚ ਫਲੋਰਿਡਾ ਵਿਚ ਇਕ ਮੌਤ ਦੀ ਪੁਸ਼ਟੀ ਕੀਤੀ ਗਈ ਹੈ ਅਤੇ ਅਰਜਨਟੀਨਾ ਸਰਕਾਰ ਨੇ ਵੀ ਇਸ ਬਿਮਾਰੀ ਨਾਲ ਇਕ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਪੰਜਾਬ ਦੇ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਕੰਗ ਨੂੰ ਵੀ ਸਵਾਈਨ ਫਲੂ ਹੋਣ ਦੇ ਸ਼ੰਕੇ ਪ੍ਰਗਟ ਕੀਤੇ ਗਏ ਸਨ। ਬਰਤਾਨੀਆ ਤੋਂ ਪਰਤਦਿਆਂ ਹੀ ਉਹ ਬਿਮਾਰ ਪੈ ਗਏ ਸਨ ਅਤੇ ਉਨ੍ਹਾਂ ਦੇ ਖੂਨ ਦੇ ਸੈਂਪਲ ਵੀ ਟੈਸਟ ਲਈ ਭੇਜੇ ਗਏ ਹਨ।

ਇਸ ਦੌਰਾਨ ਹੈਦਰਾਬਾਦ ਦੇ ਸਿਹਤ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਤੋਂ ਇਥੇ ਪੁੱਜਿਆ 9 ਸਾਲਾ ਬੱਚਾ ਸਵਾਈਨ ਫਲੂ ਦਾ ਸ਼ਿਕਾਰ ਹੈ। ਇਸ ਕੇਸ ਦੀ ਪੁਸ਼ਟੀ ਹੋਣ ਨਾਲ ਹੈਦਰਾਬਾਦ ਵਿਚ ਸਵਾਈਨ ਫਲੂ ਦੇ ਸ਼ਿਕਾਰ ਵਿਅਕਤੀਆਂ ਦੀ ਗਿਣਤੀ 13 ਹੋ ਗਈ ਹੈ ਅਤੇ ਸਮੁੱਚੇ ਭਾਰਤ ਵਿਚ ਇਹ ਗਿਣਤੀ 31 ਨੂੰ ਪੁੱਜ ਗਈ ਹੈ। ਬ੍ਰਿਟਿਸ਼ ਏਅਰਵੇਜ਼ ਦੇ ਇਕ ਜਹਾਜ਼ ਰਾਹੀਂ ਨਿਊ ਜਰਸੀ ਤੋਂ ਹੈਦਰਾਬਾਦ ਪੁੱਜੇ ਇਸ ਬੱਚੇ ਨੂੰ ਆਂਧਰਾ ਪ੍ਰਦੇਸ਼ ਦੇ ਚੈਸਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਕਮਿਉਨੀਕੇਬਲ ਡਿਜ਼ੀਜ਼ ਦਿੱਲੀ ਦੇ ਡਾਕਟਰਾਂ ਨੇ ਇਸ ਬੱਚੇ ਨੂੰ ਸਵਾਈਨ ਫਲੂ ਇਨਫੈਕਸ਼ਨ ਦੀ ਪੁਸ਼ਟੀ ਕਰ ਦਿੱਤੀ ਹੈ। ਯਾਦ ਰਹੇ ਭਾਰਤ ਵਿਚ ਪਾਏ ਗਏ ਸਵਾਈਨ ਫਲੂ ਦੇ ਮਰੀਜ਼ਾਂ ਵਿਚੋਂ ਸਿਰਫ ਇਕ ਤੋਂ ਸਿਵਾਏ ਬਾਕੀ ਪ੍ਰਦੇਸਾਂ ਵਿਚੋਂ ਹੀ ਆਏ ਹਨ। ਇਨ੍ਹਾਂ ਵਿਚੋਂ ਬਹੁਤੇ ਅਮਰੀਕਾ ਵਿਚੋਂ ਭਾਰਤ ਆਏ ਹਨ। ਇਕੋ ਇਕ ਵਿਅਕਤੀ ਜਿਹੜਾ ਬਾਹਰ ਨਹੀਂ ਗਿਆ, ਉਸ ਨੂੰ ਆਪਣੇ ਭਰਾ ਤੋਂ ਇਹ ਇਨਫੈਕਸ਼ਨ ਹੋਈ, ਜਿਹੜਾ ਫਿਲਾਡੈਲਫੀਆ ਤੋਂ ਭਾਰਤ ਆਇਆ ਸੀ। ਇੰਝ ਹੁਣ ਹੈਦਰਾਬਾਦ ਦੇ ਚੈਸਟ ਹਸਪਤਾਲ ਵਿਚ 7 ਵਿਅਕਤੀ ਇਲਾਜ ਅਧੀਨ ਹਨ। ਇਸ ਤੋਂ ਇਲਾਵਾ ਛੇ ਵਿਅਕਤੀਆਂ



ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਇਨ੍ਹਾਂ ਮਰੀਜ਼ਾਂ ਵਿਚ ਉਹ ਛੇ ਬੱਚੇ ਸ਼ਾਮਲ ਹਨ, ਜਿਹੜੇ ਨਿਊਯਾਰਕ ਤੋਂ ਇਥੇ ਪਰਤੇ ਸਨ। ਇਨ੍ਹਾਂ ਵਿਚ ਛੇ ਸਾਲਾਂ ਦੀ ਕੁੜੀ ਅਤੇ 20 ਮਹੀਨੇ ਦਾ ਇਕ ਬੱਚਾ ਵੀ ਸ਼ਾਮਲ ਹਨ। ਇਸ ਦੌਰਾਨ ਮਿਲੀਆਂ ਖ਼ਬਰਾਂ ਅਨੁਸਾਰ ਅਮਰੀਕਾ ਵਿਚ ਸਵਾਈਨ ਫਲੂ ਨਾਲ ਗ੍ਰਸਤ ਵਿਅਕਤੀਆਂ ਦੀ ਗਿਣਤੀ 18000 ਹੋ ਗਈ ਹੈ।

ਹਾਲ ਹੀ ਵਿਚ ਫਲੋਰਿਡਾ ਸਟੇਟ ਵਿਚ 9 ਸਾਲਾ ਬੱਚੇ ਦੀ ਸਵਾਈਨ ਫਲੂ ਨਾਲ ਮੌਤ ਹੋ ਗਈ ਹੈ ਅਤੇ ਫਲੋਰਿਡਾ ਦੇ ਸਿਹਤ ਵਿਭਾਗ ਅਨੁਸਾਰ 417 ਸਵਾਈਨ ਫਲੂ ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ। ਇਥੇ ਜ਼ਿਕਰਯੋਗ ਹੈ ਕਿ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਇਸ ਬਿਮਾਰੀ ਨੂੰ ਮਹਾਂਮਾਰੀ ਦਾ ਨਾਂ ਦੇ ਦਿੱਤਾ ਹੈ।

ਇਸੇ ਦੌਰਾਨ ਭਾਰਤ ਦੇ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਕਿਹਾ ਹੈ ਕਿ ਅਮਰੀਕਾ ਵਰਗੇ ਮੁਲਕਾਂ ਵਿਚੋਂ ਭਾਰਤ ਆ ਰਹੇ ਯਾਤਰੀਆਂ ਦੇ ਟੈਸਟ ਕਰਕੇ ਇਧਰ ਭੇਜਿਆ ਜਾਣਾ ਚਾਹੀਦਾ ਹੈ। ਕੇਂਦਰੀ ਸਿਹਤ ਰਾਜ ਮੰਤਰੀ ਸ਼੍ਰੀ ਦਿਨੇਸ਼

*(ਬਾਕੀ ਸਫਾ 6 ਉਤੇ)*

## ਭਾਜਪਾ ਦੇ ਦੁਖਾਂ ਦਾ ਦਾਰੂ ਕੋਈ ਨਾ

**ਬਿੰਦਰ ਬਸਰਾ**

ਲੋਕ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਭਾਜਪਾ ਵਲੋਂ ਕੀਤਾ ਜਾ ਰਿਹਾ ਆਤਮ-ਚਿੰਤਨ ਸਪਸ਼ਟ-ਕਲੇਸ਼ ਦਾ ਰੂਪ ਧਾਰ ਗਿਆ ਹੈ। ਭਾਜਪਾ ਦੇ ਸੀਨੀਅਰ ਨੇਤਾ ਚੋਣ-ਵਿਸ਼ਲੇਸ਼ਣਾਂ ਦੇ ਬਹਾਨੇ ਆਪਣੇ ਗੁੱਸੇ ਦਾ ਗੁਭ-ਗੁਲਾਟ ਕੱਢਣ ਲਈ ਹਾਰ ਦਾ ਦੋਸ਼ ਇਕ ਦੂਜੇ ਸਿਰ ਮੜ੍ਹ ਕੇ ਖ਼ੁਦ ਨੂੰ ਸੁਰਖਰੂ ਮਹਿਸੂਸ ਕਰ ਰਹੇ ਹਨ। ਚੋਣ ਰਣਨੀਤੀ 'ਚ ਗਲਤੀ ਕਿਥੇ ਹੋਈ ਇਸ ਨੂੰ ਤਲਾਸ਼ਣ ਦੀ ਥਾਂ ਭਾਜਪਾ ਅੰਦਰ ਮਿਹਣੋ-ਮਿਹਣੀ ਹੋ ਕੇ ਪਾਰਟੀ ਦੇ ਅਨੁਸ਼ਾਸਨ ਵਾਲੇ ਅਕਸ ਨੂੰ ਮਿੱਟੀ 'ਚ ਮਿਲਾਇਆ ਜਾ ਰਿਹਾ ਹੈ। ਪਾਰਟੀ ਅੰਦਰਲੇ ਵਿਚਾਰਧਾਰਕ ਮਤਭੇਦ ਉਭਰ ਕੇ ਸਾਹਮਣੇ ਆਉਣ ਨਾਲ ਜਿਥੇ ਪਾਰਟੀ 'ਚ ਪਾਲਾਬੰਦੀ ਤਿੱਖੀ ਹੋ ਰਹੀ ਹੈ, ਉਥੇ ਭਵਿੱਖ ਲਈ ਰਣਨੀਤੀ ਘੜਨ ਦੇ ਰਾਹ 'ਚ ਮੁਸ਼ਕਲਾਂ ਖੜ੍ਹੀਆਂ ਹੋਣਗੀਆਂ। ਉਧਰ ਰਾਸ਼ਟਰੀ ਸਵੈ-ਸੇਵਕ ਸੰਘ ਨੇ ਭਾਜਪਾ ਨੂੰ ਸੱਤਾ



*ਭਾਜਪਾ ਆਗੂ ਰਾਜ ਨਾਥ ਸਿੰਘ*

ਹਾਸਲ ਕਰਨ ਦੇ ਰਾਹ 'ਚ ਅੜਿੱਕਾ ਬਣ ਰਹੇ ਹਿੰਦੂਤਵ ਦੇ ਏਜੰਡੇ ਨੂੰ ਛੱਡ ਦੇਣ ਲਈ ਲਲਕਾਰਿਆ ਹੈ। ਸੰਘ ਦੇ ਪ੍ਰਮੁੱਖ ਚਿੰਤਕ ਐਮ.ਜੀ. ਬਾਬੂਰਾਮ ਵੈਦ ਨੇ ਕਿਹਾ ਹੈ ਕਿ ਭਾਜਪਾ ਜੇ ਹਿੰਦੂਤਵ ਛੱਡਦੀ ਹੈ ਤਾਂ ਇਸ ਨਾਲ ਸੰਘ ਨੂੰ ਕੋਈ ਫਰਕ ਨਹੀਂ ਪਵੇਗਾ।

ਭਾਜਪਾ 'ਚ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਪਿੱਛੋਂ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਾਰਟੀ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਅਸਤੀਫਾ ਦੇਣ ਪਿਛੋਂ ਉਹ ਹਲਕਾ ਮਹਿਸੂਸ ਕਰ ਰਹੇ ਹਨ, ਜਿਵੇਂ ਮਨ ਤੋਂ ਕੋਈ ਬੋਝ ਲਹਿ ਗਿਆ ਹੋਵੇ। ਜ਼ਿਕਰਯੋਗ ਹੈ ਕਿ ਸ਼੍ਰੀ ਸਿਨਹਾ ਨੇ ਲੰਘੇ ਸਨਿਚਰਵਾਰ ਚਿੱਠੀ

*(ਬਾਕੀ ਸਫਾ 6 ਉਤੇ)*


ਕਾਰ, ਘਰ, ਜੀਵਨ ਤੇ ਬਿਜਨਸ

ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation
Manjit Gill
Prisident
CA Lic#OB23990
Civil Service Employees
CSE Insurance Group
Gill Financial & Insurance Services
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਵਿਧਾਨ ਪ੍ਰੀਸ਼ਦ ਦੀ ਬਹਾਲੀ ਦੇ ਮੁੱਦੇ ਨੇ ਨਵੀਂ ਰਾਜਸੀ ਹਲਚਲ ਛੇੜੀ

**ਚੰਡੀਗੜ੍ਹ :** ਪੰਜਾਬ ਵਿਚ ਵਿਧਾਨ ਪ੍ਰੀਸ਼ਦ ਬਹਾਲ ਕਰਨ ਦੇ ਮੁੱਦੇ ਨੇ ਪੰਜਾਬ ਦੇ ਰਾਜਸੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਹੈ। ਰਾਜ ਦੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਵਿਧਾਨ ਪ੍ਰੀਸ਼ਦ ਕਾਇਮ ਕਰਨ ਦੇ ਹੱਕ ਵਿਚ ਹੈ, ਪਰ ਕਾਂਗਰਸ ਪਾਰਟੀ ਕਸੂਤੀ ਸਥਿਤੀ ਵਿਚ ਫਸ ਗਈ ਹੈ। ਕਾਂਗਰਸ ਦੀ ਪਿਛਲੀ ਸਰਕਾਰ ਨੇ ਵਿਧਾਨ ਪ੍ਰੀਸ਼ਦ ਦੀ ਬਹਾਲੀ ਲਈ ਕੇਂਦਰ ਨੂੰ ਲਿਖ ਕੇ ਭੇਜਿਆ ਸੀ, ਪਰ ਹੁਣ ਮੌਜੂਦਾ ਹਾਲਤਾਂ ਵਿਚ ਪਾਰਟੀ ਵਿਰੋਧ ਕਰ ਰਹੀ ਹੈ। ਖੱਬੀਆਂ ਪਾਰਟੀਆਂ ਸਪੱਸ਼ਟ ਤੌਰ 'ਤੇ ਇਸ ਦੇ ਖਿਲਾਫ ਡੱਟ ਗਈਆਂ ਹਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਦਿਨ ਪਹਿਲਾਂ ਇਹ ਬਿਆਨ ਦਿੱਤਾ ਹੈ ਕਿ ਪੰਜਾਬ ਸਰਕਾਰ ਵਿਧਾਨ ਪ੍ਰੀਸ਼ਦ ਦੀ ਬਹਾਲੀ ਲਈ ਯਤਨ ਕਰੇਗੀ। ਉਨ੍ਹਾਂ ਨੇ ਕਿਹਾ ਕਿ ਪਿਛਲੀ ਸਰਕਾਰ ਵੇਲੇ ਵੀ ਉਨ੍ਹਾਂ ਨੇ ਵਿਧਾਨ ਪ੍ਰੀਸ਼ਦ ਬਹਾਲ ਕਰਨ ਦਾ ਕੇਸ ਕੇਂਦਰ ਸਰਕਾਰ ਕੋਲ ਭੇਜਿਆ ਸੀ ਅਤੇ ਹੁਣ ਇਸ ਮਾਮਲੇ ਨੂੰ ਮੁੜ ਉਠਾਉਣਗੇ। ਮੁੱਖ ਮੰਤਰੀ ਸ਼੍ਰੀ ਬਾਦਲ ਦੇ ਇਸ ਬਿਆਨ ਨਾਲ ਰਾਜ ਦੀਆਂ ਰਾਜਸੀ ਧਿਰਾਂ ਵਿਚ ਹਲਚਲ ਮੱਚ ਗਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਕਮ ਧਿਰ ਦੀ ਵਿਧਾਨ ਸਭਾ ਬਹਾਲ ਕਰਨ ਦੀ ਮੁਹਿੰਮ ਦਾ ਤਿੱਖਾ ਵਿਰੋਧ ਕੀਤਾ ਹੈ, ਪਰ ਅਸਲੀਅਤ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਵੀ ਵਿਧਾਨ ਪ੍ਰੀਸ਼ਦ ਬਹਾਲ ਕਰਨ ਦਾ ਮਤਾ ਕੇਂਦਰ ਸਰਕਾਰ ਨੂੰ ਭੇਜਿਆ ਗਿਆ ਸੀ ਅਤੇ ਉਸ ਮਤੇ ਨੂੰ ਬਾਅਦ ਵਿਚ ਵਾਪਸ ਵੀ ਨਹੀਂ ਲਿਆ ਗਿਆ। ਇਸ ਤੋਂ ਪਹਿਲਾਂ ਵੀ ਕਈ ਵਾਰ ਇਹ ਮਾਮਲਾ ਉੱਠਿਆ ਹੈ, ਪਰ ਕਿਸੇ ਸਿਰੇ ਨਹੀਂ ਲੱਗਾ।

ਪੰਜਾਬ ਵਿਚ ਵਿਧਾਨ ਪ੍ਰੀਸ਼ਦ ਕਾਇਮ ਕਰਨ ਬਾਰੇ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਅਸੂਲਨ ਵਿਧਾਨ ਪ੍ਰੀਸ਼ਦ ਕਾਇਮ ਕਰਨ ਦੇ ਖਿਲਾਫ ਨਹੀਂ ਹੈ। ਉਨ੍ਹਾਂ ਨੇ ਮੰਨਿਆ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਵਿਧਾਨ ਪ੍ਰੀਸ਼ਦ ਕਾਇਮ ਕਰਨ ਲਈ ਕੇਂਦਰ ਨੂੰ ਕਾਂਗਰਸ ਸਰਕਾਰ ਨੇ ਲਿਖ ਕੇ ਭੇਜਿਆ ਗਿਆ ਸੀ।

ਬੀਬੀ ਭੱਠਲ ਨੇ ਕਿਹਾ ਕਿ ਉਹ ਸਿਧਾਂਤਕ ਤੌਰ 'ਤੇ ਇਸ ਲਈ ਇਸ ਦੇ ਹੱਕ ਵਿਚ ਹਨ ਕਿਉਂਕਿ ਇਸ ਨਾਲ ਤਜ਼ਰਬੇਕਾਰ ਲੋਕਾਂ ਦੀਆਂ ਰਾਜ ਲਈ ਸੇਵਾਵਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਅਧਿਕਾਰੀਆਂ ਦੇ ਖਿਲਾਫ ਨਹੀਂ ਹਨ, ਪਰ ਕਿੰਨੇ ਕਮਿਸ਼ਨਾਂ ਦੇ ਸੇਵਾਮੁਕਤ ਅਧਿਕਾਰੀ ਚੇਅਰਮੈਨ ਬਣਦੇ ਹਨ? ਹੋਰਾਂ ਖੇਤਰਾਂ ਦੇ ਲੋਕਾਂ ਦੀਆਂ ਸੇਵਾਵਾਂ ਵੀ ਵਿਧਾਨ ਪ੍ਰੀਸ਼ਦ ਨਾਲ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਕਾਬਲ ਲੋਕ ਵਿਧਾਨ ਪ੍ਰੀਸ਼ਦ ਵਿਚ ਆ ਕੇ ਰਾਜ ਦੇ ਬਹੁ ਪੱਖੀ ਵਿਕਾਸ ਲਈ ਯੋਗਦਾਨ ਪਾ ਸਕਦੇ ਹਨ।

ਬੀਬੀ ਭੱਠਲ ਨੇ ਕਿਹਾ ਕਿ ਕਾਂਗਰਸ ਪਾਰਟੀ ਇਸ ਵੇਲੇ ਵਿਧਾਨ ਪ੍ਰੀਸ਼ਦ ਦਾ ਵਿਰੋਧ ਤਾਂ ਕਰ ਰਹੀ ਹੈ, ਕਿਉਂ ਜੋ ਰਾਜ ਦੀ ਆਰਥਿਕ ਹਾਲਤ ਮਾੜੀ ਹੈ।

ਸੀ.ਪੀ.ਐਮ. ਦੇ ਕਾਰਜਕਾਰੀ ਸਕੱਤਰ ਚਰਨ ਸਿੰਘ ਵਿਰਦੀ ਨੇ ਕਿਹਾ ਕਿ ਪਾਰਟੀ ਵਿਧਾਨ ਪ੍ਰੀਸ਼ਦ ਬਹਾਲ ਕਰਨ ਦੇ ਖਿਲਾਫ ਹੈ। ਉਨ੍ਹਾਂ ਕਿਹਾ ਕਿ ਇਹ ਅਦਾਰਾ ਕੇਵਲ ਸਫੈਦ ਹਾਥੀ ਹੈ ਅਤੇ ਇਸ ਨਾਲ ਸਰਕਾਰੀ ਖਜ਼ਾਨੇ 'ਤੇ ਭਾਰੀ ਬੋਝ ਪਏਗਾ। ਪੰਜਾਬ ਪਹਿਲਾਂ ਹੀ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਸੀ.ਪੀ.ਆਈ. ਦੇ ਸੂਬਾ ਸਕੱਤਰ ਭੁਪਿੰਦਰ ਸਿੰਘ ਸਾਂਬਰ ਨੇ ਵਿਧਾਨ ਪ੍ਰੀਸ਼ਦ ਦੀ ਬਹਾਲੀ ਦਾ ਵਿਰੋਧ ਕਰਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੇਤੇ ਕਰਾਇਆ ਹੈ ਕਿ ਵਿਧਾਨ ਪ੍ਰੀਸ਼ਦ ਤੋੜਨ ਦਾ ਫੈਸਲਾ 1967 ਵਿਚ ਸਾਂਝੇ ਮੋਰਚੇ ਦੀ ਸਰਕਾਰ ਵੇਲੇ ਲਿਆ ਗਿਆ ਸੀ। ਇਸ ਮੋਰਚੇ ਵਿਚ ਅਕਾਲੀ ਦਲ ਅਤੇ ਸੀ.ਪੀ.ਆਈ. ਸ਼ਾਮਲ ਸਨ। ਉਨ੍ਹਾਂ ਨੇ ਮੁੱਖ ਮੰਤਰੀ ਸ਼੍ਰੀ ਬਾਦਲ ਨੂੰ ਅਪੀਲ ਕੀਤੀ ਕਿ ਵਿਧਾਨ ਪ੍ਰੀਸ਼ਦ ਬਹਾਲ ਕਰਕੇ ਅਰਬਾਂ ਰੁਪਏ ਦਾ ਬੋਝ ਪਹਿਲਾਂ ਹੀ ਆਰਥਿਕ ਤਬਾਹੀ ਦਾ ਸਾਹਮਣਾ ਕਰ ਰਹੇ ਪੰਜਾਬ ਸਿਰ ਨਾ ਪਾਉਣ।



ਪ੍ਰਕਾਸ਼ ਸਿੰਘ ਬਾਦਲ

ਯਾਦ ਰਹੇ ਲੋਕ ਸਭਾ ਚੋਣਾਂ ਵਿਚ ਸੁਖਬੀਰ ਬਾਦਲ ਫਲਾਪ ਹੋਣ ਤੋਂ ਬਾਅਦ ਸੀਨੀਅਰ ਬਾਦਲ ਟਕਸਾਲੀ ਅਕਾਲੀਆਂ ਅੰਦਰ ਸੁਖਬੀਰ ਨੂੰ ਲੈ ਕੇ ਚੱਲ ਰਹੀ ਘੁਸਰ-ਮੁਸਰ ਨੂੰ ਠੱਲ੍ਹ ਪਾਉਣ ਲਈ ਹੁਣ ਪੰਜਾਬ ਵਿਧਾਨ ਪ੍ਰੀਸ਼ਦ ਮੁੜ ਸੁਰਜੀਤ ਕਰਨ ਦੇ ਫਾਰਮੂਲੇ 'ਤੇ ਸੋਚ ਰਹੇ ਹਨ। ਜ਼ਿਕਰਯੋਗ ਹੈ ਕਿ ਸੁਖਬੀਰ ਵਿਰੋਧੀ ਕਨਸੋਆਂ ਨੂੰ ਠੱਲ੍ਹ ਪਾਉਣ ਲਈ ਵਿਧਾਨ ਪ੍ਰੀਸ਼ਦ ਦੀ ਮੈਂਬਰੀ ਦਾ ਲਾਰਾ ਕਾਰਗਰ ਸਿੱਧ ਹੋ ਸਕਦਾ ਹੈ।

ਇਥੇ ਯਾਦ ਕਰਵਾਇਆ ਜਾਂਦਾ ਹੈ ਕਿ ਸੰਯੁਕਤ ਪੰਜਾਬ ਦੇ ਵੇਲੇ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਕੰਮ ਕਰਦੀ ਸੀ। ਪੰਜਾਬ ਵਿਚੋਂ ਹਰਿਆਣਾ ਅਲੱਗ ਹੋਣ ਤੋਂ ਬਾਅਦ ਵੀ ਵਿਧਾਨ ਪ੍ਰੀਸ਼ਦ ਚੱਲਦੀ ਰਹੀ। ਸੰਨ 1967 ਵਿਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਨੇ ਵਿਧਾਨ ਪ੍ਰੀਸ਼ਦ ਭੰਗ ਕਰਨ ਦਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਸੀ, ਜਿਸ ਨੂੰ ਮੰਨ ਲਿਆ ਗਿਆ। ਇਸ ਤੋਂ ਬਾਅਦ 1952 ਵਿਚ ਬੇਅੰਤ ਸਿੰਘ ਸਰਕਾਰ ਅਤੇ 1997 ਵਿਚ ਬਾਦਲ ਸਰਕਾਰ ਵੀ ਵਿਧਾਨ ਪ੍ਰੀਸ਼ਦ ਨੂੰ ਮੁੜ ਸੁਰਜੀਤ ਕਰਨ ਦਾ ਅਸਫਲ ਯਤਨ ਕਰ ਚੁੱਕੀਆਂ ਹਨ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੂਨੀਅਰ ਬਾਦਲ ਵਿਰੁਧ ਟਕਸਾਲੀ ਅਕਾਲੀ ਲੀਡਰਾਂ ਵਿਚ ਅੰਦਰਖਾਤੇ ਚੱਲ ਰਹੀ ਘੁਸਰ-ਮੁਸਰ ਨੂੰ ਤਾਰਪੀਡੋ ਕਰਨ ਲਈ ਵਿਧਾਨ ਪ੍ਰੀਸ਼ਦ ਨੂੰ ਮੁੜ ਸੁਰਜੀਤ ਕਰਨ ਦੀ ਚਰਚਾ ਸ਼ੁਰੂ ਕਰ ਦਿੱਤੀ ਹੈ।

ਬੀਤੇ ਦਿਨੀਂ ਸੁਲਤਾਨਪੁਰ ਲੋਧੀ ਦੇ ਪਿੰਡ ਜੱਬੋਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਕਿਹਾ ਕਿ ਵਿਧਾਨ ਪ੍ਰੀਸ਼ਦ ਦੀ ਮੁੜ ਬਹਾਲੀ ਸਬੰਧੀ ਕੈਬਨਿਟ ਵਿਚ ਵਿਚਾਰ ਕੀਤਾ ਜਾਵੇਗਾ। ਬਾਦਲ ਦੇ ਉਕਤ ਐਲਾਨ ਤੋਂ ਬਾਅਦ ਬਹੁਤ ਸਾਰੇ ਗੱਡੀਓਂ ਲੱਥੇ ਸੀਨੀਅਰ ਅਕਾਲੀ ਨੇਤਾਵਾਂ ਦੇ ਮੂੰਹ ਵਿਚ ਪਾਣੀ ਆਉਣਾ ਸ਼ੁਰੂ ਹੋ ਗਿਆ ਹੈ।

ਉਕਤ ਲੀਡਰ ਆਪਣੇ-ਆਪਣੇ ਸੂਤਰਾਂ ਰਾਹੀਂ ਵਿਧਾਨ ਪ੍ਰੀਸ਼ਦ ਵਿਚ ਕੁਰਸੀ ਪੱਕੀ ਕਰਨ ਲਈ ਵੱਡੇ ਬਾਦਲ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਵਿਚ ਹਨ। ਪਿਛਲੀਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿਚ ਹਾਰ ਦਾ ਮੂੰਹ ਦੇਖ ਚੁੱਕੇ ਨੇਤਾਵਾਂ ਤੋਂ ਇਲਾਵਾ ਟਿਕਟਾਂ ਤੋਂ ਵਾਂਝੇ ਰਹੇ ਨੇਤਾ ਇਕ ਵਾਰ ਫਿਰ ਸੱਤਾ ਦੀ ਕੁਰਸੀ ਦੇ ਸੁਪਨੇ ਦੇਖਣ ਲੱਗ ਪਏ ਹਨ।

## ਸੁਖਬੀਰ ਦੀ ਗੱਦੀ ਬਚਾਉਣ ਲਈ ਵਿਧਾਨ ਪ੍ਰੀਸ਼ਦ ਵਾਲਾ ਚੋਗਾ ਸੁਟਿਆ ਵੱਡੇ ਬਾਦਲ ਨੇ - ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਵਿਧਾਨ ਪ੍ਰੀਸ਼ਦ ਸੁਰਜੀਤ ਕਰਨ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹ ਸਾਰੀ ਕਾਰਵਾਈ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾਈ ਰੱਖਣ ਅਤੇ ਆਪਣੇ ਹੋਰ ਸਾਥੀਆਂ ਨੂੰ ਸਰਕਾਰ 'ਚ ਸ਼ਾਮਲ ਕਰਨ ਲਈ ਹੈ। ਇਥੇ



ਅਮਰਿੰਦਰ ਸਿੰਘ

ਜਾਰੀ ਬਿਆਨ 'ਚ ਕੈਪਟਨ ਨੇ ਕਿਹਾ, "ਸੁਖਬੀਰ ਸਿੰਘ ਬਾਦਲ ਚੋਣ ਲੜਨ ਤੋਂ ਡਰਦਾ ਹੈ ਅਤੇ ਸ. ਬਾਦਲ ਉਸ ਨੂੰ ਅਸਤੀਫਾ ਦੇਣ ਤੋਂ ਬਚਾਉਣ ਲਈ ਹੀ ਇਸ ਤਰ੍ਹਾਂ ਦੀ ਕਾਰਵਾਈ ਕਰਨ ਲੱਗੇ ਹਨ। ਸੁਖਬੀਰ ਚਾਹੁੰਦਾ ਤਾਂ ਨੂਰਮਹਿਲ ਹਲਕੇ ਤੋਂ ਚਣ ਲੜ ਸਕਦਾ ਸੀ, ਪਰ ਉਸ ਨੂੰ ਹਾਰ ਦਾ ਡਰ ਸਤਾਉਂਦਾ ਰਿਹਾ। ਇਕ ਪਾਸੇ ਪੰਜਾਬ ਆਰਥਿਕ ਮੰਦੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ, ਪਰ ਦੂਜੇ ਪਾਸੇ ਸ. ਬਾਦਲ ਵਿਧਾਨ ਪ੍ਰੀਸ਼ਦ ਸੁਰਜੀਤ ਕਰ ਕੇ ਆਪਣੇ ਖ਼ਾਸ ਵਿਸ਼ਵਾਸਪਾਤਰਾਂ ਨੂੰ ਵੀ ਗੱਦੀਆਂ ਦੇਣੀਆਂ ਚਾਹੁੰਦੇ ਹਨ। ਇਸ ਸਮੇਂ ਪੰਜਾਬ ਦੀ ਆਰਥਿਕ ਪੱਖੋਂ ਬੁਰੀ ਹਾਲਤ ਹੈ ਅਤੇ ਇਸ ਤਰ੍ਹਾਂ ਦਾ ਕਦਮ ਚੁੱਕ ਕੇ ਪੰਜਾਬ ਉੱਤੇ ਹੋਰ ਬੋਝ ਪਾਉਣਾ ਲੋਕਾਂ ਨਾਲ ਧੋਖਾ ਹੋਵੇਗਾ।"

ਉਨ੍ਹਾਂ ਕਿਹਾ ਕਿ ਵਿਧਾਨ ਪ੍ਰੀਸ਼ਦ ਸੁਰਜੀਤ ਕਰਨ ਦਾ ਮੁੱਦਾ ਕਈ ਸਾਲ ਪਹਿਲਾਂ ਲਿਆਂਦਾ ਗਿਆ ਸੀ ਅਤੇ ਇਸ ਨੂੰ ਬਾਅਦ ਵਿਚ ਇਸ ਲਈ ਛੱਡ ਦਿੱਤਾ ਗਿਆ, ਕਿਉਂਕਿ ਪੰਜਾਬ ਸਰਕਾਰ ਦੀ ਆਰਥਿਕ ਹਾਲਤ ਇਸ ਦੀ ਆਗਿਆ ਨਹੀਂ ਸੀ ਦਿੰਦੀ।


**REAL ESTATE** | **HOME LOANS**

**Specialize in Bay Area**

**PARMINDER DEOL Call:925-980-1279**



ਪਰਮਿੰਦਰ ਦਿਓਲ 925-980-1279

forhomes@yahoo.com

**RESIDENTCIAL, BUSINESS AND COMMERCIAL PROPERTIES**

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

*ਕਿਰਾਏ 'ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।*

**Best Time to Buy Bankowned, Foreclosure and Short Sale Properties**

*ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:*

***209-996-1681***

SBA Loan

**Sacramento and Central Valley**

**JAG BHANGU Call: 916-759-1923**

***Attention Homes Buyer & Realtor***

***Get qualified for loan before looking for a house.***

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ

ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ 'ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ



ਜੈਗ ਭੰਗੂ

408-598-9605

916-759-1923

***Purchase home with 3.5% Down FHA***

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

*Direct Mortgage Lender Rates Are LOW Now*

*CA DRE Lic 01364174*

**DIRECT LENDERS AND MAJOR BANKS LOAN AVAILABLE**

**UNITED MORTGAGE & REALTY**

**Self Employed OK First Time Home Buyers OK**

**Loan Available For Bank Owned Properties**

# ਪ੍ਰਧਾਨ ਮੰਤਰੀ ਵਲੋਂ ਦਹਿਸ਼ਤਵਾਦ ਦੇ ਖਾਤਮੇ ਦਾ ਸੱਦਾ

**ਯੇਕਾਤੇਰਿਨਬਰਗ (ਰੂਸ):** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 6 ਦੇਸ਼ਾਂ ਵਾਲੇ ਸੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਦੇ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਦਹਿਸ਼ਤਵਾਦ ਨੂੰ ਜੜ੍ਹੋਂ ਪੁੱਟਣ ਲਈ ਵਿਸ਼ਵੀ ਸਹਿਯੋਗ ਵਧਾਉਣ ਤੇ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਵਿਚ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ। ਹੋਟਲ ਹਯਾਤ ਰਿਜੈਂਸੀ ਦੇ ਬਾਲ ਰੂਮ ਵਿਚ ਚਲ ਰਹੇ ਸਿਖ਼ਰ ਸੰਮੇਲਨ 'ਚ ਸ਼ਾਮਲ ਆਗੂਆਂ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਸਾਡੇ ਖੇਤਰ 'ਚ ਦਹਿਸ਼ਤਵਾਦ ਦਾ ਪ੍ਰਛਾਵਾਂ, ਦਹਿਸ਼ਤਵਾਦ ਵਿਚਾਰਧਾਰਾ ਤੇ ਗੈਰ-ਕਾਨੂੰਨੀ ਪਦਾਰਥਾਂ ਦਾ ਕਾਰੋਬਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਵਧ ਰਹੀਆਂ ਦਹਿਸ਼ਤਗਰਦ ਘਟਨਾਵਾਂ ਦੇ ਰੁਝਾਨ ਅੰਤਰਰਾਸ਼ਟਰੀ ਹੋ ਚੁੱਕੇ ਹਨ। ਦਹਿਸ਼ਤਵਾਦ ਨੂੰ ਪੂਰੇ ਵਿਸ਼ਵ ਲਈ ਸਮੱਸਿਆ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਰੋਗ ਤੋਂ ਕੋਈ ਵੀ ਅਛੂਤਾ ਨਹੀਂ ਹੈ ਤੇ ਇਸ ਨਾਲ ਨਜਿੱਠਣ ਲਈ ਸਾਨੂੰ ਇੱਕਮੁੱਠ ਹੋਣਾ ਪਵੇਗਾ।

ਖੇਤਰੀ ਏਕਤਾ ਤੇ ਤਰੱਕੀ ਦੀ ਗੱਲ ਕਰਦਿਆਂ ਡਾ. ਸਿੰਘ ਨੇ ਆਰਥਕ ਖੇਤਰ ਵਿਚ ਵਧ ਤੋਂ ਵਧ ਸਹਿਯੋਗ ਵਧਾਉਣ ਤੇ ਮੌਜੂਦਾ ਵਿੱਤੀ ਸੰਕਟ ਦੀ ਸਮੱਸਿਆ ਸੁਲਝਾਉਣ ਲਈ ਐਸ ਸੀ ਓ ਦੇ ਦੇਸ਼ਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ।

ਇਸ ਸੰਬੋਧਨ ਤੋਂ ਪਹਿਲਾਂ ਡਾ. ਸਿੰਘ ਨੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨਾਲ ਵੀ ਮੁਲਾਕਾਤ ਕੀਤੀ। ਮੁੰਬਈ ਹਮਲਿਆਂ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਦੀ ਪਾਕਿ ਰਾਸ਼ਟਰਪਤੀ ਨਾਲ ਇਹ ਪਹਿਲੀ ਮੁਲਾਕਾਤ ਸੀ। ਪ੍ਰਧਾਨ ਮੰਤਰੀ ਨੇ ਆਪਣੀ ਮੁਲਾਕਾਤ ਵਿਚ ਸਪਸ਼ਟ ਕੀਤਾ ਕਿ ਮੁੰਬਈ ਹਮਲਿਆਂ ਵਿਚ ਪਾਕਿ ਸਰਕਾਰ ਤੇ ਉਨ੍ਹਾਂ ਦੀ ਸੁਰੱਖਿਆ ਏਜੰਸੀ ਵਲੋਂ ਨਿਭਾਈ ਭੂਮਿਕਾ ਨਾਕਾਫ਼ੀ ਹੈ। ਉਨ੍ਹਾਂ ਜ਼ਰਦਾਰੀ ਨੂੰ ਸਪਸ਼ਟ ਕਿਹਾ ਕਿ ਪਾਕਿਸਤਾਨ ਦੀ ਧਰਤੀ ਤੋਂ ਭਾਰਤ ਖਿਲਾਫ਼ ਚਲਾਈਆਂ ਜਾ ਰਹੀਆਂ ਦਹਿਸ਼ਤਗਰਦ ਕਾਰਵਾਈਆਂ ਨੂੰ ਤੁਰੰਤ ਨੱਥ ਪਾਈ ਜਾਵੇ। ਡਾ. ਸਿੰਘ ਵਲੋਂ ਕੀਤੀ ਗਈ ਇਸ ਟਿੱਪਣੀ ਨੇ ਇੱਕ ਵਾਰ ਤਾਂ ਜ਼ਰਦਾਰੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਇਸ ਤੋਂ ਬਾਅਦ ਜਨਾਬ ਜ਼ਰਦਾਰੀ ਨੇ ਵੀ ਕਿਹਾ ਕਿ ਹੁਣ ਉਹ ਇਨ੍ਹਾਂ ਗੱਲਾਂ ਨੂੰ ਖ਼ਤਮ ਕਰ ਦੇਣ। ਆਪਣੀ ਮੁਲਾਕਾਤ ਤੋਂ ਪਹਿਲਾਂ ਦੋਵਾਂ ਆਗੂਆਂ ਨੇ ਉਸ ਸਮੇਂ ਇੱਕ ਦੂਜੇ ਨਾਲ ਹੱਥ ਮਿਲਾਇਆ, ਜਦੋਂ ਉਹ ਐਸ ਸੀ ਓ ਦੇ ਆਗੂਆਂ ਨਾਲ ਸਮੂਹਿਕ ਫੋਟੋ ਖਿਚਾਉਣ ਲਈ ਅੱਗੇ ਆਏ ਸਨ।

ਜ਼ਿਕਰਯੋਗ ਹੈ ਕਿ ਰੂਸ ਤੋਂ ਇਲਾਵਾ ਚੀਨ, ਉਜਬੇਕਿਸਤਾਨ, ਕਜਾਕਿਸਤਾਨ, ਕਿਰਗੀਸਤਾਨ, ਤਜਾਕਿਸਤਾਨ ਐਸ ਸੀ ਓ ਦੇ ਮੈਂਬਰ ਹਨ, ਜਦੋਂ ਕਿ ਭਾਰਤ, ਪਾਕਿਸਤਾਨ, ਇਰਾਨ ਤੇ ਮੰਗੋਲਿਆ ਨੂੰ ਚਾਰ ਸਾਲ ਪਹਿਲਾਂ ਹੀ ਐਸ ਸੀ ਓ 'ਚ ਅਬਜ਼ਰਵਰ ਵਜੋਂ ਸ਼ਾਮਲ ਕੀਤਾ ਗਿਆ ਹੈ।

ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਦਮਿੱਤਰੀ ਮੇਦਵੇਦੇਵ ਨੇ ਕਿਹਾ ਹੈ ਕਿ ਪਾਕਿਸਤਾਨ ਸਥਿਤ ਦਹਿਸ਼ਤਗਰਦੀ ਟਿਕਾਣਿਆਂ ਨੂੰ ਖ਼ਤਮ ਕੀਤੇ ਬਿਨਾਂ ਅਫ਼ਗਾਨ ਸਮੱਸਿਆ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਦੋ ਰੋਜ਼ਾ ਸੰਘਾਈ ਸਹਿਯੋਗ ਸੰਮੇਲਨ (ਐਸ ਸੀ ਓ) ਦੇ ਸਮਾਪਤੀ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਰੂਸੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਸਪਸ਼ਟ ਹੈ ਕਿ ਅਫ਼ਗਾਨਿਸਤਾਨ ਦੇ ਹਾਲਾਤ ਸਿੱਧੇ ਤੌਰ 'ਤੇ ਪਾਕਿ ਨਾਲ ਜੁੜੇ ਹੋਏ ਹਨ। ਪਾਕਿ ਸਥਿਤ ਦਹਿਸ਼ਤਗਰਦੀ ਟਿਕਾਣੇ ਜਦੋਂ ਤੱਕ ਨਸ਼ਟ ਨਹੀਂ ਕੀਤੇ ਜਾਂਦੇ, ਉਦੋਂ ਤੱਕ ਇਸ ਦਾ ਹੱਲ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹੀ ਠੋਸ ਵਜ੍ਹਾ ਸੀ ਕਿ ਉਨ੍ਹਾਂ ਨੇ ਬੀਤੀ ਰਾਤ ਜ਼ਰਦਾਰੀ ਅਤੇ ਕਰਜ਼ਈ ਨਾਲ ਤਿੰਨ ਪੱਖ਼ੀ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਯਤਨਾਂ 'ਤੇ ਰੂਸ ਨਜ਼ਰ ਰੱਖ ਰਿਹਾ ਹੈ। ਸ੍ਰੀ ਮੇਦਵੇਦੇਵ ਨੇ ਕਿਹਾ ਕਿ ਐਸ ਸੀ ਓ ਸੰਮੇਲਨ ਵਿੱਚ ਲੰਮੇ ਸਮੇਂ ਤੋਂ ਉਡੀਕ ਵਿੱਚ ਦਹਿਸ਼ਤਗਰਦੀ ਰੋਕੂ ਸੰਧੀ ਨੂੰ ਵੀ ਸਵੀਕਾਰ ਕੀਤਾ ਗਿਆ ਹੈ, ਜਿਸ ਨੂੰ ਜਲਦ ਹੀ ਜਨਤਕ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਐਸ ਸੀ ਓ ਸੰਮੇਲਨ ਵਿਚ ਦਹਿਸ਼ਤਗਰਦੀ ਦੇ ਖਿਲਾਫ਼ ਜੰਗ ਅਤੇ ਅਫ਼ਗਾਨਿਸਤਾਨ ਦੇ ਹਾਲਾਤ ਮੀਟਿੰਗ ਦੇ ਮੁੱਖ ਏਜੰਡੇ ਸਨ।


## Matrimonials

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Suitable, educated Jatt US citizen/Green Card/H1B holder for jatt sikh girl 5'7" 26yr studying Phd in USA. Call-704-930-1734. sandhu_rajpal@hotmail.com

*Visit us on the web:*
***punjabtimesusa.com***
***To Advertise with us call:***
***847-359-0746***



PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ☐ ਸਿਟੀਜ਼ਨਸ਼ਿਪ ਅਪੀਲਜ਼
- ☐ ਰੀਲੀਜਿਅਸ ਵਰਕਰਜ਼
- ☐ ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ☐ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- ☐ 9th & 2nd ਸਰਕਿਟ ਅਪੀਲਜ਼
- ☐ ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538


# ਮਾਇਆਵਤੀ ਵਲੋਂ ਗਾਂਧੀ ਨੂੰ ਨਾਟਕਬਾਜ਼ ਕਹਿਣ 'ਤੇ ਭਾਜਪਾ ਦੁਖੀ

**ਇਲਾਹਾਬਾਦ :** ਭਾਰਤੀ ਜਨਤਾ ਪਾਰਟੀ ਨੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਅਤੇ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਕੁਮਾਰੀ ਮਾਇਆਵਤੀ ਨੂੰ ਮਹਾਤਮਾ ਗਾਂਧੀ ਬਾਰੇ ਟਿਪਣੀ ਕਰਨ ਤੋਂ ਪਹਿਲਾਂ ਮਹਾਤਮਾ ਗਾਂਧੀ ਦੀ ਜ਼ਿੰਦਗੀ ਅਤੇ ਫ਼ਲਸਫ਼ੇ ਬਾਰੇ ਜਾਣੂ ਹੋਣ ਦੀ ਸਲਾਹ ਦਿਤੀ ਹੈ। ਭਾਜਪਾ ਦੀ ਇਹ ਪ੍ਰਤੀਕਿਰਿਆ ਮਾਇਆਵਤੀ ਵਲੋਂ ਮਹਾਤਮਾ ਗਾਂਧੀ ਨੂੰ 'ਨਾਟਕਬਾਜ਼' ਕਹੇ ਜਾਣ ਪਿਛੋਂ ਆਈ ਹੈ।

ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ, ''ਮਹਾਤਮਾ ਗਾਂਧੀ ਦੇ ਪੱਕੇ ਸਮਰਥਕ ਜਵਾਹਰ ਲਾਲ ਨਹਿਰੂ ਵੀ ਕਈ ਵਾਰ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ ਪਰ ਕਿਸੇ ਨੇ ਵੀ ਗਾਂਧੀ ਦੀ ਪ੍ਰਤੀਬਧਤਾ ਅਤੇ ਲਗਨ ਵਿਰੁਧ ਪ੍ਰਸ਼ਨ ਖੜਾ ਨਹੀਂ ਕੀਤਾ।'' ਸ੍ਰੀ ਜੋਸ਼ੀ ਨੇ ਕਿਹਾ, ''ਗਾਂਧੀ ਨੂੰ ਨਾਟਕਬਾਜ਼ ਕਹਿਣਾ ਅਤੇ ਉਨ੍ਹਾਂ ਦੀ ਰਾਜਨੀਤੀ ਨੂੰ ਫ਼ਿਲਮੀ ਆਖਣਾ ਅਤਿ ਮੰਦਭਾਗਾ ਹੈ। ਮੈਂ ਮਾਇਆਵਤੀ ਨੂੰ ਸਲਾਹ ਦੇਣਾ ਚਾਹਾਂਗਾ ਕਿ ਅਜਿਹੀ ਗ਼ੈਰ ਜ਼ੁੰਮੇਵਾਰਾਨਾ ਟਿਪਣੀ ਕਰਨ ਤੋਂ ਪਹਿਲਾਂ ਉਹ ਗਾਂਧੀ ਦੀ ਜ਼ਿੰਦਗੀ ਅਤੇ ਫ਼ਲਸਫ਼ੇ ਬਾਰੇ ਜ਼ਰੂਰ ਪੜ੍ਹ ਲੈਣ।'' ਉਤਰ ਪ੍ਰਦੇਸ਼ ਵਿਚ ਬਸਪਾ ਸਰਕਾਰ ਦੀ ਕਾਰਗੁਜ਼ਾਰੀ ਉਤੇ ਵਿਅੰਗ ਕਰਦਿਆਂ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਕਿ ਲੋਕਾਂ ਨੂੰ ਜਿਹੜੀਆਂ ਉਮੀਦਾਂ ਮਾਇਆਵਤੀ ਸਰਕਾਰ ਤੋਂ ਸਨ, ਉਹ ਉਨ੍ਹਾਂ ਉਤੇ ਖਰੀ ਨਹੀਂ ਉਤਰੀ।


# Real Estate and Home Loans

**For buying or selling your home**

**Call Aman Hundal at: 209-918-6464**

**Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.**

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com



# ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

*Kiran Hundal*
*(209)345-0183*
*khundal@farmersagent.com*
*CA insurance License # 0F96503*

*1900 Standiford Ave.*
*Modesto, Ca 95350*





FARMERS INSURANCE GROUP
Symbol of Superior Service
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਅਕਾਲੀ ਭਾਜਪਾ ਗੱਠਜੋੜ ਨੇ ਜਿੱਤੀ ਨੂਰਮਹਿਲ ਦੀ ਜ਼ਿਮਨੀ ਚੋਣ

**ਨੂਰਮਹਿਲ :** ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਰਾਜਵਿੰਦਰ ਕੌਰ ਨੇ ਨੂਰਮਹਿਲ ਦੀ ਉਪ ਚੋਣ 15053 ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤ ਲਈ ਹੈ। ਉਨ੍ਹਾਂ ਨੂੰ ਕੁੱਲ ਪਈਆਂ 92120 ਵੋਟਾਂ 'ਚੋਂ 50983 ਵੋਟਾਂ ਮਿਲੀਆਂ ਜਦਕਿ ਉਸ ਦੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਗੁਰਬਿੰਦਰ ਸਿੰਘ ਅਟਵਾਲ ਨੂੰ 35930 ਵੋਟਾਂ ਮਿਲੀਆਂ। ਸੀ.ਪੀ.ਆਈ. (ਐਮ.) ਦੇ ਉਮੀਦਵਾਰ ਕਾਮਰੇਡ ਹਰਬੰਸ ਸਿੰਘ ਉਪਲ ਭੂਪਾ 3356 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਜਦਕਿ ਆਜ਼ਾਦ ਉਮੀਦਵਾਰ ਹੰਸ ਰਾਜ ਪੰਬਵਾਂ ਨੂੰ 1851 ਵੋਟਾਂ ਹੀ ਮਿਲੀਆਂ। ਇਸ ਉਪ ਚੋਣ ਲਈ ਕੁਲ ਚਾਰ ਉਮੀਦਵਾਰ ਹੀ ਚੋਣ ਲੜ ਰਹੇ ਸਨ।

15 ਜੂਨ ਨੂੰ ਸਵੇਰੇ ਬਹੁ-ਤਕਨੀਕੀ ਕਾਲਜ ਫਾਰ ਵੋਮੈਨ 'ਚ ਵੋਟਾਂ ਦੀ ਗਿਣਤੀ 8 ਵਜੇ ਸ਼ੁਰੂ ਹੋਈ। 10 ਗੇੜਾਂ 'ਚ ਹੋਈ ਗਿਣਤੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਰਾਜਵਿੰਦਰ ਕੌਰ 9 ਰਾਊਂਡਾਂ 'ਚ ਅੱਗੇ ਰਹੀ, ਜਦਕਿ ਗੁਰਬਿੰਦਰ ਸਿੰਘ ਅਟਵਾਲ ਸਿਰਫ਼ ਇਕ ਰਾਊਂਡ 'ਚ ਹੀ ਅੱਗੇ ਰਹੇ। ਵੋਟਾਂ ਦੀ ਗਿਣਤੀ ਲਗਭਗ ਸਾਢੇ ਤਿੰਨ ਘੰਟੇ ਚੱਲੀ। ਬੀਬੀ ਰਾਜਵਿੰਦਰ ਕੌਰ ਦੀ ਜਿੱਤ ਐਲਾਨ ਹੁੰਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਤੇ ਆਗੂਆਂ ਨੇ ਜੈਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ। ਜਦਕਿ ਬੀਬੀ ਰਾਜਵਿੰਦਰ ਕੌਰ ਵੋਟਾਂ ਦੀ ਗਿਣਤੀ ਦੌਰਾਨ ਤੇ ਜਿੱਤਣ ਤੋਂ ਬਾਅਦ ਭਾਵੁਕ ਹੋ ਗਈ ਤੇ ਉਹ ਵਾਰ-ਵਾਰ ਆਪਣੇ ਅੱਥਰੂ ਪੂੰਝਦੀ ਰਹੀ। ਉਨ੍ਹਾਂ ਚੋਣ ਜਿੱਤਣ ਤੋਂ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹਲਕੇ ਦੇ ਵਿਕਾਸ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਇਹ ਜਿੱਤ ਨੂਰਮਹਿਲ ਹਲਕੇ ਦੇ ਲੋਕਾਂ ਦੀ ਜਿੱਤ ਹੈ, ਜਿਨ੍ਹਾਂ ਨੇ ਭੁੱਲਰ ਪਰਿਵਾਰ 'ਚ ਗੂੜਾ ਵਿਸ਼ਵਾਸ ਪ੍ਰਗਟਾਇਆ ਹੈ। ਕਾਂਗਰਸੀ ਉਮੀਦਵਾਰ ਗੁਰਬਿੰਦਰ ਸਿੰਘ ਅਟਵਾਲ ਨੇ ਆਪਣੀ ਹਾਰ 'ਤੇ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਹ ਚੋਣ ਜਿੱਤੀ ਨਹੀਂ, ਸਗੋਂ ਲੁੱਟੀ ਹੈ। ਉਨ੍ਹਾਂ ਕਿਹਾ ਸੱਤਾਧਾਰੀ ਧਿਰ ਨੇ ਹਰ ਹਰਬਾ ਚੋਣ ਜਿੱਤਣ ਲਈ ਵਰਤਿਆ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਨੂੰ ਆਪਣੀ ਹਾਰ ਨਹੀਂ ਮੰਨਦੀ, ਸਗੋਂ ਕਾਂਗਰਸ ਨੇ ਇੱਥੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਚੋਣ ਲੜਨ ਤੋਂ ਭਜਾ ਦਿੱਤਾ ਸੀ ਤੇ ਹੁਣ ਉਸ ਨੂੰ ਉਪ ਮੁੱਖ ਮੰਤਰੀ ਅਹੁਦਾ ਵੀ ਛੱਡਣਾ ਪੈਣਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਾਂਗਰਸ ਦੀ ਅੰਦਰੂਨੀ ਫੁੱਟ ਤੋਂ ਵੀ ਇਨਕਾਰ ਕੀਤਾ।



*ਚੋਣ ਜਿੱਤਣ ਤੋਂ ਬਾਅਦ ਰਾਜਵਿੰਦਰ ਕੌਰ, ਵਿਧਾਇਕ ਸਰਬਜੀਤ ਮੱਕੜ, ਐਸ.ਜੀ.ਪੀ.ਸੀ. ਮੈਂਬਰ ਗੁਰਮੀਤ ਸਿੰਘ ਦਾਦੂਵਾਲ।*

ਯਾਦ ਰਹੇ ਇਸ ਜ਼ਿਮਨੀ ਚੋਣ ਵਿਚ ਲੰਘੀ 12 ਜੂਨ ਨੂੰ ਪਈਆਂ ਵੋਟਾਂ 'ਚ 71.26 ਫੀਸਦੀ ਲੋਕਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਸੀ। ਹਲਕੇ ਦੇ ਕੁਲ 138 ਪੋਲਿੰਗ ਬੂਥਾਂ 'ਚੋਂ 54 ਸੰਵੇਦਨਸ਼ੀਲ ਤੇ 34 ਅਤਿ ਸੰਵੇਦਨਸ਼ੀਲ ਐਲਾਏ ਗਏ ਸਨ, ਜਿੱਥੇ ਅਰਧ ਸੈਨਿਕ ਬਲ ਤਾਇਨਾਤ ਸਨ।

ਨੂਰਮਹਿਲ ਵਿਧਾਨ ਸਭਾ ਹਲਕੇ 'ਚ ਹੋਈ ਉਪ ਚੋਣ ਦੌਰਾਨ ਬਹੁਜਨ ਸਮਾਜ ਪਾਰਟੀ ਦੀਆਂ ਵੋਟਾਂ ਕਿਸੇ ਇਕ ਪਾਰਟੀ ਨੂੰ ਜਾਣ ਦੀ ਥਾਂ ਤਿੰਨ ਧੜਿਆਂ 'ਚ ਵੰਡੀਆਂ ਗਈਆਂ। ਬਸਪਾ ਦੀਆਂ ਵੋਟਾਂ ਵੰਡ ਹੋਣ ਨਾਲ ਨੂਰਮਹਿਲ ਹਲਕੇ ਦਾ ਨਤੀਜਾ ਕੁਝ ਵੀ ਹੋ ਸਕਦਾ ਹੈ। ਬਸਪਾ ਦੀਆਂ ਵੋਟਾਂ ਵੰਡੀਆਂ ਜਾਣ ਦਾ ਕਾਰਨ ਇਕ ਤਾਂ ਇਹ ਰਿਹਾ ਕਿ ਪਾਰਟੀ ਦਾ ਆਪਣਾ ਕੋਈ ਉਮੀਦਵਾਰ ਚੋਣ ਮੈਦਾਨ 'ਚ ਨਹੀਂ ਸੀ, ਦੂਜਾ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਕਿਸੇ ਇਕ ਪਾਰਟੀ ਦੀ ਹਮਾਇਤ ਕਰਨ ਦੀ ਥਾਂ ਆਪਣੇ ਕੇਡਰ ਨੂੰ ਜ਼ਮੀਰ ਦੀ ਅਵਾਜ਼ ਨਾਲ ਵੋਟ ਪਾਉਣ ਲਈ ਕਹਿ ਦਿੱਤਾ ਸੀ। ਬਸਪਾ ਦੇ ਲੋਕਲ ਪੱਧਰ ਦੇ ਆਗੂ ਸੱਤਾਧਾਰੀ ਧਿਰ ਵਲ ਖਿਸਕ ਗਏ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਨੂਰਮਹਿਲ ਹਲਕੇ 'ਚ ਹੀ ਆਖਰੀ ਦਿਨਾਂ 'ਚ ਡੇਰੇ ਲਾਈ ਰੱਖੇ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪਾਰਟੀ ਪ੍ਰਧਾਨ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਚੋਣ ਦਫ਼ਤਰ ਦੇ ਇੰਚਾਰਜ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਤੋਂ ਇਲਾਵਾ ਮੰਤਰੀਆਂ ਨੇ ਪਿੰਡ ਪਿੰਡ ਡੇਰੇ ਲਾਏ ਹੋਏ ਸਨ। ਦੂਜੇ ਪਾਸੇ ਕਾਂਗਰਸ ਨੇ ਵਿਆਨਾ ਕਾਂਡ ਤੋਂ ਬਾਅਦ ਬਸਪਾ ਵੋਟਰਾਂ ਨੂੰ ਆਪਣੇ ਵਲ ਕਰਨ ਲਈ ਬਹੁਤੀ ਮਿਹਨਤ ਨਹੀਂ ਕੀਤੀ। ਕਾਂਗਰਸ ਦਾ ਇਹ ਖਿਆਲ ਸੀ ਕਿ ਵਿਆਨਾ ਕਾਂਡ ਕਾਰਨ ਦਲਿਤ ਭਾਈਚਾਰਾ ਸੱਤਾਧਾਰੀ ਧਿਰ ਨਾਲ ਕਦੇ ਵੀ ਨਹੀਂ ਜਾ ਸਕਦਾ। ਕਾਂਗਰਸ ਦੀ ਧੜੇਬੰਦੀ ਵੀ ਰੜਕਦੀ ਰਹੀ। ਸੀ.ਪੀ.ਐਮ. ਦੇ ਉਮੀਦਵਾਰ ਕਾਮਰੇਡ ਹਰਬੰਸ ਸਿੰਘ ਉੱਪਲ ਤੇ ਸੂਬਾਈ ਲੀਡਰਸ਼ਿਪ ਨੇ ਵੀ ਬਸਪਾ ਲੀਡਰਾਂ ਨਾਲ ਰਾਬਤਾ ਬਣਾ ਕੇ ਰੱਖਿਆ ਹੋਇਆ ਸੀ। ਦੋਹਾਂ ਧਿਰਾਂ ਦੇ ਸਬੰਧਾਂ ਦਾ ਫਾਇਦਾ ਸੀ.ਪੀ.ਐਮ. ਨੂੰ ਮਿਲਣ ਦੀਆਂ ਪੂਰੀਆਂ ਸੰਭਾਵਨਾਵਾਂ ਦੱਸੀਆਂ ਜਾ ਰਹੀਆਂ ਹਨ।

## ਪਰਮਦੀਪ ਗਿੱਲ ਪੰਜਾਬ ਪੁਲਿਸ ਦੇ ਨਵੇਂ ਡੀ.ਜੀ.ਪੀ.

**ਚੰਡੀਗੜ੍ਹ :** ਰਾਜ ਸਰਕਾਰ ਨੇ ਪੰਜਾਬ ਬੈਚ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਵਿਚੋਂ ਕਿਸੇ ਨੂੰ ਸੂਬੇ ਦਾ ਡੀ.ਜੀ.ਪੀ. ਲਾਉਣ ਦੀ ਥਾਂ 1974 ਬੈਚ ਜੰਮੂ ਕਸ਼ਮੀਰ ਦੇ ਆਈ.ਪੀ.ਐਸ. ਅਧਿਕਾਰੀ ਪਰਮਦੀਪ ਸਿੰਘ ਗਿੱਲ ਨੂੰ ਸੂਬੇ ਦਾ ਡੀ.ਜੀ.ਪੀ. ਲਾਉਣ ਦਾ ਫੈਸਲਾ ਕੀਤਾ ਹੈ। ਸੂਬਾਈ ਸਰਕਾਰ ਦੁਆਰਾ ਉਨ੍ਹਾਂ ਦੇ ਨਾਂ ਦੀ ਸਿਫਾਰਸ਼ ਕੇਂਦਰ ਕੋਲ ਭੇਜ ਦਿੱਤੀ ਗਈ ਹੈ। ਲੋਕ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਡੀ.ਜੀ.ਪੀ. ਬਣਾਏ ਗਏ ਕੇ.ਕੇ. ਅਤਰੀ 31 ਜੂਨ ਨੂੰ ਸੇਵਾਮੁਕਤ ਹੋ ਰਹੇ ਹਨ। ਪਰਮਦੀਪ ਸਿੰਘ ਗਿੱਲ ਮੌਜੂਦਾ ਸਮੇਂ ਜੰਮੂ ਕਸ਼ਮੀਰ ਦੀ ਪੁਲਸ ਅੰਦਰ ਕਮਿਸ਼ਨਰ ਵਿਜੀਲੈਂਸ ਦੇ ਤੌਰ 'ਤੇ ਤਾਇਨਾਤ ਹਨ। ਇਸ ਤੋਂ ਪਹਿਲਾਂ ਆਈ.ਜੀ.ਪੀ. ਦੇ ਅਹੁਦੇ 'ਤੇ ਜ਼ਿੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਸੂਬੇ ਅੰਦਰਲੀ ਅੱਤਵਾਦ ਦੀ ਚੁਣੌਤੀ ਨਾਲ ਵੀ ਬੜੀ ਸੂਝ-ਬੂਝ ਨਾਲ ਨਿਪਟਿਆ ਹੈ।

## ਜਲ੍ਹਿਆਂਵਾਲਾ ਬਾਗ਼ ਪੁਰਾਤੱਤਵ ਵਿਭਾਗ ਹਵਾਲੇ ਹੋਵੇਗਾ

**ਅੰਮ੍ਰਿਤਸਰ:** ਜਲ੍ਹਿਆਂਵਾਲੇ ਬਾਗ ਦੀ ਦਿੱਖ ਨੂੰ ਲੈ ਕੇ ਜਲ੍ਹਿਆਂਵਾਲਾ ਬਾਗ ਦੇ ਮੈਂਬਰ ਤੇ ਬਿਹਾਰ ਦੇ ਰਾਜਪਾਲ ਆਰ.ਐਲ. ਭਾਟੀਆ ਅਤੇ ਸ਼ਹੀਦਾਂ ਤੇ ਗ਼ਦਰੀ ਬਾਬਿਆਂ ਦੇ ਵਾਰਸ ਵਜੋਂ ਜਾਣੀ ਜਾਂਦੀ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਨੇਤਾਵਾਂ ਵਿਚਕਾਰ ਜਲ੍ਹਿਆਂਵਾਲਾ ਬਾਗ ਦੀ ਸਾਂਭ-ਸੰਭਾਲ ਨੂੰ ਲੈ ਕੇ ਸਦਭਾਵਨਾ ਵਾਲੇ ਮਾਹੌਲ ਵਿਚ ਗੱਲਬਾਤ ਹੋਈ, ਜਿਸ ਵਿਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਜਲ੍ਹਿਆਂਵਾਲੇ ਬਾਗ ਨੂੰ ਸੈਰਗਾਹ ਬਣਾਉਣ ਦੀ ਬਜਾਏ ਪੁਰਾਤੱਤਵ ਵਿਭਾਗ ਦੇ ਹਵਾਲੇ ਕੀਤਾ ਜਾਵੇਗਾ ਅਤੇ ਇਸ ਦੀ ਇਤਿਹਾਸਕ ਦਿੱਖ ਨੂੰ ਵਿਗਾੜਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਮੀਟਿੰਗ ਬਹੁਤ ਹੀ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਜਲ੍ਹਿਆਂਵਾਲੇ ਬਾਗ ਦੀ ਸਾਂਭ-ਸੰਭਾਲ ਲਈ ਦਿੱਤੇ ਗਏ ਸੁਝਾਵਾਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਗਈ। ਇਸ ਦੌਰਾਨ ਸ੍ਰੀ ਭਾਟੀਆ ਨੇ ਕਿਹਾ ਕਿ ਉਹ ਜਲਦੀ ਹੀ ਟਰੱਸਟ ਦੇ ਬਾਕੀ ਅਹੁਦੇਦਾਰਾਂ ਤੇ ਪੁਰਾਤੱਤਵ ਵਿਭਾਗ ਦੇ ਮੰਤਰਾਲੇ ਨਾਲ ਉਨ੍ਹਾਂ ਦੀ ਮੀਟਿੰਗ ਕਰਵਾਉਣਗੇ। ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਹੋਰ ਵੀ ਕਈ ਮੁੱਦਿਆਂ 'ਤੇ ਵਿਚਾਰ ਚਰਚਾ ਹੋਈ ਅਤੇ ਵਿਸ਼ਵਾਸ ਦਿਵਾਇਆ ਕਿ ਜਲ੍ਹਿਆਂਵਾਲਾ ਬਾਗ ਇਕ ਇਤਿਹਾਸਕ ਵਿਰਾਸਤ ਹੈ ਤੇ ਇਸ ਨੂੰ ਵਿਰਾਸਤ ਵਜੋਂ ਹੀ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਗ ਵਿਚ ਨਾ ਤਾਂ ਕੋਈ ਸਟੇਜ ਬਣਾਈ ਜਾਵੇਗੀ ਤੇ ਨਾ ਹੀ ਪੱਥਰ ਲਗਾ ਕੇ ਇਸ ਦੀ ਅਸਲੀ ਦਿੱਖ ਨੂੰ ਵਿਗਾੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਗ ਵਿਚ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਉੱਪਰ ਸਟੀਲ ਦੇ ਫਰੇਮ ਲਗਾ ਕੇ ਵਿਚਕਾਰ ਸ਼ੀਸ਼ਾ ਲਗਾਇਆ ਜਾਵੇਗਾ ਅਤੇ ਗੋਲੀਆਂ ਵਾਲੇ ਨਿਸ਼ਾਨਾ ਦਾ ਆਲਾ-ਦੁਆਲਾ ਇਸ ਤਰ੍ਹਾਂ ਦਾ ਬਣਾਇਆ ਜਾਵੇਗਾ ਕਿ ਇਹ ਨਿਸ਼ਾਨ ਬਿਲਕੁਲ ਸਪੱਸ਼ਟ ਨਜ਼ਰ ਆਉਣ।




# San Jose Punjabi Mela



A celebration of diverse cultures with over 10,000 people every year. Presented by the

**Indo – American Senior Center of San Jose, Inc (ID # 77-0513699) in collaboration with Evergreen Valley College, San Jose, CA**







**Saturday, June 20, 2009**

**9:00 a.m. to 6:00 p.m.**
**Evergreen Valley College**
**3095 Yerba Buena Road**
**San Jose, CA 95135**
**For Booths & General Information Call :**

**Jatinder Mann** (Executive Director) (408) 930-6000

**Jaswant S. Jessie** (Chairman) (408) 242-2202

See www.MySpace.com/SanJosePunjabiMela or www.SanJoseMela.com for updates & Vendor Application.

**Lots of family activities, over 40 booths, food, entertainment and shopping, Bhangra, Gidha, International celebrities K. S. Makhan, Bhupinder Babbal, Sukhwant Sukhi and other local performers, Kabbadi, Soccer and Volleyball competitions on Saturday, June 20, 2009.**

**FREE MEDICAL SCREENING INCLUDES: Total Cholesterol Levels • Blood Pressure • Bone Density • Glucose Levels • Waist Circumference • Body Mass Index.**






**SPONSORED BY SAN JOSE PUNJABI MELA COMMITTEE.** Ads. SPONSORED BY GAKHAL BROTHERS.

1027 West Taylor Street, San Jose, CA 95126 | (408) 287-1600 phone | (408) 287-1639 fax | Mann@InjuryLawyerInSanJose.com

# ਜਿਸ ਧਰਮ ਸਥਾਨ ’ਤੇ ਪੈਸਾ ਪ੍ਰਧਾਨ ਹੋਵੇਗਾ, ਉਥੋਂ ਧਰਮ ਖੁੱਸ ਜਾਵੇਗਾ

**–ਜਤਿੰਦਰ ਪਨੂੰ**

ਸੰਗਰੂਰ ਜ਼ਿਲ੍ਹੇ ਵਿਚ ਇਕ ਥਾਂ ਇਕ ਬਹੁਤ ਵੱਡਾ ਗੁਰਦੁਆਰਾ ਬਣਾਇਆ ਜਾ ਰਿਹਾ ਹੈ। ਕੁਝ ਲੋਕ ਉਸ ਨੂੰ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਤਿਆਰ ਕਰਨ ਦਾ ਕੋਝਾ ਯਤਨ ਕਰਾਰ ਦੇ ਕੇ ਇਸ ਦਾ ਵਿਰੋਧ ਕਰ ਰਹੇ ਹਨ। ਦੂਜੇ ਪਾਸੇ ਕੁਝ ਲੋਕ ਇਸ ਦੇ ‘ਇੰਨ-ਬਿਨ ਨਕਲ’ ਹੋਣ ਦਾ ਖੰਡਨ ਕਰਨ ਲਈ ਦਿਸ਼ਾਵਾਂ ਦਾ ਫ਼ਰਕ ਤੇ ਕਈ ਹੋਰ ਦਲੀਲਾਂ ਪੇਸ਼ ਕਰਕੇ ਦੋਸ਼ ਝੂਠਾ ਸਾਬਤ ਕਰਨ ਰੁੱਝੇ ਹੋਏ ਹਨ। ਵਿਰੋਧ ਕਰਨ ਵਾਲਿਆਂ ਦੇ ਸਿਰ ਵਿਚ ਧਾਰਮਿਕਤਾ ਘੱਟ ਤੇ ਰਾਜਨੀਤੀ ਵਧ ਜਾਪਦੀ ਹੈ। ਇਸੇ ਕਾਰਨ ਉਨ੍ਹਾਂ ‘ਚੋਂ ਕਈ ਜਣੇ ਇਸ ਦੀ ਉਸਾਰੀ ਦੇ ਅਮਲ ਦੌਰਾਨ ਖ਼ੁਦ ਵੀ ਉਥੇ ਜਾਂਦੇ-ਆਉਂਦੇ ਰਹੇ, ਪਰ ਹੁਣ ਤੱਕ ਵਿਰੋਧ ਵਿਚ ਨਹੀਂ ਸਨ ਬੋਲੇ। ਜਿਹੜੇ ਇਸ ਵਿਰੋਧ ਨੂੰ ਝੂਠਾ ਸਾਬਤ ਕਰਨ ਦੇ ਆਹਰ ਵਿਚ ਲੱਗੇ ਹੋਏ ਹਨ, ਉਨ੍ਹਾਂ ਸਾਹਮਣੇ ਵੀ ਧਾਰਮਿਕਤਾ ਜਾਂ ਸ਼ਰਧਾ ਨਹੀਂ, ਸਗੋਂ ਇਹ ਹੈ ਕਿ ਜਦੋਂ ਇਸ ਅਸਥਾਨ ਦੀ ਉਸਾਰੀ ਸਿਰੇ ਚੜ੍ਹ ਗਈ, ਗੋਲਕ ਰੋਜ਼ ਭਰਿਆ ਕਰੇਗੀ ਤੇ ਮੌਜਾਂ ਕਰਾਂਗੇ। ਜਦੋਂ ਉਸਾਰੀ ਮੌਕੇ ਹੀ ਕਰੋੜਾਂ ਰੁਪਏ ਦਾ ਚੜ੍ਹਾਵਾ ਚੜ੍ਹ ਗਿਆ ਹੈ, ਕਾਰ ਸੇਵਾ ਦੇ ਮੁਖੀ ਸੰਤ ਦੇ ਪੈਰਾਂ ‘ਚ ਵੀ ਨੋਟ ਰੱਖ ਕੇ ਮੱਥੇ ਟੇਕੇ ਜਾ ਰਹੇ ਹਨ, ਤਾਂ ਬਾਅਦ ਵਿਚ ਜੋ ਹੋਵੇਗਾ, ਉਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।ਇਹੋ ਜਿਹੇ ਹੋਰ ਅਸਥਾਨ ਵੀ ਉਹ ਬਣਾਈ ਜਾਣ, ਪਰ ਕਦੇ ਵੀ ਇਹ ਨਹੀਂ ਸੋਚਣਗੇ ਕਿ ਜਿਹੜਾ ਕਰੋੜਾਂ ਰੁਪਈਆ ਇਥੇ ਲਾ ਦਿੱਤਾ ਗਿਆ ਹੈ, ਉਹ ਸਮਾਜ ਦੇ ਸਾਂਝੇ ਭਲੇ ਦੇ ਕਿਸੇ ਕਾਰਜ ਵਿਚ ਵੀ ਵਰਤਿਆ ਜਾ ਸਕਦਾ ਸੀ। ਸਰਕਾਰਾਂ ਨੇ ਜਿਹੜੇ ਸਕੂਲ ਤੇ ਹਸਪਤਾਲ ਲਾਵਾਰਸ ਛੱਡ ਦਿੱਤੇ ਹੋਏ ਹਨ, ਉਨ੍ਹਾਂ ਨੂੰ ਅਪਣਾਇਆ ਜਾ ਸਕਦਾ ਸੀ। ਪੰਜਾਬ ਦੇ ਸਾਰੇ ਨਦੀਆਂ-ਨਾਲੇ ਗੰਦ ਦੇ ਵਹਿਣ ਬਣ ਗਏ ਹਨ, ਉਨ੍ਹਾਂ ਦੀ ਗਾਰ ਏਸੇ ਕਾਰ ਸੇਵਾ ਨਾਲ ਸਾਫ਼ ਕਰਵਾਈ ਜਾ ਸਕਦੀ ਸੀ। ਨਵੇਂ ਧਰਮ ਅਸਥਾਨ ਬਣਾਉਣ ਦੀ ਥਾਂ ਪੁਰਾਣਿਆਂ ਵਲ ਜਾਂਦੀਆਂ ਸੜਕਾਂ ਦੀ ਹਾਲਤ ਸੁਧਾਰ ਕੇ ਨਾਲ ਦੀ ਨਾਲ ਇਸੇ ਬਹਾਨੇ ਉਸ ਇਲਾਕੇ ਦੀ ਸੇਵਾ ਵੀ ਕੀਤੀ ਜਾ ਸਕਦੀ ਸੀ।

ਹੁਣ ਇਹ ਪੰਜਾਬੀਆਂ ਦੀ ਕਰੋੜਾਂ ਰੁਪਏ ਦੀ ਕਮਾਈ, ਉਸ ਗੁਰਦੁਆਰੇ ਉਤੇ ਲਾ ਦਿੱਤੀ ਗਈ ਹੈ, ਜਿਸ ਬਾਰੇ ਪੰਜਾਬੀ ਸਮਾਜ ਤਾਂ ਕੀ, ਸਿੱਖ ਸੰਸਥਾਵਾਂ ਦੀ ਵੀ ਸਹਿਮਤੀ ਨਹੀਂ। ਕੁਝ ਸੰਸਥਾਵਾਂ ਇਸ ਨੂੰ ਕਾਇਮ ਰੱਖਣਾ ਠੀਕ ਠਹਿਰਾਉਂਦੀਆਂ ਹਨ, ਕੁਝ ਢਾਹ ਦੇਣ ਦੀ ਵਕਾਲਤ ਕਰ ਰਹੀਆਂ ਹਨ ਤੇ ਕੁਝ ਇਸ ਦੀ ਉਸਾਰੀ ਨੂੰ ਗਲਤ ਮੰਨ ਕੇ ਵੀ ਕੋਈ ‘ਵਿਚਲਾ ਰਾਹ’ ਕੱਢਣ ਦੀ ਦਲੀਲ ਦੇ ਰਹੀਆਂ ਹਨ। ‘ਵਿਚਲਾ ਰਾਹ’ ਇਕ ਵਾਰੀ ਅੱਗੇ ਵੀ ਕੱਢਿਆ ਗਿਆ ਸੀ। **ਨਾਨਕਸਰੀ ਸੰਪਰਦਾ ਨਾਲ ਜੁੜੇ ਇਕ ਸੰਤ ਨੇ ਕਈ ਸਾਲ ਪਹਿਲਾਂ ਆਪਣੇ ਡੇਰੇ ਨੂੰ ਜਾਂਦੇ ਰਾਹ ਉੱਤੇ ਬਣੇ ਸਵਾਗਤੀ ਗੇਟ ਨੇੜੇ ਗੁਰੂ ਸਾਹਿਬਾਨ ਦੇ ਬੁੱਤ ਬਣਵਾ ਦਿੱਤੇ ਸਨ। ਵਿਰੋਧ ਹੋਇਆ ਤਾਂ ਗੱਲ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਗਈ। ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਨੇ ਉਹ ਬੁੱਤ ਢਾਹੁਣ ਦਾ ਹੁਕਮ ਦੇ ਦਿੱਤਾ। ਬੁੱਤ-ਪੂਜਾ ਦੇ ਵਿਰੋਧ ਵਿਚ ਹੋਏ ਇਸ ਹੁਕਮ ਦੀ ਪਾਲਣਾ ਵੇਲੇ ਅਰਦਾਸਾਂ ਸੋਧ ਕੇ ਵੀ ਪਹਿਲਾ ਟੱਪ ਮਾਰਨ ਤੋਂ ਸਾਰੇ ਡਰੀ ਜਾਣ। ਅੰਤ ਨੂੰ ਅਮਲ ਵੀ ਕੀਤਾ ਤਾਂ ਸਿਰਫ਼ ਏਨਾ ਕਿ ਉਥੇ ਬੁੱਤ ਦਾ ਸਿਰ ਤੋੜ ਕੇ ਗੁਰੂ ਸਾਹਿਬ ਦੀ ਥਾਂ ਕਿਸੇ ਆਮ ਸਿੱਖ ਦਾ ਸਿਰ ਲਗਵਾ ਦਿੱਤਾ ਗਿਆ। ਬੁੱਤ ਅੱਜ ਵੀ ਖੜਾ ਹੈ, ਜਿਸ ਦਾ ਧੜ ਉਹੋ ਗੁਰੂ ਸਾਹਿਬ ਦੇ ਬੁੱਤ ਵਾਲਾ ਤੇ ਸਿਰ ਸਿੱਖ ਵਾਲਾ ਲੱਗਾ ਹੋਇਆ ਹੈ। ਹੁਣ ਤਖ਼ਤਾਂ ਦੇ ਜਥੇਦਾਰ ਉਥੇ ਜਾਂਦੇ ਹਨ, ਪਰ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ, ਕਿਉਂਕਿ ਪੈਦਾ ਹੋਏ ਝਮੇਲੇ ਦਾ ‘ਵਿਚਲਾ ਰਾਹ’ ਜੁ ਕੱਢ ਲਿਆ ਗਿਆ ਸੀ।** ਇਸ ਵਾਰੀ ਮਸਤੂਆਣੇ ਵਿਚ ਕਰੋੜਾਂ ਰੁਪਏ ਤੇ ਕਈ ਸਾਲਾਂ ਦੀ ਕਾਰ ਸੇਵਾ ਨਾਲ ਬਣੇ ਇਸ ਅਸਥਾਨ ਬਾਰੇ ਵੀ ਕੋਈ ‘ਵਿਚਲਾ ਰਾਹ’ ਕੱਢਣ ਦੀਆਂ ਗੱਲਾਂ ਚੱਲ ਰਹੀਆਂ ਹਨ।

ਕੀ ਇਹ ਵਰਤਾਰਾ ਪੰਜਾਬੀਆਂ ਦਾ ਜਾਂ ਸਿੱਖਾਂ ਦਾ ਕੁਝ ਸਵਾਰ ਸਕੇਗਾ? ਸਵਾਲ ਹੀ ਪੈਦਾ ਨਹੀਂ ਹੁੰਦਾ। ਸਵਾਰਿਆ ਤਾਂ ਤਦੇ ਹੀ ਜਾਂਦਾ, ਜੇ ਸਿੱਖਾਂ ਨੂੰ ਗੁਰੂ ਸਾਹਿਬਾਨ ਦਾ ਸੰਦੇਸ਼ ਸਮਝਾਇਆ ਜਾਂਦਾ। ਸੰਦੇਸ਼ ਨੂੰ ਸਿੱਖਾਂ ਤੱਕ ਪਹੁੰਚਾਉਣ ਦੀ ਥਾਂ ਅਖੰਡ ਪਾਠਾਂ ਦੀਆਂ ਇਕੋਤਰੀਆਂ, ਇਕ ਸੌ ਇਕ ਪਾਠਾਂ ਦੀਆਂ ਲੜੀਆਂ, ਚਲਾਉਣ ਲਈ ਪ੍ਰੇਰਿਆ ਜਾ ਰਿਹਾ ਹੈ, ਤਾਂ ਕਿ ਇਸੇ ਬਹਾਨੇ ਪੁਰਾਤਨ ਪੁਜਾਰੀਆਂ ਵਰਗਾ ਸਿੱਖ ਪੰਥ ਅੰਦਰ ਪੈਦਾ ਹੋ ਚੁੱਕਾ ਵਿਹਲੀਆਂ ਖਾਣ ਵਾਲਾ ਟੋਲਾ ਮੌਜਾਂ ਕਰਦਾ ਰਹੇ। ਉਹ ਤਾਂ ਇਹ ਪ੍ਰਚਾਰ ਕੇ ਵੀ ਬੜੇ ਖੁਸ਼ ਹੁੰਦੇ ਹਨ ਕਿ ਫਲਾਣੇ ਸਿੱਖ ਨੇ ਐਨੇ ਅਖੰਡ ਪਾਠਾਂ ਦੀ ਸੇਵਾ ਇਕੱਲੇ ਨੇ ਆਪਣੇ ਜ਼ਿੰਮੇ ਲੈ ਲਈ ਹੈ।

ਇਹ ਸੇਵਾ ਐਨੇ ਅਖੰਡ ਪਾਠਾਂ ਦਾ ਖਰਚਾ ਭਰਨ ਦੀ ਹੁੰਦੀ ਹੈ, ਏਨੇ ਅਖੰਡ ਪਾਠਾਂ ਮੌਕੇ ਕੋਲ ਬਹਿ ਕੇ ਗੁਰੂ ਦਾ ਸੰਦੇਸ਼ ਸੁਣਨ ਦੀ ਕਦੇ ਵੀ ਨਹੀਂ ਹੁੰਦੀ। ਜਿਵੇਂ ਪੁਰਾਣੇ ਪੁਜਾਰੀ ਘਰੇ ਬੈਠੇ ਜਜਮਾਨਾਂ ਦੇ ਹਿੱਸੇ ਦੀ ਪੂਜਾ ਕਰ ਕੇ ਉਨ੍ਹਾਂ ਲਈ ਸਵਰਗ ਦੇ ਟਿਕਟ ਕੱਟਣ ਦਾ ਭਰੋਸਾ ਵੇਚਦੇ ਸਨ, ਉਵੇਂ ਹੀ ਹੁਣ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਵੀ, ਦੁਨੀਆਂ ਦੇ ਦੂਜੇ ਸਿਰੇ ਬੈਠੇ ਸਿੱਖਾਂ ਦੇ ਹਿੱਸੇ ਦੇ ਅਖੰਡ ਪਾਠ ਕਰ ਕੇ ਉਨ੍ਹਾਂ ਲਈ ਸਵਰਗ ਦੀ ਟਿਕਟ ਬੁੱਕ ਕਰਵਾਈ ਜਾਂਦੇ ਹਨ।ਜਿੱਦਾਂ ਦੇ ਪਾਠ ਕਰਨ ਵਾਲੇ ਹਨ, ਉਦਾਂ ਦੇ ਭਗਤ ਲੱਭ ਜਾਂਦੇ ਹਨ, ਜਿਹੜੇ ਇਸ ਕਰ ਕੇ ਵਧ ਪੈਸੇ ਦੇਈ ਜਾਂਦੇ ਹਨ ਕਿ ਪਾਠੀ ਜਾਂ ਅਰਦਾਸੀਆ ਸਾਡੀ ਜ਼ਰਾ ਸੋਹਣੀ ਸਿਫਾਰਸ਼ ਅਕਾਲ ਪੁਰਖ ਅੱਗੇ ਕਰ ਦੇਵੇਗਾ। ਇੰਜ ਇਹ ਲੁੱਟ ਦਾ ਕਾਰੋਬਾਰ ਚੱਲੀ ਜਾਂਦਾ ਹੈ। ਚੱਲਣ ਦਿਓ, ਇਸ ਲੁੱਟ ਦੇ ਕਾਰੋਬਾਰ ਨੂੰ ਰੋਕ ਸਕਣਾ ਸੰਭਵ ਨਹੀਂ। ਪਰ ਆਮ ਆਦਮੀ ਨੂੰ ਇਹ ਸਮਝਾਇਆ ਜਾਣਾ ਚਾਹੀਦਾ ਹੈ ਕਿ ਇਹ ਤਾਂ ਇਹਨਾਂ ਵੱਡੇ ਲੋਕਾਂ ਦੇ ਚੋਚਲੇ ਹਨ, ਸਾਨੂੰ ਇੰਜ ਕਰਨ ਦੀ ਲੋੜ ਨਹੀਂ।

ਹਰਿਮੰਦਰ ਸਾਹਿਬ ਦੇ ਅੰਦਰ ਇਕ ਲੱਖ ਰੁਪਏ ਦਾ ਚੰਦੋਆ ਚੜ੍ਹਾਇਆ ਜਾਂਦਾ ਹੈ ਤੇ ਅਗਲੇ ਦਿਨ ਉਤਾਰ ਕੇ ਕਿਸੇ ਹੋਰ ਸ਼ਰਧਾਲੂ ਦੇ ਨਾਂਅ ਦਾ ਏਨਾ ਹੀ ਮਹਿੰਗਾ ਚੰਦੋਆ ਚੜ੍ਹਾ ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਅਮੀਰ ਮਲਿਕ ਭਾਗੋ ਦੇ ਪਲੰਘਾਂ ਉੱਤੇ ਬੈਠ ਕੇ ਪੂੜੀਆਂ ਛਕਣ ਦੀ ਥਾਂ ਗਰੀਬ ਭਾਈ ਲਾਲੋ ਦੇ ਘਰ ਭੁੰਜੇ ਬਹਿ ਕੇ ਰੁੱਖੀ-ਸੁੱਕੀ ਖਾਣ ਨੂੰ ਤਰਜੀਹ ਦਿੱਤੀ ਸੀ। ਉਸ ਦੇ ਸਿੱਖ ਇਕ ਲੱਖ ਰੁਪਏ ਦਾ ਚੰਦੋਆ ਚੜ੍ਹਾ ਕੇ ਉਸ ਦੀਆਂ ਖੁਸ਼ੀਆਂ ਭਾਲਦੇ ਹਨ।

ਜੇ ਗੁਰੂ ਮਹਿੰਗੇ ਚੰਦੋਏ ਤੇ ਚਾਂਦੀ ਦੇ ਛੱਬੇ ਲਮਕਾਉਣ ਜਾਂ ਕੰਧਾਂ ਉੱਤੇ ਸੋਨੇ ਦੇ ਪੱਤਰੇ ਚੜ੍ਹਾਉਣ ਨਾਲ ਹੀ ਖੁਸ਼ ਹੋ ਜਾਂਦਾ ਹੈ ਤਾਂ ਗਰੀਬਾਂ ਦੇ ਮੁਹੱਲੇ ਵਿਚ ਇਕ ਕੋਠੜੀ ਵਿਚ ਪਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਅੱਗੇ ਮੱਥਾ ਟੇਕਣ ਵਾਲਿਆਂ ਲਈ ਉਸ ਕੋਲ ਸਮਾਂ ਕਿਵੇਂ ਬਚਦਾ ਹੋਵੇਗਾ? ਗੁਰੂ ਗੋਬਿੰਦ ਸਿੰਘ ਦੇ ‘ਯਾਰੜੇ ਦਾ ਸਾਨੂੰ ਸੱਥਰ ਚੰਗਾ’ ਦੇ ਅਰਥਾਂ ਨੂੰ ਕੌਣ ਸਮਝੇ ਤੇ ਸਮਝਾਵੇਗਾ? ਪੁਰਾਣੇ ਜ਼ਮਾਨੇ ‘ਚ ‘ਹਰਿ ਕੀ ਪੌੜੀ’ ਉੱਤੇ ਬੈਠੇ ਪਾਂਡੇ ਨੂੰ ਸੋਨੇ ਦੀ ਗਊ ਦਿੱਤੀ ਜਜ਼ਮਾਨਾਂ ਦਾ ਪਾਰ-ਉਤਾਰਾ ਕਰਦੀ ਸੀ, ਹੁਣ ਨਵੇਂ ਯੁੱਗ ਦੀ ਨਵੀਂ ਰੀਤ ਨਿਕਲ ਆਈ ਜਾਪਦੀ ਹੈ।

ਪਿਛਲੇ ਸਮੇਂ ਵਿਚ ਪੰਜਾਬ ਦੇ ਇਕ ਜ਼ਿਲ੍ਹਾ ਕੇਂਦਰ ਵਾਲੇ ਸ਼ਹਿਰ ਵਿਚ ਇਕ ਵਕੀਲ ਦੇ ਘਰ ਬਿਜਲੀ ਬੋਰਡ ਦਾ ਛਾਪਾ ਪਿਆ। ਉਸ ਵਕੀਲ ਨੇ ਆਪਣੀ ਕੋਠੀ ਅੰਦਰ ਇਕ ‘ਬਾਬਾ ਜੀ ਦਾ ਕਮਰਾ’ ਬਣਾ ਰੱਖਿਆ ਸੀ। ਆਏ ਮੁਕੱਦਮੇਬਾਜ਼ਾਂ ਨੂੰ ਓਥੇ ਜਾ ਕੇ ਮੱਥਾ ਟੇਕਣ ਲਈ ਕਹਿੰਦਾ ਸੀ। ਉਸ ਕਮਰੇ ‘ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਸੀ ਤੇ ਏਅਰ ਕੰਡੀਸ਼ਨਰ ਲਾ ਰੱਖਿਆ ਸੀ, ਤਾਂ ਕਿ ‘ਬਾਬਾ ਜੀ ਨੂੰ ਗਰਮੀ ਨਾ ਲੱਗੇ।’ ਬਿਜਲੀ ਬੋਰਡ ਦੀ ਟੀਮ ਨੇ ਛਾਪਾ ਮਾਰਿਆ ਤਾਂ ਉਸ ਕਮਰੇ ਸਮੇਤ ਸਾਰੇ ਘਰ ਦੀ ਬਿਜਲੀ ਗਲੀ ਦੇ ਖੰਭੇ ਤੋਂ ਚੋਰੀ ਕੀਤੀ ਜਾਂਦੀ ਫੜੀ ਗਈ। ਵਕੀਲ ਸਾਹਿਬ ‘ਬਾਬਾ ਜੀ’ ਨੂੰ ਏ.ਸੀ. ਦੀ ਸਹੂਲਤ ਦੇ ਕੇ ਉਹਦੇ ਉਹਲੇ ਹੇਠ ਏਡੀ ਵੱਡੀ ਠੱਗੀ ਕਰੀ ਜਾਂਦੇ ਸਨ। ਅਸੀਂ ਕਈ ਸਾਲ ਪਹਿਲਾਂ ਇਹ ਖ਼ਬਰਾਂ ਪੜ੍ਹੀਆਂ ਕਿ ਰਿਲਾਇੰਸ ਇੰਡਸਟਰੀਜ਼ ਵਾਲੇ ਅੰਬਾਨੀ ਭਰਾਵਾਂ ਨੇ ਇਕ ਵੱਡੇ ਮੰਦਰ ਲਈ ਕਰੋੜਾਂ ਰੁਪਏ ਦਾ ਚੜ੍ਹਾਵਾ ਭੇਟ ਕੀਤਾ ਹੈ। ਆਪੋ ਵਿਚੀ ਪੰਜੀ-ਦੁੱਕੀ ਉਤੇ ਲੜਨ ਵਾਲੇ ਅੰਬਾਨੀ ਦੇ ਮੁੰਡੇ ਮੰਦਰ ਵਿਚ ਕਰੋੜਾਂ ਰੁਪਏ ਚੜ੍ਹਾ ਆਏ। ਫਿਰ ਅਸੀਂ ਅਮਿਤਾਬ ਬੱਚਨ ਤੇ ਕੁਝ ਹੋਰਨਾਂ ਨੂੰ ਉਸੇ ਮੰਦਰ ਕਰੋੜਾਂ ਦੇ ਚੜ੍ਹਾਵੇ ਚੜ੍ਹਾਉਂਦੇ ਵੇਖਿਆ। ਵੇਖੋ-ਵੇਖੀ ਕਈ ਹੋਰ ਮਾਲਦਾਰ ਆਸਾਮੀਆਂ ਵੀ ਓਧਰ ਨੂੰ ਤੁਰ ਪਈਆਂ। ਨਾਲ ਦੀ ਨਾਲ ਉਸ ਮੰਦਰ ਨਾਲ ਜੁੜੇ ਵਿਵਾਦ ਸਾਹਮਣੇ ਆਉਣ ਲੱਗ ਪਏ। ਜਿਥੇ ਗੁੜ ਹੋਵੇਗਾ, ਉਥੇ ਮੱਖੀਆਂ ਵੀ ਭਿਣਕਣਗੀਆਂ। ਪੈਸੇ ਦੀ ਬਹੁਤਾਤ ਵਾਲੇ ਥਾਂ ਉੱਤੇ ਸਕੈਂਡਲ ਵੀ ਜ਼ਰੂਰ ਵਾਪਰਨਗੇ।

ਜਿੰਨੀ ਦੇਰ ਹਰਿਮੰਦਰ ਸਾਹਿਬ ਸਿਰਫ ‘ਹਰੀ ਕਾ ਮੰਦਰ’ ਸੀ, ਉਥੋਂ ਸਕੈਂਡਲਾਂ ਦੀ ਸੜ੍ਹਿਆਂਦ ਨਹੀਂ ਸੀ ਉੱਠਦੀ, ਪਰ ਜਦੋਂ ਉਥੇ ਕੰਧਾਂ ‘ਤੇ ਸੋਨਾ ਮੜ੍ਹਿਆ ਗਿਆ, ਤੋਸ਼ੇਖ਼ਾਨੇ ਦੌਲਤ ਨਾਲ ਭਰ ਗਏ, ਨਾਂਅ ਵੀ ਹਰਿਮੰਦਰ ਸਾਹਿਬ ਦੀ ਥਾਂ ‘ਗੋਲਡਨ ਟੈਂਪਲ’ ਪ੍ਰਚੱਲਤ ਹੋ ਗਿਆ, ਉਸ ਪਿੱਛੋਂ ਉਸ ਧਰਮ ਅਸਥਾਨ ਦੇ ਅੰਦਰੋਂ ਕੜਾਹ ਪ੍ਰਸ਼ਾਦਿ ਦੀਆਂ ਜਾਅਲੀ ਪਰਚੀਆਂ ਤੋਂ ਲੈ ਕੇ ਅਖੰਡ ਪਾਠਾਂ ਦੀ ਜਾਅਲੀ ਬੁਕਿੰਗ ਤੱਕ ਸਭ ਕੁਝ ਵਾਪਰਦਾ ਸਾਹਮਣੇ ਆਉਣ ਲੱਗ ਪਿਆ। ਜਿਸ ਵੀ ਧਰਮ ਅਸਥਾਨ ਅੰਦਰ ਦੌਲਤ ਅੱਗੇ ਆ ਜਾਵੇਗੀ ਤੇ ਧਰਮ ਦੇ ਮੋਢੀਆਂ ਦੀ ਸਿੱਖਿਆ ਪਿੱਛੇ ਪਾ ਦਿੱਤੀ ਜਾਵੇਗੀ, ਉਥੇ ਇਹੋ ਕੁਝ ਵਾਪਰੇਗਾ।

ਪੰਜਾਬੀ ਬੋਲੀ ਦਾ ਕਵੀ ਦਰਸ਼ਨ ਸਿੰਘ ਅਵਾਰਾ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਸ ਨੇ ਇਕ ਵਾਰੀ ਲਿਖਿਆ ਸੀ :

ਸੂਣੂ ਕੂਕ ਗੁੰਗਿਆਂ, ਗਰੀਬਾਂ ਦੀ ਜਿਹੜਾ,
ਕਿਸ ਥਾਂ ‘ਤੇ ਵੱਸਦਾ ਏ, ਉਹ ਰੱਬ ਕਿਹੜਾ?

ਇਹ ਸਵਾਲ ਭਾਈ ਲਾਲੋ ਦੇ ਵਿਹੜੇ ਵੜਨ ਵੇਲੇ ਗੁਰੂ ਨਾਨਕ ਸਾਹਿਬ ਦੇ ਮਨ ਵਿਚ ਵੀ ਜ਼ਰੂਰ ਹੋਵੇਗਾ, ਇਹ ਸਵਾਲ ਅੱਜ ਵੀ ਹੈ ਤੇ ਅੱਗੇ ਵੀ ਉੱਠਦਾ ਰਹੇਗਾ।

## ਵਰੁਣ ਗਾਂਧੀ ਦੇ ਮੁਸਲਮਾਨਾਂ ਅਤੇ ਸਿੱਖਾਂ ਬਾਰੇ ਕਥਨ ਸਚਮੁਚ ਹੀ ਜ਼ਹਿਰੀਲੇ ਸਨ-ਸੰਘ

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂ ਐਮ.ਜੀ. ਵੈਦਿਆ ਨੇ ਪਹਿਲੀ ਵਾਰ ਮੰਨਿਆ ਕਿ ਭਾਰਤੀ ਜਨਤਾ ਪਾਰਟੀ ਦੀ ਹਾਰ ਲਈ ਵਰੁਣ ਗਾਂਧੀ ਦਾ ਪੀਲੀਭੀਤ ਵਿਚ ਦਿਤਾ ਜ਼ਹਿਰੀਲਾ ਭਾਸ਼ਣ ਵੀ ਮੁੱਖ ਕਾਰਨ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਰੁਣ ਗਾਂਧੀ ਦਾ ਉਹ ਭਾਸ਼ਣ ਹਿੰਦੂਤਵ ਵਿਚਾਰਧਾਰਾ ਦੇ ਬਿਲਕੁਲ ਵਿਰੁਧ ਸੀ।

ਵੈਦਿਆ ਬਤੌਰ ਸੰਘ ਆਗੂ ਪਹਿਲੇ ਵਿਅਕਤੀ ਹਨ ਜਿਨ੍ਹਾਂ ਨੇ ਖੁਲ੍ਹ ਕੇ ਵਰੁਣ ਗਾਂਧੀ ਦੇ ਮੁਸਲਿਮ ਅਤੇ ਸਿੱਖ ਵਿਰੋਧੀ ਭਾਸ਼ਣ ਨੂੰ ਗ਼ਲਤ ਠਹਿਰਾਇਆ ਹੈ। ਐਮ.ਜੀ. ਵੈਦਿਆ ਨੇ ਇਹ ਗੱਲਾਂ ਇਕ ਅਖ਼ਬਾਰ ਨੂੰ ਦਿਤੇ ਇੰਟਰਵਿਊ ਵਿਚ ਕਹੀਆਂ। ਇੰਟਰਵਿਊ ਵਿਚ ਉਨ੍ਹਾਂ ਇਹ ਵੀ ਕਿਹਾ, “ਕਿਸੇ ਵੀ ਮਾਮਲੇ ਵਿਚ ਕਿਸੇ ਦਾ ਹੱਥ ਕਟਣਾ ਸਾਨੂੰ ਸਵੀਕਾਰ ਨਹੀਂ ਹੈ। ਇਹ ਕੋਈ ਹਿੰਦੂਤਵ ਨਹੀਂ ਹੈ।” ਦੂਜੇ ਪਾਸੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਜਨਰਲ ਸਕੱਤਰ ਭਾਈਵਾਜੀ ਜੋਸ਼ੀ ਨੇ ਸੰਘ ਦੇ ਇਕ ਅਖ਼ਬਾਰ ਵਿਚ ਵਰੁਣ ਗਾਂਧੀ ਦਾ ਬਚਾਅ ਕੀਤਾ ਸੀ। ਵੈਦਿਆ ਨੇ ਕਿਹਾ, “ਜੇ ਵਰੁਣ ਗਾਂਧੀ ਮੇਰੇ ਸਾਹਮਣੇ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਮੈਂ ਪੁਛਾਂਗਾ ਕਿ ਕੀ ਉਸ ਨੇ ਸਚਮੁਚ ਹੀ ਬਿਆਨ ਦਿਤਾ ਸੀ?” ਉਨ੍ਹਾਂ ਕਿਹਾ ਕਿ ਹਿੰਦੂਤਵ ਵਿਚਾਰਧਾਰਾ ਨੂੰ ਗ਼ਲਤ ਢੰਗ ਨਾਲ ਸਮਝਿਆ ਅਤੇ ਪੇਸ਼ ਕੀਤਾ ਜਾ ਰਿਹਾ ਹੈ। ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਵਰੁਣ ਗਾਂਧੀ ਪਹਿਲਾਂ ਹੀ ਆਖ ਚੁਕੇ ਹਨ ਕਿ ਉਨ੍ਹਾਂ ਦੇ ਭਾਸ਼ਣ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂ ਐਮ.ਜੀ. ਵੈਦਿਆ ਨੇ ਭਾਰਤੀ ਜਨਤਾ ਪਾਰਟੀ ਦੀ ਖਿਚਾਈ ਕਰਦਿਆਂ ਕਿਹਾ ਸੀ ਕਿ ਬੀ.ਜੇ.ਪੀ. ਨੂੰ ਹਿੰਦੂਤਵ ਨਾਲ ਰਿਸ਼ਤਾ ਤੋੜ ਲੈਣਾ ਚਾਹੀਦਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਾਬਕਾ ਬੁਲਾਰੇ ਐਮ.ਜੀ. ਵੈਦਿਆ ਨੇ ਤਰੁਣ ਭਾਰਤ ਅਖ਼ਬਾਰ ਵਿਚ ਲਿਖਿਆ ਸੀ ਕਿ ਸੱਤਾ ਦਾ ਮੋਹ ਬਹੁਤ ਹੀ ਜ਼ਬਰਦਸਤ ਹੁੰਦਾ ਹੈ। ਸੱਤਾ ਲਈ ਭਾਜਪਾ ਨੇ ਹਿੰਦੂਤਵ ਨੂੰ ਨਾਕਾਰ ਦਿਤਾ। ਇਸ ਦੇ ਬਾਵਜੂਦ ਸੱਤਾ ਮਿਲੀ ਪਰ ਕੁੱਝ ਹੀ ਸਾਲਾਂ ਵਿਚ ਚਲੀ ਗਈ। 2009 ਵਿਚ ਵੀ ਆਮ ਲੋਕਾਂ ਨੂੰ ਭਾਜਪਾ ਅਪਣੇ ਵਲ ਖਿਚਣ ਵਿਚ ਅਸਫ਼ਲ ਰਹੀ।






**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Director Bus. Relations:**
Pritam S. Grewal
408-406-0703

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਵਾਈਨ ਫਲੂ ਨੇ ਪੰਜਾਬ ਸਮੇਤ ਦੁਨੀਆਂ ਘੇਰੀ, 163 ਮੌਤਾਂ

ਤ੍ਰਿਵੇਦੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਮਰੀਕਾ ਸਵਾਈਨ ਫਲੂ ਦਾ ਮੁੱਖ ਸੋਮਾ ਹੈ। ਉਨ੍ਹਾਂ ਹੋਰ ਕਿਹਾ ਕਿ ਮੈਕਸੀਕੋ ਵਿਚੋਂ ਜਦੋਂ ਦੂਜੇ ਦੇਸ਼ਾਂ ਵਲ ਯਾਤਰੀ ਜਾਂਦੇ ਹਨ ਤਾਂ ਹਵਾਈ ਅੱਡਿਆਂ ਉਪਰ ਉਨ੍ਹਾਂ ਦੇ ਵਿਆਪਕ ਟੈਸਟ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਹੀ ਅਮਰੀਕਨ ਹਵਾਈ ਅੱਡਿਆਂ ਉਪਰ ਵੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸੰਸਾਰ ਸਿਹਤ ਸੰਸਥਾ (ਡਬਲਿਊ.ਐਚ.ਓ.) ਜਿਸ ਨੇ ਬੀਤੇ ਵੀਰਵਾਰ ਸਵਾਈਨ ਫਲੂ ਸਬੰਧੀ ਉਚੇਰੀ ਕਿਸਮ ਦੀ ਚੇਤਾਵਨੀ ਜਾਰੀ ਕੀਤੀ ਸੀ, ਦਾ ਆਖਣਾ ਹੈ ਕਿ ਇਹ ਬਿਮਾਰੀ ਹੁਣ 76 ਮੁਲਕਾਂ ਵਿਚ ਫੈਲ ਚੁੱਕੀ ਹੈ ਅਤੇ ਇਸ ਦੇ 35928 (ਇਨਫਲਿਊਜਾ (ਐਚ-1 ਐਨ-1) ਕੇਸ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚੋਂ 163 ਵਿਅਕਤੀਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਹ ਮੌਤਾਂ ਸਭ ਤੋਂ ਵਧੇਰੇ ਮੈਕਸੀਕੋ (108) ਅਤੇ ਅਮਰੀਕਾ (45) ਹੋਈਆਂ ਹਨ। ਇਹ ਵੀ ਜ਼ਿਕਰਯੋਗ ਹੈ ਕਿ ਸਵਾਈਨ ਫਲੂ ਦੀ ਇਹ ਤਾਜ਼ਾ ਮਹਾਂਮਾਰੀ 1968 ਤੋਂ ਬਾਅਦ ਫੈਲੀ ਹੈ, ਜਦੋਂ ਇਸ ਨਾਲ ਹਾਂਗਕਾਂਗ ਵਿਚ ਤਕਰੀਬਨ 10 ਲੱਖ ਲੋਕ ਮਾਰੇ ਗਏ ਸਨ। ਭਾਰਤੀ ਕੇਂਦਰੀ ਸਿਹਤ ਮੰਤਰੀ ਸ੍ਰੀ ਗੁਲਾਮ ਨਬੀ ਆਜ਼ਾਦ ਨੇ ਪਹਿਲਾਂ ਹੀ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੂੰ ਅਰਜ਼ ਕੀਤੀ ਹੈ ਕਿ ਉਨ੍ਹਾਂ ਮੁਲਕਾਂ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਦੀ ਵਿਆਪਕ ਸਕਰੀਨਿੰਗ ਕਰਨ ਲਈ ਕਿਹਾ ਜਾਵੇ, ਜਿਨ੍ਹਾਂ ਵਿਚ ਸਵਾਈਨ ਫਲੂ ਵਿਆਪਕ ਪੱਧਰ 'ਤੇ ਫੈਲਿਆ ਹੋਇਆ ਹੈ। ਉਨ੍ਹਾਂ ਹੋਰ ਕਿਹਾ ਕਿ ਦਹਿਸ਼ਤ ਜਾਂ ਡਰਨ ਦੀ ਕੋਈ ਲੋੜ ਨਹੀਂ ਹੈ, ਸਰਕਾਰ ਇਸ ਬਿਮਾਰੀ ਨੂੰ ਕਾਬੂ ਕਰਨ ਦੇ ਕਾਬਲ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਿਚ 9 ਕੇਸ ਪਾਜ਼ੇਟਿਵ ਪਾਏ ਗਏ ਹਨ ਅਤੇ 93 ਵਿਅਕਤੀਆਂ ਉਪਰ ਨਿਗ੍ਹਾ ਰੱਖੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਇਸ ਬਿਮਾਰੀ ਨਾਲ ਨਿਪਟਣ ਲਈ ਪ੍ਰਸ਼ਾਸਨ ਨੂੰ ਸਾਵਧਾਨ ਕਰ ਦਿੱਤਾ ਗਿਆ ਹੈ।

ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਤੋਂ ਵਾਪਸ ਪਰਤੇ 30 ਵਿਦਿਆਰਥੀਆਂ ਦੇ ਇਕ ਟ੍ਰਿਪ ਵਿਚੋਂ ਪੰਜ ਹੋਰ ਵਿਦਿਆਰਥੀ ਸਵਾਈਨ ਫਲੂ ਦੀਆਂ ਨਿਸ਼ਾਨੀਆਂ ਪਾਏ ਜਾਣ ਕਾਰਨ ਜਲੰਧਰ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਏ ਗਏ ਹਨ। ਉਨ੍ਹਾਂ ਦੇ ਖ਼ੂਨ ਦੇ ਨਮੂਨੇ ਲਏ ਗਏ ਹਨ ਅਤੇ ਨੈਸ਼ਨਲ ਇੰਸਟੀਚਿਊਸ਼ਨ ਆਫ ਕਮਿਊਨੀਕੇਬਲ ਡਿਜ਼ੀਜ਼ ਦਿੱਲੀ ਨੂੰ ਟੈਸਟ ਲਈ ਭੇਜੇ ਗਏ ਹਨ। ਅਮਰੀਕਾ ਤੋਂ ਪਰਤੇ ਸੱਤ ਬੱਚਿਆਂ ਵਿਚ ਪਹਿਲਾਂ ਹੀ ਸਵਾਈਨ ਫਲੂ ਪਾਜ਼ੇਟਿਵ ਪਾਇਆ ਗਿਆ ਹੈ। ਇਸੇ ਗਰੁੱਪ ਦਾ ਇਕ ਬੱਚਾ ਅਮਰੀਕਾ ਤੋਂ ਪਰਤਦਿਆਂ ਹੀ ਦਿੱਲੀ ਵਿਚ ਪਾਜ਼ੇਟਿਵ ਪਾਇਆ ਗਿਆ ਸੀ।

ਯਾਦ ਰਹੇ ਇਹ ਸਾਰੇ ਵਿਦਿਆਰਥੀ ਗੁਰੂ ਅਮਰਦਾਸ ਪਬਲਿਕ ਸਕੂਲ ਜਲੰਧਰ ਦੇ ਅਮਰੀਕਾ ਵਿਚ ਸਥਿਤ ਨਾਸਾ ਲਈ ਟ੍ਰਿਪ ਉੱਪਰ ਗਏ ਸਨ। ਇਸੇ ਦੌਰਾਨ ਅਮਰੀਕਾ ਤੋਂ ਪਰਤੇ ਵਿਦਿਆਰਥੀਆਂ ਦੇ ਇਕ ਹੋਰ ਟ੍ਰਿਪ ਵਿਚ ਇਸ ਕਿਸਮ ਦੀ ਕੋਈ ਨਿਸ਼ਾਨੀ ਨਹੀਂ ਪਾਈ ਗਈ। ਭਾਵੇਂ ਕਿ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਰਕਾਰ ਵਲੋਂ ਅਪੀਲ ਕੀਤੀ ਗਈ ਹੈ ਕਿ ਉਹ ਇਸ ਕਿਸਮ ਦੀਆਂ ਨਿਸ਼ਾਨੀਆਂ ਪ੍ਰਤੀ ਸੁਚੇਤ ਰਹਿਣ।

ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਵਰ੍ਹੇ ਪਹਿਲੀ ਵਾਰ ਇਸ ਵਾਇਰਸ ਦੀ ਪੁਸ਼ਟੀ 14 ਅਪ੍ਰੈਲ ਨੂੰ 10 ਸਾਲ ਦੇ ਬੱਚੇ ਦੇ ਸੈਂਪਲ ਤੋਂ ਹੋਈ ਸੀ। ਮੈਕਸੀਕੋ 'ਚ ਪਹਿਲੀ ਮੌਤ 13 ਅਪ੍ਰੈਲ ਨੂੰ ਹੋਈ ਜਦੋਂ ਇਕ ਡਾਇਬਿਟਿਕ ਔਰਤ ਵਲੋਂ ਸਾਹ ਕ੍ਰਿਆ 'ਚ ਕਠਿਨਾਈ ਮਹਿਸੂਸ ਕੀਤੀ ਗਈ। ਜ਼ਿਕਰਯੋਗ ਹੈ ਸਵਾਈਨ ਫਲੂ ਹਵਾ 'ਚ ਦੂਸ਼ਿਤ ਕਣਾਂ ਤੋਂ ਮਨੁੱਖ ਤੋਂ ਮਨੁੱਖ 'ਚ ਫੈਲ ਰਿਹਾ ਹੈ। ਬੁਨਿਆਦੀ ਰੂਪ ਵਿਚ ਇਹ ਸੂਰਾਂ ਦੀ ਬਿਮਾਰੀ ਹੈ। ਵਿਸ਼ਵ ਸਿਹਤ ਸੰਸਥਾ ਨੇ ਐਲਾਨ ਕੀਤਾ ਹੈ ਕਿ ਸ.ਫ. ਵਾਇਰਸ ਸੂਰ ਦਾ ਮੀਟ ਪਕਾਉਣ ਤੋਂ ਬਾਅਦ ਨਸ਼ਟ ਹੋ ਜਾਂਦਾ ਹੈ ਅਤੇ ਇਹ ਸੂਅਰ ਦੇ ਮਾਸ ਤੋਂ ਬਣੇ ਉਤਪਾਦਾਂ 'ਚ ਨਹੀਂ ਪਾਇਆ ਜਾਂਦਾ। ਫਿਰ ਵੀ ਮਿਸਰ ਸਰਕਾਰ ਨੇ ਸਾਰੇ 3,00,000 ਸੂਰਾਂ ਨੂੰ ਮਾਰਨ ਦਾ ਨਿਸ਼ਚਾ ਕਰ ਲਿਆ ਸੀ। ਕਈ ਥਾਵਾਂ 'ਤੇ ਪੀੜਤ ਸੂਰਾਂ ਨੂੰ ਵੱਖਰਾ ਰੱਖਿਆ ਜਾ ਰਿਹਾ ਹੈ।

# ਭਾਜਪਾ ਦੇ ਦੁਖਾਂ ਦਾ ਦਾਰੂ ਕੋਈ ਨਾ

ਲਿਖ ਕੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਹੋਰ ਅਹੁਦੇਦਾਰਾਂ ਤੋਂ ਵੀ ਅਸਤੀਫੇ ਦੀ ਮੰਗ ਕੀਤੀ ਸੀ। ਚੋਣਾਂ 'ਚ ਹਾਰ ਨੂੰ ਲੈ ਕੇ ਕੋਈ ਸਮੀਖਿਆ ਨਾ ਹੋਣ 'ਤੇ ਅਫਸੋਸ ਪ੍ਰਗਟ ਕਰਦੇ ਹੋਏ ਉਨ੍ਹਾਂ ਹਾਰ ਦੀ ਸਮੂਹਿਕ ਜ਼ਿੰਮੇਵਾਰੀ ਲੈਣ 'ਤੇ ਜ਼ੋਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਚੋਣਾਂ 'ਚ ਪਾਰਟੀ ਦੇ ਮੁੱਖ ਨੀਤੀਘਾੜੇ ਰਹੇ ਅਰੁਣ ਜੇਤਲੀ ਨੂੰ ਰਾਜ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਬਣਾਏ ਜਾਣ ਕਾਰਨ ਸ੍ਰੀ ਸਿਨਹਾ ਨਾਰਾਜ਼ ਚੱਲ ਰਹੇ ਹਨ। ਉਨ੍ਹਾਂ ਨੇ ਚਿੱਠੀ 'ਚ ਕਿਹਾ ਵੀ ਹੈ ਕਿ ਅਜਿਹਾ ਲੱਗਦਾ ਹੈ ਕਿ ਪਾਰਟੀ 'ਚ ਨਾਕਾਮਯਾਬੀ 'ਤੇ ਇਨਾਮ ਦਿੱਤਾ ਜਾਂਦਾ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੀ 10 ਜੂਨ ਨੂੰ ਪਾਰਟੀ ਦੇ ਸੀਨੀਅਰ ਨੇਤਾ ਜਸਵੰਤ ਸਿੰਘ ਨੇ ਪਾਰਟੀ ਦੀ ਕੋਰ ਕਮੇਟੀ 'ਚ ਸਭ ਨੂੰ ਵੰਡੇ ਗਏ ਇਕ ਪੱਤਰ ਵਿਚ ਇਹ ਮਾਮਲਾ ਉਠਾ ਦਿੱਤਾ ਕਿ, ''ਕੀ ਕਾਰਗੁਜਾਰੀ ਅਤੇ ਐਵਾਰਡ ਵਿਚ ਕੋਈ ਆਪਸੀ ਸਬੰਧ ਨਹੀਂ ਹੋਣਾ ਚਾਹੀਦਾ?'' ਜਸਵੰਤ ਸਿੰਘ ਦਾ ਸਵਾਲ ਅਰੁਣ ਜੇਤਲੀ ਨੂੰ ਰਾਜ ਸਭਾ ਅੰਦਰ ਵਿਰੋਧੀ ਧਿਰ ਦਾ ਨੇਤਾ ਬਣਾਏ ਜਾਣ ਅਤੇ ਨਾਲ ਹੀ ਸ੍ਰੀ ਐਲ.ਕੇ. ਅਡਵਾਨੀ ਦੇ ਲੋਕ ਸਭਾ ਅੰਦਰ ਵਿਰੋਧੀ ਧਿਰ ਦੇ ਨੇਤਾ ਵਜੋਂ ਬਰਕਰਾਰ ਰਹਿਣ ਵਲ ਸੇਧਤ ਸੀ। ਜਸਵੰਤ ਸਿੰਘ ਦੇ ਮਾਮਲੇ ਤੋਂ ਬਾਅਦ ਇਧਰ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਪਾਰਟੀ ਆਗੂਆਂ ਨੂੰ ਆਪਣੇ ਵਿਚਾਰ ਖੁੱਲ੍ਹੇਆਮ ਪ੍ਰਗਟ ਕਰਨ ਵਿਰੁਧ ਤਾਕੀਦ ਕਰਦਿਆਂ ਅਨੁਸ਼ਾਸਨੀ ਕਾਰਵਾਈ ਦੀ ਚੇਤਾਵਨੀ ਦਿੱਤੀ, ਉਧਰ ਸਾਬਕਾ ਵਿਦੇਸ਼ ਮੰਤਰੀ ਸਿਨਹਾ ਨੇ ਲੀਡਰਸ਼ਿਪ ਖ਼ਿਲਾਫ ਬਗ਼ਾਵਤ ਦਾ ਝੰਡਾ ਚੁੱਕਦਿਆਂ ਪਾਰਟੀ ਅਤੇ ਸੰਸਦੀ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ।

ਸ੍ਰੀ ਸਿਨਹਾ ਨੇ ਅਰੁਣ ਜੇਤਲੀ ਅਤੇ ਐਲ.ਕੇ. ਅਡਵਾਨੀ ਦੇ ਕਰੀਬੀ ਸੁਧੀਂਦਰ ਕੁਲਕਰਨੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇਕ ਪਾਸੇ ਪਾਰਟੀ ਆਪਣੀ ਕਾਰਗੁਜ਼ਾਰੀ ਦੀ ਵਿਧੀਬਧ ਨਿਰਖ-ਪਰਖ ਤੋਂ ਟਲਦੀ ਆ ਰਹੀ ਹੈ ਜਦ ਕਿ ਦੂਜੇ ਪਾਸੇ ਮੁਹਿੰਮ ਦਾ ਪ੍ਰਬੰਧ ਸੰਭਾਲਣ ਵਾਲੇ ਲੋਕ ਮੀਡੀਆ ਰਾਹੀਂ ਆਪੋ-ਆਪਣੇ ਵਿਚਾਰ ਪਹਿਲਾਂ ਹੀ ਨਸ਼ਰ ਕਰ ਚੁੱਕੇ ਹਨ ਅਤੇ ਸਾਰਿਆਂ ਵਿਚ ਥੋੜ੍ਹਾ-ਥੋੜ੍ਹਾ ਦੋਸ਼ ਮੜ ਕੇ ਖ਼ੁਦ ਨੂੰ ਬਰੀ ਕਰ ਚੁੱਕੇ ਹਨ।''

ਭਾਜਪਾ ਵਲੋਂ ਹਾਰ ਦੇ ਕਾਰਨਾਂ ਬਾਰੇ ਵਿਚਾਰ ਕਰਨ ਅਤੇ ਭਵਿੱਖ 'ਚ ਇਸ ਹਾਰ ਨੂੰ ਜਿੱਤ 'ਚ ਬਦਲਣ ਲਈ ਕੌਮੀ ਕਾਰਜਕਾਰਨੀ ਦੀ ਦੋ ਰੋਜ਼ਾ ਮੀਟਿੰਗ 20 ਅਤੇ 21 ਜੂਨ ਨੂੰ ਹੋ ਰਹੀ ਹੈ। ਸ੍ਰੀ ਯਸ਼ਵੰਤ ਸਿਨਹਾ ਵਲੋਂ ਅਸਤੀਫਾ ਦੇਣ ਪਿਛੋਂ ਇਹ ਮੀਟਿੰਗ ਰਾਜਸੀ ਵਿਸ਼ਲੇਸ਼ਕਾਂ ਲਈ ਹੋਰ ਵੀ ਅਹਿਮ ਹੋ ਗਈ ਹੈ। ਕਿਉਂਕਿ ਸ੍ਰੀ ਸਿਨਹਾ ਦੇ ਅਸਤੀਫੇ ਨੇ ਮੀਟਿੰਗ ਵਿਚ ਹੋਣ ਵਾਲੇ ਹੰਗਾਮੇ ਲਈ ਆਧਾਰ ਕਾਇਮ ਕਰ ਦਿੱਤਾ ਹੈ। ਇਸ ਮੀਟਿੰਗ 'ਚ ਪਾਰਟੀ ਦੀ ਏਕਤਾ ਅਤੇ ਅਨੁਸ਼ਾਸਨ ਦੇ ਹੋਰ ਖੱਖੜੀਆਂ ਕਰੇਲੇ ਹੋਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਵੈਸੇ ਤਾਂ ਇਹ ਕੋਈ ਪਹਿਲਾ ਮੌਕਾ ਨਹੀਂ, ਜਦੋਂ ਪਾਰਟੀ 'ਚ ਅਜਿਹੇ ਵਿਚਾਰਧਾਰਕ ਮਤਭੇਦ ਅਤੇ ਆਪੋਧਾਪੀ ਦਾ ਮਾਹੌਲ ਨਾ ਬਣਿਆ ਹੋਵੇ। ਸ੍ਰੀ ਅਡਵਾਨੀ ਦੀ ਪਾਕਿਸਤਾਨ ਫੇਰੀ ਮੌਕੇ ਉਨ੍ਹਾਂ ਵਲੋਂ ਸਿਨਹਾ ਬਾਰੇ ਕੀਤੀ ਟਿੱਪਣੀ ਤੋਂ ਪੈਦਾ ਹੋਏ ਸੰਕਟ ਤੋਂ ਬਾਅਦ ਪਾਰਟੀ ਅੰਦਰਲੇ ਵਿਚਾਰਧਾਰਕ ਮਤਭੇਦ ਉਭਰ ਕੇ ਸਾਹਮਣੇ ਆਏ ਸਨ ਅਤੇ ਪਾਰਟੀ ਪ੍ਰਧਾਨਗੀ ਲਈ ਦੂਜੇ ਕਤਾਰ ਦੇ ਨੇਤਾਵਾਂ ਦੀ ਇੱਛਾਵਾਂ ਪ੍ਰਗਟ ਹੋਣੀਆਂ ਸ਼ੁਰੂ ਹੋ ਗਈਆਂ ਸਨ।

ਕੁਝ ਰਾਜਸੀ ਵਿਸ਼ਲੇਸ਼ਕ ਭਾਜਪਾ ਦੇ ਇਸ ਸੰਕਟ ਨੂੰ ਚੰਗੇ ਅਹੁਦੇ ਹਾਸਲ ਕਰਨ ਦੀ ਪੈਂਤੜੇਬਾਜ਼ੀ ਵਜੋਂ ਦੇਖ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਸਵੰਤ ਸਿੰਘ ਹੱਥੋਂ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਖੋਹ ਲਏ ਜਾਣ ਕਾਰਨ ਉਨ੍ਹਾਂ ਨੇ ਇਹ ਬਾਗ਼ੀ ਸੁਰ ਉਭਾਰਨੀ ਸ਼ੁਰੂ ਕੀਤੀ ਹੈ। ਕਿਉਂਕਿ ਵਿਰੋਧੀ ਧਿਰ ਦੇ ਨੇਤਾ ਉਨ੍ਹਾਂ ਨੂੰ ਇਕ ਕੈਬਨਿਟ ਮੰਤਰੀ ਦੇ ਬਰਾਬਰ ਤਨਖਾਹ ਅਤੇ ਹੋਰ ਕਈ ਸਹੂਲਤਾਂ ਮਿਲਦੀਆਂ ਸਨ। ਸੰਸਦ ਭਵਨ 'ਚ ਸਰਕਾਰੀ ਖ਼ਰਚੇ 'ਤੇ ਪੰਜ ਮੈਂਬਰੀ ਅਮਲੇ ਵਾਲਾ ਇਕ ਪੱਕਾ ਦਫ਼ਤਰ ਵੀ ਮਿਲਿਆ ਹੋਇਆ ਸੀ। ਉਨ੍ਹਾਂ ਦੇ ਲੋਕ ਸਭਾ ਲਈ ਚੁਣੇ ਜਾਣ ਪਿਛੋਂ ਇਸ 'ਤੇ ਬਣੇ ਰਹਿਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਬਣਦਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਰਟੀ ਦੇ ਸੀਨੀਅਰ ਨੇਤਾ ਜੋ ਕਾਰਗੁਜ਼ਾਰੀ ਦਾ ਸਵਾਲ ਉਠਾਉਂਦੇ ਹਨ, ਉਨ੍ਹਾਂ ਨੂੰ ਵੀ ਪਹਿਲਾਂ ਲੋਕ ਸਭਾ ਚੋਣਾਂ 'ਚ ਹਾਰ ਜਾਣ ਪਿਛੋਂ ਵੱਡਾ ਨੇਤਾ ਮੰਨ ਕੇ ਰਾਜ ਸਭਾ ਭੇਜ ਕੇ ਸਨਮਾਨਿਆ ਗਿਆ ਸੀ।

ਲੋਕ ਸਭਾ ਚੋਣਾਂ 'ਚ ਪਾਰਟੀ ਦੀ ਹਾਰ ਲਈ ਜ਼ਿੰਮੇਵਾਰ ਕਾਰਨਾਂ ਦੀ ਪਛਾਣ ਕਰਨ ਦੇ ਨਾਂ 'ਤੇ ਜਿਸ ਤਰ੍ਹਾਂ ਦਾ ਕਾਟੋ-ਕਲੇਸ਼ ਭਾਜਪਾ ਅੰਦਰ ਸ਼ੁਰੂ ਹੋ ਚੁੱਕਾ ਹੈ, ਉਹ ਪਾਰਟੀ ਦੀ ਰਾਜਸੀ ਸਿਹਤ ਲਈ ਕਿਸੇ ਵੀ ਤਰ੍ਹਾਂ ਠੀਕ ਨਹੀਂ। ਪਾਰਟੀ ਦੇ ਭਵਿੱਖ ਅਤੇ ਮਨੋਬਲ ਲਈ ਅਜੋਕੀ ਸਥਿਤੀ 'ਚੋਂ ਉਭਰਨ ਲਈ ਆਤਮ ਚਿੰਤਨ ਦੀ ਲੋੜ ਹੈ ਨਾ ਕਿ ਇਕ ਦੂਜੇ ਸਿਰ ਦੋਸ਼ ਮੜ੍ਹ ਕੇ ਖ਼ੁਦ ਨੂੰ ਬਰੀ ਕਰ ਲੈਣ ਦੀ ਪ੍ਰਵਿਰਤੀ ਦੀ। ਇਹ ਸਭ ਉਦੋਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਜਦੋਂ ਪਾਰਟੀ ਦੇ ਮੋਢਿਆਂ 'ਤੇ ਮਜ਼ਬੂਤ ਵਿਰੋਧੀ ਪਾਰਟੀ ਦੀ ਭੂਮਿਕਾ ਨਿਭਾਉਣ ਦਾ ਜ਼ਿੰਮਾ ਹੋਵੇ। ਭਾਜਪਾ ਦੇ ਦੂਜੀ ਕਤਾਰ ਦੇ ਨੇਤਾਵਾਂ ਨੂੰ ਇਸ ਜ਼ਿੰਮੇਵਾਰੀ ਦੀ ਅਹਿਮੀਅਤ ਨੂੰ ਸਮਝਦਿਆਂ ਬੁੱਕਲ 'ਚ ਮੂੰਹ ਪਾ ਕੇ ਸੋਚਣ ਦੀ ਲੋੜ ਹੈ।

## ਦਲਿਤਾਂ ਦੀ ਨੇਤਾ 'ਗੁਜ਼ਾਰਾ' ਕਰੇਗੀ ਸਿਰਫ 76 ਕਰੋੜ ਦੇ ਹਵਾਈ ਜਹਾਜ਼ ਨਾਲ

**ਨਵੀਂ ਦਿੱਲੀ:** ਇੰਡੀਅਨ ਏਅਰ ਫੋਰਸ-1 ਵਿਚ ਉਡਾਨ ਭਰਨਾ ਸ਼ਾਇਦ ਉਨ੍ਹਾਂ ਦਾ ਸੁਪਨਾ ਹੈ, ਪਰ ਹੁਣ ਦਿੱਲੀ ਦੀ ਗੱਡੀ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਤੋਂ ਕੁਝ ਦੂਰ ਲੱਗਦੀ ਹੈ ਤਾਂ ਫਿਲਹਾਲ ਇਸ ਤਿੱਖੀ ਨੇਤਾ ਨੂੰ ਬਿਲਕੁਲ ਨਵੇਂ ਹਾਕਰ 900 ਐਕਸ.ਪੀ. ਜੈੱਟ ਹਵਾਈ ਜਹਾਜ਼ ਨਾਲ ਕੰਮ ਚਲਾਉਣਾ ਪਵੇਗਾ।

ਇਥੇ ਇਹ ਗੱਲ ਦੱਸਣਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਹੀ ਇੰਡੀਅਨ ਏਅਰਫੋਰਸ-1 ਨਾਂ ਦੇ ਸੁਪਰ ਸਪੈਸ਼ਲਿਟੀ ਹਵਾਈ ਜਹਾਜ਼ ਵਿਚ ਸਫਰ ਕਰਦੇ ਹਨ। 76 ਕਰੋੜ ਦੀ ਕੀਮਤ ਵਾਲੇ ਹਾਕਰ 900 ਐਕਸ.ਪੀ ਜੈੱਟ ਹਵਾਈ ਜਹਾਜ਼ ਨੂੰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਅੱਜਕੱਲ੍ਹ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਜਲਦੀ ਹੀ ਇਹ ਹਵਾਈ ਜਹਾਜ਼ ਯੂ.ਪੀ. ਸਰਕਾਰ ਨੂੰ ਸੌਂਪਿਆ ਜਾਵੇਗਾ। ਇਸ ਜੈੱਟ ਹਵਾਈ ਜਹਾਜ਼ ਨੂੰ ਬਣਾਉਣ ਵਾਲੀ ਕੰਪਨੀ ਅਮਰੀਕਾ ਦੀ ਹਾਕਰ ਬੀਚ ਕ੍ਰਾਫਟ ਹੈ।

## ਦਿੱਲੀ ਦਾ ਠੱਗ ਸੁਭਾਸ਼ ਕਾਬੂ

**ਨਵੀਂ ਦਿੱਲੀ:** ਇਕ ਹੋਰ ਨਟਵਰ ਲਾਲ ਪਤਨੀ ਸਮੇਤ ਕਾਬੂ ਆ ਗਿਆ। ਸੁਭਾਸ਼ ਅਗਰਵਾਲ ਨਾਂ ਦੇ ਇਸ ਮਹਾ ਠੱਗ ਨੇ 5000 ਲੋਕਾਂ ਨਾਲ ਠੱਗੀਆਂ ਮਾਰੀਆਂ। ਇਕ ਅਨੁਮਾਨ ਅਨੁਸਾਰ ਉਸ ਨੇ 1000 ਕਰੋੜ ਰੁਪਏ ਠੱਗੇ ਹਨ। ਪੁਲਿਸ ਨੇ ਸੁਭਾਸ਼ ਅਗਰਵਾਲ ਨੂੰ ਅਦਾਲਤ ਵਿਚ ਪੇਸ਼ ਕਰਕੇ ਜੱਜ ਸਾਹਿਬ ਨੂੰ ਸਾਰੀ ਕਹਾਣੀ ਦੱਸੀ। ਇਸ ਪਿੱਛੋਂ ਮਾਣਯੋਗ ਜੱਜ ਨੇ ਸੁਭਾਸ਼ ਦਾ 5 ਦਿਨ ਦਾ ਪੁਲਸ ਰਿਮਾਂਡ ਦੇ ਦਿੱਤਾ।

# ਭ੍ਰਿਸ਼ਟਾਚਾਰ ਵਿਰੁਧ ਦੇਸ਼ ਭਰ 'ਚ ਸੀ.ਬੀ.ਆਈ.ਦੇ ਛਾਪੇ

**ਨਵੀਂ ਦਿੱਲੀ:** ਸੀ.ਬੀ.ਆਈ. ਵਲੋਂ ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਵਿਰੁਧ ਦੇਸ਼ ਭਰ ਵਿਚ ਛਾਪੇ ਮਾਰੇ ਅਤੇ ਕੁਲ 67 ਕੇਸ ਦਰਜ ਕੀਤੇ ਗਏ ਹਨ।

ਸੀ.ਬੀ.ਆਈ. ਦੇ ਬੁਲਾਰੇ ਹਰਸ਼ ਨੇ ਦੱਸਿਆ ਕਿ ਦਿੱਲੀ ਸਣੇ ਦੇਸ਼ ਦੇ 16 ਜ਼ੋਨਾਂ ਵਿਚ 250 ਤੋਂ ਵਧ ਥਾਵਾਂ 'ਤੇ ਛਾਪੇ ਮਾਰੇ ਗਏ ਤੇ ਭ੍ਰਿਸ਼ਟਾਚਾਰ ਵਿਰੋਧੀ ਆਰਥਿਕ ਅਪਰਾਧ ਬੈਂਕ ਸੁਰੱਖਿਆ ਤੇ ਜਾਅਲਸਾਜ਼ੀ ਦੇ ਮਾਮਲਿਆਂ ਤੋਂ ਇਲਾਵਾ ਵਿਸ਼ੇਸ਼ ਅਪਰਾਧ ਮਾਮਲਿਆਂ ਹੇਠ ਕੇਸ ਦਰਜ ਕੀਤੇ ਗਏ। ਇਹ ਕੇਸ ਦਿੱਲੀ, ਭੋਪਾਲ, ਲਖਨਊ, ਚੰਡੀਗੜ੍ਹ, ਪਟਨਾ, ਕੋਲਕਾਤਾ, ਗੁਹਾਟੀ, ਚੇਨਈ, ਹੈਦਰਾਬਾਦ, ਮੁੰਬਈ ਵਿਚ ਦਰਜ ਕੀਤੇ ਗਏ। ਦਿੱਲੀ ਵਿਚ ਡੀ.ਡੀ.ਏ. ਦੇ ਜੂਨੀਅਰ ਇੰਜੀਨੀਅਰਾਂ ਤੇ ਹੋਰ ਇੰਜੀਨੀਅਰਾਂ ਦੇ 12 ਸਥਾਨਾਂ 'ਤੇ ਛਾਪੇ ਮਾਰੇ ਗਏ। ਇਨ੍ਹਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ। ਅਜਿਹਾ ਇਲਜ਼ਾਮ ਹੈ ਕਿ ਇਨ੍ਹਾਂ ਕਾਰਨ ਡੀ.ਡੀ.ਏ. ਦੇ ਇਕ ਕਰੋੜ ਰੁਪਏ ਠੇਕੇਦਾਰ ਦੀ ਜੇਬ ਵਿਚ ਗਏ। ਭ੍ਰਿਸ਼ਟਾਚਾਰ ਦਾ ਇਹ ਮਾਮਲਾ ਸੰਨ 2003-05 ਦੌਰਾਨ ਹੋਇਆ। ਤਲਾਸ਼ੀ ਮੁਹਿੰਮ ਦੌਰਾਨ ਬੈਂਕਾਂ ਵਿਚਲੇ 6 ਲਾਕਰ ਵੀ ਸੀਲ ਕੀਤੇ ਗਏ ਹਨ। ਇਨ੍ਹਾਂ ਵਿਚੋਂ ਸਿਰਫ ਇਕ ਲਾਕਰ ਸੀ.ਬੀ.ਆਈ. ਅਧਿਕਾਰੀਆਂ ਨੇ ਖੋਲ੍ਹਿਆ ਹੈ। ਇਸ ਵਿਚੋਂ 9.72 ਲੱਖ ਰੁਪਏ ਨਕਦ, ਸੋਨੇ ਦੇ 10 ਬਿਸਕੁਟ, ਸੋਨੇ ਦੇ 29 ਸਿੱਕੇ ਤੇ ਸੋਨੇ ਦੇ 810 ਗ੍ਰਾਮ ਗਹਿਣੇ ਮਿਲੇ ਹਨ।

ਸੀ.ਬੀ.ਆਈ. ਦੀ ਆਰਥਿਕ ਅਪਰਾਧ ਬ੍ਰਾਂਚ ਦਿੱਲੀ, ਛੱਤੀਸਗੜ੍ਹ, ਮੱਧ ਪ੍ਰਦੇਸ਼, ਪੰਜਾਬ, ਯੂ.ਪੀ., ਬੰਗਲੌਰ (ਕਰਨਾਟਕ), ਨਾਗਾਲੈਂਡ, ਜੀਂਦ (ਹਰਿਆਣਾ), ਰੁੜਕੀ (ਉੱਤਰਾਖੰਡ) ਵਿਚ ਹੋਈਆਂ ਚੋਰੀਆਂ, ਬੋਕਾਰੋ ਸਟੀਲ ਪਲਾਂਟ ਨੂੰ ਮਾੜੀ ਕੁਆਲਿਟੀ ਦਾ ਡੋਲੋਮਾਈਟ ਸਪਲਾਈ ਕਰਨਾ, ਵਿਜੇ ਬੈਂਕ ਨੂੰ 1,33,70,645 ਰੁਪਏ ਦਾ ਚੂਨਾ ਲਾਏ ਜਾਣ ਵਰਗੇ ਕਈ ਮਾਮਲਿਆਂ ਦੇ ਸਬੰਧ ਵਿਚ ਛਾਪੇ ਮਾਰ ਰਹੀ ਹੈ। ਇਸ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੇ ਸਬੰਧ ਵਿਚ 7 ਕੇਸ ਦਰਜ ਕੀਤੇ ਗਏ ਹਨ।

ਓਧਰ ਜੋਧਪੁਰ ਵਿਚ ਕੇਂਦਰੀ ਉਨ ਵਿਕਾਸ ਬੋਰਡ ਦੇ ਕਾਰਜਕਾਰੀ ਨਿਰਦੇਸ਼ਕ ਦੇ ਨਾਗਪੁਰ ਸਥਿਤ ਘਰ ਅਤੇ ਇਕ ਐਨ.ਜੀ.ਓ. ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਗਏ ਤੇ ਸਰਕਾਰੀ ਧਨ ਦੀ ਦੁਰਵਰਤੋਂ ਸਬੰਧੀ ਕਈ ਇਤਰਾਜ਼ਯੋਗ ਦਸਤਾਵੇਜ਼ ਬਰਾਮਦ ਕੀਤੇ ਗਏ। ਬੋਰਡ ਦੇ ਡਾਇਰੈਕਟਰ ਓਮ ਪ੍ਰਕਾਸ਼ ਤੇ ਐਨ.ਜੀ.ਓ. ਦੀ ਸਕੱਤਰ ਕਵਿਤਾ ਡਾਗਰੇ ਵਿਰੁਧ ਅਹੁਦੇ ਦੀ ਦੁਰਵਰਤੋਂ, ਠੱਗੀ ਤੇ ਅਪਰਾਧਿਕ ਸਾਜ਼ਿਸ਼ ਹੇਠ ਕੇਸ ਦਰਜ ਕੀਤਾ ਗਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਚੋਣਾਂ 'ਚ ਹੋਈ ਹਾਰ ਕਾਰਨ ਪੰਜਾਬ ਭਾਜਪਾ ਅੰਦਰਲੀ ਚੱਕ ਥੱਲ ਜਾਰੀ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਮੋਹਾਲੀ :** ਪੰਜਾਬ ਲੋਕ ਸਭਾ ਚੋਣਾਂ ਵਿਚ ਬੀ.ਜੇ.ਪੀ. ਦੀ ਬੁਰੀ ਤਰ੍ਹਾਂ ਨਾਲ ਹੋਈ ਹਾਰ ਤੋਂ ਬਾਅਦ ਰਾਜ ਦੇ ਨੇਤਾ ਜਿੱਥੇ ਇਸ ਹਾਰ ਨੂੰ ਅਕਾਲੀ ਦਲ ਦੇ ਸਿਰ ਮੜ੍ਹਨ ਲਈ ਕਾਹਲੇ ਲੱਗ ਰਹੇ ਹਨ, ਉਥੇ ਬੀ.ਜੇ.ਪੀ. ਦੀ ਕੇਂਦਰੀ ਲੀਡਰਸ਼ਿਪ ਵਲੋਂ ਹਾਰ ਦੇ ਕਾਰਨਾਂ ਬਾਰੇ ਜੋ ਖੁਲਾਸਾ ਕੀਤਾ ਗਿਆ ਹੈ, ਉਹ ਅਕਾਲੀ ਦਲ ਨੂੰ ਰਾਹਤ ਦੇਣ ਵਾਲਾ ਤੇ ਬੀ.ਜੇ.ਪੀ. ਦੀ ਸੂਬਾ ਇਕਾਈ ਨੂੰ ਤਕਲੀਫ ਦੇਣ ਵਾਲਾ ਹੈ।

ਪੰਜਾਬ ਬੀ.ਜੇ.ਪੀ. ਦੀ ਲੀਡਰਸ਼ਿਪ ਨੇ ਪਿਛਲੇ ਦਿਨੀਂ ਚੋਣਾਂ 'ਚ ਹਾਰ ਦਾ ਜੋ ਮੰਥਨ ਕੀਤਾ ਹੈ, ਉਸ ਅਨੁਸਾਰ ਬਾਦਲ ਸਰਕਾਰ ਵਲੋਂ ਸ਼ਹਿਰੀ ਖੇਤਰਾਂ ਦੀ ਅਣਦੇਖੀ ਕਰਨ ਤੇ ਬੀ.ਜੇ.ਪੀ. ਮੰਤਰੀਆਂ, ਵਿਧਾਇਕਾਂ ਤੇ ਵਰਕਰਾਂ ਦੀ ਅਣਦੇਖੀ ਕਰਨ ਕਰਕੇ ਪਾਰਟੀ ਦੇ ਵਰਕਰ ਉਤਸ਼ਾਹ ਦੀ ਥਾਂ ਨਿਰਾਸ਼ਾ 'ਚ ਰਹੇ ਹਨ। ਇਸੇ ਕਾਰਨ ਵਰਕਰਾਂ ਨੇ ਲੋਕ ਸਭਾ ਮੈਂਬਰਾਂ ਨੂੰ ਜਿਤਾਉਣ ਲਈ ਕੰਮ 'ਚ ਰੁਚੀ ਨਹੀਂ ਦਿਖਾਈ।

ਸੂਬਾ ਇਕਾਈ ਦੇ ਪ੍ਰਧਾਨ ਰਾਜਿੰਦਰ ਭੰਡਾਰੀ ਦੀ ਅਗਵਾਈ 'ਚ ਹੋਈਆਂ ਇਨ੍ਹਾਂ ਮੀਟਿੰਗਾਂ 'ਚ ਭਾਜਪਾ ਨੇਤਾ ਅਕਾਲੀਆਂ ਖਿਲਾਫ ਗੁੱਸੇ ਦੇ ਰੌਂਅ 'ਚ ਸਨ ਅਤੇ ਉਹ ਸੂਬਾ ਇਕਾਈ ਵਲੋਂ ਕੇਂਦਰੀ ਲੀਡਰਸ਼ਿਪ ਨੂੰ ਇਸ ਦੀ ਲਿਖਤੀ ਸ਼ਿਕਾਇਤ ਕਰਕੇ ਮਸਲਾ ਹੱਲ ਕਰਨ ਦੀ ਮੰਗ ਕਰਨ ਦੇ ਮੂਡ 'ਚ ਹਨ, ਪਰ ਦੂਜੇ ਪਾਸੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਜੋ ਭਾਜਪਾ ਦੀ ਹਾਰ ਦੇ ਸਿੱਟੇ ਕੱਢੇ ਹਨ, ਉਹ ਬਿਲਕੁਲ ਪੰਜਾਬੀ ਇਕਾਈ ਤੋਂ ਵੱਖਰੇ ਅਤੇ ਪੰਜਾਬ ਭਾਜਪਾ ਨੂੰ ਕਿਸੇ ਤਰ੍ਹਾਂ ਵੀ ਹਜ਼ਮ ਨਹੀਂ ਹੋ ਰਹੇ। ਭਾਜਪਾ ਪੰਜਾਬ ਦੇ ਵਿਧਾਨ ਸਭਾ ਦੀਆਂ ਜਿੱਤੀਆਂ 19 ਸੀਟਾਂ 'ਚੋਂ ਸਿਰਫ ਮੁਕੇਰੀਆਂ ਤੇ ਫਾਜ਼ਿਲਕਾ ਹੀ ਜਿੱਤ ਸਕੀ ਹੈ, ਜਦੋਂ ਕਿ ਅਕਾਲੀ ਦਲ ਨੇ ਆਪਣੀਆਂ 52 ਸੀਟਾਂ ਜਿੱਤੀਆਂ ਹਨ।

ਭਾਜਪਾ ਦੇ ਬੁਲਾਰੇ ਸੁਧੇਂਦਰਾ ਕੁਲਕਰਨੀ ਨੇ ਭਾਜਪਾ ਦੀ ਹਾਰ ਲਈ "ਭਾਜਪਾ ਲੀਡਰਸ਼ਿਪ 'ਚ ਸੰਕਟ, ਸਪੱਸ਼ਟਤਾ ਦੀ ਘਾਟ ਅਤੇ ਲੀਡਰਸ਼ਿਪ ਦਾ ਲੋਕਾਂ ਤੋਂ ਦੂਰ ਹੋਣਾ" ਕਿਹਾ ਹੈ। ਪਾਰਟੀ ਨੇ ਇਸ ਗੱਲ ਨੂੰ ਜ਼ੋਰ ਨਾਲ ਮਹਿਸੂਸ ਕੀਤਾ ਹੈ ਕਿ ਕਾਂਗਰਸ ਦਾ ਕੌਮੀ ਪੱਧਰ 'ਤੇ ਪੱਕਾ ਬਦਲ ਬਣਨ ਲਈ ਪਾਰਟੀ ਨੂੰ ਵੱਡੇ ਰਾਜਾਂ ਵਿਚ ਆਪਣੀ ਜਥੇਬੰਦ ਤਾਕਤ ਵਧਾਉਣੀ ਪਵੇਗੀ, ਪਰ ਪਾਰਟੀ ਦੀ ਸਥਾਨਕ ਇਕਾਈ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਕਿ ਭਾਜਪਾ ਦੇ ਨੇਤਾਵਾਂ ਦਾ ਲੋਕਾਂ ਨਾਲ ਰਾਬਤਾ ਨਹੀਂ ਸੀ।

ਹੁਣ ਸਮੱਸਿਆ ਇਹ ਬਣ ਗਈ ਹੈ ਕਿ ਭਾਜਪਾ ਦੀ ਸੂਬਾ ਇਕਾਈ ਅਕਾਲੀ ਦਲ ਉਪਰ ਇਹ ਦੋਸ਼ ਲਾ ਕੇ ਹੋਰ ਤਾਕਤ ਹਥਿਆਉਣ ਦੀ ਯੋਜਨਾ ਬਣਾ ਰਹੀ ਸੀ, ਪਰ ਕੇਂਦਰੀ ਲੀਡਰਸ਼ਿਪ ਰਾਜ ਇਕਾਈ ਦੇ ਫੈਸਲੇ ਨੂੰ ਮਾਨਤਾ ਦੇਣ ਦੇ ਮੂਡ 'ਚ ਨਹੀਂ ਲੱਗਦੀ। ਭਾਵੇਂ ਅਕਾਲੀ ਦਲ ਨੇ ਅਜੇ ਚੁੱਪ ਧਾਰੀ ਹੋਈ ਹੈ, ਪਰ ਭਾਜਪਾ ਲੀਡਰਾਂ ਦੀਆਂ ਖੁੱਲ੍ਹੀਆਂ ਟਿੱਪਣੀਆਂ ਬਾਰੇ ਅਕਾਲੀ ਦਲ ਖੁੱਲ੍ਹੇਆਮ ਬੋਲਣ ਦੀ ਥਾਂ ਕੇਂਦਰੀ ਲੀਡਰਸ਼ਿਪ ਨੂੰ ਸ਼ਿਕਾਇਤ ਕਰਨ ਦੇ ਬਦਲ ਉੱਤੇ ਵਿਚਾਰ ਕਰ ਰਿਹਾ ਹੈ। ਕੇਂਦਰੀ ਲੀਡਰਸ਼ਿਪ ਦਾ ਵਿਚਾਰ ਹੈ ਕਿ ਭਾਜਪਾ ਦੀ ਪੰਜਾਬ ਅੰਦਰ ਹਾਰ ਦਾ ਕਾਰਨ ਅਕਾਲੀ ਦਲ ਨਹੀਂ ਹੈ।



ਰਾਜਿੰਦਰ ਭੰਡਾਰੀ



ਬਲਬੀਰ ਪੁੰਜ

ਇਸ ਦੋਹਰੇ ਤੇ ਟਕਰਾਵੇਂ ਨਤੀਜਿਆਂ ਨੇ ਪੰਜਾਬ ਭਾਜਪਾ ਅੰਦਰ ਖਲਬਲੀ ਮਚਾਈ ਹੋਈ ਹੈ। ਅਕਾਲੀ ਦਲ ਨਾਲ ਭਾਜਪਾ (ਪੰਜਾਬ) ਦੇ ਵਧ ਰਹੇ ਤਣਾਅਪੂਰਨ ਮਾਹੌਲ 'ਚ ਇੰਝ ਲੱਗਦਾ ਹੈ ਕਿ ਕੇਂਦਰੀ ਲੀਡਰਸ਼ਿਪ ਪੰਜਾਬ ਲੀਡਰਸ਼ਿਪ 'ਚ ਤਬਦੀਲੀਆਂ ਕਰ ਦੇਵੇ। ਅਕਾਲੀ ਦਲ ਚਾਹੁੰਦਾ ਹੈ ਕਿ ਨੂਰਮਹਿਲ ਤੋਂ ਬਾਅਦ ਜਲਾਲਾਬਾਦ, ਕਾਹਨੂੰਵਾਨ ਤੇ ਬਨੂੜ ਵਿਧਾਨ ਸਭਾ ਹਲਕਿਆਂ ਦੀਆਂ ਚੋਣਾਂ ਜੋ ਸਤੰਬਰ 'ਚ ਹੋਣ ਦੀ ਆਸ ਹੈ, ਤੱਕ ਗੱਠਜੋੜ 'ਚ ਕਿਸੇ ਤਰ੍ਹਾਂ ਦਾ ਟਕਰਾਅ ਨਾ ਆਵੇ।

ਇਸ ਦੌਰਾਨ ਪੰਜਾਬ ਭਾਜਪਾ ਦੇ ਮਾਮਲਿਆਂ ਦੇ ਇਨਚਾਰਜ ਸ੍ਰੀ ਬਲਬੀਰ ਪੁੰਜ ਨੇ ਕਿਹਾ ਹੈ ਕਿ ਲੋਕ ਸਭਾ ਦੀਆਂ ਚੋਣਾਂ ਵਿਚ ਪੰਜਾਬ ਅੰਦਰ ਭਾਜਪਾ ਨੂੰ ਮਿਲੀ ਹਾਰ ਦੇ ਬਾਵਜੂਦ ਕੇਂਦਰੀ ਹਾਈਕਮਾਨ ਵਲੋਂ ਮੰਤਰੀਆਂ ਅਤੇ ਭਾਜਪਾ ਜਥੇਬੰਦੀ ਵਿਚ ਕੋਈ ਫੇਰ ਬਦਲ ਨਹੀਂ ਕੀਤਾ ਜਾ ਰਿਹਾ। ਪੰਜਾਬ ਭਾਜਪਾ ਦੇ ਇੰਚਾਰਜ ਬਲਬੀਰ ਪੁੰਜ ਨੇ ਕਿਹਾ ਕੋਰ ਕਮੇਟੀ ਦੀ ਦਿੱਲੀ ਵਿਚ ਹੋਈ ਬੈਠਕ ਦੌਰਾਨ ਪੰਜਾਬ ਮਾਮਲਿਆਂ 'ਤੇ ਬਿਲਕੁਲ ਚਰਚਾ ਨਹੀਂ ਹੋਈ।

ਸ੍ਰੀ ਪੁੰਜ ਨੇ ਕਿਹਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਸਥਾਨਕ ਸਰਕਾਰ ਮੰਤਰੀ ਮਨੋਰੰਜਨ ਕਾਲੀਆ ਅਤੇ ਹੋਰ ਮੰਤਰੀ ਆਪਣੇ ਅਹੁਦਿਆਂ 'ਤੇ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਿਰਫ ਅਫਵਾਹਾਂ ਉੱਡ ਰਹੀਆਂ ਸਨ ਕਿ ਜਥੇਬੰਦੀ ਅਤੇ ਸਰਕਾਰੀ ਪੱਧਰ 'ਤੇ ਕੋਈ ਫੇਰ ਬਦਲ ਹੋਵੇਗਾ।

ਉਨ੍ਹਾਂ ਦੱਸਿਆ ਕਿ ਕੋਰ ਕਮੇਟੀ ਦੀ ਬੈਠਕ ਵਿਚ ਕੌਮੀ ਪੱਧਰ 'ਤੇ ਭਾਜਪਾ ਦੀ ਹੋਈ ਹਾਰ ਦੀ ਸਮੀਖਿਆ ਕੀਤੀ ਗਈ ਸੀ। ਇਸ ਵਿਚ ਸੂਬੇ ਮੁਤਾਬਕ ਪਾਰਟੀ ਦੀ ਹਾਰ 'ਤੇ ਕੋਈ ਚਰਚਾ ਨਹੀਂ ਹੋਈ। ਕੌਮੀ ਪੱਧਰ 'ਤੇ ਕੋਰ ਕਮੇਟੀ ਦੀ ਬੈਠਕ ਤੋਂ ਬਾਅਦ ਹੁਣ 24 ਤੇ 25 ਜੂਨ ਨੂੰ ਜਲੰਧਰ ਵਿਚ ਸੂਬਾਈ ਭਾਜਪਾ ਕਾਰਜਕਾਰਨੀ ਦੀ ਬੈਠਕ ਹੋਵੇਗੀ, ਜਿਸ ਵਿਚ ਪਾਰਟੀ ਦੀ ਹਾਰ ਦੀ ਸਮੀਖਿਆ ਕਰਨ ਤੋਂ ਬਾਅਦ ਭਵਿੱਖ ਨੂੰ ਲੈ ਕੇ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਥੇਬੰਦੀ ਅਤੇ ਸਰਕਾਰੀ ਪੱਧਰ 'ਤੇ ਜੋ ਵੀ ਕਮੀਆਂ ਰਹਿ ਗਈਆਂ ਹੋਣਗੀਆਂ ਉਨ੍ਹਾਂ ਨੂੰ ਦੂਰ ਕੀਤਾ ਜਾਵੇਗਾ।

ਭਾਜਪਾ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਪ੍ਰੋ. ਰਾਜਿੰਦਰ ਭੰਡਾਰੀ ਦਾ ਕਾਰਜਕਾਲ ਇਸ ਸਾਲ ਦੇ ਅੰਤ ਤੱਕ ਹੈ ਅਤੇ ਉਦੋਂ ਤੱਕ ਉਹ ਆਪਣੇ ਅਹੁਦੇ 'ਤੇ ਕੰਮ ਕਰਦੇ ਰਹਿਣਗੇ। ਪ੍ਰੋ. ਭੰਡਾਰੀ ਮੁੜ ਚੋਣ ਨਹੀਂ ਲੜ ਸਕਦੇ, ਕਿਉਂਕਿ ਭਾਜਪਾ ਸੰਵਿਧਾਨ ਮੁਤਾਬਕ ਕੋਈ ਵੀ ਪ੍ਰਧਾਨ ਲਗਾਤਾਰ 2 ਵਾਰ ਪ੍ਰਧਾਨ ਦੇ ਅਹੁਦੇ 'ਤੇ ਨਹੀਂ ਟਿਕਿਆ ਰਹਿ ਸਕਦਾ। ਸਾਬਕਾ ਪ੍ਰਧਾਨ ਅਵਿਨਾਸ਼ ਰਾਏ ਖੰਨਾ ਨੇ ਵੀ ਤਿੰਨ ਸਾਲ ਦਾ ਆਪਣਾ ਕਾਰਜਕਾਲ ਪੂਰਾ ਕੀਤਾ ਸੀ। ਭਾਜਪਾ ਸੂਤਰਾਂ ਨੇ ਦੱਸਿਆ ਕਿ ਕੇਂਦਰੀ ਲੀਡਰਸ਼ਿਪ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਪੰਜਾਬ ਵਿਚ ਪਾਰਟੀ ਦੀ ਨੌਜਵਾਨ ਲੀਡਰਸ਼ਿਪ ਦਾ ਸਰਕਾਰ ਨਾਲ ਤਾਲਮੇਲ ਸਹੀ ਢੰਗ ਨਾਲ ਨਹੀਂ ਬੈਠ ਰਿਹਾ। ਇਥੋਂ ਤੱਕ ਕਿ ਹੇਠਲੇ ਪੱਧਰ 'ਤੇ ਵੀ ਭਾਜਪਾ ਨੇਤਾਵਾਂ ਅਤੇ ਵਰਕਰਾਂ ਅੰਦਰ ਅਕਾਲੀ ਸਰਕਾਰ ਦੀ ਕਾਰਗੁਜ਼ਾਰੀ ਨੂੰ ਲੈ ਕੇ ਕਈ ਗੱਲਾਂ ਉਠ ਰਹੀਆਂ ਹਨ। 12 ਦਿਨਾਂ ਕਾਰਜਕਾਰਨੀ ਦੀ ਬੈਠਕ ਵਿਚ ਤਾਂ ਇਹ ਮੁੱਦਾ ਹੋਰ ਜ਼ੋਰ-ਸ਼ੋਰ ਨਾਲ ਉੱਠਣ ਦੇ ਆਸਾਰ ਹਨ।

**ਨਵੇਂ ਜ਼ਿਲਾ ਇੰਚਾਰਜਾਂ ਦੀ ਨਿਯੁਕਤੀ :** ਲੋਕ ਸਭਾ ਚੋਣਾਂ 'ਚ ਹੋਈ ਹਾਰ ਤੋਂ ਬਾਅਦ ਪਾਰਟੀ ਹਾਈਕਮਾਂਡ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਭਾਜਪਾ ਦੇ ਪੁਨਰਗਠਨ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਦੇਸ਼ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ ਨੇ ਪੁਰਾਣੇ ਪ੍ਰਬੰਧਾਂ 'ਚ ਤਬਦੀਲੀ ਕਰਦਿਆਂ ਵੱਖ-ਵੱਖ ਜ਼ਿਲਿਆਂ ਲਈ ਨਵੇਂ ਇੰਚਾਰਜ ਨਿਯੁਕਤ ਕੀਤੇ ਹਨ। ਦਸ ਸੀਨੀਅਰ ਆਗੂਆਂ ਨੂੰ ਵੱਖ-ਵੱਖ ਜ਼ਿਲਿਆਂ ਲਈ ਨਵੇਂ ਇੰਚਾਰਜ ਨਿਯੁਕਤ ਕੀਤੇ ਹਨ। 100 ਆਗੂਆਂ ਨੂੰ ਵੱਖ-ਵੱਖ ਜ਼ਿਲਿਆਂ ਦੀ ਜ਼ਿੰਮੇਵਾਰੀ ਸੌਂਪਦਿਆਂ ਪਾਰਟੀ ਸਰਗਰਮੀਆਂ 'ਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਹੈ।

ਭੰਡਾਰੀ ਵਲੋਂ ਇਥੇ ਜਾਰੀ ਕੀਤੀ ਗਈ ਨਵੇਂ ਜ਼ਿਲਾ ਇੰਚਾਰਜਾਂ ਦੀ ਸੂਚੀ ਅਨੁਸਾਰ ਪਾਰਟੀ ਦੇ ਪ੍ਰਦੇਸ਼ ਜਨਰਲ ਸਕੱਤਰ ਕਮਲ ਸ਼ਰਮਾ ਨੂੰ ਬਠਿੰਡਾ ਸ਼ਹਿਰੀ, ਮੁਕਤਸਰ ਤੇ ਅਬੋਹਰ, ਜਨਰਲ ਸਕੱਤਰ ਅਸ਼ਵਨੀ ਸ਼ਰਮਾ ਨੂੰ ਰੋਪੜ ਮੋਹਾਲੀ ਤੇ ਜਲੰਧਰ ਸ਼ਹਿਰੀ, ਉਪ ਪ੍ਰਧਾਨ ਵਿਨੋਦ ਸ਼ਰਮਾ ਨੂੰ ਜਲੰਧਰ ਰੂਰਲ ਨਾਰਥ ਤੇ ਲੁਧਿਆਣਾ ਸ਼ਹਿਰੀ, ਉਪ ਪ੍ਰਧਾਨ ਮਨਜੀਤ ਸਿੰਘ ਰਾਏ ਨੂੰ ਫਰੀਦਕੋਟ ਮਾਨਸਾ ਤੇ ਬਠਿੰਡਾ ਦਿਹਾਤੀ, ਮੁੱਖ ਸੰਸਦੀ ਸਕੱਤਰ ਅਰੁਨੇਸ਼ ਸ਼ਾਕਰ ਨੂੰ ਪਠਾਨਕੋਟ, ਗੁਰਦਾਸਪੁਰ ਤੇ ਬਟਾਲਾ, ਹੀਰਾ ਲਾਲ ਧੀਰ ਕਾਰਜਕਾਰਨੀ ਮੈਂਬਰ ਹੁਸ਼ਿਆਰਪੁਰ ਤੇ ਨਵਾਂਸ਼ਹਿਰ, ਮੋਹਨ ਲਾਲ ਸੇਠੀ ਨੂੰ ਜਗਰਾਉਂ, ਜਲੰਧਰ ਸਾਊਥ ਤੇ ਕਪੂਰਥਲਾ, ਵਿਨੋਦ ਕੁਮਾਰ ਗੁਪਤਾ ਨੂੰ ਫਤਿਹਗੜ੍ਹ ਸਾਹਿਬ ਤੇ ਪਟਿਆਲਾ, ਵਿਧਾਇਕ ਅਨਿਲ ਜੋਸ਼ੀ ਨੂੰ ਅੰਮ੍ਰਿਤਸਰ ਦਿਹਾਤੀ ਤਰਨਤਾਰਨ, ਡੀ.ਪੀ. ਚੌਹਾਨ ਸਟੇਟ ਕਾਰਜਕਾਰਨੀ ਮੈਂਬਰ ਨੂੰ ਮੋਗਾ, ਬਰਨਾਲਾ ਤੇ ਸੰਗਰੂਰ ਜ਼ਿਲੇ ਦਾ ਇੰਚਾਰਜ ਲਾਇਆ ਗਿਆ ਹੈ।


**Real Estate and Loans Under One Roof**

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

***For Buying and Selling Residential, Commercial property and for Loans in Sacramento area***

**It's a Great time for Investors and first time buyers to buy their dream home.**

ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ

ਘਰਾਂ ਦੀਆਂ ਕੀਮਤਾਂ ਵਧਣ ਲੱਗ ਪਈਆਂ ਹਨ, ਆਪਣੇ ਸੁਪਨਿਆਂ ਦਾ ਘਰ ਖਰੀਦਣ ਦਾ ਇਹੋ ਸਹੀ ਮੌਕਾ ਹੈ।

**We can help you get a loan with as little as 3.5% down.**

**Interest rates are historic low and to get your dream home or investment property.**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਗੁਰਦੁਆਰਾ ਮਸਤੂਆਣਾ ਦੀ ਇਮਾਰਤ ਬਾਰੇ ਵੱਖਰੇ-ਵੱਖਰੇ ਦਾਅਵੇ

***ਮਸਤੂਆਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਆਪਸੀ ਖਹਿਬਾਜ਼ੀ ਉਦੋਂ ਬਿਲਕੁਲ ਸਾਹਮਣੇ ਆ ਗਈ, ਜਦੋਂ ਲੰਘੀ 13 ਜੂਨ ਨੂੰ ਗੁਰਦੁਆਰਾ ਮਸਤੂਆਣਾ ਅੰਗੀਠਾ ਸਾਹਿਬ (ਸੰਗਰੂਰ) ਦੇ ਮੀਤ ਪ੍ਰਧਾਨ ਸੰਤ ਸੁਰਜੀਤ ਸਿੰਘ ਦੂੱਗਾ ਦੀ ਅਗਵਾਈ 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਵਫਦ ਨੇ ਜਥੇਦਾਰ ਪ੍ਰੋ. ਫੱਗੂਵਾਲਾ ਦੀ ਅਗਵਾਈ 'ਚ 11 ਜੂਨ ਨੂੰ ਪੁੱਜੇ ਵਫਦ ਨੂੰ ਨਕਲੀ ਗਰਦਾਨਦਿਆਂ ਸੰਤ ਬਲਵੰਤ ਸਿੰਘ ਸਿਹੋੜੇ ਵਾਲਿਆਂ ਸਮੇਤ 5 ਮੈਂਬਰੀ ਵਫਦ ਦੇ ਮੈਂਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ।***

**ਅੰਮ੍ਰਿਤਸਰ :** ਗੁਰਦੁਆਰਾ ਸੱਚਖੰਡ ਅੰਗੀਠਾ ਮਸਤੂਆਣਾ ਸਾਹਿਬ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣਨ ਵਾਲੀ ਇਮਾਰਤ ਦੇ ਵਿਵਾਦ ਪਿੱਛੇ ਮਸਤੂਆਣਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਆਪਸੀ ਖਹਿਬਾਜ਼ੀ ਉਦੋਂ ਬਿਲਕੁਲ ਸਾਹਮਣੇ ਆ ਗਈ, ਜਦੋਂ ਲੰਘੀ 13 ਜੂਨ ਨੂੰ ਗੁਰਦੁਆਰਾ ਮਸਤੂਆਣਾ ਅੰਗੀਠਾ ਸਾਹਿਬ (ਸੰਗਰੂਰ) ਦੇ ਮੀਤ ਪ੍ਰਧਾਨ ਸੰਤ ਸੁਰਜੀਤ ਸਿੰਘ ਦੂੱਗਾ ਦੀ ਅਗਵਾਈ 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਵਫਦ ਨੇ ਜਥੇਦਾਰ ਪ੍ਰੋ. ਫੱਗੂਵਾਲਾ ਦੀ ਅਗਵਾਈ 'ਚ 11 ਜੂਨ ਨੂੰ ਪੁੱਜੇ ਵਫਦ ਨੂੰ ਨਕਲੀ ਗਰਦਾਨਦਿਆਂ ਸੰਤ ਬਲਵੰਤ ਸਿੰਘ ਸਿਹੋੜੇ ਵਾਲਿਆਂ ਸਮੇਤ 5 ਮੈਂਬਰੀ ਵਫਦ ਦੇ ਮੈਂਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੱਕਤਰੇਤ ਦੇ ਮੀਤ ਸਕੱਤਰ ਗੁਰਬਚਨ ਸਿੰਘ ਨੂੰ ਆਪਣਾ ਪੱਤਰ ਸੌਂਪਿਆ। ਉਨ੍ਹਾਂ ਨੇ ਇਸ ਪੱਤਰ ਨਾਲ ਮਸਤੂਆਣਾ ਦੀ ਪ੍ਰਬੰਧਕ ਕਮੇਟੀ ਦੇ ਮਤੇ ਦੀਆਂ ਕਾਪੀਆਂ ਤੋਂ ਇਲਾਵਾ 5 ਸਫਿਆਂ ਦਾ ਉਹ ਪੱਤਰ ਵੀ ਸੌਂਪਿਆ, ਜਿਸ 'ਤੇ ਮਸਤੂਆਣਾ ਸਾਹਿਬ ਦੇ ਆਲੇ-ਦੁਆਲੇ ਦੀਆਂ ਦੋ ਦਰਜਨ ਤੋਂ ਵਧ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਦੇ ਦਸਤਖ਼ਤ ਵੀ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਸੁਰਜੀਤ ਸਿੰਘ ਦੂੱਗਾ ਨੇ ਕਿਹਾ ਕਿ ਜੋ ਵਫਦ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣ ਰਹੇ ਗੁਰਦੁਆਰੇ ਦੇ ਵਿਵਾਦ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਾ ਸੀ, ਉਸ ਦਾ ਅਸਲ ਪ੍ਰਬੰਧਕ ਕਮੇਟੀ ਨਾਲ ਕੋਈ ਵੀ ਵਾਸਤਾ ਨਹੀਂ ਹੈ। ਇਸ ਤੋਂ ਇਲਾਵਾ ਜੋ ਪੱਤਰ ਸੰਤ ਸਾਧੂ ਸਿੰਘ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੀਲਬੰਦ ਲਿਫਾਫੇ ਵਿਚ ਭੇਜਿਆ ਗਿਆ ਹੈ, ਉਹ ਵੀ ਨਕਲੀ ਹੈ। ਉਨ੍ਹਾਂ ਕਿਹਾ ਕਿ ਇਸ਼ ਵਫਦ ਨੇ ਸੰਤ ਸਾਧੂ ਸਿੰਘ ਦੀ ਸਿਹਤ ਠੀਕ ਨਾ ਹੋਣ ਦਾ ਫਾਇਦਾ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁੰਮਰਾਹ ਹੀ ਨਹੀਂ ਕੀਤਾ, ਸਗੋਂ ਇਲਾਕੇ ਦੀਆਂ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਬਣ ਰਹੀ ਇਮਾਰਤ ਦਾ ਮਾਮਲਾ ਹੈ, ਅੱਜ ਵੀ ਉਥੇ ਸੇਵਾ ਚੱਲ ਰਹੀ ਹੈ।

ਇਸ ਇਮਾਰਤ ਦਾ ਨੀਂਹ ਪੱਥਰ 1967 ਵਿਚ ਰੱਖਿਆ ਗਿਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਇਹ ਉਸਾਰੀ ਅਧੀਨ ਇਮਾਰਤ ਢਾਹੁਣ ਨਹੀਂ ਦਿੱਤੀ ਜਾਵੇਗੀ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜੋ ਵੀ ਹੁਕਮਨਾਮਾ ਆਵੇਗਾ, ਉਸ ਨੂੰ ਸਿਰ ਮੱਥੇ ਕਬੂਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਹੈ ਕਿ ਗੁਰਦੁਆਰਾ ਅੰਗੀਠਾ ਸਾਹਿਬ ਦੇ ਵਾਦ-ਵਿਵਾਦ ਸਬੰਧੀ ਮਿਲੀ ਕਮੇਟੀ ਦਾ ਅਸਲ ਕਮੇਟੀ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ।

ਉਨ੍ਹਾਂ ਨੇ ਆਪਣੇ ਪੱਤਰ ਵਿਚ ਇਹ ਵੀ ਸਪੱਸ਼ਟ ਕੀਤਾ ਕਿ ਗੁਰਦੁਆਰਾ ਅੰਗੀਠਾ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਉਸਾਰਨ ਦੀ ਜੋ ਕਾਰਵਾਈ ਹੋ ਰਹੀ ਹੈ, ਉਹ ਅਸਲ ਪ੍ਰਬੰਧਕ ਕਮੇਟੀ ਵਲੋਂ ਨਹੀਂ ਹੋ ਰਹੀ, ਸਗੋਂ ਸੰਤ ਬਲਵੰਤ ਸਿੰਘ ਸਿਹੋੜੇ ਵਾਲਿਆਂ ਵਲੋਂ ਅੰਗੀਠਾ ਸਾਹਿਬ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਆਰੰਭ ਕੀਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੋ ਵਫਦ ਮਿਲ ਕੇ ਗਿਆ ਹੈ, ਉਸ ਦਾ ਸਬੰਧ ਗੁਰਸਾਗਰ ਮਸਤੂਆਣਾ ਸਾਹਿਬ ਦੀ ਥਾਂ ਨਵਾਂ ਮਸਤੂਆਣਾ ਜੋ ਸੰਗਰੂਰ-ਪਟਿਆਲਾ ਰੋਡ 'ਤੇ ਬਣਾਇਆ ਜਾ ਰਿਹਾ ਹੈ, ਨਾਲ ਹੈ।

ਯਾਦ ਰਹੇ ਇਸ ਤੋਂ ਪਹਿਲਾਂ 11 ਜੂਨ ਨੂੰ ਗੁਰਦੁਆਰਾ ਅੰਗੀਠਾ ਦੇ ਪ੍ਰਧਾਨ ਬਾਬਾ ਸਾਧੂ ਸਿੰਘ ਦੁਆਰਾ ਭੇਜੇ ਗਏ ਪੰਜ ਮੈਂਬਰੀ ਡੈਲੀਗੇਟ ਨੇ ਅਕਾਲ ਤਖਤ 'ਤੇ ਪੇਸ਼ ਹੋ ਕੇ ਸਪੱਸ਼ਟ ਕੀਤਾ ਕਿ ਮਸਤੂਆਣਾ ਵਿਖੇ ਬਣ ਰਿਹਾ ਗੁਰਦੁਆਰਾ ਸੱਚਖੰਡ ਹਰਿਮੰਦਰ ਸਾਹਿਬ ਦੀ ਨਕਲ ਨਹੀਂ ਹੈ ਅਤੇ ਉਹ ਅਕਾਲ ਤਖਤ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਜਥੇਦਾਰ ਅਕਾਲ ਤਖਤ ਗਿਆਨੀ ਗੁਰਬਚਨ ਸਿੰਘ ਦੇ ਹਰ ਹੁਕਮ ਦੀ ਪਾਲਣਾ ਕਰਨ ਲਈ ਪਾਬੰਦ ਹਨ।

ਦੂੱਗਾ ਵਲੋਂ ਪਹਿਲੇ ਵਫਦ ਨੂੰ ਨਕਲੀ ਕਹਿਣ ਦਾ ਸੰਤ ਸਾਧੂ ਸਿੰਘ ਨੇ ਸਪੱਸ਼ਟ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ 11 ਜੂਨ ਵਾਲਾ ਵਫਦ ਉਨ੍ਹਾਂ ਵਲੋਂ ਹੀ ਭੇਜਿਆ ਗਿਆ ਸੀ।

ਗੁਰਦੁਆਰਾ ਸੱਚਖੰਡ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਦੇ ਪ੍ਰਧਾਨ ਸੰਤ ਸਾਧੂ ਸਿੰਘ ਨੇ ਜਥੇਦਾਰ ਅਕਾਲ ਤਖ਼ਤ ਗਿਆਨੀ ਗੁਰਬਚਨ ਸਿੰਘ ਦੇ ਨਾਂਅ ਭੇਜੇ ਪੱਤਰ ਵਿਚ ਬੇਨਤੀ ਕੀਤੀ ਹੈ ਕਿ ਮਸਤੂਆਣਾ ਵਿਖੇ ਨਾ ਤਾਂ ਕੋਈ ਹਰਿਮੰਦਰ ਬਣ ਰਿਹਾ ਹੈ ਅਤੇ ਨਾ ਹੀ ਸੱਚਖੰਡ ਹਰਿਮੰਦਰ ਸਾਹਿਬ ਦੀ ਕੋਈ ਨਕਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੈਂਬਰ ਪਾਰਲੀਮੈਂਟ ਸੁਖਦੇਵ ਸਿੰਘ ਢੀਂਡਸਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਬਾਬਾ ਟੇਕ ਸਿੰਘ ਧਨੌਲਾ ਇਸ ਗੁਰਦੁਆਰੇ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਪਰ ਸੰਗਤਾਂ ਨੇ ਇਨ੍ਹਾਂ ਦੀ ਇਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ, ਜਿਸ ਕਰਕੇ ਹੁਣ ਇਹ ਲੋਕ ਜਾਣਬੁਝ ਕੇ ਸਿੱਖਾਂ ਵਿਚ ਭਰਾ-ਮਾਰੂ ਘੱਲੂਘਾਰਾ ਕਰਵਾਉਣਾ ਚਾਹੁੰਦੇ ਹਨ, ਜੋ ਇਨ੍ਹਾਂ ਰਾਜਨੀਤੀਵਾਨਾਂ ਦੀ ਘਟੀਆ ਸੋਚ ਹੈ। ਉਨ੍ਹਾਂ ਕਿਹਾ ਕਿ ਸਰੋਵਰ ਦੀ ਸਫਾਈ ਕਰਨ ਲਈ ਸੰਗਤਾਂ ਨੇ ਗਾਰ ਕੱਢੀ ਹੈ ਅਤੇ ਹੋਰ ਕੋਈ ਇਕ ਇੱਟ ਤੱਕ ਨਹੀਂ ਲਾਈ ਗਈ।

ਬੀਤੀ 11 ਜੂਨ ਨੂੰ ਸੰਤ ਸਾਧੂ ਸਿੰਘ ਦਾ ਪੱਤਰ ਲੈ ਕੇ ਅਕਾਲ ਤਖਤ 'ਤੇ ਪੁੱਜੇ ਪੰਥਕ ਵਿਚਾਰ ਮੰਚ ਦੇ ਪ੍ਰਧਾਨ ਪ੍ਰਸ਼ੋਤਮ ਸਿੰਘ ਫੱਗੂਵਾਲ, ਸਾਧੂ ਸਿੰਘ ਦੇ ਭਰਾ ਸੁਰਜੀਤ ਸਿੰਘ, ਪ੍ਰਿੰਸੀਪਲ ਬਾਬੂ ਸਿੰਘ ਸੰਦੌੜ, ਸ਼ਮਿੰਦਰ ਸਿੰਘ ਤੇ ਅਜੀਤ ਸਿੰਘ ਸੰਗਰੂਰ ਨੇ ਸੰਤ ਸਾਧੂ ਦੁਆਰਾ ਲਿਖੇ ਪੱਤਰ ਦੀ ਕਾਪੀ ਪੱਤਰਕਾਰਾਂ ਨੂੰ ਦਿਖਾਉਂਦਿਆਂ ਕਿਹਾ ਕਿ ਸਿੱਖ ਧਰਮ ਵਿਚ ਅਕਾਲ ਤਖਤ ਸਿੱਖਾਂ ਦੀ ਸਰਵਉੱਚ ਸੰਸਥਾ ਹੈ ਅਤੇ ਹਰੇਕ ਸਿੱਖ ਦਾ ਸਿਰ ਇਸ ਸੰਸਥਾ ਅੱਗੇ ਝੁਕਦਾ ਹੈ।

ਉਨ੍ਹਾਂ ਕਿਹਾ ਕਿ 1967 ਵਿਚ ਸੰਤ ਅਤਰ ਸਿੰਘ ਦੀ ਯਾਦ ਵਿਚ ਇਕ ਸਰੋਵਰ ਤੇ ਗੁਰਦੁਆਰੇ ਦਾ ਨੀਂਹ ਪੱਥਰ ਸੰਤ ਬਚਨ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਗਤ ਸਿੰਘ ਧਨੌਲਾ, ਉਸ ਵੇਲੇ ਦੇ ਮੈਂਬਰ ਸ਼੍ਰੋਮਣੀ ਕਮੇਟੀ ਸੰਤ ਕਾਹਨ ਸਿੰਘ ਧਨੌਲਾ, ਸੰਤ ਸੁੱਚਾ ਸਿੰਘ ਲੋਹਟਬੱਦੀ, ਸੰਤ ਧਰਮ ਸਿੰਘ ਲੌਂਗੋਵਾਲ, ਸੰਤ ਵਰਿਆਮ ਸਿੰਘ ਤੇ ਸੰਤ ਆਸਾ ਸਿੰਘ ਆਦਿ ਨੇ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਦੀ ਹਾਜ਼ਰੀ ਵਿਚ ਰੱਖਿਆ ਸੀ।

ਉਨ੍ਹਾਂ ਦੱਸਿਆ ਕਿ 1994 ਵਿਚ ਵੀ ਇਸ ਗੁਰਦੁਆਰੇ ਦਾ ਵਿਵਾਦ ਅਕਾਲ ਤਖਤ 'ਤੇ ਪੁੱਜਾ ਸੀ ਅਤੇ ਉਸ ਵੇਲੇ ਦੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਜਾ ਕੇ ਮੌਕੇ ਦਾ ਜਾਇਜ਼ਾ ਲਿਆ ਸੀ ਤੇ ਦਰਬਾਰ ਦੇ ਘੇਰੇ 'ਚ ਬਰਾਂਡਾ ਬਣਾਉਣ ਦੇ ਆਦੇਸ਼ ਜਾਰੀ ਕੀਤੇ ਸਨ, ਪਰ ਕਿਸੇ ਵਿਵਾਦ ਵਿਚ ਪੈਣ ਤੋਂ ਬਚਣ ਲਈ ਸੰਤਾਂ ਨੇ ਉਸ ਦਿਨ ਤੋਂ ਬਾਅਦ ਇਕ ਇੱਟ ਵੀ ਨਹੀਂ ਲਗਾਈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਕਾਲ ਤਖਤ 'ਤੇ ਹਰਿ ਕੀ ਪੌੜੀ ਬਣਾਉਣ ਦਾ ਵਾਵੇਲਾ ਜਾਣ-ਬੁਝ ਕੇ ਖੜਾ ਕੀਤਾ ਜਾ ਰਿਹਾ ਹੈ, ਜਦਕਿ ਅਜਿਹੀ ਉਸਾਰੀ ਕਰਨ ਦੀ ਕੋਈ ਵਿਵਸਥਾ ਨਹੀਂ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਇਹ ਬਿਲਕੁੱਲ ਠੀਕ ਹੈ ਕਿ ਜਿਹੜਾ ਅਕਾਲ ਤਖਤ ਦੀ ਸ਼ਰਨ ਵਿਚ ਆਉਂਦਾ ਹੈ, ਉਸ ਦੀ ਗੁਰੂ ਸਾਹਿਬ ਖੁਦ ਰੱਖਿਆ ਕਰਦੇ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਹਰਿਮੰਦਰ ਸਾਹਿਬ ਦੀ ਨਕਲ ਕਰਨ ਦੀ ਕਿਸੇ ਨੂੰ ਵੀ ਕੋਈ ਆਗਿਆ ਨਹੀਂ ਦਿੱਤੀ ਜਾ ਸਕਦੀ।

ਉਨ੍ਹਾਂ ਕਿਹਾ ਕਿ ਇਸ ਵੇਲੇ ਮਾਮਲਾ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਧਾਰਮਿਕ ਅਦਾਲਤ ਵਿਚ ਹੈ ਅਤੇ ਉਹ ਜੋ ਵੀ ਫੈਸਲਾ ਲੈਣਗੇ, ਉਹ ਸਭ ਨੂੰ ਮਨਜ਼ੂਰ ਕਰਨਾ ਪਵੇਗਾ।

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਉੱਪਰ ਨਾਜਾਇਜ਼ ਕਬਜ਼ਾ ਕਰਨ ਦੇ ਦੋਸ਼ ਲੱਗ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਅੱਗੇ ਲੱਗ ਕੇ ਗੁਰੂ ਡੰਮ ਜਾਂ ਮਨਮੱਤ ਦਾ ਵਿਰੋਧ ਕਰਦਾ ਹੈ, ਉਸ ਉੱਪਰ ਨਜਾਇਜ਼ ਤੋਹਮਤਾਂ ਲੱਗਣੀਆਂ ਤਾਂ ਸਧਾਰਨ ਗੱਲ ਹੈ।

ਉਨ੍ਹਾਂ ਨੇ ਤਾਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਗੈਰ-ਹਾਜ਼ਰੀ 'ਚ ਸੰਤ ਸਾਧੂ ਸਿੰਘ ਦੁਆਰਾ ਭੇਜਿਆ ਬੇਨਤੀ ਪੱਤਰ ਅਕਾਲ ਤਖਤ ਦੇ ਦਫਤਰ ਇੰਚਾਰਜ ਤੇ ਮੀਤ ਸਕੱਤਰ ਗੁਰਬਚਨ ਸਿੰਘ ਖੇਮਕਰਨੀ ਨੇ ਪ੍ਰਾਪਤ ਕੀਤਾ।

## ਸ਼੍ਰੋਮਣੀ ਕਮੇਟੀ ਨੂੰ ਮਿਲਿਆ ਆਪਣੀ ਹੀ ਜ਼ਮੀਨ ਦਾ ਕਬਜ਼ਾ

**ਅੰਮ੍ਰਿਤਸਰ :** ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਨੇੜੇ ਸ੍ਰੀ ਦਰਬਾਰ ਸਾਹਿਬ ਦੇ ਨਾਂ 'ਤੇ ਪਈ ਕਰੋੜਾਂ ਰੁਪਏ ਦੀ ਜ਼ਮੀਨ, ਜੋ ਪਿਛਲੇ ਕਈ ਸਾਲਾਂ ਤੋਂ ਇਕ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਨੂੰ ਲੀਜ਼ 'ਤੇ ਦਿੱਤੀ ਹੋਈ ਸੀ, ਦਾ ਲੰਘੀ 12 ਜੂਨ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਬਜ਼ਾ ਦਿਵਾ ਦਿੱਤਾ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਰਾਗੜ੍ਹੀ ਗੁਰਦੁਆਰਾ ਨਜ਼ਦੀਕ ਇਹ ਜਗ੍ਹਾ ਸੂਰਜ ਟਰਾਂਸਪੋਰਟ ਕੰਪਨੀ ਨੂੰ ਲੀਜ਼ 'ਤੇ ਦਿੱਤੀ ਗਈ ਸੀ। ਕੰਪਨੀ ਵਲੋਂ ਪਿਛਲੇ ਕਈ ਵਰ੍ਹਿਆਂ ਤੋਂ ਸ਼੍ਰੋਮਣੀ ਕਮੇਟੀ ਨੂੰ ਇਸ ਦਾ ਕਿਰਾਇਆ ਵੀ ਨਹੀਂ ਸੀ ਦਿੱਤਾ ਜਾਂਦਾ ਅਤੇ ਫਿਰ ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਕੇਸ ਦਾਇਰ ਕੀਤਾ ਗਿਆ ਅਤੇ ਸਾਲ 2005 ਵਿਚ ਅਦਾਲਤ ਨੇ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਫੈਸਲਾ ਦੇ ਦਿੱਤਾ।

ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਸ ਥਾਂ ਜ਼ਮੀਨ 'ਤੇ ਕਬਜ਼ੇ ਲਈ ਦਰਖ਼ਾਸਤ ਦਿੱਤੀ ਅਤੇ ਇਸ ਮਾਮਲੇ 'ਤੇ ਵਿਚਾਰ ਕਰਦਿਆਂ



ਐਸ.ਡੀ.ਐਮ. ਸੰਦੀਪ ਰਿਸ਼ੀ ਦੀ ਅਦਾਲਤ ਨੇ ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਫੈਸਲਾ ਦਿੰਦਿਆਂ ਇਸ ਜਗ੍ਹਾ 'ਤੇ ਕਬਜ਼ਾ ਦਿਵਾਉਣ ਦੇ ਨਿਰਦੇਸ਼ ਦੇ ਦਿੱਤੇ। ਅਦਾਲਤੀ ਹੁਕਮਾਂ ਦੇ ਮੱਦੇਨਜ਼ਰ ਲੰਘੀ 12 ਜੂਨ ਨੂੰ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਸ ਜਗ੍ਹਾ 'ਤੇ ਕਬਜ਼ਾ ਲੈ ਲਿਆ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਮੌਕੇ 'ਤੇ ਗਏ ਅਤੇ ਉਥੇ ਪਿਆ ਸਾਮਾਨ ਟਰੱਕਾਂ ਵਿਚ ਲੱਦ ਕੇ ਬਾਹਰ ਕੱਢ ਦਿੱਤਾ ਗਿਆ।

ਸ੍ਰੀ ਦਿਲਮੇਘ ਸਿੰਘ ਨੇ ਦੱਸਿਆ ਕਿ ਅਦਾਲਤ ਵਲੋਂ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਫੈਸਲਾ ਹੋਣ ਤੋਂ ਬਾਅਦ ਪ੍ਰਸ਼ਾਸਨ ਵਲੋਂ ਇਸ ਜਗ੍ਹਾ 'ਤੇ ਕਬਜ਼ਾ ਦਿਵਾਇਆ ਗਿਆ ਹੈ।

ਓਧਰ ਡਿਪਟੀ ਕਮਿਸ਼ਨਰ ਕਾਹਨ ਸਿੰਘ ਪਨੂੰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਐਸ.ਡੀ.ਐਮ. ਦੀ ਅਦਾਲਤ ਵਿਚ ਕਬਜ਼ਾ ਲੈਣ ਸਬੰਧੀ ਲੰਮੇ ਸਮੇਂ ਤੋਂ ਕੇਸ ਦਾਇਰ ਕੀਤਾ ਗਿਆ ਸੀ ਜਿਸ 'ਤੇ ਫੈਸਲਾ ਲਿਆ ਗਿਆ ਹੈ।

## ਪੰਜਾਬ 'ਚ ਨਵੇਂ ਉਦਯੋਗ ਲਾਉਣ ਲਈ ਕੰਪਨੀਆਂ ਨੇ ਨਹੀਂ ਦਿਖਾਈ ਦਿਲਚਸਪੀ

**ਚੰਡੀਗੜ੍ਹ :** ਰਾਜਨੀਤਿਕ ਪਾਰਟੀਆਂ ਦੇ ਰਾਜ ਵਿਚ ਕਰੋੜਾਂ ਦੇ ਉਦਯੋਗ ਲਾਉਣ ਦੇ ਦਾਅਵਿਆਂ ਵਿਚ ਕਿੰਨੀ ਸੱਚਾਈ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਵਿਚ ਸਿਰਫ 21 ਕੰਪਨੀਆਂ ਨੇ ਹੀ ਉਦਯੋਗ ਲਾਉਣ ਲਈ ਸਰਕਾਰ ਤੱਕ ਪਹੁੰਚ ਕੀਤੀ ਹੈ। ਇਸ ਵਿਚੋਂ ਸਾਲ 2006 ਵਿਚੋਂ 9, 2007 ਵਿਚ ਅਤੇ 2008 ਵਿਚ 4 ਕੰਪਨੀਆਂ ਨੇ ਉਦਯੋਗ ਲਾਉਣ ਲਈ ਪ੍ਰਸਤਾਵ ਦਿੱਤੇ ਸੀ। ਇਨ੍ਹਾਂ ਵਿਚੋਂ ਵੀ ਸਿਰਫ ਚਾਰ ਫਰਮਾਂ ਹੀ ਇਹੋ ਜਿਹੀਆਂ ਹਨ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਦਾ ਅਨੁਭਵ ਹਾਸਲ ਹੈ।

ਇਸ ਤੋਂ ਇਲਾਵਾ ਇਨ੍ਹਾਂ ਵਿਚੋਂ ਦੋ ਦੇ ਮਾਲਕ ਪੰਜਾਬੀ ਐਨ.ਆਰ.ਆਈ. ਸਨ, ਜਿਨ੍ਹਾਂ ਨੇ ਕਿਸੇ ਕਾਰਨਵਸ ਉਦਯੋਗ ਲਾਉਣ ਵਿਚ ਦਿਲਚਸਪੀ ਨਹੀਂ ਦਿਖਾਈ। ਸਰਕਾਰ ਨੇ ਇਸ ਵਿਚੋਂ ਇਕ ਕੰਪਨੀ ਦਾ ਪ੍ਰਸਤਾਵ ਨਾਮਨਜ਼ੂਰ ਕਰ ਦਿੱਤਾ।

ਇਕ ਯੂਨਿਟ ਨੂੰ ਮਨਜ਼ੂਰੀ ਤਾਂ ਦੇ ਦਿੱਤੀ, ਪਰ ਉਸ ਨੂੰ ਜ਼ਮੀਨ ਦੇਣ ਸਬੰਧੀ ਜਾਰੀ ਕੀਤੇ ਜਾਣ ਵਾਲੇ ਪੱਤਰ ਐਲ.ਓ.ਆਈ. (ਲੈਂਡ ਆਫ ਇੰਟੇਟ) ਹੀ ਜਾਰੀ ਨਹੀਂ ਕੀਤਾ ਗਿਆ।

ਇਕ ਕੰਪਨੀ ਵਲੋਂ ਆਪਣਾ ਯੂਨਿਟ ਲਾਉਣ ਲਈ ਅਸਥਾਈ ਰਜਿਸਟ੍ਰੇਸ਼ਨ ਦੀ ਮੰਗ ਕੀਤੀ ਗਈ ਸੀ। ਬਾਕੀ ਸਾਰੀਆਂ 16 ਕੰਪਨੀਆਂ ਵਲੋਂ ਵੀ ਹੁਣ ਤਕ ਆਪਣੇ ਪ੍ਰਾਜੈਕਟ ਸ਼ੁਰੂ ਨਹੀਂ ਕੀਤੇ ਗਏ।






# ਬੱਲਾਂ ਵਾਲਿਆਂ ਨੇ ਸ਼ਰਧਾਂਜਲੀ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਟਾਇਆ

**ਜਲੰਧਰ :** ਡੇਰਾ ਸੱਚਖੰਡ ਬੱਲਾਂ ਦੇ ਪ੍ਰਬੰਧਕਾਂ ਨੇ ਵਿਆਨਾ ਵਿਖੇ ਵਾਪਰੀ ਘਟਨਾ ਦੇ ਪ੍ਰਤੀਕਰਮ ਵਜੋਂ ਆਪਣੇ ਸਮਾਗਮਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ ਹੈ। ਵਿਆਨਾ ਵਿਖੇ ਵਾਪਰੀ ਘਟਨਾ ਵਿਚ ਮਾਰੇ ਗਏ ਡੇਰੇ ਦੇ ਸਹਾਇਕ ਮੁਖੀ ਸੰਤ ਰਾਮਾਨੰਦ ਦੇ ਭੋਗ ਉਪਰੰਤ ਹੋਏ ਸ਼ਰਧਾਂਜਲੀ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਗਿਆ ਅਤੇ ਨਾ ਹੀ 11 ਜੂਨ ਨੂੰ ਸੰਤ ਸਰਵਣ ਦਾਸ ਦੀ ਬਰਸੀ ਮੌਕੇ ਹੋਏ ਸਮਾਗਮ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਪਤਾ ਲੱਗਾ ਹੈ ਕਿ ਡੇਰਾ ਬੱਲਾਂ ਵਿਖੇ ਸ਼ਰਧਾਂਜਲੀ ਅਤੇ ਬਰਸੀ ਸਮਾਗਮਾਂ ਮੌਕੇ ਪਹਿਲਾਂ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਚੱਲਿਆ ਆ ਰਿਹਾ ਸੀ, ਪਰ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਸੰਤਾਂ ਵਲੋਂ ਪੈਰੀਂ ਹੱਥ ਲਵਾਉਣਾ ਜਾਂ ਮੂਰਤੀਆਂ ਬਰਾਬਰ ਰੱਖਣ ਬਾਰੇ ਉਠੇ ਵਿਵਾਦ ਕਾਰਨ ਡੇਰੇ ਦੇ ਪ੍ਰਬੰਧਕਾਂ ਵਲੋਂ ਫੈਸਲਾ ਲਿਆ ਗਿਆ ਹੈ।

ਵਿਆਨਾ ਵਿਖੇ ਸੰਤ ਨਿਰੰਜਣ ਦਾਸ ਅਤੇ ਸੰਤ ਰਾਮਾਨੰਦ ਉੱਪਰ ਹਮਲੇ ਬਾਰੇ ਇਹੀ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਆਪਣੀ ਮਾਨਤਾ ਕਰਾਉਣ ਨੂੰ ਲੈ ਕੇ ਵਿਵਾਦ ਉਠਿਆ ਸੀ ਤੇ ਹਮਲੇ ਦਾ ਕਾਰਨ ਵੀ ਇਹੀ ਗੱਲ ਸਮਝੀ ਜਾ ਰਹੀ ਹੈ। ਵਰਨਣਯੋਗ ਹੈ ਕਿ ਸੰਤ ਰਾਮਾਨੰਦ ਦੀ ਮ੍ਰਿਤਕ ਦੇਹ ਵਿਆਨਾ ਤੋਂ ਲਿਆਉਣ ਤੇ ਫਿਰ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰਨ 'ਚ ਪੰਜਾਬ ਸਰਕਾਰ ਨੇ ਅਹਿਮ ਰੋਲ ਅਦਾ ਕੀਤਾ ਸੀ।

ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਸਮੇਤ ਅਕਾਲੀ-ਭਾਜਪਾ ਗਠਜੋੜ ਦੇ ਕਰੀਬ ਸਾਰੇ ਹੀ ਮੰਤਰੀ ਸਸਕਾਰ ਮੌਕੇ ਹਾਜ਼ਰ ਹੋਏ ਸਨ। ਪਤਾ ਲੱਗਾ ਹੈ ਕਿ 11 ਜੂਨ ਨੂੰ ਬਰਸੀ ਮੌਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕੀਤੇ ਜਾਣ ਕਾਰਨ ਹੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਸੰਤ ਰਾਮਾਨੰਦ ਦੇ ਭੋਗ ਸਮਾਗਮ ਤੋਂ ਕਿਨਾਰਾ ਕਰਨ 'ਚ ਹੀ ਭਲਾ ਸਮਝਿਆ।

ਦੂਸਰੇ ਪਾਸੇ ਦਲਿਤ ਵਰਗ ਨਾਲ ਸਬੰਧਤ ਧਾਰਮਿਕ ਅਸਥਾਨਾਂ ਦੇ ਸੰਤ-ਬਾਬਿਆਂ ਵਲੋਂ ਬਣਾਏ ਸਾਧੂ ਸੰਪਰਦਾ ਸੁਸਾਇਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੰਤ ਨਿਰਮਲ ਦਾਸ ਰਾਏਪੁਰ (ਜੌੜਿਆਂ ਵਾਲੇ ਬਾਬੇ) ਨੇ ਡੇਰਾ ਪ੍ਰਬੰਧਕਾਂ ਦੇ ਇਸ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਸੁਸਾਇਟੀ ਨੂੰ ਇਹ ਫੈਸਲਾ ਪ੍ਰਵਾਨ ਨਹੀਂ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਡੇਰੇ ਤੇ ਉਸ ਨਾਲ ਜੁੜੇ ਟਰੱਸਟਾਂ ਵਲੋਂ ਲਿਆ ਗਿਆ ਤੇ ਸਾਧੂ ਸੰਪਰਦਾ ਇਸ ਨੂੰ ਰੱਦ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸੋਚ ਗੁਰੂਆਂ ਤੋਂ ਉੱਪਰ ਨਹੀਂ ਤੇ ਕਿਸੇ ਨੂੰ ਵੀ ਪੂਰੇ ਭਾਈਚਾਰੇ ਨਾਲ ਜੁੜੇ ਮਸਲਿਆਂ ਬਾਰੇ ਇੰਝ ਫੈਸਲੇ ਨਹੀਂ ਲੈਣੇ ਚਾਹੀਦੇ। ਉਨ੍ਹਾਂ ਕਿਹਾ ਕਿ ਉਹ ਸੁਸਾਇਟੀ ਨਾਲ ਜੁੜੇ ਸਭ ਅਸਥਾਨਾਂ ਦੇ ਮੁਖੀਆਂ ਅਤੇ ਸੰਤ-ਮਹਾਂਪੁਰਸ਼ਾਂ ਦੇ ਵਿਚਾਰ ਲੈ ਕੇ ਇਸ ਮੁੱਦੇ ਬਾਰੇ ਮੀਟਿੰਗ ਵੀ ਬੁਲਾਉਣਗੇ। ਸੰਸਾਰ ਭਰ ਦੀਆਂ ਰਵਿਦਾਸ ਸਭਾਵਾਂ ਤੇ ਰਵਿਦਾਸ ਗੁਰਦੁਆਰੇ ਬਹੁਤਾ ਕਰਕੇ ਡੇਰਾ ਬੱਲਾਂ ਦੇ ਸ਼ਰਧਾਲੂ ਹਨ ਤੇ ਡੇਰੇ ਦੇ ਇਸ ਫੈਸਲੇ ਦਾ ਉਨ੍ਹਾਂ ਉੱਪਰ ਵੀ ਅਸਰ ਪੈਣਾ ਸੁਭਾਵਿਕ ਹੈ। ਜੇਕਰ ਰਵਿਦਾਸ ਭਾਈਚਾਰੇ ਵਿਚ ਇਹ ਗੱਲ ਵੱਡੇ ਪੱਧਰ 'ਤੇ ਆਰੰਭ ਹੋ ਜਾਂਦੀ ਹੈ ਤਾਂ ਪੰਜਾਬ ਵਿਚ ਸਮਾਜਿਕ ਕਤਾਰਬੰਦੀ ਦਾ ਇਕ ਨਵਾਂ ਸਿਲਸਿਲਾ ਆਰੰਭ ਹੋ ਸਕਦਾ ਹੈ ਤੇ ਕਿਸੇ ਵੇਲੇ ਵੀ ਹਿੰਸਕ ਰੂਪ ਧਾਰ ਸਕਦਾ ਹੈ।

ਆਸਟ੍ਰੀਆ ਦੀ ਰਾਜਧਾਨੀ ਵਿਆਨਾ ਵਿਖੇ ਗੁਰੂ ਰਵਿਦਾਸ ਟੈਂਪਲ ਵਿਖੇ ਕੁਝ ਲੋਕਾਂ ਵਲੋਂ ਕੀਤੀ ਗਈ ਫਾਇਰਿੰਗ ਵਿਚ ਮਾਰੇ ਗਏ ਡੇਰਾ ਸੱਚਖੰਡ ਬੱਲਾਂ ਦੇ ਸੰਤ ਰਾਮਾਨੰਦ ਨਮਿਤ ਭੋਗ ਦਾ ਪ੍ਰੋਗਰਾਮ ਬੀਤੇ ਸ਼ਨਿਚਰਵਾਰ ਨੂੰ ਅਮਨ ਤੇ ਸ਼ਾਂਤੀ ਨਾਲ ਸੰਪੰਨ ਹੋ ਗਿਆ। ਇਸ ਵਿਚ ਸਭ ਸਿਆਸੀ ਪਾਰਟੀਆਂ ਦੇ ਚੋਟੀ ਦੇ ਆਗੂਆਂ ਨੇ ਸ਼ਾਮਲ ਹੋ ਕੇ ਸੰਤ ਰਾਮਾਨੰਦ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ। ਡੇਰੇ ਵਿਚ ਸੰਤ ਰਾਮਾਨੰਦ ਨੂੰ ਸ਼ਰਧਾਂਜਲੀ ਦੇਣ ਲਈ ਸਵੇਰ ਤੋਂ ਹੀ ਸੰਗਤ ਪਹੁੰਚਣੀ ਸ਼ੁਰੂ ਹੋ ਗਈ ਸੀ। ਇਸ ਭੋਗ ਸਮਾਰੋਹ ਨੂੰ ਮੁੱਖ ਰਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਭਾਰੀ ਪ੍ਰਬੰਧ ਕੀਤੇ ਗਏ ਸਨ।

ਸ਼ਰਧਾਂਜਲੀ ਸਮਾਰੋਹ ਵਿਚ ਸੰਤ ਨਿਰੰਜਣ ਦਾਸ, ਸੰਤ ਸੁਰਿੰਦਰ ਦਾਸ (ਕਠਾਰ ਵਾਲੇ), ਸੰਤ ਸੁਰਿੰਦਰ ਦਾਸ ਬਾਵਾ, ਗੁਰੂ ਰਵਿਦਾਸ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੇਠ ਸੱਤਪਾਲ ਮੱਲ, ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ, ਐਮ.ਪੀ.ਸੰਤੋਸ਼ ਚੌਧਰੀ, ਕਾਂਗਰਸ ਕਾਰਜਕਾਰਨੀ ਦੇ ਮੈਂਬਰ ਇਕਬਾਲ ਸਿੰਘ, ਪੰਜਾਬ ਦੇ ਮਾਲ ਮੰਤਰੀ ਅਜੀਤ ਸਿੰਘ ਕੋਹਾੜ, ਦੇਸਰਾਜ ਧੁੱਗਾ, ਸੰਸਦੀ ਸਕੱਤਰ, ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ, ਭਾਜਪਾ ਨੇਤਾ ਸੋਮ ਪ੍ਰਕਾਸ਼, ਵਿਜੇ ਸਾਂਪਲਾ, ਅਕਾਲੀ ਨੇਤਾ ਪਵਨ ਕੁਮਾਰ ਟੀਨੂੰ, ਸਾਬਕਾ ਮੰਤਰੀ ਅਤੇ ਕਾਂਗਰਸੀ ਨੇਤਾ ਅਵਤਾਰ ਹੈਨਰੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਚੌਧਰੀ ਸੰਤੋਖ ਸਿੰਘ, ਸਾਬਕਾ ਮੇਅਰ ਸੁਰਿੰਦਰ ਮਹੇ, ਯੂਥ ਦਿਹਾਤੀ ਦੇ ਪ੍ਰਧਾਨ ਵਿਕਰਮਜੀਤ ਚੌਧਰੀ, ਵਿਧਾਇਕ ਸੰਗਤ ਸਿੰਘ ਗਿਲਜੀਆਂ ਹਾਜ਼ਰ ਸਨ।

## ਮਾਲਟਾ ਜਾਂਚ ਮਿਸ਼ਨ ਦੀ ਵੈੱਬਸਾਈਟ ਤਿਆਰ

**ਹੁਸ਼ਿਆਰਪੁਰ :** ਮਾਲਟਾ ਦੁਰਘਟਨਾ ਜਾਂਚ ਮਿਸ਼ਨ ਵਲੋਂ ਆਪਣੀ ਵੈੱਬਸਾਈਟ (ਡਬਲਿਊ.ਡਬਲਿਊ.ਡਬਲਿਊ. ਡਾਟ ਮਾਲਟਾ ਟਰੈਜਡੀ ਮਿਸ਼ਨ ਡਾਟ ਓ.ਆਰ.ਜੀ.) ਤਿਆਰ ਕਰ ਲਈ ਗਈ ਹੈ। ਇਸ ਦਾ ਉਦਘਾਟਨ ਇਥੇ ਲਾਜਪਤ ਰਾਏ ਸੈਕੰਡਰੀ ਸਕੂਲ ਵਿਖੇ ਆਈ.ਆਈ.ਟੀ. ਕਾਨ੍ਹਪੁਰ ਦੇ ਪ੍ਰੋ. ਓਮ ਪ੍ਰਕਾਸ਼ ਸਾਂਪਲਾ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਦੌਰਾਨ ਕੀਤਾ ਗਿਆ।

## ਬਹੁਜਨ ਸਮਾਜ ਪਾਰਟੀ ਦੀ ਪੰਜਾਬ ਇਕਾਈ ਭੰਗ

**ਜਲੰਧਰ :** ਲੋਕ ਸਭਾ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਪਾਰਟੀ ਦੀ ਪੰਜਾਬ ਇਕਾਈ ਭੰਗ ਕਰ ਦਿੱਤੀ ਗਈ। ਉਂਜ ਇਕਾਈ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦਾ ਅਹੁਦਾ ਬਰਕਰਾਰ ਰੱਖੇ ਜਾਣ ਕਾਰਨ ਪਾਰਟੀ ਕਾਰਕੁੰਨ ਰੋਹ ਨਾਲ ਭੜਕ ਉਠੇ।

ਇਥੇ ਹੋਈ ਮੀਟਿੰਗ ਦੌਰਾਨ ਪਾਰਟੀ ਦੇ ਜਨਰਲ ਸਕੱਤਰ ਨਰਿੰਦਰ ਕਸ਼ਿਅਪ ਨੇ ਕਿਹਾ ਕਿ ਪਾਰਟੀ ਮੁਖੀ ਮਾਇਆਵਤੀ ਨੇ ਪੰਜਾਬ ਇਕਾਈ ਭੰਗ ਕਰਨ ਦਾ ਫੈਸਲਾ ਕੀਤਾ ਹੈ, ਪਰ ਸ੍ਰੀ ਕਰੀਮਪੁਰੀ ਇਕਾਈ ਦੇ ਪ੍ਰਧਾਨ ਰਹਿਣਗੇ। ਇਸ ਐਲਾਨ ਦੇ ਤੁਰੰਤ ਬਾਅਦ ਪਾਰਟੀ ਕਾਰਕੁਨਾਂ ਨੇ ਕਰੀਮਪੁਰੀ ਵਿਰੋਧੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਗੌਰਤਲਬ ਹੈ ਕਿ ਸ੍ਰੀ ਕਸ਼ਿਅਪ ਜੋ ਪਾਰਟੀ ਦੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਵੀ ਹਨ, ਨੇ ਇੱਥੇ ਪਾਰਟੀ ਦੀ ਵਿਸ਼ੇਸ਼ ਮੀਟਿੰਗ ਕੀਤੀ ਸੀ, ਜਿਸ ਵਿਚ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਹੁਣ ਹੇਠਲੇ ਪੱਧਰ 'ਤੇ ਪਾਰਟੀ ਇਕਾਈਆਂ ਦੀ ਚੋਣ ਨਵੇਂ ਸਿਰਿਓਂ ਕੀਤੀ ਜਾਵੇਗੀ। ਇਸ ਮੌਕੇ ਪਾਰਟੀ ਕਾਰਕੁੰਨਾਂ ਨੇ ਸ੍ਰੀ ਕਰੀਮਪੁਰੀ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਪਰ ਉਂਗਲ ਰੱਖੀ ਅਤੇ ਕਿਹਾ ਕਿ ਉਨ੍ਹਾਂ ਦੇ ਤਾਨਾਸ਼ਾਹੀ ਰਵੱਈਏ ਕਾਰਨ ਹੀ ਚੋਣਾਂ ਵਿਚ ਪਾਰਟੀ ਦੀ ਇੰਨੀ ਮਾੜੀ ਹਾਲਤ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਕਾਰਕੁਨਾਂ ਵਲੋਂ ਲਗਾਤਾਰ ਰੋਸ ਪ੍ਰਗਟ ਕੀਤੇ ਜਾਣ ਨਾਲ ਸ੍ਰੀ ਕਸ਼ਿਅਪ ਮੀਟਿੰਗ ਵਿਚਾਲੇ ਛੱਡ ਕੇ ਤੁਰ ਗਏ।


FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:jkulwant@sbcglobal.net
2123 Port Way, San Jose, CA 95133
CST: 2097308-40

Asiana Airlines
THAI
KOREAN AIR
malaysia
SINGAPORE AIRLINES
Emirates
We Also Offer Notary Service



Gas Stations, Liquor Stores, Motels For Sale in Northern Nevada

Hot Listings


1. C-Store/Gas Stn. Reno NV, **Asking price $275,000** Business only. Monthly Gross Profit $24,000, Lease Rent $4500 P.M.
2. Port of Subs: Grass Valley CA, **Asking Price $240,000,** Monthly Gross Revenue $33,00+Lease Rent $3000 P.M.
3. Discount Gas and Liquor Store, Reno NV, **Asking Price 1.7 Million** with Real Estate. Monthly Gross Profit $27,000
4. 58 Units Motel in Modesto, CA, on leased land. Lease payment $ 3200 P.M., **Asking Price $625,000**
5. Gas/Stn C-Store: Reno, NV, With Real Estate. **Asking $1.7 Million,** Built in 2000, on .77 Acre Lot Auto, Car wash 6 MPD's. Very Busy Location.
6. Gas/Stn. C-Store on HWY 50 Near Placerville, CA, **Asking 1.7 Million,** Build on .77 Acre Lot. Adjacent 1.05 Acre Commercial Lot is Included in price. Inside Sale $55000+approximately and pumping 60,000 gallons.

For More Information on the above listings and for Motels and Shopping Centers in other states Call Sukhdev S. Hundal

*Specialist in Gas Station, Liquor Store, Motels and Other Commercial Properties*

Tel:775-624-1315
Fax:775-824-3660
E-mail:SDHUNDAL@sbcglobal.net



NCP College of Nursing
Educate | Grow | Succeed

Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus: 257 Longford Drive, Rm#5 South San Francisco, CA 94080 1-800-339-5145
Hayward Campus 21615 Hesperian Blvd. Suite A, Hayward, CA 94541 1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com

# ਸਿੱਖ ਪੰਥ ਨਾਲ ਜੁੜਨ ਵਿਚ ਹੀ ਦਲਿਤ ਭਾਈਚਾਰੇ ਦਾ ਭਲਾ


**ਫਤਿਹਗੜ੍ਹ ਸਾਹਿਬ :** ਹਿੰਦੂਵਾਦੀ ਸ਼ਕਤੀਆਂ ਦਲਿਤ ਵਰਗ ਨੂੰ ਗੁੰਮਰਾਹ ਕਰਕੇ ਸਿੱਖ ਪੰਥ ਨਾਲੋਂ ਤੋੜਨ ਦੀਆਂ ਕੋਸ਼ਿਸ਼ਾਂ ਵਿਚ ਲੱਗੀਆਂ ਹਨ। ਜਿਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ 'ਆਦਿ ਪ੍ਰਕਾਸ਼ ਰਤਨਾਕਰ' ਨਾਂ ਦੇ ਗ੍ਰੰਥ ਨੂੰ ਦਲਿਤ ਭਾਈਚਾਰੇ 'ਚ ਪ੍ਰਚਾਰ ਕੇ ਦਲਿਤਾਂ ਨੂੰ ਇਕ ਵਾਰ ਫਿਰ ਤੋਂ ਮੰਨੂੰਵਾਦ ਦੇ ਜਾਲ ਵਿਚ ਫਸਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।



ਭਾਈ ਹਰਪਾਲ ਸਿੰਘ ਚੀਮਾ

ਇਹ ਵਿਚਾਰ ਪੇਸ਼ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਭਾਈ ਹਰਪਾਲ ਸਿੰਘ ਚੀਮਾ ਤੇ ਜਨਰਲ ਸਕੱਤਰ ਅਮਰੀਕ ਸਿੰਘ ਈਸੜੂ ਨੇ ਕਿਹਾ ਕਿ ਪਹਿਲਾਂ ਦਲਿਤਾਂ ਨੂੰ ਵੱਖਰੇ ਗੁਰਦੁਆਰੇ ਬਣਾਉਣ ਲਈ ਵੀ ਹਿੰਦੂਵਾਦੀ ਸ਼ਕਤੀਆਂ ਨੇ ਹੀ ਉਕਸਾਇਆ ਸੀ ਤੇ ਹੁਣ ਉਨ੍ਹਾਂ ਨੂੰ ਸਿੱਖ ਪੰਥ ਨਾਲੋਂ ਮੁਕੰਮਲ ਰੂਪ ਵਿਚ ਤੋੜਨ ਤੇ ਆਪਣੇ ਗੁਲਾਮ ਬਣਾ ਲੈਣ ਦੀ ਕਵਾਇਦ ਹਿੰਦੂਸ਼ਾਹੀ ਨੇ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਜੀ ਦੀ ਉਹੀ ਬਾਣੀ ਮੂਲ ਰੂਪ ਵਿਚ ਸੁਰੱਖਿਅਤ ਬਚੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਦਰਜ ਹੈ ਤੇ ਹੋਰ ਥਾਵਾਂ 'ਤੇ ਉਨ੍ਹਾਂ ਦੇ ਨਾਂ ਹੇਠ ਮਿਲਦੀ ਬਾਣੀ ਬਾਰੇ ਕੋਈ ਵੀ ਵਿਅਕਤੀ ਸਹੀ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿਚ ਹੁਣ ਤੱਕ ਮੰਨੂੰਵਾਦੀਆਂ ਨੇ ਬਹੁਤ ਮਿਲਾਵਟ ਕਰ ਦਿਤੀ ਹੈ, ਜੋ ਦਲਿਤ ਭਾਈਚਾਰੇ ਨੂੰ ਵਰਗਲਾ ਕੇ ਗੁਲਾਮ ਬਣਾ ਲੈਣ ਲਈ ਕਾਫ਼ੀ ਹੈ।




ਦਲਿਤ ਭਾਈਚਾਰੇ ਨੂੰ ਚਾਹੀਦਾ ਹੈ ਕਿ ਅਪਣੇ ਹੀ ਦੁਸ਼ਮਣਾਂ ਹਥੋਂ ਵਰਤੇ ਜਾਣ ਦੀ ਥਾਂ ਗੁਰੂ ਗੋਬਿੰਦ ਸਿੰਘ ਦੇ ਪੰਥ ਵਿਚ ਉਨ੍ਹਾਂ ਪੰਥਕ ਸੰਸਥਾਵਾਂ ਨਾਲ ਜੁੜੇ, ਜੋ "ਇਨ ਗਰੀਬ ਸਿੱਖਨ ਕੋ ਦੇਊਂ ਪਾਤਸ਼ਾਹੀ" ਦੇ ਬੋਲ 'ਤੇ ਪਹਿਰ ਦਿੰਦੇ ਹੋਏ ਦਲਿਤ ਭਾਈਚਾਰੇ ਨੂੰ ਪੂਰਾ ਮਾਣ ਤੇ ਸਨਮਾਨ ਦਿਵਾਉਣ ਲਈ ਜੱਦੋ-ਜਹਿਦ ਕਰ ਰਹੀਆਂ ਹਨ।

ਉਕਤ ਆਗੂਆਂ ਨੇ ਕਿਹਾ ਕਿ ਵਿਆਨਾ ਵਰਗੀਆਂ ਘਟਨਾਵਾਂ ਰੋਕਣ ਲਈ ਸਮੁੱਚੇ ਪੰਥ ਨੂੰ ਸਮੁੱਚੀ ਮਾਨਵਤਾ ਦੀ ਭਲਾਈ ਲਈ ਰਚੀ ਗਈ ਇਲਾਹੀ ਬਾਣੀ ਅਨੁਸਾਰ ਆਪਣਾ ਜੀਵਨ-ਢੰਗ ਤਹਿ ਕਰਨਾ ਪਵੇਗਾ।

# ਪ੍ਰਵਾਸੀ ਪਤੀ ਪਤਨੀ ਦੀ ਹੱਤਿਆ

**ਲੁਧਿਆਣਾ :** ਪਿੰਡ ਜਸਪਾਲ ਬਾਂਗਰ ਵਿਚ ਉਸ ਵੇਲੇ ਦਹਿਸ਼ਤ ਫੈਲ ਗਈ ਜਦ ਐਨ.ਆਰ.ਆਈ. ਬਜ਼ੁਰਗ ਪਤੀ-ਪਤਨੀ ਦੀ ਹੱਤਿਆ ਕਰ ਦਿੱਤੀ ਗਈ। ਔਰਤ ਦੀ ਲਾਸ਼ ਕਮਰੇ ਅੰਦਰ ਬੈੱਡ 'ਤੇ ਪਈ ਸੀ, ਜਦਕਿ ਉਸ ਦੇ ਪਤੀ ਦੀ ਲਾਸ਼ ਕੋਲ ਹੀ ਫਰਸ਼ 'ਤੇ ਪਈ ਸੀ।

ਇਨ੍ਹਾਂ ਦੋਨਾਂ ਦੇ ਸਿਰ ਗੋਲੀ ਲੱਗਣ ਨਾਲ ਉਡੇ ਹੋਏ ਸਨ। ਮਰਨ ਵਾਲਿਆਂ ਦੀ ਪਛਾਣ 65 ਸਾਲਾ ਸਰਦੂਲ ਸਿੰਘ ਤੇ 63 ਸਾਲਾ ਪਰਮਜੀਤ ਕੌਰ ਦੇ ਰੂਪ ਵਿਚ ਹੋਈ ਹੈ। ਉਹ ਮੂਲ ਰੂਪ ਵਿਚ ਕੈਨੇਡਾ ਨਿਵਾਸੀ ਸਨ। ਪੁਲਿਸ ਨੇ ਇਸ ਸਬੰਧ ਵਿਚ ਮ੍ਰਿਤਕ ਸਰਦੂਲ ਦੀ ਧੀ ਪ੍ਰਿਤਪਾਲ ਕੌਰ ਦੇ ਬਿਆਨ 'ਤੇ ਆਰਮਜ਼ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਐਸ.ਪੀ. ਸਨੇਹਦੀਪ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿਚ ਪਤਾ ਚਲਿਆ ਹੈ ਕਿ ਪਹਿਲਾ ਸਰਦੂਲ ਸਿੰਘ ਨੇ ਆਪਣੀ ਪਤਨੀ ਦੇ ਸਿਰ ਵਿਚ 12 ਬੋਰ ਸਿੰਗਲ ਬੈਰਲ ਬੰਦੂਕ ਨਾਲ ਗੋਲੀ ਮਾਰੀ ਤੇ ਬਾਅਦ ਵਿਚ ਆਪਣੇ ਸਿਰ ਵਿਚ ਗੋਲੀ ਮਾਰ ਕੇ ਖੁਦ ਨੂੰ ਖਤਮ ਕਰ ਲਿਆ। ਪੁਲਿਸ ਨੇ ਮੌਕੇ ਤੋਂ ਉਹ ਬੰਦੂਕ ਤੇ ਖਾਲੀ ਕਾਰਤੂਸ ਦੇ ਇਲਾਵਾ ਕੁਝ ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਕਾਂਡ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਕਦਮ ਅਜਿਹੀ ਘਟਨਾ ਵਾਪਰੀ, ਜੋ ਸਰਦੂਲ ਨੂੰ ਨਾਗਵਾਰ ਗੁਜ਼ਰੀ, ਜਿਸ ਤੋਂ ਬਾਅਦ ਉਸ ਨੇ ਗੁੱਸੇ ਵਿਚ ਇਹ ਕਦਮ ਚੁੱਕ ਲਿਆ। ਹੱਤਿਆ ਦਾ ਮਾਮਲਾ ਇਸ ਕਾਰਨ ਦਰਜ ਕੀਤਾ ਗਿਆ ਹੈ, ਕਿਉਂਕਿ ਖੁਦ ਨੂੰ ਖਤਮ ਕਰਨ ਤੋਂ ਪਹਿਲਾਂ ਸਰਦੂਲ ਨੇ ਆਪਣੀ ਪਤਨੀ ਦੀ ਹੱਤਿਆ ਕੀਤੀ ਹੈ। ਪੁਲਸ ਇਸ ਮਾਮਲੇ ਵਿਚ ਕਈ ਹੋਰ ਥਿਊਰੀਆਂ ਤੋਂ ਵੀ ਜਾਂਚ ਕਰ ਰਹੀ ਹੈ ਤਾਂ ਕਿ ਅਸਲੀਅਤ ਸਾਹਮਣੇ ਆ ਸਕੇ ਕਿ ਹੱਤਿਆ ਪਿੱਛੇ ਕੀ ਕਾਰਨ ਸਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੋਨਾਂ ਦੀ ਕਿਸ ਨੇ ਹੱਤਿਆ ਵੀ ਕੀਤੀ ਹੋਵੇ।

# ਸੀਵਰੇਜ ਟੈਂਕ ਘੋਟਾਲੇ ਵਿਚ 10 ਗ੍ਰਿਫ਼ਤਾਰ

**ਚੰਡੀਗੜ੍ਹ :** ਪੰਜਾਬ ਵਿਜੀਲੈਂਸ ਬਿਊਰੋ ਨੇ ਕਰੋੜਾਂ ਰੁਪਏ ਦੇ ਸੀਵਰੇਜ ਟੈਂਕ ਘੋਟਾਲੇ ਵਿਚ ਦਸ ਲੋਕਾਂ ਨੂੰ ਲੰਘੀ 11 ਜੂਨ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਵਿਚੋਂ ਇਕ ਪ੍ਰਾਈਵੇਟ ਕੰਪਨੀ ਦੇ ਸਥਾਪਤ ਅਧਿਕਾਰੀ ਸਮੇਤ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਸਾਇੰਸ ਅਤੇ ਤਕਨਾਲੋਜੀ ਵਿਭਾਗ ਦੇ ਅਧਿਕਾਰੀ ਸ਼ਾਮਲ ਹਨ।

ਇਨ੍ਹਾਂ ਸਾਰਿਆਂ 'ਤੇ ਪ੍ਰੋਜੈਕਟ ਲਈ ਅਲਾਟ ਕੀਤੇ ਗਏ 172 ਕਰੋੜ ਰੁਪਏ ਦੀ ਹੇਰਾਫੇਰੀ ਅਤੇ ਨਿਯਮਾਂ ਦੀਆਂ ਧੱਜੀਆਂ ਉਡਾਉਣ ਦਾ ਦੋਸ਼ ਹੈ। ਹੁਣ ਇਸ ਘੋਟਾਲੇ ਦੀ ਗਾਜ ਦੋਵਾਂ ਵਿਭਾਗਾਂ ਦੇ ਉਚ ਅਧਿਕਾਰੀਆਂ 'ਤੇ ਵੀ ਡਿੱਗਣੀ ਲਗਭਗ ਤੈਅ ਮੰਨੀ ਜਾ ਰਹੀ ਹੈ।

ਵਿਜੀਲੈਂਸ ਸੂਤਰਾਂ ਅਨੁਸਾਰ ਜਾਂਚ ਅਧਿਕਾਰੀਆਂ ਨੇ ਇਸ ਘੋਟਾਲੇ ਦੇ ਸ਼ੱਕ ਦੇ ਦਾਇਰੇ ਵਿਚ ਆਉਣ ਵਾਲੇ 15 ਲੋਕਾਂ ਨੂੰ ਪੁੱਛਗਿੱਛ ਲਈ ਬੁਲਾਇਆ ਸੀ, ਪਰ ਇਸ ਘੁਟਾਲੇ ਵਿਚ ਪੁੱਛਗਿੱਛ ਦੌਰਾਨ ਕਈ ਅਜਿਹੇ ਤੱਥ ਸਾਹਮਣੇ ਆਏ ਹਨ, ਜਿਸ ਵਿਚ 15 ਵਿਚੋਂ ਦਸ ਲੋਕਾਂ ਨੂੰ ਸਿੱਧੇ ਤੇ ਅਸਿੱਧੇ ਤੌਰ 'ਤੇ ਘੋਟਾਲੇ ਦਾ ਦੋਸ਼ੀ ਪਾਇਆ ਗਿਆ। ਵਿਜੀਲੈਂਸ ਨੇ ਇਨ੍ਹਾਂ ਦਸ ਵਿਅਕਤੀਆਂ ਨੂੰ ਦੇਰ ਸ਼ਾਮ ਗ੍ਰਿਫਤਾਰ ਕਰ ਲਿਆ।

# ਦੁਆਬੇ ਦੀ ਕਈ ਪਿੰਡਾਂ ਦੀ ਜ਼ਮੀਨ ਨੂੰ ਹੋਇਆ ਕੈਂਸਰ

**ਚੰਡੀਗੜ੍ਹ :** ਪੰਜਾਬ ਦੇ ਕੁਝ ਹਿੱਸਿਆਂ ਵਿਚ ਸੇਲੇਨੀਅਮ ਜਾਂ ਸੰਖੀਆ ਵਾਲੀ ਧਰਤੀ ਤੋਂ ਹੁੰਦੀ ਖੇਤੀ ਪੈਦਾਵਾਰ ਮਨੁੱਖਾਂ ਲਈ ਕਿੰਨੀ ਕੁ ਖਤਰਨਾਕ ਹੋ ਸਕਦੀ ਹੈ ਇਸ ਦਾ ਆਮ ਖਪਤਕਾਰਾਂ ਨੂੰ ਭੋਰਾ ਵੀ ਇਲਮ ਨਹੀਂ ਹੈ।

ਪੰਜਾਬ ਦੇ ਮਾਲਵਾ ਤੇ ਦੋਆਬਾ ਖੇਤਰਾਂ 'ਚ ਇਹ ਅਲਾਮਤ ਵਿਆਪਕ ਪੱਧਰ 'ਤੇ ਪਾਈ ਜਾ ਰਹੀ ਹੈ। ਦੋਆਬੇ ਦੇ ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਜ਼ਿਲ੍ਹਿਆਂ 'ਚ ਤਾਂ ਖਾਸ ਤੌਰ 'ਤੇ ਕਿਹਾ ਜਾਣ ਲੱਗਿਆ ਹੈ ਕਿ ਇਥੋਂ ਦੀ ਧਰਤੀ ਨੂੰ ਕੈਂਸਰ ਹੋ ਗਿਆ ਹੈ। ਇਕ ਪਾਸੇ ਤਾਂ ਫਲਾਂ ਸਬਜ਼ੀਆਂ ਦਾ ਆਕਾਰ ਵਧਾਉਣ ਅਤੇ ਛੇਤੀ ਪੈਦਾਵਾਰ ਲੈਣ ਲਈ ਉਨ੍ਹਾਂ ਨੂੰ ਔਕਸੀਟੋਸਿਨ ਦੇ ਟੀਕੇ ਲਾਏ ਜਾਂਦੇ ਹਨ, ਦੂਜੇ ਪਾਸੇ ਕੈਂਸਰ ਵਾਲੀ ਧਰਤੀ ਤੋਂ ਹੁੰਦੀ ਪੈਦਾਵਾਰ ਹੋਰ ਕਹਿਰ ਢਾਹ ਰਹੀ ਹੈ। ਖੇਤੀ ਮਾਹਿਰਾਂ ਨੇ ਮੰਨਿਆ ਹੈ ਕਿ ਸਿੰਜਾਈ ਲਈ ਵਰਤਿਆ ਜਾਂਦਾ ਜ਼ਹਿਰੀਲਾ ਪਾਣੀ ਬੂਟਿਆਂ ਦੀਆਂ ਜੜ੍ਹਾਂ 'ਚ ਜ਼ਹਿਰੀਲੇ ਤੱਤ ਪਹੁੰਚਾਉਂਦਾ ਹੈ। ਆਰਸੈਨਿਕ (ਸੰਖੀਆ) ਤੇ ਹੋਰ ਰਸਾਇਣਾਂ ਦੀ ਅਜਿਹੇ ਪਾਣੀ ਨਾਲ ਸਿੰਜੀ ਧਰਤੀ ਤੋਂ ਪੈਦਾ ਹੋਏ ਫਲਾਂ ਸਬਜ਼ੀਆਂ 'ਚ ਮਾਤਰਾ ਵਿਗਿਆਨਕ ਤੌਰ 'ਤੇ ਸਿੱਧ ਹੋ ਚੁੱਕੀ ਹੈ।

ਮਾਲਵੇ ਦੇ ਬਹੁਤ ਸਾਰੇ ਪਿੰਡਾਂ ਦੇ ਖੇਤ ਸਨਅਤੀ ਗੰਦਗੀ ਵਾਲੇ ਬਦਬੂਦਾਰ ਪਾਣੀ ਨਾਲ ਸਿੰਜੇ ਜਾਂਦੇ ਹਨ। ਮਿਸਾਲ ਵਜੋਂ ਡਰੇਨ 'ਚ ਕਾਗਜ਼ ਮਿੱਲ ਤੇ ਇਕ ਤੇਲ ਮਿੱਲ ਦਾ ਗੰਦਾ ਪਾਣੀ ਪੈਂਦਾ ਹੈ ਤੇ ਏਹੀ ਡਰੇਨ ਨੇੜਲੇ ਪਿੰਡਾਂ ਲਈ ਸਿੰਜਾਈ ਦਾ ਸਾਧਨ ਹੈ। 80ਵਿਆਂ 'ਚ ਦੁਆਬੇ ਦੇ ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਦੇ ਬਹੁਤ ਸਾਰੇ ਪਿੰਡਾਂ ਦੇ ਸੇਲੇਨੀਅਮ ਯੁਕਤ ਹੋਣ ਦਾ ਪਤਾ ਲੱਗਿਆ ਸੀ। ਇਨ੍ਹਾਂ ਪਿੰਡਾਂ 'ਚ ਇਸ ਜ਼ਹਿਰ ਦੀ ਮਾਤਰਾ ਬਹੁਤ ਜਿਆਦਾ ਹੈ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਮਾਲਵਾ ਤੇ ਦੋਆਬਾ ਪੱਟੀ ਦੇ ਪੀੜਤ ਪਿੰਡਾਂ ਦੇ ਲੋਕ ਆਪਣੇ ਹੀ ਖੇਤਾਂ ਤੋਂ ਦੁੱਧ ਦੀ ਪੈਦਾਵਾਰ ਆਪ ਨਹੀਂ ਵਰਤਦੇ।

ਉਹ ਸ਼ਹਿਰਾਂ ਜਾਂ ਹੋਰ ਥਾਵਾਂ ਤੋਂ ਪੀਣ ਲਈ ਦੁੱਧ ਤੇ ਕਣਕ ਚੌਲ ਤੇ ਸਬਜ਼ੀਆਂ ਲੈ ਆਉਂਦੇ ਹਨ। ਕੋਟਬਾਹਰਾ ਦੇ ਇਕ ਕਿਸਾਨ ਅਨੁਸਾਰ ਉਹਦੇ ਪਿੰਡ ਦੇ ਲੋਕ ਮੰਨਦੇ ਹਨ ਕਿ ਜੋ ਕੁਝ ਉਹ ਬੀਜਦੇ ਹਨ, ਉਹ ਮਨੁੱਖਾਂ ਦੇ ਖਾਣਯੋਗ ਨਹੀਂ ਹੁੰਦਾ। ਸ਼ੁਰੂ 'ਚ ਪਿੰਡਾਂ ਵਾਲਿਆਂ ਨੂੰ ਡਰੇਨਾਂ ਦਾ ਕਾਲਾ ਪਾਣੀ ਭਰਪੂਰ ਖਾਦ ਵਾਂਗ ਲਗਦਾ ਸੀ ਪਰ ਖੇਤੀ ਮਾਹਰਾਂ ਤੇ ਖਾਸ ਕਰ ਮਿੱਟੀ ਦੇ ਮਾਹਰਾਂ ਨੇ ਉਨ੍ਹਾਂ ਦੀ ਇਹ ਧਾਰਨਾ ਗਲਤ ਸਿੱਧ ਕਰ ਦਿੱਤੀ। ਇਨ੍ਹਾਂ ਪਿੰਡਾਂ ਦੇ ਖੇਤੀ ਤੇ ਡੇਅਰੀ ਉਤਪਾਦਨ ਦੇ ਟੈਸਟਾਂ ਤੋਂ ਇਨ੍ਹਾਂ 'ਚ ਮਾਰੂ ਸੰਖੀਆ ਤੇ ਕੈਂਸਰ ਕਾਰੀ ਹੋਰ ਤੱਤ ਖਤਰਨਾਕ ਹੱਦ ਤੱਕ ਹੋਣ ਦਾ ਖੁਲਾਸਾ ਹੋਇਆ ਹੈ।

ਮਾਲਵਾ ਪੱਟੀ ਕੈਂਸਰ ਪੱਟੀ ਵਜੋਂ ਜਾਣੀ ਜਾਂਦੀ ਹੈ। ਉਥੇ ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਦੀ ਧਰਤੀ ਨੂੰ ਕੈਂਸਰ ਹੋ ਗਿਆ ਕਿਹਾ ਜਾਂਦਾ ਹੈ। ਇਥੇ ਧਰਤੀ 'ਚ ਸੇਲੇਨੀਅਮ ਦੀ ਮਾਤਰਾ ਖਤਰਨਾਕ ਹੱਦ ਤੱਕ ਵਧ ਹੈ। ਮੱਕੀ, ਚਰ੍ਹੀ ਤੇ ਜਵੀ ਦੀ ਥਾਂ ਇਲਾਕੇ 'ਚ ਚੌਲਾਂ ਤੇ ਕਣਕ ਨੇ ਲੈ ਲਈ ਹੈ ਪਰ ਇਹ ਵੀ ਮਾਰੂ ਹੋਣ ਲੱਗੀਆਂ ਹਨ। ਸੇਲੇਨੀਅਮ ਦੇ ਜ਼ਹਿਰ ਦਾ ਅਸਰ ਘਟਾਉਣ ਲਈ ਪਿੰਡਾਂ 'ਚ ਵਿਟਾਮਿਨਾਂ ਦੀਆਂ ਗੋਲੀਆਂ ਵੰਡੀਆਂ ਜਾਂਦੀਆਂ ਹਨ। ਸੇਲੇਨੀਅਮ ਦੀ ਖੇਤਰ 'ਚ ਵਧ ਮਾਤਰਾ ਦਾ ਇਕ ਕਾਰਨ ਸ਼ਿਵਾਲਿਕ ਰੇਂਜ ਤੋਂ ਆਉਂਦਾ ਹੜ੍ਹਾਂ ਦਾ ਪਾਣੀ ਵੀ ਹੋ ਸਕਦਾ ਹੈ। ਪੰਜਾਬ ਖੇਤੀਵਰਸਿਟੀ ਦੇ ਵਿਗਿਆਨੀ ਦਹਾਕੇ ਤੋਂ ਵਧ ਸਮਾਂ ਪਹਿਲਾਂ ਤੋਂ ਇਸ ਸਬੰਧੀ ਖੋਜ ਕਰ ਰਹੇ ਹਨ।

# ਮੁੱਖ ਮੰਤਰੀ ਰਿਲੀਫ ਫੰਡ ਵਿਚ ਕਰੋੜਾਂ ਰੁਪਏ ਦੀ ਹੇਰਾਫੇਰੀ

**ਪਟਿਆਲਾ :** ਪੰਜਾਬ ਮੁੱਖਮੰਤਰੀ ਰਾਹਤ ਕੋਸ਼ ਵਿਚ ਵੱਡੇ ਪੈਮਾਨੇ ਤੇ ਅਨਿਯਮਿਤਤਾ ਵਰਤੇ ਜਾਣ ਦਾ ਖੁਲਾਸਾ ਹੋਇਆ ਹੈ। ਇਸ ਕੋਸ਼ ਨਾਲ ਪ੍ਰਾਕ੍ਰਿਤਕ ਮੁਸ਼ਕਿਲਾਂ ਨਾਲ ਪ੍ਰਭਾਵਿਤ ਲੋਕਾਂ ਅਤੇ ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਰਾਹਤ ਦਿੱਤੇ ਜਾਣ ਦਾ ਪ੍ਰਵਧਾਨ ਹੈ। ਕੋਸ਼ ਵਿਚ ਦਾਨਕਰਤਾਵਾਂ ਤੋਂ ਮਿਲੀ ਰਾਸ਼ੀ ਜਮ੍ਹਾਂ ਕੀਤੀ ਜਾਂਦੀ ਹੈ। ਮੁੱਖ ਮੰਤਰੀ ਵਿਭਾਗ ਨੇ ਇਸ ਕੋਸ਼ ਦਾ ਹਿਸਾਬ-ਕਿਤਾਬ ਲੱਭੇ ਜਾਣ ਤੇ ਜਿਸ ਅੱਗ ਦਾ ਬਹਾਨਾ ਬਣਾਇਆ ਹੈ ਉਹਦੀ ਰਿਪੋਰਟ ਕਿਤੇ ਵੀ ਦਰਜ ਨਹੀਂ ਕਰਵਾਈ ਗਈ। ਐਨ ਜੀ ਓ ਰਿਸਰਜੇਂਸ ਇੰਡੀਆ ਨੇ ਸੂਚਨਾ ਦੇ ਅਧਿਕਾਰ ਦੇ ਤਹਿਤ ਮੁੱਖ ਮੰਤਰੀ ਰਾਹਤ ਕੋਸ਼ ਦੇ ਬਾਰੇ ਵਿਚ ਸੂਚਨਾ ਮੰਗੀ ਸੀ ਜਿਸ ਵਿਚ ਵੱਡੇ ਘੋਟਾਲੇ ਨੂੰ ਉਜਾਗਰ ਕਰਨ ਵਾਲੀਆਂ ਕੁਝ ਅਹਿਮ ਜਾਣਕਾਰੀਆਂ ਮਿਲੀਆਂ ਹਨ।

ਲੋਕਲ ਫੰਡ ਖਾਤਾ ਲੇਖਾਕਾਰ ਦੀ ਲੇਖਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੋਸ਼ ਵਿਚ ਅਪ੍ਰੈਲ 1984 ਤੋਂ ਮਾਰਚ 1993 ਦੇ ਦੌਰਾਨ ਦਾਨ ਦੇ ਰੂਪ ਵਿਚ ਮਿਲੇ 28 ਲੱਖ 46 ਹਜ਼ਾਰ 741 ਰੁਪਏ 86 ਪੈਸੇ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਦਾਨ ਦੀਆਂ ਰਸੀਦਾਂ ਤਾਂ ਕੱਟੀਆਂ ਗਈਆਂ, ਪਰ ਰਕਮ ਦੀ ਐਂਟਰੀ ਕਿਤੇ ਵੀ ਨਹੀਂ ਕੀਤੀ ਗਈ। ਵਿੱਤ ਸਾਲ 1998-99 ਦੇ ਵਿਚ ਵੀ ਇਸ ਫੰਡ ਦੇ 1 ਲੱਖ 22 ਹਜ਼ਾਰ 3 ਰੁਪਏ ਦਾਨ ਦੇ ਰੂਪ ਵਿਚ ਆਏ, ਜਿਸਦਾ ਵੀ ਕੋਈ ਪਤਾ ਨਹੀਂ ਹੈ।

ਆਡਿਟ ਰਿਪੋਰਟ ਦੇ ਅਨੁਸਾਰ ਸਾਲ 1984 ਤੋਂ 2006 ਦੇ ਵਿਚ ਵੰਡੇ ਗਏ 3.18 ਕਰੋੜ ਰੁਪਏ ਦਾ ਸੀ ਐਮ ਓ ਕੋਲ ਕੋਈ ਸਬੂਤ ਨਹੀਂ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵੰਡੀ ਗਈ ਰਕਮ ਦੇ ਪ੍ਰਾਪਤਕਰਤਾਵਾਂ ਦੀ ਰਸੀਦਾਂ ਆਡਿਟਰਸ ਨੂੰ ਨਹੀਂ ਦਿਖਾਈਆਂ ਗਈਆਂ। ਸੀ ਐਮ ਆਫਿਸ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਹ ਰਕਮ ਖਾਤੇ ਤੇ ਭੁਗਤਾਨ ਹੋਣ ਵਾਲੇ ਚੈਕ ਦੇ ਰਾਹੀ ਦਿੱਤੀ ਜਾਂਦੀ ਹੈ। ਨਿਯਮਤ-ਅਨੁਦਾਨ ਦੀ ਪਾਵਤੀ ਰਸੀਦ ਮੁੱਖਮੰਤਰੀ ਦਫਤਰ ਦੇ ਕੋਲ ਹੋਣੀ ਚਾਹੀਦੀ।

**ਕਿੱਥੇ ਕੀਤਾ ਖਰਚ:** ਕੋਸ਼ ਤੋਂ ਵੈਸੇ ਸੰਗਠਨਾਂ ਅਤੇ ਆਯੋਜਨਾਂ ਨੂੰ ਆਰਥਿਕ ਮਦਦ ਦਿੱਤੀ ਗਈ ਜਿਵੇਂ ਨਿਯਮਾਂਨੁਸਾਰ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਲਾਭ ਲੈਣ ਵਾਲਿਆਂ ਵਿਚੋਂ ਪ੍ਰੈਸ ਕਲੱਬਾਂ ਤੋਂ ਲੈ ਕੇ ਧਾਰਮਿਕ ਸੰਸਥਾਵਾਂ ਅਤੇ ਖੇਡ ਸੰਗਠਨ ਤਕ ਸ਼ਾਮਿਲ ਹਨ। ਇੰਨਾ ਹੀ ਨਹੀਂ ਅਫਸਰਾਂ ਨੂੰ ਕੋਆਪਰੇਟਿਵ ਸੋਸਾਇਟੀ ਤੱਕ ਤੇ ਕੋਸ਼ ਲੁਟਾਇਆ ਗਿਆ।

ਯਾਦ ਰਹੇ 17 ਜੁਲਾਈ 1973 ਨੂੰ ਹੋਈ ਮੁੱਖ ਮੰਤਰੀ ਰਾਹਤ ਕੋਸ਼ ਦੀ ਬੈਠਕ ਵਿਚ ਪ੍ਰਾਕ੍ਰਿਤਕ ਆਪਦਾਵਾਂ, ਦੁਰਘਟਨਾਵਾਂ ਦੇ ਸ਼ਿਕਾਰ ਹੋਇਆ ਨੂੰ ਲਾਭ ਦਿੱਤਾ ਜਾਣਾ ਤੈਅ ਕੀਤਾ ਗਿਆ ਸੀ। ਨਵੰਬਰ 1977 ਵਿਚ ਕੋਸ਼ ਤੋਂ ਕਿਸੇ ਵੀ ਹਾਲਤ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਲਾਭ ਨਹੀਂ ਦੇਣ ਦਾ ਫੈਸਲਾ ਵੀ ਲਿਆ ਗਿਆ ਸੀ।

**ਪੰਜਾਬ ਸਰਕਾਰ ਦੇ 12 ਕਰੋੜ ਗਾਇਬ :** ਪੰਜਾਬ ਦੇ ਆਧਾਰਭੂਤ ਢਾਂਚਾ ਕਰ ਦੇ ਰੂਪ ਵਿਚ ਵਸੂਲੇ ਗਏ 12 ਕਰੋੜ ਰੁਪਏ ਦਾ ਅਤਾ-ਪਤਾ ਨਹੀਂ ਹੈ। ਮੰਡੀਆਂ ਤੱਕ ਪਹੁੰਚਣ ਵਾਲੀਆਂ ਵੱਖ-ਵੱਖ ਫਸਲਾਂ 'ਤੇ 2 ਫੀਸਦੀ ਆਧਾਰਭੂਤ ਢਾਂਚਾ ਕਰ ਵਸੂਲਣ ਵਿਚ ਕਮੀ ਕਾਰਨ ਰਾਸ਼ੀ ਦਾ ਪਤਾ ਨਹੀਂ ਲੱਗ ਰਿਹਾ ਹੈ। ਇਹ ਵਸੂਲੀ ਕਰ ਅਤੇ ਆਬਕਾਰੀ ਵਿਭਾਗ ਵਲੋਂ ਕੀਤੀ ਜਾਂਦੀ ਹੈ ਅਤੇ ਸਿੱਧੇ ਪੀ.ਆਈ.ਡੀ.ਬੀ. ਦੇ ਖਾਤੇ ਵਿਚ ਜਮ੍ਹਾ ਕੀਤੀ ਜਾਂਦੀ ਹੈ। ਆਧਾਰਭੂਤ ਢਾਂਚਾ ਫੰਡ ਪੀ.ਆਈ.ਡੀ.ਬੀ. ਸੜਕਾਂ, ਪੁੱਲਾਂ ਆਦਿ ਦੇ ਨਿਰਮਾਣ 'ਤੇ ਖਰਚ ਕਰਦਾ ਹੈ।

ਮੰਡੀਆਂ ਵਿਚ ਆਉਣ ਵਾਲੀ ਫਸਲ ਤੇ ਮਾਰਕਿਟ ਫੀਸ, ਪੇਂਡੂ ਵਿਕਾਸ ਫੰਡ ਅਤੇ ਆਧਾਰਭੂਤ ਢਾਂਚਾ ਫੰਡ ਦੋ-ਦੋ ਫੀਸਦੀ ਲੱਗਦੇ ਹਨ। ਮਾਰਕਿਟ ਫੀਸ ਅਤੇ ਪੇਂਡੂ ਵਿਕਾਸ ਸੈਸ ਦੀ ਵਸੂਲੀ ਮੰਡੀ ਬੋਰਡ ਕਰਦਾ ਹੈ, ਜਦਕਿ ਆਧਾਰਭੂਤ ਢਾਂਚਾ ਸੈਸ ਦੀ ਵਸੂਲੀ ਕਰ ਅਤੇ ਆਬਕਾਰੀ ਵਿਭਾਗ ਕਰਦਾ ਹੈ। ਦੋਵਾਂ ਵਿਭਾਗਾਂ ਦੀ ਵਸੂਲੀ ਵਿਚ 12 ਕਰੋੜ ਰੁਪਏ ਦਾ ਅੰਤਰ ਆਉਣ ਨਾਲ ਵਿੱਤ ਵਿਭਾਗ ਦੇ ਅਧਿਕਾਰੀ ਖਾਸੇ ਨਾਰਾਜ਼ ਹਨ। ਮੰਡੀ ਬੋਰਡ ਦੀ ਫੀਸ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 43.67 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਕ ਅਪ੍ਰੈਲ 2008 ਤੱਕ ਦੇ ਪ੍ਰਾਪਤ ਆਂਕੜਿਆਂ ਅਨੁਸਾਰ ਮੰਡੀ ਬੋਰਡ ਨੂੰ ਮਾਰਕਿਟ ਫੀਸ ਦੇ ਰੂਪ ਵਿਚ 572.97 ਕਰੋੜ ਰੁਪਏ ਪ੍ਰਾਪਤ ਹੋਏ ਹਨ। ਪਿਛਲੇ ਸਾਲ 398.98 ਕਰੋੜ ਰੁਪਏ ਪ੍ਰਾਪਤ ਹੋਏ ਸਨ।




# ਸਰਬ ਸਾਂਝੀਵਾਲ ਤੇ ਸਵੈਮਾਨ ਵਾਲਾ ਸਮਾਜ ਸਿਰਜਣ ਲਈ ਫੁੱਟਪਾਊ ਚਾਲਾਂ ਤੋਂ ਸੁਚੇਤ ਰਹਿਣ ਦਾ ਸੱਦਾ

## ਸੈਮੀਨਾਰ ਰਿਪੋਰਟ

**ਕਾਲਾ ਸੰਘਿਆ :** ਮੈਗਜ਼ੀਨ 'ਆਲਮੀ ਪੰਜਾਬੀ ਆਵਾਜ਼' ਵਲੋਂ ਜਲੰਧਰ ਦੇ ਕੇ.ਐਲ. ਸਹਿਗਲ ਮੈਮੋਰੀਅਲ ਭਵਨ 'ਚ "ਡੇਰਾ ਬੱਲਾਂ ਦੇ ਸੰਤਾਂ 'ਤੇ ਹਮਲਾ, ਸਿੱਖ ਲੀਡਰਸ਼ਿਪ ਅੱਗੇ ਵੱਡੀ ਚੁਣੌਤੀ" ਅਨੁਵਾਦ ਤਹਿਤ ਲੰਘੀ 10 ਜੂਨ ਨੂੰ ਹੋਏ ਇਕ ਉੱਚ ਪੱਧਰੀ ਸੈਮੀਨਾਰ ਵਿਚ ਸਾਬਕਾ ਐਮ.ਪੀ. ਹਰਭਜਨ ਲਾਖਾ ਨੇ ਸੈਮੀਨਾਰ ਦੇ ਪ੍ਰਬੰਧਕਾਂ ਦੇ ਯਤਨ ਨੂੰ ਇਤਿਹਾਸਕ ਦੱਸਦਿਆਂ ਆਖਿਆ ਕਿ ਵਿਚਾਰ ਚਰਚਾਵਾਂ ਨਾਲ ਹਮੇਸ਼ਾ ਚੰਗੇ ਨਤੀਜੇ ਨਿਕਲਦੇ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲਸਫੇ ਨੂੰ ਜੇਕਰ ਅਸੀਂ ਅਪਣਾ ਲਈਏ ਤਾਂ ਜਾਤਾਂ-ਪਾਤਾਂ ਦੇ ਮਸਲੇ ਆਪਣੇ ਆਪ ਹੀ ਮਨਫੀ ਹੋ ਜਾਂਦੇ ਹਨ। ਉਨ੍ਹਾਂ ਸੁਚੇਤ ਕਰਦਿਆਂ ਆਖਿਆ ਕਿ ਸਿੱਖਾਂ ਤੇ ਰਵਿਦਾਸੀਆਂ ਦੀ ਏਕਤਾ ਕੁਝ ਤਾਕਤਾਂ ਨੂੰ 'ਰੜਕਦੀ' ਹੈ, ਜਿਸ ਕਾਰਨ ਵਿਆਨਾ ਕਾਂਡ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ ਤੇ ਸਮਾਜ 'ਚ ਵੰਡੀਆਂ ਪੈਦਾ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦਲਿਤਾਂ ਨੂੰ ਦਸਮ ਪਿਤਾ ਨੇ ਤਾਂ ਵੱਡਾ ਮਾਣ ਦਿੱਤਾ ਸੀ, ਪਰ ਅਜੋਕੇ ਦੌਰ 'ਚ ਸਿੱਖ ਧਰਮ ਗਲਤ ਹੱਥਾਂ 'ਚ ਚਲਾ ਗਿਆ ਹੈ। ਉਨ੍ਹਾਂ ਮਨੂੰਵਾਦੀਆਂ ਦੀਆਂ ਚਾਲਾਂ ਨਾਲ ਨਿਪਟਣ ਲਈ ਸਭ ਨੂੰ ਇਕਮੁੱਠ ਹੋਣ ਦਾ ਸੱਦਾ ਦਿੱਤਾ। ਪ੍ਰਵਾਸੀ ਸਿੱਖ ਆਗੂ ਪਾਲ ਸਿੰਘ ਫਰਾਂਸ ਨੇ ਕਿਹਾ ਕਿ 'ਵਿਆਨਾ ਕਾਂਡਾ' ਕਿਉਂ ਵਾਪਰਿਆ? ਸਬੰਧੀ ਕਾਰਨ ਲੱਭ ਕੇ ਸਦੀਵੀ ਹੱਲ ਕੀਤਿਆਂ ਬਿਨਾਂ ਗੱਲ ਨਹੀਂ ਬਣਨੀ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਭਾਈਚਾਰੇ ਦੇ ਲੋਕ ਵੀ ਰਵਿਦਾਸ ਭਾਈਚਾਰੇ ਦੇ ਲੋਕਾਂ ਨਾਲ ਹਰ ਦੁੱਖ-ਸੁੱਖ 'ਚ ਖੜ੍ਹੇ ਹਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਵਾਪਰੇ ਗੋਲੀਕਾਂਡ ਕਾਰਨ ਸਿੱਖਾਂ ਦੇ ਹਿਰਦੇ ਵੀ ਪਸੀਜੇ ਗਏ ਹਨ। ਸ਼ਿਵਦਿਆਲ ਸਿੰਘ ਅਣਜਾਣ ਨੇ ਕਿਹਾ ਕਿ ਗੋਲੀ ਨਾਲ ਕੋਈ ਮਸਲਾ ਹੱਲ ਨਹੀਂ ਹੁੰਦਾ, ਪਿਆਰ ਨਾਲ ਹੀ ਸਭ ਕੁਝ ਸੁਲਝਾਇਆ ਜਾ ਸਕਦਾ ਹੈ। ਆਰ.ਸੀ.ਐਫ. ਕਪੂਰਥਲਾ ਦੇ ਧਰਮਪਾਲ ਪੈਂਥਰ ਨੇ ਦਲਿਤਾਂ ਲਈ ਸਵੈਮਾਨ ਦੀ ਗੱਲ ਕਰਦਿਆਂ ਕਿਹਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਾਂ, ਫਿਰ ਵੀ ਪਤਾ ਨਹੀਂ ਕਿਉਂ ਸਾਡੇ ਖਿਲਾਫ ਕੱਟੜਤਾ ਸਰਗਰਮ ਹੈ।





*ਜਲੰਧਰ ਦੇ ਕੇ.ਐੱਲ. ਸਹਿਗਲ ਮੈਮੋਰੀਅਲ ਭਵਨ 'ਚ ਹੋਏ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ ਪੱਤਰਕਾਰ ਮੇਜਰ ਸਿੰਘ (ਸੱਜੇ) ਹਾਲ ਵਿਚ ਇਕੱਤਰ ਹੋਏ ਦਰਸ਼ਕਾਂ ਦਾ ਇਕ ਦ੍ਰਿਸ਼।*

ਲੋਕ ਮੋਰਚਾ ਪੰਜਾਬ ਦੇ ਪ੍ਰਧਾਨ ਗਿਆਨ ਚੰਦ ਦੀਵਾਲੀ ਨੇ ਆਖਿਆ ਕਿ ਇਹ ਦੋਹਾਂ ਭਾਈਚਾਰਿਆਂ 'ਚ ਜੋ ਕੜਵਾਹਟ ਬਣੀ ਹੈ, ਬੇਹੱਦ ਸੰਵੇਦਨਸ਼ੀਲ ਮਾਮਲਾ ਹੈ ਤੇ ਸਿੱਖ ਧਰਮ 'ਤੇ ਜੱਟਵਾਦ ਭਾਰੂ ਪੈ ਰਿਹਾ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਗਰਮ ਆਗੂ ਭਾਈ ਸਰਬਜੀਤ ਸਿੰਘ ਜੰਮੂ ਨੇ ਸਭ ਨੂੰ ਵਲਗਣਾਂ 'ਚੋਂ ਬਾਹਰ ਨਿਕਲਣ ਦਾ ਸੱਦਾ ਦਿੰਦਿਆਂ ਆਖਿਆ ਕਿ ਵਿਆਨਾ ਕਾਂਡ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਸੰਤ ਹਰਚੰਦ ਸਿੰਘ ਲੌਂਗੋਵਾਲ, ਬੀਬੀ ਰਜਿੰਦਰ ਕੌਰ ਤੇ ਭਾਨ ਸਿੰਘ ਵਰਗੇ ਆਗੂਆਂ ਨਾਲ ਵਾਪਰੇ ਕਾਂਡ ਸਿੱਖਾਂ ਲਈ ਅਸਹਿ ਹਨ।

ਉਨ੍ਹਾਂ ਕਿਹਾ ਕਿ ਧਾਰਮਿਕ ਲੀਡਰਸ਼ਿਪ ਬੁਰੀ ਤਰ੍ਹਾਂ ਫੇਲ ਹੋਈ ਹੈ ਤੇ ਉਹ ਸਾਨੂੰ ਸੇਧ ਨਹੀਂ ਦੇ ਸਕੀ। ਐਡਵੋਕੇਟ ਐਸ.ਐਲ. ਵਿਰਦੀ ਨੇ ਆਪਣੀ ਤਕਰੀਰ 'ਚ ਆਖਿਆ ਕਿ ਗੋਹਾਨਾ, ਤੱਲ੍ਹਣ ਤੇ ਖੈਰਲਾਂਜੀ ਕਾਂਡ ਵਾਂਗ ਵਿਆਨਾ ਕਾਂਡ ਕਾਰਨ ਦਲਿਤ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਹਨ ਤੇ ਇਹੀ ਗੁੱਸੇ ਦਾ ਲਾਵਾ ਫੁੱਟਣ ਕਾਰਨ ਬੀਤੇ ਦਿਨੀਂ ਭਿਆਨਕ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਦਲਿਤਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾਉਣ ਤੇ ਹਰ ਥਾਂ ਅੱਖੋਂ-ਪਰੋਖੇ ਕਰਨ ਦਾ ਵੀ ਦੋਸ਼ ਲਗਾਇਆ। ਪੰਜਾਬ ਯੂਥ ਕਲੱਬਜ਼ ਆਰਗੇਨਾਈਜੇਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਜੋਗੀ ਨੇ ਆਖਿਆ ਕਿ ਅਜੋਕੀ ਸਿਆਸੀ ਲੀਡਰਸ਼ਿਪ ਨੂੰ ਤਾਂ ਹਿੰਸਾ ਮਾਫਕ ਸਿੱਧ ਹੋ ਸਕਦੀ ਹੈ, ਪਰ ਆਮ ਲੋਕਾਂ ਨੂੰ ਹਰਗਿਜ਼ ਨਹੀਂ। ਉਨ੍ਹਾਂ ਕਿਹਾ ਕਿ ਸਮਾਜ 'ਚ ਫੈਲੀ ਅਫਰਾਤਫਰੀ ਨੂੰ ਦੂਰ ਕਰਨ 'ਚ ਬੁੱਧੀਜੀਵੀ ਵਰਗ ਵੱਡਾ ਰੋਲ ਅਦਾ ਕਰ ਸਕਦਾ ਹੈ। ਫਿਲਮਕਾਰ ਸਰਦੂਲ ਅਟਵਾਲ ਨੇ ਭਰੇ ਮਨ ਨਾਲ ਸਭ ਨੂੰ ਆਪਸੀ ਮੋਹ ਦੀਆਂ ਤੰਦਾਂ ਬਣਾਈ ਰੱਖਣ ਦੀ ਅਪੀਲ ਕੀਤੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਭੋਮਾ ਨੇ ਆਪਸੀ ਸ਼ੰਕੇ ਦੂਰ ਕਰਨ ਲਈ ਇਕ ਸਾਂਝੀ ਤਾਲਮੇਲ ਕਮੇਟੀ ਬਣਾਉਣ ਤੇ ਪਿੰਡਾਂ ਦੀਆਂ ਮਾੜ੍ਹੀਆਂ-ਮਸਾਣਾਂ ਨੂੰ ਇਕ ਕਰਨ ਲਈ ਸਭ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਸੰਤ ਸੁਖਵੰਤ ਸਿੰਘ ਜਲਾਲਾਬਾਦ ਵਾਲਿਆਂ ਆਖਿਆ ਕਿ ਸਤਿਕਾਰ ਉਨ੍ਹਾਂ ਸੰਤਾਂ ਦਾ ਕਰੋ, ਜੋ ਗੁਰੂ ਨਾਲ ਜੋੜਦੇ ਨੇ, ਨਾ ਕਿ ਆਪਣੇ ਨਾਲ ਜੋੜਨ ਵਾਲਿਆਂ ਦਾ।

ਇਸ ਮੌਕੇ ਬਾਲ ਮੁਕੰਦ ਬਾਵਰੀ ਤੇ ਅਮੀਰ ਚੰਦ ਸ਼ਾਹਕੋਟੀ ਨੇ ਵੀ ਵਿਚਾਰ ਰੱਖੇ। ਅੰਤ ਵਿਚ ਸਿੱਖ ਆਗੂ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਸਾਡੀ ਦੋਹਾਂ ਭਾਈਚਾਰਿਆਂ ਦੀ ਜੋ ਯੁੱਗਾਂ-ਯੁਗਾਂਤਰਾਂ ਤੋਂ ਪਿਆਰ ਦੀ ਕਹਾਣੀ ਚਲੀ ਆ ਰਹੀ ਹੈ, ਉਸਨੂੰ ਟੁੱਟਣੋਂ ਬਚਾਉਣ ਹਿੱਤ ਸਭ ਨੂੰ ਕਾਰਜ ਕਰਨੇ ਚਾਹੀਦੇ ਹਨ। ਅੰਤ 'ਚ ਸ. ਮੋਹਣ ਸਿੰਘ ਸਹਿਗਲ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਮੇਜਰ ਸਿੰਘ ਨੇ ਆਏ ਹੋਏ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅੱਗੇ ਤੋਂ ਵੀ ਇਹੋ ਜਿਹੇ ਸੈਮੀਨਾਰ ਸਮੇਂ-ਸਮੇਂ 'ਤੇ ਕਰਵਾਉਂਦੇ ਰਹਿਣਗੇ ਤਾਂ ਜੋ ਸਭ ਲੋਕਾਂ ਵਿਚ ਆਪਸੀ ਪਿਆਰ, ਸਾਂਝੀਵਾਲਤਾ, ਏਕਤਾ ਬਣੀ ਰਹੇ।

# ਕਾਲੀ ਸੂਚੀ ਖਤਮ ਕਰਨ ਤੇ ਭੁੱਲਰ ਦੀ ਫਾਂਸੀ ਉਮਰ ਕੈਦ 'ਚ ਬਦਲਣ ਦੀ ਮੰਗ

**ਨਵੀਂ ਦਿੱਲੀ :** ਇਥੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਭਾਰਤ ਭਰ ਦੇ ਸਿੱਖ ਨੁਮਾਇੰਦਿਆਂ ਦੀ ਇਕੱਤਰਤਾ ਵਿਚ ਪਾਸ ਕੀਤੇ ਗਏ ਮਤਿਆਂ ਰਾਹੀਂ 'ਕਾਲੀ ਸੂਚੀ' ਨੂੰ ਖਤਮ ਕਰਨ ਅਤੇ ਇਸ ਵਿਚ ਸ਼ਾਮਲ ਨੌਜਵਾਨਾਂ ਨੂੰ ਦੇਸ਼ ਪਰਤਣ ਦੀ ਖੁੱਲ੍ਹ ਦੇਣ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ, 15 ਸਾਲ ਪਹਿਲਾਂ ਅਫਗਾਨਿਸਤਾਨ ਤੋਂ ਭਾਰਤ ਆਏ 15000 ਹਿੰਦੂਆਂ ਤੇ ਸਿੱਖਾਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ 'ਤੇ ਹਮਲਿਆਂ ਤੋਂ ਚਿੰਤਤ ਮਾਪਿਆਂ ਨੂੰ ਆਪਣੇ ਖਰਚ 'ਤੇ ਉਥੇ ਭੇਜਣ ਦੀ ਵੀ ਸਰਕਾਰ ਕੋਲੋਂ ਮੰਗ ਕੀਤੀ ਗਈ।



**ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ**

ਇਕ ਹੋਰ ਮਤੇ ਰਾਹੀਂ ਸੰਗਰੂਰ ਜ਼ਿਲ੍ਹੇ ਵਿਚ ਹਰਿਮੰਦਰ ਸਾਹਿਬ ਦੀ ਨਕਲੀ ਰਚਨਾ ਕਰਨ 'ਚ ਰੁੱਝੇ ਸਾਧ ਨੂੰ ਗ੍ਰਿਫ਼ਤਾਰ ਕਰ ਕੇ ਹੁਣ ਤਕ ਬਣੀ ਇਮਾਰਤ ਨੂੰ ਢਾਹੁਣ ਦੀ ਮੰਗ ਕੀਤੀ ਗਈ। ਵਿਆਨਾ ਕਾਂਡ ਦੀ ਨਿਖੇਧੀ ਸਖਤ ਸ਼ਬਦਾਂ ਵਿਚ ਕੀਤੀ ਗਈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਆਸਣ ਲਾ ਕੇ ਬੈਠਣ ਵਾਲਿਆਂ ਦੀ ਆਲੋਚਨਾ ਵੀ ਕੀਤੀ ਗਈ। ਡਾ. ਮਨਮੋਹਨ ਸਿੰਘ ਦੇ ਮੁੜ ਪ੍ਰਧਾਨ ਮੰਤਰੀ ਬਣਨ ਦੀ ਵਧਾਈ ਦੇ ਨਾਲ ਭਾਰਤ ਭਰ ਵਿਚ ਰਹਿੰਦੇ ਸਿੱਖਾਂ ਦਾ ਧੰਨਵਾਦ ਵੀ ਕੀਤਾ ਗਿਆ।

ਇਸ ਮੌਕੇ ਸੰਸਾਰ ਭਰ ਦੇ ਸਿੱਖ ਪੰਥ ਸਾਹਮਣੇ ਪੇਸ਼ ਚੁਣੌਤੀਆਂ ਤੇ ਮਸਲਿਆਂ ਦੇ ਹੱਲ ਲਈ ਸ਼੍ਰੋਮਣੀ ਸਿੱਖ ਕੌਂਸਲ ਕਾਇਮ ਕੀਤੀ ਗਈ। ਕੇਂਦਰ ਵਲੋਂ ਵਿਆਹ ਦੀ ਰਜਿਸਟ੍ਰੇਸ਼ਨ ਲਾਜ਼ਮੀ ਕੀਤੇ ਜਾਣ ਦੇ ਸੰਦਰਭ ਵਿਚ ਸਿੱਖਾਂ ਲਈ ਆਨੰਦ ਮੈਰਿਜ ਐਕਟ ਛੇਤੀ ਤੋਂ ਛੇਤੀ ਬਣਾਉਣ ਦੀ ਮੰਗ ਕੀਤੀ ਗਈ।


ਤੂਰ ਟਰੈਵਲ



1. Cathay Pacific
2. Asiana Airlines
3. China Airlines
4. Lufthansa
5. Singapore Airlines
6. British Airways

Serving the community for the past 18 years.

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, Power of Attorney ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
*Immigration Consultant: Petition, Affidavit of Support, Citizenship and more.

ਮਿਲੋ:ਲਾਲੀ ਤੂਰ
Ph:209-832-1220
Fax:209-832-1330

Moved from Turlock

2208 Babcock Ln Tracy, CA 95377
E-mail:lallytoor@yahoo.com

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
11 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

Gurbans Gill 209-815-1869

For Honest and Reliable Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



Specializing in Bank Repo. And short sales.

Nand S. Brar
Broker Associate
DRE Lic No: 01816328

(916) 501-3974
(916) 344-5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com

# ਪੰਜਾਬ 'ਚ ਵੱਡੇ ਪੱਧਰ 'ਤੇ ਪ੍ਰਸ਼ਾਸਨਿਕ ਫੇਰਬਦਲ ਦੀ ਸੰਭਾਵਨਾ

## ਸਰਕਾਰੀ ਦਫਤਰਾਂ 'ਚ ਲੋਕਾਂ ਦੇ ਕੰਮ ਕਾਰ ਆਸਾਨ ਕਰਨ ਦੀ ਯੋਜਨਾ

**ਚੰਡੀਗੜ੍ਹ :** ਪੰਜਾਬ 'ਚ ਵੱਡੀ ਪੱਧਰ 'ਤੇ ਪ੍ਰਸ਼ਾਸਨਿਕ ਫੇਰਬਦਲ ਦੀ ਸੰਭਾਵਨਾ ਹੈ। ਫੇਰਬਦਲ 'ਚ ਅੱਧੀ ਦਰਜਨ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਦੇ ਨਾਂ ਵੀ ਸ਼ਾਮਲ ਦੱਸੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਗੈਰ-ਸਰਕਾਰੀ ਵਿਦੇਸ਼ ਦੌਰੇ 'ਤੇ ਰਵਾਨਾ ਹੋਣ ਤੋਂ ਪਹਿਲਾਂ ਰਾਜ ਦੇ ਮੁੱਖ ਸਕੱਤਰ ਅਤੇ ਕੁਝ ਹੋਰ ਮਹੱਤਵਪੂਰਨ ਵਿਭਾਗਾਂ 'ਚ ਪ੍ਰਮੁੱਖ ਅਧਿਕਾਰੀਆਂ ਦੀਆਂ ਨਿਯੁਕਤੀਆਂ ਸਬੰਧੀ ਆਪਣੇ ਪਿਤਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਬੈਠ ਕੇ ਫੈਸਲੇ ਲਏ ਹਨ। ਲਏ ਗਏ ਫੈਸਲਿਆਂ ਮੁਤਾਬਕ ਆਉਣ ਵਾਲੇ ਦੋ ਦਿਨਾਂ 'ਚ ਰਾਜ ਦੇ ਨਵੇਂ ਮੁੱਖ ਸਕੱਤਰ ਦਾ ਵੀ ਐਲਾਨ ਕੀਤਾ ਜਾ ਸਕਦਾ ਹੈ। ਸਰਕਾਰੀ ਗਲਿਆਰਿਆਂ 'ਚ ਚਰਚਾ ਹੈ ਕਿ ਮੌਜੂਦਾ ਵਿੱਤ ਸਕੱਤਰ ਐਸ.ਸੀ. ਅਗਰਵਾਲ ਰਾਜ ਦੇ ਅਗਲੇ ਮੁੱਖ ਸਕੱਤਰ ਹੋ ਸਕਦੇ ਹਨ ਅਤੇ ਉਨ੍ਹਾਂ ਦੀ ਜਗ੍ਹਾ ਰਾਕੇਸ਼ ਸਿੰਘ ਨੂੰ ਵਿੱਤ ਸਕੱਤਰ ਬਣਾਏ ਜਾਣ ਦੀ ਵੀ ਚਰਚਾ ਹੈ।

ਜ਼ਿਕਰਯੋਗ ਹੈ ਕਿ ਮੌਜੂਦਾ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਨੂੰ ਸਰਕਾਰ ਨੇ ਪਹਿਲਾਂ ਤੋਂ ਹੀ ਰਾਜ ਸੂਚਨਾ ਕਮਿਸ਼ਨਰ ਬਣਾ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ 28 ਮਈ ਨੂੰ ਸੁਣਾਏ ਗਏ ਇਕ ਫੈਸਲੇ ਮੁਤਾਬਕ ਉਹ ਸਿਰਫ ਚਾਰ ਹਫਤੇ ਹੀ ਇਸ ਅਹੁਦੇ 'ਤੇ ਹੋਰ ਰਹਿ ਸਕਦੇ ਹਨ। ਹਾਈਕੋਰਟ ਦੇ ਹੁਕਮਾਂ ਮੁਤਾਬਕ ਰਮੇਸ਼ਇੰਦਰ ਸਿੰਘ ਨੂੰ 25 ਜੂਨ ਤੱਕ ਮੁੱਖ ਸਕੱਤਰ ਦੇ ਅਹੁਦੇ ਤੋਂ ਤਿਆਗ ਪੱਤਰ ਦੇਣਾ ਹੋਵੇਗਾ। ਸੂਤਰਾਂ ਮੁਤਾਬਕ ਰਾਜ ਸਰਕਾਰ ਵਲੋਂ ਉਨ੍ਹਾਂ ਦੀ ਜਗ੍ਹਾ ਲਗਾਏ ਜਾਣ ਵਾਲੇ ਨਵੇਂ ਮੁੱਖ ਸਕੱਤਰ ਦੀ ਚੋਣ ਕਰ ਲਈ ਗਈ ਹੈ। ਇਸ ਤੋਂ ਇਲਾਵਾ ਦਸ ਦਿਨ ਦੀ ਛੁੱਟੀ 'ਤੇ ਗਏ ਗ੍ਰਹਿ ਸਕੱਤਰ ਐਨ.ਐਸ. ਕੰਗ ਦੀ ਜਗ੍ਹਾ ਕਿਸੇ ਹੋਰ ਅਧਿਕਾਰੀ ਨੂੰ ਗ੍ਰਹਿ ਵਿਭਾਗ ਦਾ ਕੰਮ ਸੌਂਪਣ ਸਬੰਧੀ ਵੀ ਮੁੱਖ ਮੰਤਰੀ ਪੱਧਰ 'ਤੇ ਫੈਸਲਾ ਲੈ ਲਿਆ ਗਿਆ ਹੈ। ਕੀਤੇ ਜਾ ਰਹੇ ਤਬਾਦਲਿਆਂ 'ਚ ਕੁਝ ਪੁਲਸ ਅਧਿਕਾਰੀਆਂ ਦੇ ਨਾਵਾਂ ਦੀ ਵੀ ਚਰਚਾ ਹੈ। ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਮੁਤਾਬਕ ਪ੍ਰਸ਼ਾਸਨਿਕ ਫੇਰਬਦਲ 'ਚ ਕਈ ਹੋਰ ਉੱਚ ਅਧਿਕਾਰੀਆਂ ਨੂੰ ਇਧਰੋਂ-ਉਧਰ ਕੀਤਾ ਜਾਏਗਾ। ਜਿਨ੍ਹਾਂ ਵਿਭਾਗਾਂ 'ਚ ਫੇਰਬਦਲ ਕੀਤੇ ਜਾਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਸੁਖਬੀਰ ਦੇ ਅਧਿਕਾਰ ਖੇਤਰ 'ਚ ਆਉਣ ਵਾਲਾ ਗ੍ਰਹਿ ਵਿਭਾਗ ਵੀ ਸ਼ਾਮਲ ਹੈ। ਤਬਾਦਲਿਆਂ ਵਾਲੀ ਸੂਚੀ ਜਲਦੀ ਜਾਰੀ ਕੀਤੀ ਜਾ ਸਕਦੀ ਹੈ।

ਦੱਸਿਆ ਜਾਂਦਾ ਹੈ ਕਿ ਸੁਖਬੀਰ ਆਪਣੇ ਪਰਿਵਾਰ ਨਾਲ 15 ਦਿਨ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਵਿਦੇਸ਼ ਗਏ ਹਨ। ਹਾਲਾਂਕਿ ਇਸ ਗੱਲ ਦੀ ਚਰਚਾ ਸੀ ਕਿ ਵਿਦੇਸ਼ ਰਵਾਨਾ ਹੋਣ ਤੋਂ ਪਹਿਲਾਂ ਸੁਖਬੀਰ ਉਪ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ, ਪਰ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਨਹੀਂ ਗਏ, ਜਿਸ ਤੋਂ ਬਾਅਦ ਇਹ ਕਿਆਸ ਲਾਏ ਜਾ ਰਹੇ ਹਨ ਕਿ ਸੁਖਬੀਰ ਬਜਟ ਸੈਸ਼ਨ ਵਿਚ ਵੀ ਹਿੱਸਾ ਲੈ ਸਕਦੇ ਹਨ।

ਇਸ ਗੱਲ ਦੀ ਵੀ ਚਰਚਾ ਹੈ ਕਿ ਵਿਦੇਸ਼ ਜਾਣ ਤੋਂ ਪਹਿਲਾਂ ਪ੍ਰਸ਼ਾਸਨਿਕ ਪੱਧਰ 'ਤੇ ਫੇਰਬਦਲ ਵਿਚ ਉਨ੍ਹਾਂ ਦੀ ਦਿਲਚਸਪੀ ਤੋਂ ਇਹ ਗੱਲ ਸਪੱਸ਼ਟ ਹੈ ਕਿ ਉਹ ਅਹੁਦਾ ਛੱਡਣ ਤੋਂ ਪਹਿਲਾਂ ਉਨ੍ਹਾਂ ਕੰਮਾਂ ਨੂੰ ਨਿਬੇੜਨਾ ਚਾਹੁੰਦੇ ਹਨ, ਜਿਹੜੇ ਉਹ ਉਪ ਮੁੱਖ ਮੰਤਰੀ ਦੇ ਮਹੱਤਵਪੂਰਨ ਅਹੁਦੇ 'ਤੇ ਰਹਿੰਦਿਆਂ ਕਰ ਸਕਦੇ ਹਨ। ਸੂਤਰਾਂ ਅਨੁਸਾਰ ਸੁਖਬੀਰ ਉਪ ਮੁੱਖ ਮੰਤਰੀ ਦਾ ਅਹੁਦਾ ਛੱਡਣ ਤੋਂ ਪਹਿਲਾਂ ਆਪਣੇ ਕੁਝ ਮਨਪਸੰਦ ਆਈ.ਏ.ਐਸ. ਅਧਿਕਾਰੀਆਂ ਨੂੰ ਤਾਇਨਾਤ ਕਰਨਾ ਚਾਹੁੰਦੇ ਸਨ।

ਪੰਜਾਬ ਦੇ ਸਰਕਾਰੀ ਦਫਤਰਾਂ ਦੀ ਕਾਰਜਪ੍ਰਣਾਲੀ ਵਿਚ ਵੀ ਵੱਡੀ ਪੱਧਰ 'ਤੇ ਤਬਦੀਲੀਆਂ ਲਿਆਉਣ ਲਈ ਸਰਕਾਰ ਨੇ ਇਕ ਉੱਚ ਪੱਧਰੀ ਅਧਿਕਾਰੀਆਂ ਦੀ ਬੈਠਕ ਬੁਲਾਉਣ ਦਾ ਫੈਸਲਾ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਇਸ ਸੁਧਾਰ ਵਾਸਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਇਕ ਰਿਪੋਰਟ ਤਿਆਰ ਕਰਵਾਈ ਗਈ ਹੈ। ਇਸ ਰਿਪੋਰਟ ਮੁਤਾਬਕ ਪੇਂਡੂ ਖੇਤਰਾਂ ਤੇ ਸ਼ਹਿਰੀ ਇਲਾਕਿਆਂ ਵਿਚ ਮੁੱਢਲੀਆਂ ਸਹੂਲਤਾਂ ਦੇ ਸੁਧਾਰ ਲਈ ਸੂਬਾਈ ਸਰਕਾਰ ਦੁਆਰਾ ਤਿਆਰ ਕਰਵਾਈ ਗਈ ਇਕ ਵਿਸਤਰਿਤ ਖੋਜ ਰਿਪੋਰਟ 'ਤੇ ਜਲਦੀ ਅਮਲ ਕਰਨ ਲਈ ਮੁੱਖ ਮੰਤਰੀ ਨੇ ਇਕ ਵਾਰ ਮੁੜ ਸੂਬੇ ਦੇ ਉੱਚ ਅਧਿਕਾਰੀਆਂ ਨੂੰ ਮਿਲ ਬੈਠਣ ਲਈ ਆਦੇਸ਼ ਜਾਰੀ ਕੀਤੇ ਹਨ। ਦੱਸਿਆ ਜਾਂਦਾ ਹੈ ਕਿ ਪੰਜਾਬ ਗਵਰਨਸ ਰਿਫੌਰਮ ਕਮਿਸ਼ਨ ਦੁਆਰਾ ਤਿਆਰ 6 ਹਿੱਸਿਆਂ ਵਿਚ ਲਗਭਗ ਚਾਰ ਹਜ਼ਾਰ ਪੰਨਿਆਂ ਦੀ ਰਿਪੋਰਟ ਵਿਚ ਪੁਲਿਸ ਦੀ ਕਾਰਜਪ੍ਰਣਾਲੀ ਵਿਚ ਲੋਕਪੱਖੀ ਸੁਧਾਰ ਲਿਆਉਣ ਤੋਂ ਲੈ ਕੇ ਸਰਕਾਰੀ ਦਫਤਰਾਂ ਅੰਦਰ ਦਸਤਾਵੇਜ਼ਾਂ ਦੀ ਕਾਰਵਾਈ ਨੂੰ ਆਸਾਨ ਬਣਾਉਣ ਦੇ ਸੌਖੇ ਸੁਝਾਅ ਸਰਕਾਰ ਨੂੰ ਦੱਸੇ ਗਏ ਹਨ।

ਲੋਕਾਂ ਨੂੰ ਸਰਕਾਰੀ ਦਫਤਰਾਂ ਵਿਚ ਰੋਜ਼ਮਰ੍ਹਾ ਦੀਆਂ ਕਾਰਵਾਈਆਂ ਵਿਚ ਆਉਂਦੀਆਂ ਮੁਸ਼ਕਲਾਂ ਨੂੰ ਖਤਮ ਕਰਕੇ ਕੰਮ ਆਸਾਨ ਕਰਨ ਲਈ ਦਿੱਤੇ ਗਏ ਸੁਝਾਅ ਜੇਕਰ ਲਾਗੂ ਹੋ ਗਏ ਤਾਂ ਇਸ ਨਾਲ ਹੇਠਲੇ ਪੱਧਰ 'ਤੇ ਲੋਕਾਂ ਨੂੰ ਆਉਂਦੀਆਂ ਪ੍ਰੇਸ਼ਾਨੀਆਂ ਤੇ ਰਿਸ਼ਵਤਖੋਰੀ ਨੂੰ ਵੱਡੀ ਠੱਲ੍ਹ ਪਵੇਗੀ। ਇਸ ਰਿਪੋਰਟ ਵਿਚ ਜ਼ਮੀਨਾਂ ਅਤੇ ਘਰਾਂ ਦੇ ਤਬਾਦਲਿਆਂ ਨੂੰ ਸੌਖਿਆਂ ਕਰਨ ਲਈ ਵੀ ਸੁਝਾਅ ਦਿੱਤੇ ਗਏ ਹਨ।

ਇਸ ਰਿਪੋਰਟ ਦੇ ਲਾਗੂ ਹੋਣ ਤੋਂ ਬਾਅਦ ਡਿਪਟੀ ਕਮਿਸ਼ਨਰ ਦੇ ਅਧਿਕਾਰ ਖੇਤਰ ਤੋਂ ਲੈ ਕੇ ਪੁੱਡਾ ਦੇ ਅਧਿਕਾਰ ਖੇਤਰ ਨਾਲ ਸਬੰਧ ਰੱਖਣ ਵਾਲੇ ਕਾਰਜਾਂ ਨੂੰ ਫਾਲਤੂ ਬਾਬੂਆਂ ਦੀ ਥਾਂ ਕੇਵਲ ਮਹੱਤਵਪੂਰਨ ਅਧਿਕਾਰੀਆਂ ਤੱਕ ਸੀਮਤ ਕਰ ਦਿੱਤਾ ਜਾਵੇਗਾ। ਮਿਸਾਲ ਦੇ ਤੌਰ 'ਤੇ ਇਕ ਕੰਮ ਕਰਾਉਣ ਲਈ ਸਬੰਧਤ ਵਿਅਕਤੀ ਨੂੰ ਜਿੱਥੇ 6 ਤੋਂ 10 ਥਾਈਂ ਬਾਬੂਆਂ ਕੋਲ ਜਾਣਾ ਪੈਂਦਾ ਸੀ, ਉਹ ਕੰਮ ਦੋ ਜਾਂ ਹੱਦ ਚਾਰ ਅਧਿਕਾਰੀਆਂ ਤੱਕ ਸੀਮਤ ਹੋ ਜਾਵੇਗਾ।

ਹੋਰ ਤਾਂ ਹੋਰ ਕੰਮ ਲਈ ਸਮਾਂ ਨਿਯਮਤ ਕਰਨ ਦੇ ਸੁਝਾਅ ਨੂੰ ਵੀ ਲਾਗੂ ਕਰਨ ਵਾਸਤੇ ਸਰਕਾਰ ਦੁਆਰਾ ਹਾਂ ਪੱਖੀ ਹੁੰਗਾਰਾ ਭਰਿਆ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਆਉਂਦੇ ਦਿਨਾਂ 'ਚ ਜਦੋਂ ਇਸ ਰਿਪੋਰਟ ਨੂੰ ਸਰਕਾਰੀ ਮਾਨਤਾ ਦੇ ਦਿੱਤੀ ਜਾਵੇਗੀ ਤਾਂ ਸੂਬੇ ਦਾ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਆਪਣੇ ਦਫਤਰ ਵਿਚ ਲੰਮੇ ਸਮੇਂ ਵਿਚ ਫਾਈਲਾਂ ਨੂੰ ਦਬਾਅ ਕੇ ਨਹੀਂ ਰੱਖ ਸਕੇਗਾ।

ਰਿਪੋਰਟ ਵਿਚ ਦੱਸੀਆਂ ਗਈਆਂ ਆਸਾਨ ਵਿਧੀਆਂ ਵਿਚ ਅਧਿਕਾਰੀਆਂ ਦੀ ਜਵਾਬਦੇਹੀ ਵੀ ਨਿਸ਼ਚਿਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਰਿਪੋਰਟ ਵਿਚ ਮਰਨ ਅਤੇ ਜੰਮਣ ਸਬੰਧੀ ਜਾਰੀ ਕੀਤੇ ਜਾਂਦੇ ਸਰਟੀਫਿਕੇਟਾਂ ਨੂੰ ਆਸਾਨ ਤਰੀਕੇ ਨਾਲ ਲੋਕਾਂ ਦੇ ਹੱਥ ਪਹੁੰਚਾਉਣ ਲਈ ਕੁਝ ਸੌਖੀਆਂ ਵਿਧੀਆਂ ਦੱਸੀਆਂ ਗਈਆਂ ਹਨ। ਇਸੇ ਤਰ੍ਹਾਂ ਥਾਣਿਆਂ ਵਿਚ ਲੋਕਾਂ ਦੀ ਖੱਜਲ-ਖੁਆਰੀ ਨੂੰ ਖਤਮ ਕਰਨ ਦੇ ਸੁਝਾਅ ਵੀ ਦਿੱਤੇ ਗਏ ਹਨ ਤੇ ਪੁਲਸ ਅਤੇ ਲੋਕਾਂ ਦਰਮਿਆਨ ਚੰਗੇ ਸਬੰਧ ਬਣਾਉਣ ਲਈ ਕੁਝ ਜ਼ਰੂਰੀ ਕਦਮ ਚੁੱਕਣ ਦੀ ਸਿਫਾਰਸ਼ ਵੀ ਕੀਤੀ ਗਈ ਹੈ।

ਇਹ ਵੀ ਸਿਫਾਰਸ਼ ਕੀਤੀ ਗਈ ਹੈ ਕਿ ਸੂਬੇ ਦੇ ਸਾਰੇ ਥਾਣਿਆਂ ਨੂੰ ਕੰਪਿਊਟਰਾਈਜ਼ਡ ਕੀਤਾ ਜਾਵੇ। ਲੋਕਾਂ ਨਾਲ ਸਬੰਧਤ ਮਸਲੇ ਆਨ-ਲਾਈਨ ਕੀਤੇ ਜਾਣ। ਪੇਂਡੂ ਖੇਤਰਾਂ ਨੂੰ ਜ਼ਿਲ੍ਹਿਆਂ ਅਤੇ ਬਲਾਕਾਂ ਦੇ ਸਰਕਾਰੀ ਦਫਤਰਾਂ ਨਾਲ ਜੋੜਨ ਲਈ ਸਰਕਾਰੀ ਕੇਂਦਰ ਸਥਾਪਤ ਕਰਨ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਰਿਪੋਰਟ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰ ਦੁਆਰਾ ਸਥਾਪਤ ਕੀਤੇ ਜਾਣ ਵਾਲੇ ਕੇਂਦਰ ਨਿੱਜੀ ਹੱਥਾਂ ਵਿਚ ਦੇਣ ਦੀ ਥਾਂ ਉਨ੍ਹਾਂ ਦੀ ਦੇਖ ਰੇਖ ਸਰਕਾਰ ਅਧੀਨ ਹੋਣੀ ਚਾਹੀਦੀ ਹੈ।

ਸੂਬਾਈ ਸਰਕਾਰ ਦੁਆਰਾ ਸਥਾਪਤ ਕੀਤੇ ਗਏ ਕਮਿਸ਼ਨ ਦੇ ਚੇਅਰਮੈਨ ਡਾ. ਪ੍ਰਮੋਦ ਦੀ ਅਗਵਾਈ ਹੇਠ ਇਹ ਪਹਿਲੀ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪੀ ਗਈ ਹੈ, ਜਿਸ ਨੂੰ ਸੂਬੇ ਦੇ ਮੂਲਭੂਤ ਵਿਕਾਸ ਲਈ ਅਤਿ-ਮਹੱਤਵਪੂਰਨ ਸਮਝਿਆ ਜਾ ਰਿਹਾ ਹੈ।

## ਹਰਿਆਣਾ ਦੇ ਇਕ ਪੱਤਰਕਾਰ ਵਲੋਂ ਖੁਦਕੁਸ਼ੀ

**ਪੰਚਕੂਲਾ:** ਹਰਿਆਣਾ ਤੋਂ ਨਿਕਲਦੇ 'ਕਰਾਈਮ ਤਹਿਕੀਕਾਤ' ਅਖ਼ਬਾਰ ਦੇ ਨੌਜਵਾਨ ਪੱਤਰਕਾਰ ਸੰਨੀ ਪੰਕਜ ਨੇ ਸਲਫ਼ਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਖ਼ੁਦਕੁਸ਼ੀ ਤੋਂ ਪਹਿਲਾਂ ਲਿਖੇ ਖ਼ੁਦਕੁਸ਼ੀ ਨੋਟ ਵਿਚ ਸੰਨੀ ਨੇ ਖ਼ੁਦਕੁਸ਼ੀ ਲਈ ਹਰਿਆਣਾ ਦੇ ਨਰਾਇਣਗੜ੍ਹ ਹਲਕੇ ਦੇ ਕਾਂਗਰਸੀ ਵਿਧਾਇਕ ਰਾਮ ਕ੍ਰਿਸ਼ਨ ਤੇ ਉਸ ਦੇ ਦੋ ਸਾਥੀਆਂ ਨੇਕੀ ਲਾਲ ਤੇ ਅਜੀਤ ਅਗਰਵਾਲ ਉਰਫ਼ ਨੰਨੇਕਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਸੰਨੀ ਦੀ ਖ਼ੁਦਕੁਸ਼ੀ ਤੋਂ ਬਾਅਦ ਉਸ ਦੇ ਪਿਉ ਵਾਈ.ਕੇ. ਖੰਨਾ, ਜੋ ਹਿੰਦੀ ਦੇ ਦਿਵਿਆ ਹਿਮਾਚਲ ਅਖ਼ਬਾਰ 'ਚ ਸੀਨੀਅਰ ਪੱਤਰਕਾਰ ਹਨ, ਨੇ ਆਪਣੇ ਸਾਥੀਆਂ ਨਾਲ ਡੀ.ਜੀ.ਪੀ. ਹਰਿਆਣਾ ਰਜੀਵ ਦਲਾਲ ਨਾਲ ਮੁਲਾਕਾਤ ਕਰਕੇ ਮੰਗ ਕੀਤੀ ਕਿ ਜਦੋਂ ਤੱਕ ਪੁਲਿਸ ਖ਼ੁਦਕੁਸ਼ੀ ਨੋਟ 'ਚ ਦਰਸਾਏ ਗਏ, ਇਨ੍ਹਾਂ ਤਿੰਨਾਂ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕਰਦੀ, ਉਦੋਂ ਤੱਕ ਉਹ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਨੂੰ ਦਾਗ਼ ਨਹੀਂ ਲਗਾਉਣਗੇ।

ਲੰਘੀ 11 ਜੂਨ ਨੂੰ ਬਾਅਦ ਦੁਪਹਿਰ ਇਹ ਸਾਰੇ ਵਿਅਕਤੀ ਪੰਚਕੂਲਾ ਦੇ ਸਰਕਾਰੀ ਜਨਰਲ ਹਸਪਤਾਲ ਤੋਂ ਸੰਨੀ ਦੀ ਲਾਸ਼ ਲੈ ਕੇ ਸਿੱਧੇ ਸੈਕਟਰ 6 ਸਥਿਤ ਪੁਲਿਸ ਹੈਡਕੁਆਟਰ ਪਹੁੰਚੇ, ਜਿੱਥੇ ਜ਼ਿਲ੍ਹਾ ਪੁਲਿਸ ਦੇ ਕਈ ਇੰਸਪੈਕਟਰਾਂ ਨੇ ਇਸ ਭੀੜ ਨੂੰ ਜਬਰੀ ਖਦੇੜਨ ਦੀ ਕੋਸ਼ਿਸ਼ ਕੀਤੀ।

ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਇਸ ਮਾਮਲੇ ਵਿਚ ਸਿਰਫ਼ 174 ਦੀ ਕਾਰਵਾਈ ਕੀਤੀ ਹੈ, ਜਦੋਂ ਕਿ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨੀ ਜ਼ਰੂਰੀ ਸੀ। ਪੱਤਰਕਾਰਾਂ ਨੂੰ ਖੁਦਕੁਸ਼ੀ ਨੋਟ ਦੀ ਕਾਪੀ ਜਾਰੀ ਕਰਦਿਆਂ ਮ੍ਰਿਤਕ ਦੇ ਪਿਤਾ ਨੇ ਕਿਹਾ ਕਿ ਇਸ ਸੁਸਾਇਡ ਨੋਟ ਵਿਚ ਇਕ ਵਿਧਾਇਕ ਅਤੇ ਉਸ ਦੇ ਚਹੇਤਿਆਂ ਦਾ ਨਾਮ ਸ਼ਾਮਲ ਹੈ। ਇਸ ਲਈ ਇਨ੍ਹਾਂ ਦੇ ਰਸੂਖ਼ ਵਜੋਂ ਪੁਲਿਸ ਇਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕਰਨ ਤੋਂ ਕੰਨੀ ਕਤਰਾ ਰਹੀ ਹੈ।

# ਵਿਆਨਾ ਕਾਂਡ 'ਚ ਪੰਜਾਬ ਦੀ 30.5 ਕਰੋੜ ਦੀ ਜਾਇਦਾਦ ਨਸ਼ਟ

**ਚੰਡੀਗੜ੍ਹ :** ਵੀਆਨਾ ਕਾਂਡ ਤੋਂ ਬਾਅਦ ਪੰਜਾਬ ਦੇ ਕਈ ਸ਼ਹਿਰਾਂ 'ਚ ਭੜਕੀ ਹਿੰਸਾ ਨੇ 30.5 ਕਰੋੜ ਰੁਪਏ ਦੀ ਕੀਮਤ ਦੀ ਸਰਕਾਰੀ ਅਤੇ ਗੈਰ ਸਰਕਾਰੀ ਜਾਇਦਾਦ ਤਬਾਹ ਕਰ ਦਿੱਤੀ ਸੀ। ਪੰਜਾਬ ਸਰਕਾਰ ਕੋਲ 24 ਘੰਟਿਆਂ ਦੀ ਹਿੰਸਾ ਦੌਰਾਨ ਵੱਖ-ਵੱਖ ਸ਼ਹਿਰਾਂ 'ਚ ਹੋਏ ਇਸ ਨੁਕਸਾਨ ਦੀ ਜਿਹੜੀ ਰਿਪੋਰਟ ਡਿਪਟੀ ਕਮਿਸ਼ਨਰਾਂ ਵਲੋਂ ਭੇਜੀ ਗਈ ਹੈ, ਉਸ ਮੁਤਾਬਕ ਸਭ ਤੋਂ ਵਧ ਨੁਕਸਾਨ ਜਲੰਧਰ ਜ਼ਿਲ੍ਹੇ 'ਚ ਹੋਇਆ। ਇਸ ਜ਼ਿਲ੍ਹੇ ਵਿਚ 26 ਕਰੋੜ 34 ਲੱਖ 67 ਹਜ਼ਾਰ ਰੁਪਏ ਕੀਮਤ ਦੀ ਸਰਕਾਰੀ ਜਾਇਦਾਦ, 86 ਲੱਖ 63 ਹਜ਼ਾਰ ਦੇ ਸਰਕਾਰੀ ਵਾਹਨ, 93 ਲੱਖ 11 ਹਜ਼ਾਰ ਦੇ ਨਿੱਜੀ ਵਾਹਨ ਤੇ 94 ਲੱਖ ਦੀ ਨਿੱਜੀ ਜਾਇਦਾਦ ਤਬਾਹ ਕਰ ਦਿੱਤੀ ਗਈ। ਇਸ ਤੋਂ ਇਲਾਵਾ ਕਪੂਰਥਲਾ, ਹੁਸ਼ਿਆਰਪੁਰ, ਨਵਾਂ ਸ਼ਹਿਰ, ਅੰਮ੍ਰਿਤਸਰ, ਲੁਧਿਆਣਾ, ਮੁਕਤਸਰ, ਸੰਗਰੂਰ ਅਤੇ ਫਿਰੋਜ਼ਪੁਰ 'ਚ ਵੀ ਭੜਕੀਆਂ ਭੀੜਾਂ ਨੇ ਸਰਕਾਰੀ ਤੇ ਗੈਰ ਸਰਕਾਰੀ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਇਆ। ਡਿਪਟੀ ਕਮਿਸ਼ਨਰਾਂ ਵਲੋਂ ਇਹ ਰਿਪੋਰਟ ਮਾਲ ਤੇ ਪੁਨਰਵਾਸ ਵਿਭਾਗ ਨੂੰ ਭੇਜੀ ਗਈ ਹੈ। ਸਰਕਾਰ ਨੇ ਅਜਿਹੇ ਸਰਵੇਖਣ ਦੇ ਆਧਾਰ 'ਤੇ ਪੀੜਤ ਵਿਅਕਤੀਆਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ।

ਪ੍ਰਾਪਤ ਜਾਣਕਾਰੀ ਮੁਤਾਬਕ ਭੀੜ ਵਲੋਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਮੁਕਤਸਰ ਤੇ ਨਵਾਂ ਸ਼ਹਿਰ ਜ਼ਿਲਿਆਂ 'ਚ ਜਿਹੜੇ ਨਿੱਜੀ ਵਾਹਨਾਂ ਦੀ ਭੰਨ ਤੋੜ ਜਾਂ ਸਾੜ ਫੂਕ ਕੀਤੀ ਗਈ, ਉਨ੍ਹਾਂ ਦੀ ਕੀਮਤ ਇਕ ਕਰੋੜ 12 ਲੱਖ ਰੁਪਏ ਬਣਦੀ ਹੈ। ਡਿਪਟੀ ਕਮਿਸ਼ਨਰਾਂ ਦੀਆਂ ਰਿਪੋਰਟਾਂ ਮੁਤਾਬਕ ਹੁਸ਼ਿਆਰਪੁਰ 'ਚ 9 ਲੱਖ 19 ਹਜ਼ਾਰ, ਕਪੂਰਥਲਾ 'ਚ 1 ਲੱਖ 15 ਹਜ਼ਾਰ, ਮੁਕਤਸਰ 'ਚ 50 ਹਜ਼ਾਰ ਤੇ ਨਵਾਂ ਸ਼ਹਿਰ 'ਚ 8.15 ਲੱਖ ਰੁਪਏ ਦੀ ਕੀਮਤ ਦੇ ਨਿੱਜੀ ਵਾਹਨ ਹਨ, ਜਿਨ੍ਹਾਂ ਨੂੰ ਭੜਕੀ ਭੀੜ ਨੇ ਸਾੜ ਦਿੱਤਾ ਜਾਂ ਬੁਰੀ ਤਰ੍ਹਾਂ ਭੰਨ ਦਿੱਤਾ। ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੁਕਤਸਰ ਅਤੇ ਨਵਾਂ ਸ਼ਹਿਰ 'ਚ 2 ਕਰੋੜ 47 ਲੱਖ ਰੁਪਏ ਦਾ ਨੁਕਸਾਨ ਹੋਇਆ। ਸਰਕਾਰੀ ਰਿਪੋਰਟਾਂ ਮੁਤਾਬਕ ਅੰਮ੍ਰਿਤਸਰ ਜ਼ਿਲੇ 'ਚ 1.83 ਲੱਖ, ਹੁਸ਼ਿਆਰਪੁਰ 'ਚ 19.5 ਲੱਖ, ਜਲੰਧਰ 'ਚ 94.5 ਲੱਖ, ਕਪੂਰਥਲਾ 'ਚ 1 ਕਰੋੜ 10 ਲੱਖ, ਲੁਧਿਆਣਾ 'ਚ 5.80 ਲੱਖ, ਮੁਕਤਸਰ 'ਚ 7.5 ਲੱਖ ਅਤੇ ਨਵਾਂ ਸ਼ਹਿਰ 'ਚ 14.9 ਲੱਖ ਰੁਪਏ ਦੀ ਨਿੱਜੀ ਜਾਇਦਾਦ ਤਬਾਹ ਕਰ ਦਿੱਤੀ ਗਈ।


ਭੀੜਾਂ ਵਲੋਂ ਇਕ ਕਰੋੜ 32 ਲੱਖ ਰੁਪਏ ਦੀ ਕੀਮਤ ਦੇ ਸਰਕਾਰੀ ਵਾਹਨਾਂ ਨੂੰ ਤਬਾਹ ਕਰ ਦਿੱਤਾ ਗਿਆ, ਜਿਨ੍ਹਾਂ 'ਚ ਅੰਮ੍ਰਿਤਸਰ 'ਚ 1 ਕਰੋੜ 6 ਹਜ਼ਾਰ, ਹੁਸ਼ਿਆਰਪੁਰ 'ਚ 4.74 ਲੱਖ, ਜਲੰਧਰ 'ਚ 86.63 ਲੱਖ, ਕਪੂਰਥਲਾ 'ਚ 18.55 ਲੱਖ, ਲੁਧਿਆਣਾ 'ਚ 6.95 ਲੱਖ, ਮੁਕਤਸਰ 'ਚ 19 ਹਜ਼ਾਰ 800, ਸੰਗਰੂਰ 'ਚ 15,000 ਅਤੇ ਨਵਾਂ ਸ਼ਹਿਰ 'ਚ 13 ਲੱਖ 5 ਹਜ਼ਾਰ ਰੁਪਏ ਦੀ ਕੀਮਤ ਦੇ ਸਰਕਾਰੀ ਵਾਹਨ ਸ਼ਾਮਲ ਹਨ। ਡਿਪਟੀ ਕਮਿਸ਼ਨਰਾਂ ਦੀਆਂ ਇਨ੍ਹਾਂ ਰਿਪੋਰਟਾਂ ਮੁਤਾਬਕ ਭੀੜਾਂ ਨੇ ਸਭ ਤੋਂ ਵਧ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਜਿਸ ਦਾ ਅੰਦਾਜ਼ਾ ਸਾਢੇ 26 ਕਰੋੜ ਦੇ ਕਰੀਬ ਲਾਇਆ ਗਿਆ ਹੈ।

ਰਿਪੋਰਟ ਮੁਤਾਬਕ ਜਲੰਧਰ 'ਚ 26 ਕਰੋੜ 34 ਲੱਖ 67 ਹਜ਼ਾਰ ਰੁਪਏ, ਨਵਾਂ ਸ਼ਹਿਰ 'ਚ 4 ਲੱਖ 45 ਹਜ਼ਾਰ, ਕਪੂਰਥਲਾ 'ਚ 11 ਲੱਖ 10 ਹਜ਼ਾਰ ਰੁਪਏ ਤੇ ਫਿਰੋਜ਼ਪੁਰ 'ਚ 10,000 ਰੁਪਏ ਦੀ ਕੀਮਤ ਦੀ ਸਰਕਾਰੀ ਜਾਇਦਾਦ ਨਸ਼ਟ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਵਿਆਨਾ 'ਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ 'ਤੇ ਕਾਤਲਾਨਾ ਹਮਲੇ ਅਤੇ ਉਪ ਮੁਖੀ ਦੇ ਕਤਲ ਤੋਂ ਬਾਅਦ ਪੰਜਾਬ ਦੇ ਕਈ ਸ਼ਹਿਰਾਂ 'ਚ ਹਿੰਸਾ ਭੜਕ ਪਈ ਸੀ। ਕੁਝ ਗੈਰ-ਸਰਕਾਰੀ ਸੰਗਠਨਾਂ ਨੇ ਹਿੰਸਾ ਕਾਰਨ ਕਰੀਬ 8000 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਾਇਆ ਸੀ।

ਇਨ੍ਹਾਂ ਸੰਗਠਨਾਂ ਵਲੋਂ ਲਗਾਏ ਗਏ ਇਸ ਅਨੁਮਾਨ 'ਚ ਸਰਕਾਰੀ ਤੇ ਗੈਰ-ਸਰਕਾਰੀ ਜਾਇਦਾਦਾਂ ਜਾਂ ਵਾਹਨਾਂ ਦੀ ਭੰਨਤੋੜ ਤੋਂ ਇਲਾਵਾ ਸਰਕਾਰੀ ਤੇ ਨਿੱਜੀ ਕਾਰੋਬਾਰੀ ਅਦਾਰਿਆਂ ਦੇ ਬੰਦ ਰਹਿਣ ਨਾਲ ਹੋਏ ਮਾਲੀ ਨੁਕਸਾਨ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਡਿਪਟੀ ਕਮਿਸ਼ਨਰਾਂ ਵਲੋਂ ਮਾਲ ਤੇ ਪੁਨਰਵਾਸ ਵਿਭਾਗ ਨੂੰ ਹਾਲ ਹੀ 'ਚ ਜਿਹੜੀਆਂ ਰਿਪੋਰਟਾਂ ਭੇਜੀਆਂ ਗਈਆਂ ਹਨ, ਉਹ ਸਿਰਫ਼ ਸਰਕਾਰੀ ਤੇ ਨਿੱਜੀ ਜਾਇਦਾਦ ਦੇ ਨੁਕਸਾਨ ਦੇ ਸਰਵੇਖਣ ਦੀਆਂ ਹੀ ਰਿਪੋਰਟਾਂ ਹਨ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808

balwindernats@yahoo.com

14320 Slover Ave., Fontana, CA 92337

ਮਾਨਤਾ ਪ੍ਰਾਪਤ

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

Toll Free No. (866) 933-3038

*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟੇਰਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।



ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।

Call: Kashmir Singh

916-564-3455

4585 Pell Dr. Secramento CA, 95838

**ਘਰਾਂ ਦੀ ਮਾਰਕੀਟ**

# ਕਾਗਜ਼ਾਂ ਅਤੇ ਰਕਮਾਂ ਦਾ ਅਦਾਨ-ਪ੍ਰਦਾਨ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਇਸ ਘਰ ਦੇ ਬਿਜਲੀ ਦੇ ਬਿੱਲ, ਪਾਣੀ ਦੇ ਬਿੱਲ ਜਾਂ ਕੋਈ ਹੋਰ ਟੈਕਸ ਬਕਾਇਆ ਤਾਂ ਨਹੀਂ। ਇਹ ਘਰ ਕਿਧਰੇ ਬੈਂਕ ਪਾਸੋਂ ਕਰਜ਼ਾ ਲਿਆ ਹੋਣ ਕਰਕੇ ਪਹਿਲਾਂ ਤੋਂ ਹੀ ਗਹਿਣੇ ਤਾਂ ਨਹੀਂ। ਕਿਧਰੇ ਇਸ ਘਰ ਦੀ ਉਸਾਰੀ ਪਹਿਲਾਂ ਗੈਰ-ਕਾਨੂੰਨੀ

**ਪ੍ਰਿੰਸੀਪਲ ਰਾਜ ਸਿੰਘ**

ਤਾਂ ਨਹੀਂ ਕੀਤੀ ਹੋਈ ਜਾਂ ਕਿਧਰੇ ਇਸ ਨੂੰ ਢਾਹੁਣ ਦੇ ਹੁਕਮ ਤਾਂ ਜਾਰੀ ਨਹੀਂ ਹੋ ਚੁੱਕੇ।

ਉਪਰੋਕਤ ਗੱਲਾਂ ਦਾ ਪਤਾ ਲਾਉਂਦਿਆਂ ਲਾਉਂਦਿਆਂ ਜਾਂ ਦਫ਼ਤਰਾਂ ਵਿਚ ਧੱਕੇ ਖਾਂਦਿਆਂ ਖਾਂਦਿਆਂ ਤੁਹਾਡੀ ਜੁੱਤੀਆਂ ਦੇ ਤਲੇ ਘੱਸ ਜਾਇਆ ਕਰਦੇ ਸਨ। ਇਸ ਸਭ ਦਾ ਪਤਾ ਕਰਨ ਲਈ ਜੇਬ੍ਹ ਢਿੱਲੀ ਕਰਨ ਦੇ ਬਾਵਜੂਦ ਕੋਈ ਨਾ ਕੋਈ ਇੰਕੁਆਰੀ ਅਜੇ ਬਾਕੀ ਰਹਿ ਹੀ ਜਾਂਦੀ ਸੀ।

ਅਮਰੀਕਾ ਵਿਚ ਐਨੀਆਂ ਇੰਕੁਆਰੀਆਂ ਕਿਸ ਤਰ੍ਹਾਂ ਪ੍ਰਾਪਤ ਕਰੋਗੇ ਜਾਂ ਅਸੀਂ ਆਖ ਸਕਦੇ ਹਾਂ ਕਿ ਇਨ੍ਹਾਂ ਚੀਜ਼ਾਂ ਦੀ ਤਫਤੀਸ਼ ਕਰਨੀ ਇਥੇ ਖਾਲਾ ਜੀ ਦਾ ਵਾੜਾ ਨਹੀਂ। ਤੁਸੀਂ ਹੈਰਾਨ ਹੋਵੋਗੇ ਕਿ ਅਮਰੀਕਾ ਵਿਚ ਇਸ ਸਭ ਦੇ ਬਾਵਜੂਦ ਤੁਹਾਨੂੰ ਇਹਨਾਂ ਸਾਰੀਆਂ ਇੰਕੁਆਰੀਆਂ ਲਈ ਖੱਜਲ-ਖੁਆਰ ਨਹੀਂ ਹੋਣਾ ਪੈਣਾ, ਕਿਉਂਕਿ ਜਦੋਂ ਤੁਸੀਂ ਘਰ ਖਰੀਦਣਾ ਹੈ ਤਾਂ ਟਾਈਟਲ ਕੰਪਨੀਆਂ ਨੇ ਮਿੱਥੀ ਹੋਈ ਫੀਸ ਦੀ ਰਕਮ ਲੈ ਕੇ ਇਹ ਸਾਰਾ ਕੰਮ ਹੱਥੋਂ ਹੱਥੀ ਕਰਕੇ ਜ਼ਿੰਮੇਵਾਰੀ ਚੁੱਕ ਲੈਣੀ ਹੁੰਦੀ ਹੈ।

ਇਸ ਮੁੱਢਲੀ ਰਿਪੋਰਟ ਵਿਚੋਂ ਐਸਕਰੋਕਰਤਾ ਨੂੰ ਬਹੁਤ ਹੀ ਮਹੱਤਵਪੂਰਨ ਤੇ ਜ਼ਰੂਰੀ ਜਾਣਕਾਰੀਆਂ ਪ੍ਰਾਪਤ ਹੋ ਜਾਣੀਆਂ ਹੁੰਦੀਆਂ ਹਨ। ਐਸਕਰੋਕਰਤਾ ਨੂੰ ਪੂਰਾ ਪੂਰਾ ਗਿਆਨ ਹੋ ਜਾਣਾ ਹੁੰਦਾ ਹੈ ਕਿ ਸਾਰੀਆਂ ਧਿਰਾਂ ਦੀਆਂ ਕੀ ਕੀ ਯੋਗਤਾਵਾਂ, ਰਜ਼ਾਮੰਦੀਆਂ, ਸ਼ਰਤਾਂ ਤੇ ਬੰਦਸ਼ਾਂ ਹਨ। ਜਿਹੜਾ ਸੁਪਨਿਆਂ ਦਾ ਘਰ ਤੁਸੀਂ ਸਾਰਿਆਂ ਨੇ ਮਹੀਨਾ ਲਾ ਕੇ ਤਲਾਸ਼ਿਆ ਸੀ ਤੇ ਆਪਣਾ ਆਲ੍ਹਣਾ ਬਣਾਉਣ ਲਈ ਪਸੰਦ ਕੀਤਾ ਸੀ, ਹੁਣ ਇਸ ਮੁੱਢਲੀ ਰਿਪੋਰਟ ਨੇ ਦੱਸਣਾ ਹੈ ਕਿ ਇਹ ਖਰੀਦ ਕਰਨ ਦੀਆਂ ਸਾਰੀਆਂ ਕਸਵੱਟੀਆਂ ਉਪਰ ਖ਼ਰਾ ਵੀ ਉਤਰਦਾ ਹੈ ਕਿ ਨਹੀਂ।

ਇਸ ਰਿਪੋਰਟ ਤੋਂ ਇਹ ਵੀ ਪਤਾ ਲੱਗ ਜਾਣਾ ਹੁੰਦਾ ਹੈ ਕਿ ਮਲਕੀਅਤ ਦਾ ਮਾਲਕ, ਕਿਸ ਤਰ੍ਹਾਂ ਦੀ ਮਾਲਕੀ ਰੱਖਦਾ ਹੈ। ਇਹ ਉਸ ਦੇ ਨਾਂ ਇਕੱਲਿਆਂ ਹੈ ਜਾਂ ਸਾਂਝੀ ਹੈ, ਜਾਂ ਹਿੱਸੇਦਾਰੀ ਹੈ ਜਾਂ ਕਮਿਊਨਿਟੀ ਪ੍ਰਾਪਰਟੀ ਹੈ, ਜਾਂ ਕੋਈ ਹੋਰ ਕਿਸਮ ਹੈ। ਉਹ ਸਾਰੀਆਂ ਰਿਕਾਰਡ ਹੋ ਜਾਣ ਵਾਲੀਆਂ ਗੱਲਾਂ ਜਿਨ੍ਹਾਂ ਦਾ ਘਰ ਦੇ ਬਣਨ ਵਾਲੇ ਮਾਲਕ 'ਤੇ ਡੂੰਘਾ ਤੇ ਸਿੱਧਾ ਪ੍ਰਭਾਵ ਪੈਣਾ ਹੁੰਦਾ ਹੈ, ਦਾ ਅਗਾਊਂ ਪਤਾ ਲੱਗ ਜਾਣਾ ਹੁੰਦਾ ਹੈ।

ਇਸ ਰਿਪੋਰਟ ਵਿਚੋਂ ਸਾਰੀਆਂ ਹੱਦਾਂ ਤੇ ਹੱਕ ਹਕੂਕ ਦੇ ਨਾਲ ਨਾਲ ਪਲਾਟ ਦੇ ਨਕਸ਼ੇ ਦੀ ਵੀ ਪੂਰੀ ਪੂਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਇਕ ਘਰ ਭਾਵੇਂ ਦੇਖਣ ਨੂੰ ਇਕ ਹੀ ਲੱਗੇ ਜਦੋਂ ਉਸ ਦੀ ਬਰੀਕੀ ਨਾਲ ਛਾਣਬੀਣ ਹੋਣੀ ਹੈ ਤਾਂ ਇਨ੍ਹਾਂ ਦੋਹਾਂ ਘਰਾਂ ਨੇ ਵੀ ਆਪਣੀ ਅਲੱਗ-ਅਲੱਗ ਪਹਿਚਾਣ ਦੇਣੀ ਹੈ। ਸੋ ਮੁੱਢਲੀ ਰਿਪੋਰਟ ਜਾਰੀ ਕਰਨ ਵਾਲੇ ਨੇ ਇਸ ਗੱਲ ਦੀ ਵੀ ਘੋਖ ਕਰ ਲੈਣੀ ਹੁੰਦੀ ਹੈ ਕਿ ਇਸ ਦੀ ਮਾਲਕੀ ਵਿਚ ਕੋਈ ਛੁਪਿਆ ਮਾਲਕ ਤਾਂ ਨਹੀਂ ਜਾਂ ਕਿਧਰੇ ਪਤੀ ਪਤਨੀ ਦਾ ਆਪਸ ਵਿਚ ਤਲਾਕ ਹੋਣ ਕਰਕੇ ਇਸ ਜਾਇਦਾਦ ਨੂੰ ਵੇਚਣ ਵਾਲਾ ਆਪਣਾ ਕਾਨੂੰਨੀ ਹੱਕ ਤਾਂ ਨਹੀਂ ਗੁਆ ਚੁੱਕਾ।

ਖਰੀਦੀ ਜਾਣ ਵਾਲੀ ਜਾਇਦਾਦ ਜਾਂ ਘਰ ਦੀਆਂ ਮੌਜੂਦਾ ਹੱਦਾਂ ਕਈ ਵਾਰੀ ਪਲਾਟ ਦੇ ਨਕਸ਼ੇ ਨਾਲ ਮੇਲ ਨਹੀਂ ਖਾ ਰਹੀਆਂ ਹੁੰਦੀਆਂ ਤਾਂ ਆਂਢੀਆਂ ਗੁਆਂਢੀਆਂ ਦੀ ਫੈਂਸ ਅਸਲੀ ਥਾਂ ਨਹੀਂ ਹੁੰਦੀ। ਇਸ ਤਰ੍ਹਾਂ ਪਤਾ ਲੱਗ ਜਾਣਾ ਹੁੰਦਾ ਹੈ ਕਿ ਮੌਕੇ ਦੇ ਮਾਲਕ ਨੇ ਮੌਕੇ 'ਤੇ ਅਮਰੀਕਨ ਜੋਨਿੰਗ ਕਾਨੂੰਨ ਦੀਆਂ ਧਾਰਾਵਾਂ ਦੀ ਉਲੰਘਣਾ ਤਾਂ ਨਹੀਂ ਕੀਤੀ ਹੋਈ। ਇਸ ਦੇ ਨਾਲ ਇਸ ਮੁੱਢਲੀ ਰਿਪੋਰਟ ਨੇ ਇਹ ਵੀ ਸਪੱਸ਼ਟ ਕਰ ਦੇਣਾ ਹੁੰਦਾ ਹੈ ਕਿ ਪਹਿਲੇ ਮਾਲਕ ਪਾਸ ਕਿਹੜੀ ਟਾਈਟਲ ਇੰਸ਼ੋਰੈਂਸ ਕੰਪਨੀ ਦੀ ਇੰਸ਼ੋਰੈਂਸ ਹੈ ਤੇ ਉਸ ਇੰਸ਼ੋਰੈਂਸ ਦੀ ਕਿਹੜੀ ਕਿਸਮ ਹੈ। ਇਹ ਕਿਹੜੀਆਂ ਕਿਹੜੀਆਂ ਚੀਜ਼ਾਂ ਨੂੰ ਕਵਰ ਕਰਦੀ ਹੈ ਜਾਂ ਕਿਹੜੀਆਂ ਕਿਹੜੀਆਂ ਚੀਜ਼ਾਂ ਇਸ ਵਿਚ ਸ਼ਾਮਲ ਨਹੀਂ ਹਨ ਦਾ ਪੂਰਾ ਪੂਰਾ ਤੇ ਠੀਕ ਠੀਕ ਵੇਰਵਾ ਆ ਜਾਣਾ ਹੁੰਦਾ ਹੈ।

ਇਸ ਮੌਕੇ ਵਾਲੀ ਜਾਇਦਾਦ ਜਾਂ ਘਰ ਨੂੰ ਖੁਦ ਖਰੀਦਣ ਸਮੇਂ ਤੇ ਹੁਣ ਵੇਚਣ ਵਾਲੇ ਨੇ ਲੋਨ ਲੈਣ ਲਈ ਜੋ ਸ਼ਾਹੂਕਾਰ ਨੂੰ ਡੀਡ ਆਫ ਟਰੱਸਟ ਦਿੱਤੀ ਸੀ, ਉਸ ਦੇ ਵੇਰਵੇ ਵੀ ਆ ਜਾਣੇ ਹੁੰਦੇ ਹਨ।

ਆਪਣੇ ਦਿਮਾਗ ਦਾ ਇਕ ਵਾਰੀ ਫਿਰ ਬੈਕ ਗੇਅਰ ਲਾਵੋ ਤਾਂ ਜਾਣ ਜਾਵੋਗੇ ਕਿ ਪੰਜਾਬ ਸਰਕਾਰ ਨੋਟੀਫਿਕੇਸ਼ਨ ਜਾਂ ਸਰਕਾਰੀ ਹੁਕਮ ਚਾੜ੍ਹ ਕੇ ਕੋਈ ਵੀ ਜਾਇਦਾਦ ਵਾਜ਼ਿਬ ਤੇ ਸਰਕਾਰੀ ਰੇਟ 'ਤੇ ਮੁੜ ਵਾਪਸ ਕਰ ਲੈਂਦੀ ਸੀ। ਉਥੇ ਆਪਾਂ ਇਸ ਨੂੰ ਅਕਵਾਇਰਡ ਆਖਦੇ ਸੀ। ਅਮਰੀਕਨ ਸਰਕਾਰ ਇਸ ਸਾਰੇ ਕੰਮ ਨੂੰ ਪੂਰਾ ਕਰਨ ਲਈ ਭਾਵ ਵਾਜ਼ਿਬ ਤੇ ਸਰਕਾਰੀ ਰੇਟ 'ਤੇ ਮਲਕੀਅਤ ਵਾਪਸ ਲੈ ਲੈਣ ਨੂੰ ਈਜ਼ਮੈਂਟ ਆਖ ਦਿੰਦੀ ਹੈ। ਇਸ ਦੀ ਜਾਣਕਾਰੀ ਵੀ ਮੁੱਢਲੀ ਰਿਪੋਰਟ ਨੇ ਦੇ ਦੇਣੀ ਹੁੰਦੀ ਹੈ।

ਇਹ ਰਿਪੋਰਟ ਇਹ ਵੀ ਪਤਾ ਲਗਾ ਕੇ ਦੱਸ ਦਿੰਦੀ ਹੈ ਕਿ ਮੌਕੇ ਦੇ ਮਾਲਕ ਨੇ ਪਹਿਲਾਂ ਤੋਂ ਹੀ ਕਿਹੜੇ ਕਿਹੜੇ ਕੌਲ ਇਕਰਾਰ ਕਰ ਰੱਖੇ ਹਨ ਜਾਂ ਉਸ ਉਪਰ ਕੀ ਕੀ ਸ਼ਰਤਾਂ ਤੇ ਬੰਦਸ਼ਾਂ ਹਨ। ਇਸ ਗੱਲ ਦਾ ਵੀ ਰਿਪੋਰਟ ਨੇ ਹੀ ਦੱਸਣਾ ਹੁੰਦਾ ਹੈ, ਜਿਵੇਂ ਕਿ ਮਾਲਕ ਦੀ ਡੀਡ ਵਿਚ ਪਹਿਲਾਂ ਹੀ ਸ਼ਰਤ ਤੇ ਬੰਦਸ਼ ਹੈ ਕਿ ਜੇ ਉਹ ਆਪਣੇ ਘਰ ਦੇ ਅੰਦਰ ਜਾਂ ਬਾਹਰ ਕੋਈ ਖੋਖਾ ਜਾਂ ਸਟਾਲ ਵਗੈਰਾ ਲਾ ਕੇ ਗੜਬੜੀ ਕਰਦਾ ਹੈ ਤਾਂ ਆਂਢੀ-ਗੁਆਂਢੀ ਇਸ ਦੀ ਸ਼ਿਕਾਇਤ ਕਾਊਂਟੀ ਪਾਸ ਕਰਕੇ ਉਸਨੂੰ ਇਸ ਕੰਮ ਤੋਂ ਵਰਜ ਸਕਦੇ ਹਨ।

ਠੀਕ ਇਸੇ ਤਰ੍ਹਾਂ ਜੋ ਜਾਇਦਾਦ ਨੂੰ ਵੇਚਣ ਲੱਗਿਆਂ ਉਸ ਉਪਰ ਪਹਿਲਾਂ ਤੋਂ ਹੀ ਸ਼ਰਤ ਮੌਜੂਦ ਹੈ ਕਿ ਇਸ ਜਾਇਦਾਦ ਵਿਚ ਕੋਈ ਸ਼ਰਾਬ ਵਗੈਰਾ ਨਹੀਂ ਵਰਤਾ ਸਕਦਾ ਤਾਂ ਕੋਈ ਵਿਅਕਤੀ ਖਰੀਦ ਕੇ ਇਸ ਦੀ ਉਲੰਘਣਾ ਕਰਦਾ ਹੈ ਤਾਂ ਪਹਿਲਾਂ ਵਾਲਾ ਮਾਲਕ ਵੇਚੀ ਹੋਈ ਮਲਕੀਅਤ 'ਤੇ ਦਾਅਵਾ ਠੋਕ ਕੇ ਵਾਪਸ ਲੈ ਸਕਦਾ ਹੈ। ਹੋਰ ਜੋ ਤੁਸੀਂ ਪਹਿਲੇ ਸ਼ਾਹੂਕਾਰ ਪਾਸੋਂ ਕਰਜ਼ਾ ਘਰ ਖਰੀਦਣ ਲਈ ਲਿਆ ਸੀ ਤੇ ਹੁਣ ਇਸ ਨੂੰ ਵੇਚਣ ਲੱਗਿਆਂ ਇਸ ਦਾ ਕਿੰਨਾ ਬਕਾਇਆ ਹੈ, ਦਾ ਵੀ ਇਸ ਰਿਪੋਰਟ ਨੇ ਸਪੱਸ਼ਟ ਕਰ ਦੇਣਾ ਹੁੰਦਾ ਹੈ।

## ਰਵਿੰਦਰ ਸਿੰਘ ਨੇ ਕੌਂਸਲਰ ਦੀ ਚੋਣ ਜਿੱਤੀ

**ਨਿਊ ਜਰਸੀ:** ਨਿਊ ਜਰਸੀ ਦੇ ਹੋਬੋਕਨ ਵਿਚ ਮੇਅਰ ਅਤੇ ਕੌਂਸਲ ਲਈ ਬੀਤੇ ਹਫਤੇ ਹੋਈਆਂ ਚੋਣਾਂ ਵਿਚ ਇਕ ਸਿੱਖ ਸ. ਰਵਿੰਦਰ ਸਿੰਘ ਭੱਲਾ ਨੇ ਕੌਂਸਲਰ ਦੀ ਚੋਣ ਵਿਚ ਰਿਕਾਰਡ ਤੋੜ ਵੋਟਾਂ ਪ੍ਰਾਪਤ ਕਰ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਚੋਣ ਮੁਹਿੰਮ ਦੌਰਾਨ ਰਵਿੰਦਰ ਸਿੰਘ ਵਿਰੁਧ ਨਸਲਭੇਦੀ ਭਾਸ਼ਣ ਵੀ ਕੀਤੇ ਗਏ, ਪਰ ਲੋਕਾਂ ਨੇ ਅਜਿਹੀ ਨਾਕਾਰਤਮਕ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਨਾਕਾਰ ਦਿਤਾ ਅਤੇ ਰਵਿੰਦਰ ਸਿੰਘ ਦੇ ਹੱਕ ਵਿਚ ਹੀ ਭੁਗਤੇ।


ਸ. ਰਵਿੰਦਰ ਸਿੰਘ

ਅਪਣੀ ਜਿੱਤ ਪਿਛੋਂ ਰਵਿੰਦਰ ਸਿੰਘ ਭੱਲਾ ਨੇ ਕਿਹਾ, "ਇਨ੍ਹਾਂ ਚੋਣਾਂ ਨੇ ਸਾਬਤ ਕਰ ਦਿਤਾ ਹੈ ਕਿ ਕਿਸੇ ਵੀ ਦੇਸ਼ ਵਿਚ ਜੇ ਇਕ ਸਿੱਖ ਜਨਤਕ ਮੁੱਦੇ ਸਾਹਮਣੇ ਰੱਖ ਦੇ ਚੋਣ ਲੜੇ ਤਾਂ ਯਕੀਨੀ ਤੌਰ 'ਤੇ ਕਾਮਯਾਬ ਹੋ ਸਕਦਾ ਹੈ।"

ਉਨ੍ਹਾਂ ਕਿਹਾ ਕਿ ਸਾਡੀ ਕੌਮ ਉਦੋਂ ਹੀ ਬੁਲੰਦੀਆਂ ਤਕ ਪਹੁੰਚ ਸਕਦੀ ਹੈ, ਜੇ ਅਸੀਂ ਦੂਜੀਆਂ ਕੌਮਾਂ ਦੇ ਭਲੇ ਲਈ ਵੀ ਸੋਚੀਏ। ਦਸਿਆ ਜਾ ਰਿਹਾ ਹੈ ਕਿ ਰਵਿੰਦਰ ਸਿੰਘ ਗਬਰਨਾਟੋਰੀਅਲ ਉਮੀਦਵਾਰ ਡਾਨ ਜ਼ੀਮਰ, ਜਿਹੜੇ ਬਹੁਤ ਹੀ ਘੱਟ ਫ਼ਰਕ ਨਾਲ ਅਪਣੇ ਵਿਰੋਧੀ ਤੋਂ ਅੱਗੇ ਹਨ, ਦੀ ਸਲੇਟ (ਧੜਾ) ਨਾਲ ਸਬੰਧਤ ਹਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**

***ਨਕਲੀ ਹਰਿਮੰਦਰ ਸਾਹਿਬ ਦਾ 22 ਸਾਲ ਤੱਕ ਨਿਰਮਾਣ ਹੁੰਦਾ ਰਿਹਾ, ਪਰ ਕਿਸੇ ਨੇ ਧਿਆਨ ਕਿਉਂ ਨਹੀਂ ਦਿੱਤਾ?**

-ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਸਿਆਸੀ ਮਾਲਕਾਂ ਦੀ ਚਾਪਲੂਸੀ 'ਚ ਰੁੱਝੇ ਰਹੇ, ਸ਼ਰਧਾਵਾਨ ਸਿੱਖ ਸੰਤ ਬਾਬਿਆਂ ਦੇ ਡੇਰਿਆਂ ਦੀ ਰੌਣਕ ਵਧਾਉਂਦੇ ਰਹੇ, ਨੌਜਵਾਨ ਨਸ਼ਿਆਂ 'ਚ ਮਸਤ ਅਖੌਤੀ ਸਭਿਆਚਾਰਕ ਮੇਲਿਆਂ 'ਚ ਭੰਗੜੇ ਪਾਉਂਦੇ ਰਹੇ। ਤੁਸੀਂ ਹੀ ਦੱਸੋ ਧਿਆਨ ਦੇਣ ਦਾ ਵਕਤ ਕੀਹਦੇ ਕੋਲ ਸੀ?

***ਪੰਜਾਬ ਸਰਕਾਰ ਵਲੋਂ ਇਸ਼ਮੀਤ ਸਿੰਘ (ਮਰਹੂਮ ਗਾਇਕ) ਦੀ ਯਾਦ ਵਿਚ ਟਰੱਸਟ ਦੀ ਸਥਾਪਨਾ**

-ਗੰਦੀ ਸੋਚ ਦੇ ਮਾਲਕ ਹੁਣ ਸ਼ਹੀਦਾਂ ਦੀਆਂ ਯਾਦਗਾਰਾਂ ਤਾਂ ਬਣਾਉਣੋਂ ਰਹੇ।

***ਦਰਬਾਰ ਸਾਹਿਬ ਦੀ ਨਕਲ ਦੀ ਇਜਾਜ਼ਤ ਨਹੀਂ ਦਿਆਂਗੇ-ਜਥੇਦਾਰ ਗੁਰਬਚਨ ਸਿੰਘ**

-ਜਥੇਦਾਰ ਜੀ! ਅੱਖਾਂ ਖੋਲ੍ਹ ਕੇ ਵੇਖੋ, ਅਗਲੇ ਤਾਂ ਇਮਾਰਤ ਬਣਾਈ ਬੈਠੇ ਆ।

***ਸਿਹਤ ਲਈ ਨੁਕਸਾਨਦੇਹ ਹੈ ਸੈਲ ਫੋਨ-ਡਾਕਟਰ**

-ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਸੈਲ ਫੋਨ 'ਤੇ ਕਾਲ ਕਰੋ।

***ਨਾਇਕ ਵਜੋਂ ਉਭਰ ਰਹੇ ਹਨ ਸੰਤ ਭਿੰਡਰਾਂਵਾਲੇ**

-ਜਦ ਜ਼ਿੰਦਗੀ ਨੂੰ ਜੀਣਾ ਬਣਕੇ ਸਵਾਲ ਆਇਆ, ਫਿਰ ਵਾਰ ਵਾਰ ਮੈਨੂੰ ਤੇਰਾ ਖਿਆਲ ਆਇਆ।

***ਕੈਨੇਡਾ ਵਿਚ ਪੰਜਾਬੀਆਂ ਨੇ ਵੱਖਰੀ ਪਛਾਣ ਬਣਾਈ**

-ਬਣਾ ਤਾਂ ਅਸੀਂ ਅਮਰੀਕਾ ਵਿਚ ਵੀ ਲਈਏ, ਪਰ ਐਫ.ਬੀ.ਆਈ. ਵਾਲੇ ਪੇਸ਼ ਹੀ ਨਹੀਂ ਜਾਣ ਦਿੰਦੇ।

***ਹੁਣ ਗੋਰੇ ਲਾਉਣਗੇ ਪੰਜਾਬੀ ਭਾਸ਼ਾ ਦੇ ਬੂਟੇ ਨੂੰ ਪਾਣੀ**

-ਚੰਗੀ ਗੱਲ ਐ, ਵੈਸੇ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ 'ਚ ਤੇਲ ਵੀ ਇਨ੍ਹਾਂ ਦੀ ਭਾਸ਼ਾ ਨੇ ਈ ਪਾਇਐ।

***ਨਿਊ ਯਾਰਕ ਵਿਚ ਪੰਜਾਬੀ ਗਾਇਕਾਂ ਨੇ ਮੇਲਾ ਲੁਟਿਆ**

-ਸ਼ਾਬਾਸ਼ੇ! ਪੰਜਾਬ 'ਚ ਵੀ ਲੋਕਾਂ ਨੂੰ ਕੰਗਾਲ ਤੇ ਕਰਜ਼ਈ ਕੀਤਾ ਤੇ ਹੁਣ 'ਲੁੱਟਾਂ-ਖੋਹਾਂ' ਇਥੇ ਆ ਕੇ ਵੀ ਕਰੀ ਜਾਂਦੇ ਓ!


**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**



**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250



**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler

Color
Facial, Threading
Bridal Make-up
Body Art (Henna)

**TONY**
**26655 Mission Blvd.**
**Hayward, CA 94544**

*Wednesday thru Monday 10 am to 7pm, Sunday 11 am to 6.00 pm Tuesday closed*

**Ph: 510-582-2472 Cell: (510) 825-0820**




**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH
M.A., M.Ed Retd. Principal
Realtor & Financial Adviser
Lic#01776459 & OG22467

**ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।**

**Refinance, Home Loan, SBA Loan**
**(All at Best Rates)**

**RAJ SINGH**

**Cell:510-452-7370**

**Notary Free**

*30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।*

MISSIONPEAK BROKERS, INC.

46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 20 ਜੂਨ, 2009


*ਸੱਤਾ ਭ੍ਰਿਸ਼ਟ ਕਰਦੀ ਹੈ, ਮੁਕੰਮਲ ਸੱਤਾ ਮੁਕੰਮਲ ਭ੍ਰਿਸ਼ਟ ਕਰ ਦਿੰਦੀ -ਅਗਿਆਤ*

## ਸੰਪਾਦਕੀ

## ਆਰਥਕ ਪੁਨਰਉਥਾਨ ਸ਼ੁਰੂ?

ਇਕ ਪਾਸੇ ਤਾਂ ਪੂਰੇ ਦੇਸ਼ ਵਿਚ ਆਰਥਕਤਾ ਦੇ ਮੁੜ ਪੈਰਾਂ ਸਿਰ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ ਅਤੇ ਦੂਜੇ ਪਾਸੇ ਪੰਜਾਬ ਦੀ ਹਾਲਤ ਆਏ ਦਿਨ ਮੰਦੀ ਹੋਣ ਵਲ ਤੁਰਦੀ ਵਿਖਾਈ ਦੇ ਰਹੀ ਹੈ। ਪੰਜਾਬ ਦੇ ਇਸ ਮੰਦੇ ਹਾਲ ਦਾ ਕਾਰਨ ਕੋਈ ਹੋਰ ਨਹੀਂ, ਸਗੋਂ ਇਥੇ ਰਹੀਆਂ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਹੀ ਮੰਨੀਆਂ ਜਾ ਰਹੀਆਂ ਹਨ। ਦੇਸ਼ ਪੱਧਰ ਉੱਤੇ ਤਾਂ ਮਾਹਿਰਾਂ ਦਾ ਵਿਚਾਰ ਹੈ ਕਿ ਮੈਨੂਫੈਕਚਰਿੰਗ ਸੈਕਟਰ ਸਮੇਤ ਸਮੁੱਚੇ ਕਾਰੋਬਾਰ ਉਪਰ ਵਲ ਉੱਠ ਰਹੇ ਹਨ, ਉਥੇ ਪੰਜਾਬ ਦੀ ਨਾ ਸਿਰਫ ਸਨਅਤੀ ਖੇਤਰ ਦੀ ਆਰਥਿਕਤਾ ਹੀ ਮਾੜੇ ਹਾਲੀਂ ਹੈ, ਸਗੋਂ ਖੇਤੀ ਸੈਕਟਰ ਦਾ ਵਿਕਾਸ ਵੀ ਇਸ ਵਾਰ ਘਟਿਆ ਹੈ। ਕੁਝ ਖਬਰਾਂ ਅਨੁਸਾਰ ਭਾਵੇਂ ਮੰਡੀਆਂ ਵਿਚ ਹਾੜ੍ਹੀ ਦੀ ਫਸਲ ਦੌਰਾਨ ਕਣਕ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ, ਪਰ ਇਹ ਵਾਧਾ ਝੂਠਾ ਹੀ ਹੈ ਕਿਉਂਕਿ ਪੰਜਾਬ ਵਿਚ ਕਣਕ ਦੂਜੇ ਰਾਜਾਂ ਖਾਸ ਕਰਕੇ ਹਰਿਆਣਾ ਅਤੇ ਯੂ.ਪੀ. ਤੋਂ ਆਣ ਕੇ ਵੀ ਵਿਕੀ ਹੈ। ਅਸਲ ਵਿਚ ਇਸ ਕਣਕ ਦੀ ਆਮਦ ਕਾਰਨ ਹੀ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਉਂਜ ਹਰ ਕਿਸਾਨ ਇਹ ਆਖਦਾ ਹੈ ਕਿ ਪੱਕੀ ਫਸਲ ਵੇਲੇ ਹੋਈਆਂ ਬਾਰਸ਼ਾਂ ਕਾਰਨ ਕਣਕ ਦਾ ਝਾੜ ਪਿਛਲੇ ਸਾਲ ਨਾਲੋਂ ਕਾਫੀ ਘੱਟ ਗਿਆ ਹੈ। ਸਨਅਤੀ ਖੇਤਰ ਦਾ ਪਹਿਲਾਂ ਹੀ ਬੁਰਾ ਹਾਲ ਹੈ ਅਤੇ ਪੰਜਾਬ ਦੀਆਂ ਬਹੁਤ ਸਾਰੀਆਂ ਸਨਅਤਾਂ ਗੁਆਂਢੀ ਪਹਾੜੀ ਰਾਜ ਵਿਚ ਮਿਲਣ ਵਾਲੀਆਂ ਸਹੂਲਤਾਂ ਕਾਰਨ ਉਸ ਪਾਸੇ ਵਲ ਖਿਸਕ ਗਈਆਂ ਹਨ। ਪੰਜਾਬ ਦੀ ਆਰਥਿਕ ਹਾਲਤ ਦਾ ਪਤਾ ਇਸ ਤੱਥ ਤੋਂ ਵੀ ਲੱਗਦਾ ਹੈ ਕਿ ਪਿਛਲੇ ਦਿਨੀਂ ਪੰਜਾਬ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਕੇਂਦਰੀ ਖਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੂੰ ਮਿਲੇ ਸਨ ਅਤੇ ਉਨ੍ਹਾਂ ਅਰਜ ਕੀਤੀ ਸੀ ਕਿ ਪੰਜਾਬ ਵਿਚ ਮੁਲਾਜ਼ਮਾਂ ਦੀਆਂ ਵਧਣ ਵਾਲੀਆਂ ਤਨਖਾਹਾਂ ਦਾ ਅੱਧਾ ਭਾਰ ਕੇਂਦਰ ਸਰਕਾਰ ਵਲੋਂ ਉਠਾਇਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਖਜ਼ਾਨਾ ਮੰਤਰੀ ਨੇ ਕੇਂਦਰ ਸਰਕਾਰ ਤੋਂ ਇਹ ਵੀ ਮੰਗ ਕੀਤੀ ਸੀ ਕਿ ਗੁਆਂਢੀ ਰਾਜਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਨਅਤੀ ਖੇਤਰ ਦੀਆਂ ਸਹੂਲਤਾਂ ਬੰਦ ਕੀਤੀਆਂ ਜਾਣ ਕਿਉਂਕਿ ਇਨ੍ਹਾਂ ਨੇ ਪੰਜਾਬ ਦੀ ਸਨਅਤ ਉਜਾੜੇ ਮੂੰਹ ਲੈ ਆਂਦੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਇਨ੍ਹਾਂ ਵਿੱਤੀ ਔਕੜਾਂ ਕਰਕੇ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦੂਜੀ ਵਾਰ ਅਹੁਦਾ ਸੰਭਾਲਣ 'ਤੇ ਕਈ ਵਾਰ ਵਧਾਈਆਂ ਦੇ ਚੁੱਕੇ ਹਨ। ਵਧਾਈਆਂ ਦਾ ਇਹ ਮਰਾਸੀਪੁਣਾ ਅਸਲ ਵਿਚ ਵਿੱਤੀ ਨੰਗਪੁਣੇ ਕਾਰਨ ਹੀ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਰਾਜਨੀਤਕ ਆਗੂ ਖਾਸ ਕਰਕੇ ਅਕਾਲੀ ਆਗੂ ਭਾਵੇਂ ਕੇਂਦਰ ਸਰਕਾਰ ਉੱਪਰ ਪੰਜਾਬ ਨਾਲ ਵਿਤਕਰੇ ਦੇ ਬਥੇਰੇ ਦੋਸ਼ ਲਾਉਂਦੇ ਰਹਿੰਦੇ ਹਨ, ਪਰ ਉਹ ਆਪ ਕੁਝ ਵੀ ਕਰ ਨਹੀਂ ਪਾ ਰਹੇ। ਜੋ ਕੁਝ ਵੀ ਕਰਦੇ ਹਨ, ਰਾਜ ਦੀ ਆਰਥਿਕਤਾ ਅਤੇ ਵਿੱਤੀ ਖੇਤਰ ਨੂੰ ਉਜਾੜਨ ਲਈ ਹੀ ਕਰਦੇ ਹਨ। ਹਾਲ ਹੀ ਵਿਚ ਇਹ ਰਿਪੋਰਟਾਂ ਸਾਹਮਣੇ ਆਈਆਂ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਰਾਹਤ ਕੋਸ਼ ਵਿਚ ਜਮ੍ਹਾਂ ਕਰਵਾਈ ਜਾਣ ਵਾਲੀ ਰਕਮ ਆਫਤਾਂ ਜਾਂ ਦੁਰਘਟਨਾਵਾਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਨਹੀਂ ਦਿੱਤੀ ਗਈ, ਸਗੋਂ ਇਸ ਦੀ ਵੱਡੀ ਪੱਧਰ 'ਤੇ ਦੁਰਵਰਤੋਂ ਕੀਤੀ ਗਈ, ਬਹੁਤ ਸਾਰੀ ਰਕਮ ਦਾ ਤਾਂ ਪਤਾ ਹੀ ਨਹੀਂ ਲੱਗਦਾ ਕਿ ਕਿਥੇ ਚੱਲੀ ਗਈ ਹੈ। ਇਕ ਐਨ.ਜੀ.ਓ. ਵਲੋਂ ਸੂਚਨਾ ਐਕਟ ਤਹਿਤ ਮੰਗੀ ਗਈ ਜਾਣਕਾਰੀ ਦੇ ਸਿੱਟੇ ਵਜੋਂ ਇਹ ਸੂਚਨਾ ਸਾਹਮਣੇ ਆਈ ਹੈ ਕਿ ਪੰਜਾਬ ਚੀਫ ਮਨਿਸਟਰਜ਼ ਰਿਲੀਫ ਫੰਡ ਭਾਵੇਂ ਕੁਦਰਤੀ ਆਫਤਾਂ, ਹੜ੍ਹਾਂ, ਅੱਗ ਲੱਗਣ ਜਾਂ ਗੰਭੀਰ ਹਾਦਸਿਆਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਾਂਭਣ ਲਈ ਕਾਇਮ ਕੀਤਾ ਗਿਆ ਸੀ, ਪਰ 1954 ਤੋਂ ਬਾਅਦ ਲਗਾਤਾਰ ਇਸ ਦੀ ਦੁਰਵਰਤੋਂ ਹੁੰਦੀ ਰਹੀ ਹੈ। ਪੰਜਾਬ ਵਿਚ ਬਣਨ ਵਾਲੇ ਵੱਖ ਵੱਖ ਮੁੱਖ ਮੰਤਰੀਆਂ ਨੇ ਇਸ ਦੀ ਰੱਜ ਕੇ ਦੁਰਵਰਤੋਂ ਕੀਤੀ। ਤਿਉਹਾਰਾਂ 'ਤੇ ਆਪਣੇ ਮੁਲਾਜ਼ਮਾਂ ਨੂੰ ਨਾਜਾਇਜ਼ ਰੂਪ ਵਿਚ ਤੋਹਫੇ ਦਿੱਤੇ, ਵਿਦੇਸ਼ੀ ਟੂਰਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ, ਪ੍ਰੈੱਸ ਕਲੱਬਾਂ, ਬਾਰ ਐਸੋਸੀਏਸ਼ਨਾਂ ਅਤੇ ਸੰਗੀਤ ਸੰਮੇਲਨਾਂ ਆਦਿ ਲਈ ਇਸ ਵਿਚੋਂ ਫੰਡ ਜਾਰੀ ਕੀਤੇ ਗਏ। ਇਸ ਪੈਸੇ ਵਿਚੋਂ ਕੁਝ ਵਿਅਕਤੀਆਂ ਅਤੇ ਕਲੱਬਾਂ ਨੂੰ ਕਰਜ਼ੇ ਵੀ ਦਿੱਤੇ ਗਏ। 1984 ਤੋਂ 93 ਦੇ ਸਮੇਂ ਦੌਰਾਨ ਜਦੋਂ ਖਾੜਕੂਵਾਦ ਆਪਣੇ ਸਿਖਰ ਉੱਪਰ ਸੀ, ਇਸ ਫੰਡ ਵਿਚੋਂ 28.46 ਲੱਖ ਰੁਪਏ ਗਬਨ ਕਰ ਲਏ ਗਏ। ਆਡੀਟਰਾਂ ਵਲੋਂ ਵਾਰ-ਵਾਰ ਆਖਣ 'ਤੇ ਵੀ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਨੇ ਕੁਝ ਨਹੀਂ ਕੀਤਾ।

ਤੱਥਾਂ ਅਨੁਸਾਰ ਪੰਜਾਬ ਸਰਕਾਰ ਵਲੋਂ ਅਪ੍ਰੈਲ 1984 ਤੋਂ ਲੈ ਕੇ ਮਾਰਚ 1993 ਤੱਕ ਪ੍ਰਾਪਤ ਕੀਤੇ ਗਏ 28.46 ਲੱਖ ਰੁਪਏ ਦਾ ਕੋਈ ਰਿਕਾਰਡ ਨਹੀਂ ਰੱਖਿਆ ਗਿਆ। ਜਦੋਂ 2004 ਵਿਚ ਪੰਜਾਬ ਸਰਕਾਰ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਘਿਰ ਗਈ ਤਾਂ ਉਸ ਨੇ ਦਾਅਵਾ ਕੀਤਾ ਕਿ ਇਹ ਰਿਕਾਰਡ 31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਵਿਚ ਹੋਏ ਬੰਬ ਧਮਾਕੇ ਵਿਚ ਜਲ਼ ਗਿਆ ਸੀ। ਇਹ ਉਹੋ ਬੰਬ ਧਮਾਕਾ ਸੀ, ਜਿਸ ਵਿਚ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ ਮਾਰੇ ਗਏ ਸਨ। ਤੱਥ ਇਹ ਹਨ ਕਿ ਇਹ ਬੰਬ ਧਮਾਕਾ ਸਿਵਲ ਸਕੱਤਰੇਤ ਦੇ ਅੰਦਰ ਨਹੀਂ ਸੀ ਹੋਇਆ, ਸਗੋਂ ਬਾਹਰ ਹੋਇਆ ਸੀ। ਨਿਰਪੱਖ ਮਾਹਿਰਾਂ ਅਨੁਸਾਰ ਇਸ ਧਮਾਕੇ ਵਿਚ ਰਿਕਾਰਡ ਦੇ ਸੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਥੇ ਜ਼ਿਕਰਯੋਗ ਹੈ ਕਿ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਉੱਪਰ ਵੀ ਇਸ ਫੰਡ ਵਿਚੋਂ 20 ਲੱਖ ਰੁਪਏ ਗਬਨ ਕਰਨ ਦੇ ਦੋਸ਼ ਲਗੇ ਸਨ। ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਵਿਰੁਧ ਇਹ ਕਹਿੰਦਿਆਂ ਕੇਸ ਵਾਪਸ ਲੈ ਲਿਆ ਗਿਆ ਕਿ ਇਸ ਪੈਸੇ ਦੀਆਂ ਰਸੀਦਾਂ ਮਿਲ ਗਈਆਂ ਹਨ।

ਪਿਛਲੇ ਸਾਲ ਜਦੋਂ ਪੰਜਾਬ ਵਿਚ ਹੜ੍ਹ ਆਏ ਸਨ ਤਾਂ ਕੇਂਦਰੀ ਅਧਿਕਾਰੀਆਂ ਦੀ ਇਕ ਟੀਮ ਨੇ ਪੰਜਾਬ ਦਾ ਦੌਰਾ ਕੀਤਾ ਸੀ ਅਤੇ ਉਸ ਨੇ ਇਹ ਪਾਇਆ ਸੀ ਕਿ ਕੇਂਦਰ ਵਲੋਂ ਦਿੱਤੇ ਗਏ ਕਰੋੜਾਂ ਰੁਪਏ ਵਿਚੋਂ ਬਹੁਤੇ ਪੰਜਾਬ ਸਰਕਾਰ ਨੇ ਹੋਰ ਕੰਮਾਂ ਲਈ ਖਰਚ ਲਏ ਸਨ। ਕੇਂਦਰੀ ਟੀਮ ਵਲੋਂ ਇਸ ਸਬੰਧ ਵਿਚ ਕੀਤੇ ਗਏ ਸਵਾਲਾਂ ਦਾ ਪੰਜਾਬ ਦੇ ਅਧਿਕਾਰੀ ਕੋਈ ਜਵਾਬ ਨਹੀਂ ਸਨ ਦੇ ਸਕੇ। ਪੰਜਾਬ ਵਿਚ ਪ੍ਰਸ਼ਾਸਨਿਕ ਮੈਨੇਜਮੈਂਟ ਦਾ ਤਕਰੀਬਨ ਦਿਵਾਲਾ ਨਿਕਲਿਆ ਪਿਆ ਹੈ ਅਤੇ ਇਸ ਨੂੰ ਠੀਕ ਕੀਤੇ ਬਿਨਾਂ ਪੰਜਾਬ ਦੇ ਆਮ ਪ੍ਰਸ਼ਾਸਨਿਕ ਅਤੇ ਆਰਥਿਕ ਹਾਲਾਤ ਕਤਈ ਠੀਕ ਨਹੀਂ ਕੀਤੇ ਜਾ ਸਕਦੇ। ਇਹੋ ਪੱਖ ਹੈ ਜਿਸ ਵਲ ਪੰਜਾਬ ਹਿਤੂ ਲੋਕਾਂ ਨੂੰ ਸ਼ਦੀਦ ਧਿਆਨ ਦੇਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੋਲਿਹਾਜ਼

***ਆਸ਼ੂਤੋਸ਼-ਅਰੂਸਾ ਦੀ ਜੈ!***

*ਮੋਤੀ ਮਹਿਲ ਅਰੂਸਾ ਨੇ ਭਾਗ ਲਾਏ,*
*ਰਾਜਾ ਸਾਹਿਬ ਲਈ ਆਈ ਬਹਾਰ ਮੀਆਂ।*
*ਭੁੱਲੀ ਪਾਰਟੀ ਵਿਸਰਿਆ ਚੋਣ-ਦੰਗਲ,*
*ਜਦੋਂ ਦਿਸੀ ਅਰੂਸਾ ਦੀ ਕਾਰ ਮੀਆਂ।*
*ਬਣੇ ਕੈਪਟਨ ਦੇ ਨੰਬਰ ਘਟਾਉਣ ਖਾਤਰ,*
*ਬੀਬੀ ਭੱਠਲ ਨੇ ਕੀਤਾ ਉਪਕਾਰ ਮੀਆਂ।*
*'ਦਿਵਯ-ਜੋਤੀ' ਦੇ ਚਰਨਾਂ ਦੇ ਵਿਚ ਬਹਿ ਕੇ,*
*'ਪੰਥ-ਰਾਖਿਆਂ' ਕੀਤੇ ਇਕਰਾਰ ਮੀਆਂ।*
*ਜਿਵੇਂ ਕਿਲ੍ਹਾ ਬਠਿੰਡੇ ਦਾ ਜਿਤਿਆ ਸੀ,*
*ਭਰਕੇ ਹਾਜ਼ਰੀ ਸੌਦਾ-ਦਰਬਾਰ ਮੀਆਂ।*
*'ਆਸ਼ੂਤੋਸ਼-ਅਰੂਸਾ' ਦੀ ਮਿਹਰ ਸਦਕਾ,*
*ਨੂਰ ਮਹਿਲ ਵਿਚ ਜਿੱਤੀ 'ਸਰਕਾਰ' ਮੀਆਂ।*

# ਡੇਰਾ ਬੱਲਾਂ ਵਾਲੇ ਸੰਤਾਂ 'ਤੇ ਹਮਲੇ ਦੇ ਨਤੀਜੇ

ਲੰਘੀ 24 ਮਈ ਨੂੰ ਵਿਆਨਾ ਵਿਖੇ ਰਵਿਦਾਸ ਸੰਪਰਦਾਇ ਦੇ ਸੰਤਾਂ ਉਪਰ ਹਮਲੇ ਅਤੇ ਇਸ ਦੇ ਵਿਆਪਕ ਪ੍ਰਤੀਕਰਮ ਵਜੋਂ ਪੰਜਾਬ ਵਿਚ ਹੋਈ ਹਿੰਸਾ ਤੇ ਟਕਰਾਅ ਨੇ ਦੁਨੀਆਂ ਭਰ ਵਿਚ ਵਸੇ ਪੰਜਾਬੀਆਂ ਤੇ ਖਾਸ ਕਰ ਪੰਜਾਬ ਦੀ ਧਰਤੀ ਉਪਰ ਰਹਿ ਰਹੇ ਸਿੱਖ ਤੇ ਦਲਿਤ ਭਾਈਚਾਰੇ ਦੇ ਆਗੂਆਂ ਅੱਗੇ ਅਨੇਕਾਂ ਚੁਣੌਤੀਆਂ ਤੇ ਸੁਆਲ ਖੜ੍ਹੇ ਕਰ ਦਿੱਤੇ ਹਨ।

ਇਹ ਮਾਮਲਾ ਬੇਹੱਦ ਸੰਵੇਦਨਸ਼ੀਲ, ਪੇਚੀਦਾ ਅਤੇ ਆਪਾ-ਵਿਰੋਧਾਂ ਨਾਲ ਭਰਿਆ ਹੋਇਆ ਹੈ। ਪਿਛਲੇ ਚਾਰ

ਗੁਰਬਚਨ ਸਿੰਘ

ਦਹਾਕਿਆਂ ਤੋਂ ਲਗਾਤਾਰ ਇਹ ਮਸਲਾ ਕਿਸੇ ਨਾ ਕਿਸੇ ਰੂਪ ਵਿਚ ਉਠਦਾ ਹੀ ਆ ਰਿਹਾ ਹੈ। ਪੰਜਾਬੀਆਂ ਨੂੰ ਵਾਰ-ਵਾਰ ਇਸ ਦਾ ਸੰਤਾਪ ਭੋਗਣਾ ਪੈਂਦਾ ਰਿਹਾ ਹੈ। ਪਰ ਸਿੱਖ ਧਾਰਮਿਕ ਤੇ ਰਾਜਸੀ ਲੀਡਰਸ਼ਿਪ ਨੇ ਕਦੇ ਵੀ ਅਜਿਹੇ ਮਾਮਲਿਆਂ ਨੂੰ ਨਿਠ ਕੇ ਸਮਝਣ ਅਤੇ ਹੱਲ ਕਰਨ ਲਈ ਯਤਨ ਨਹੀਂ ਕੀਤਾ। ਬੁਨਿਆਦੀ ਮਸਲਾ ਡੇਰਾਵਾਦ ਤੇ ਸਿੱਖ ਸਿਧਾਂਤ ਦਾ ਹੈ। ਇਹੀ ਮਸਲਾ ਵਾਰ-ਵਾਰ ਰੰਗ ਵਟਾਉਂਦਾ ਲਗਾਤਾਰ ਸਿੱਖ ਲੀਡਰਸ਼ਿਪ ਅੱਗੇ ਉਭਰਦਾ ਆ ਰਿਹਾ ਹੈ। ਪਰ ਬੌਣੀ ਹੋਈ ਸਿੱਖ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਨੇ ਕਦੀ ਵੀ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਤੇ ਫਿਰ ਇਸ ਦੇ ਹੱਲ ਲਈ ਨੀਤੀ ਤੇ ਕਾਰਜਕ੍ਰਮ ਘੜਨ ਦਾ ਯਤਨ ਨਹੀਂ ਕੀਤਾ।

ਸਿੱਖ ਧਰਮ ਦੀ ਬੁਨਿਆਦ ਦਲਿਤ ਸਮਾਜ ਹੈ। ਸਿੱਖ ਗੁਰੂ ਸਾਹਿਬਾਨ ਨੇ ਹਿੰਦੂ ਧਰਮ ਵਲੋਂ ਪੈਦਾ ਕੀਤੀ ਜਾਤ-ਪਾਤੀ ਪ੍ਰਥਾ ਨੂੰ ਰੱਦ ਕਰਕੇ ਸਮਾਜਿਕ ਬਰਾਬਰੀ, ਨਿਆਂ ਅਤੇ ਮਾਨਵਤਾ ਦੇ ਏਕੇ ਦਾ ਨਾਅਰਾ ਦਿੱਤਾ। ਉਨ੍ਹਾਂ ਜਾਤਾਂ-ਪਾਤਾਂ 'ਚ ਵੰਡੇ ਸਮਾਜ ਦੀ ਥਾਂ ਇਕ ਸਵੈ-ਮਾਣ ਵਾਲੇ "ਸਰਬ ਸਾਂਝੀਵਾਲ" ਮਨੁੱਖੀ ਭਾਈਚਾਰੇ ਦੀ ਸਿਰਜਣਾ ਦਾ ਆਰੰਭ ਕੀਤਾ। ਇਸਦੇ ਨਾਲ ਹੀ ਉਨ੍ਹਾਂ ਹਰ ਤਰ੍ਹਾਂ ਦੇ ਪਾਖੰਡ ਤੇ ਅਡੰਬਰਵਾਦ ਨੂੰ ਵੀ ਅਜਿਹੇ ਮਨੁੱਖੀ ਭਾਈਚਾਰੇ ਵਿਚ ਕੋਈ ਥਾਂ ਨਹੀਂ ਦਿੱਤੀ, ਸਗੋਂ ਆਰਥਿਕ ਬਰਾਬਰੀ ਸਮੇਤ ਮਰਦ-ਔਰਤ ਦੀ ਸਮਾਨਤਾ ਦਾ ਝੰਡਾ ਵੀ ਬੁਲੰਦ ਕੀਤਾ। ਸਿੱਖ ਗੁਰੂਆਂ ਨੇ ਅਜਿਹੇ ਸਮਾਜ ਦਾ ਆਧਾਰ ਤਾਂ ਤਿਆਰ ਕਰ ਦਿੱਤਾ, ਪਰ ਸਿੱਖ ਸਮਾਜ ਇਸ ਗੁਰੂ ਆਸ਼ੇ ਨੂੰ ਅੱਗੇ ਨਹੀਂ ਤੋਰ ਸਕਿਆ ਤੇ 20ਵੀਂ ਸਦੀ ਵਿਚ ਆ ਕੇ ਤਾਂ ਜਾਤ-ਪਾਤ ਰਹਿਤ ਤੇ ਸਰਬ ਸਾਂਝੀਵਾਲ ਸਮਾਜ ਸਿਰਜਣ ਦੀ ਗੱਲ ਸਿਰਫ ਸਿਧਾਂਤਕ ਹੀ ਰਹਿ ਗਈ ਹੈ। ਅਮਲੀ ਰੂਪ 'ਚ ਸਿੱਖ ਸਮਾਜ ਵੀ ਵਧ-ਘੱਟ ਰੂਪ ਵਿਚ ਜਾਤ-ਪਾਤ ਦੇ ਚਿੱਕੜ ਵਿਚ ਹੀ ਫਸਿਆ ਪਿਆ ਹੈ। ਸਿੱਖ ਗੁਰਦੁਆਰਿਆਂ ਵਿਚ ਵੀ ਦਲਿਤਾਂ ਨੂੰ ਸੰਗਤਾਂ ਦੇ ਪਿਛਲੇ ਪਾਸੇ ਜਾਂ ਗੁਰਦੁਆਰੇ ਦੇ ਬਾਹਰ ਬੈਠਣ ਲਈ ਮਜਬੂਰ ਕੀਤਾ ਜਾਂਦਾ ਰਿਹਾ। ਗੁਰਦੁਆਰੇ ਦੇ ਪ੍ਰਬੰਧ ਵਿਚ ਉਨ੍ਹਾਂ ਦਾ ਦਖਲ ਸਹਿਣ ਨਹੀਂ ਕੀਤਾ ਗਿਆ। ਜਾਤ-ਪਾਤੀ ਸਮਾਜ ਨੂੰ ਦੁਰਕਾਰਨ ਵਾਲੇ ਸਿੱਖ ਧਰਮ ਵਿਚ ਵੀ ਦਲਿਤ ਲਗਾਤਾਰ ਦੁਰਕਾਰੇ ਹੀ ਜਾਂਦੇ ਰਹੇ। ਦਲਿਤਾਂ ਅੰਦਰਲੀ ਅਜਿਹੀ ਮਾਨਸਿਕਤਾ ਕਾਰਨ ਹੀ ਫਿਰ ਜਦੋਂ ਵੀ ਕਿਸੇ ਡੇਰੇ ਜਾਂ ਸੰਪਰਦਾ ਵਲੋਂ ਦਲਿਤਾਂ ਨੂੰ ਸਨਮਾਨ ਦੇਣ ਤੇ ਗਲੇ ਲਗਾਉਣ ਦੀ ਗੱਲ ਤੁਰੀ ਤਾਂ ਉਹ ਗੁਰਦੁਆਰਿਆਂ ਨੂੰ ਛੱਡ ਕੇ ਅਜਿਹੇ ਡੇਰਿਆਂ ਵਲ ਧਾਹ ਪਏ। ਸਿੱਖ ਵਿਰੋਧੀ ਤਾਕਤਾਂ ਨੇ ਹਮੇਸ਼ਾ ਅਜਿਹੇ ਰੁਝਾਨਾਂ ਨੂੰ ਹੱਲਾਸ਼ੇਰੀ ਤੇ ਸਰਪ੍ਰਸਤੀ ਦਿੱਤੀ। ਨਿਰੰਕਾਰੀਆਂ, ਰਾਧਾ ਸੁਆਮੀਆਂ ਅਤੇ ਫਿਰ ਬਾਬਾ ਭਨਿਆਰਾ, ਆਸ਼ੂਤੋਸ਼, ਸਰਸੇ ਦੇ ਗੁਰਮੀਤ ਰਾਮ ਰਹੀਮ ਦੇ ਡੇਰਿਆਂ ਨੂੰ ਬਲ ਦਲਿਤ ਵਰਗ ਦੇ ਲੋਕਾਂ ਵਲੋਂ ਇਸੇ ਗੱਲ ਕਰਕੇ ਹੀ ਮਿਲਿਆ ਹੈ।

ਅਕਸਰ ਅਜਿਹੇ ਉਭਰਨ ਵਾਲੇ ਬਹੁਤੇ ਡੇਰੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਦਾ ਸਹਾਰਾ ਲੈਂਦੇ ਰਹੇ। ਅਜਿਹਾ ਕਰਦਿਆਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਵਿਚ ਉਹ ਬਹੁਤ ਕੁਝ ਆਪਣੀ ਮਰਜ਼ੀ ਦਾ ਰਲਾ ਲੈਂਦੇ ਹਨ ਤੇ ਸਿੱਖ ਮਰਿਆਦਾ ਨੂੰ ਵੀ ਮਰਜ਼ੀ ਮੁਤਾਬਕ ਚਲਾਉਣ ਦਾ ਯਤਨ ਕਰਦੇ ਹਨ। ਇਸ ਕਰਕੇ ਸਿੱਖ ਆਗੂਆਂ ਤੇ ਸੰਗਤ ਨੂੰ ਫਿਰ ਇਨ੍ਹਾਂ ਡੇਰਿਆਂ ਦੁਆਰਾ ਸਿੱਖ ਮਰਿਆਦਾ ਦੀ ਉਲੰਘਣਾ ਦਾ ਮੁੱਦਾ ਰੜਕਣ ਲਗਦਾ ਹੈ। ਸਿੱਖ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਅਨੇਕਾਂ ਵਾਰ ਮਰਿਆਦਾ ਦੇ ਮਾਮਲੇ ਲੈ ਕੇ ਅਜਿਹੇ ਡੇਰੇਦਾਰਾਂ ਨਾਲ ਉਲਝਦੀ ਆਈ ਹੈ ਅਤੇ ਡੇਰਾ ਸਮਰਥਕਾਂ ਤੇ ਸਿੱਖ ਸੰਗਤ ਵਿਚ ਵੱਡੇ ਟਕਰਾਅ ਬਣਦੇ ਰਹੇ ਹਨ। 1978 ਦਾ ਸਿੱਖ ਨਿਰੰਕਾਰੀ ਸਾਕਾ, ਰਾਧਾ ਸੁਆਮੀਆਂ ਨਾਲ ਟਕਰਾਅ, ਭਨਿਆਰਾ ਵਾਲੇ ਤੇ ਆਸ਼ੂਤੋਸ਼ ਨਾਲ ਲੜਾਈਆਂ ਝਗੜੇ ਅਤੇ ਪਿਛਲੇ ਵਰ੍ਹੇ ਡੇਰਾ ਸਰਸਾ ਨਾਲ ਸ਼ੁਰੂ ਹੋਇਆ ਖੂਨੀ ਸੰਘਰਸ਼ ਇਸ ਗੱਲ ਦੀਆਂ ਉਭਰਵੀਆਂ ਉਦਾਹਰਣਾਂ ਹਨ। ਹੁਣ ਰਵਿਦਾਸ ਭਾਈਚਾਰੇ ਤੇ ਸਿੱਖਾਂ ਵਿਚਲਾ ਟਕਰਾਅ ਵੀ ਇਸੇ ਕੜੀ ਦੀ ਹੀ ਲੜੀ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਕਾਰਨ ਇਸ ਭਾਈਚਾਰੇ ਦੀ ਧਾਰਮਿਕ, ਭਾਵਨਾਤਮਕ ਸਾਂਝ ਬਹੁਤੀ ਸਿੱਖ ਧਰਮ ਨਾਲ ਹੀ ਜੁੜਦੀ ਹੈ। ਇਸੇ ਸਾਂਝ ਦੇ ਆਧਾਰ ਉੱਪਰ ਉਹ ਪਤਾ ਨਹੀਂ ਕਿੰਨੇ ਦਹਾਕੇ ਜੱਟਾਂ ਦੀ ਸਰਦਾਰੀ ਵਾਲੇ ਗੁਰਦੁਆਰਿਆਂ ਦੀਆਂ ਦਹਿਲੀਜ਼ਾਂ ਦੇ ਬਾਹਰ ਹੀ ਖੜ੍ਹ ਕੇ 'ਪ੍ਰਸ਼ਾਦਿ' ਲੈਂਦੇ ਰਹੇ। ਇਹ ਗੱਲ ਦਲਿਤਾਂ ਨੂੰ ਬਰਾਬਰੀ ਤੇ ਧਾਰਮਿਕ ਸੰਤੁਸ਼ਟੀ ਦਾ ਅਹਿਸਾਸ ਨਹੀਂ ਸੀ ਕਰਾਉਂਦੀ, ਸਗੋਂ ਅੰਦਰੋਂ ਅੰਦਰ ਕੁੜਨ ਪੈਦਾ ਕਰਦੀ ਸੀ। ਦੁਆਬੇ ਦਾ ਰਵਿਦਾਸ ਭਾਈਚਾਰਾ ਵਿਦਿਅਕ ਪੱਖੋਂ ਕਾਫੀ ਅੱਗੇ ਵਧਿਆ ਤੇ ਪੰਜਾਬ ਦੇ ਉਪਰਲੇ ਤੇ ਹੇਠਲੇ ਪ੍ਰਸ਼ਾਸਨ ਵਿਚ ਉਨ੍ਹਾਂ ਦੀ ਗਿਣਤੀ ਬੜੀ ਅਹਿਮ ਹੈ। ਫਿਰ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਵਿਚ ਜਾ ਵਸਣ ਕਾਰਨ ਉਨ੍ਹਾਂ ਨੂੰ ਆਰਥਿਕ ਖੁਸ਼ਹਾਲੀ ਵੀ ਨਸੀਬ ਹੋ ਗਈ। ਇਸ ਕਰਕੇ ਇਹ ਵਰਗ ਜਾਗ੍ਰਿਤੀ ਤੇ ਆਰਥਿਕ ਖੁਸ਼ਹਾਲੀ ਕਾਰਨ ਸਮਾਜ ਵਿਚ ਆਪਣੇ ਬਣਦੇ ਸਨਮਾਨ ਤੇ ਪਛਾਣ ਲਈ ਉਠ ਖਲੋਇਆ ਹੈ। ਸੰਸਾਰ ਭਰ ਵਿਚ ਰਵਿਦਾਸ ਗੁਰਦੁਆਰੇ ਉਸਰਨੇ ਤੇ ਉਭਰਨੇ ਇਸ ਪਛਾਣ ਨੂੰ ਜਤਾਉਣ ਤੇ ਆਪਣੀ ਹੋਂਦ ਨੂੰ ਦਿਖਾਉਣ ਦੀ ਹੀ ਪ੍ਰਤੱਖ ਝਲਕ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, 'ਇਹ ਬੜਾ ਹਾਂ-ਪੱਖੀ ਰੁਝਾਨ ਹੈ। ਰਵਿਦਾਸ ਭਾਈਚਾਰੇ ਨੂੰ ਸਿੱਖ ਸਮਾਜ ਨਾਲ ਜੋੜੀ ਰੱਖਣ ਵਾਲੀ ਇਹ ਵੱਡੀ ਭਾਵਨਾਤਮਕ ਸਾਂਝ ਹੈ।

ਪਰ ਇਹ ਗੱਲ ਵੀ ਹਕੀਕਤ ਹੈ ਕਿ ਗੁਰੂ ਰਵਿਦਾਸ ਗੁਰਦੁਆਰਿਆਂ ਵਿਚ ਸਿੱਖ ਮਰਿਆਦਾ ਆਮ ਸਿੱਖ ਗੁਰਦੁਆਰਿਆਂ ਵਰਗੀ ਨਹੀਂ। ਅਜਿਹੇ ਗੁਰਦੁਆਰਿਆਂ ਵਿਚ ਸੰਤਾਂ-ਮਹਾਂਪੁਰਸ਼ਾਂ ਅੱਗੇ ਮੱਥੇ ਟਿਕਵਾਉਣੇ ਤੇ ਪੈਰੀਂ ਹੱਥ ਲਗਵਾਉਣੇ ਆਮ ਪ੍ਰਚਲਿਤ ਹੈ। ਸਿੱਖਾਂ ਦੇ ਇਕ ਹਿੱਸੇ ਨੂੰ ਇਹ ਗੱਲ ਰੜਕਦੀ ਹੈ ਤੇ ਉਹ ਇਸਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਕਹਿੰਦੇ ਹਨ। ਹਾਲਾਂਕਿ ਮੱਥੇ ਟਿਕਾਉਣ ਤੇ ਪੈਰੀਂ ਹੱਥ ਲਗਵਾਉਣ 'ਚ ਸਿੱਖ ਬਾਬੇ ਵੀ ਕਿਸੇ ਤੋਂ ਪਿੱਛੇ ਨਹੀਂ ਹਨ। ਗੁਰਦੁਆਰਿਆਂ ਦੇ ਨਾਂਅ ਉਪਰ ਪੰਜਾਬ ਵਿਚ ਥਾਂ-ਥਾਂ ਉਸਰੇ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਮਾਨਤਾ ਘੱਟ ਤੇ ਬਾਬਿਆਂ ਦੀ ਮਾਨਤਾ ਵਧੇਰੇ ਹੁੰਦੀ ਹੈ।

2003 ਵਿਚ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੜ੍ਹੀਆਂ-ਮਸਾਣਾਂ ਉਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਨ ਦੇਣ ਦੀ ਮੁਹਿੰਮ ਆਰੰਭੀ ਗਈ ਸੀ ਤਾਂ ਉਸ ਸਮੇਂ ਡੇਰਾ ਬੱਲਾਂ ਉਪਰ ਵੀ ਉਂਗਲ ਉੱਠੀ ਸੀ। ਪਰ ਇਸ ਡੇਰੇ ਦੇ ਰਵਿਦਾਸ ਭਾਈਚਾਰੇ 'ਚ ਵਧੇ ਸਨਮਾਨ ਤੇ ਬੱਲਾਂ ਵਾਲੇ ਸੰਤਾਂ ਦੇ ਸਾਧੂ ਸੁਭਾਅ ਅਤੇ ਸੰਤ ਰਾਮਾਨੰਦ ਦੇ ਦੂਰ-ਦ੍ਰਿਸ਼ਟ ਵਿਵਹਾਰ ਕਾਰਨ ਇਹ ਗੱਲ ਉਥੇ ਹੀ ਠੱਪ ਹੋ ਗਈ ਸੀ। ਪਰ ਸੰਤਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਨਾਲ ਮੱਥੇ ਟਿਕਾਉਣ ਤੇ ਗੱਦੀਨਸ਼ੀਨ ਹੋਣ ਦਾ ਮੁੱਦਾ ਪਿਛਲੇ ਕਰੀਬ ਇਕ ਸਾਲ ਤੋਂ ਨਿਊ ਯਾਰਕ, ਵੈਨਕੂਵਰ, ਵਿਆਨਾ ਤੇ ਹੋਰਨਾਂ ਯੂਰਪੀਨ ਮੁਲਕਾਂ 'ਚ ਬੱਲਾਂ ਵਾਲੇ ਸੰਤਾਂ ਦੀ ਆਮਦ ਸਮੇਂ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ। ਵਿਆਨਾ ਵਾਲੀ ਘਟਨਾ ਤੋਂ ਪਹਿਲਾਂ ਦੋਵੇਂ ਸੰਤ ਵੈਨਕੂਵਰ 'ਚ ਸਨ, ਉਥੇ ਇਹ ਗੱਲਾਂ ਚਰਚਾ ਤੇ ਕੁਝ ਹੱਦ ਤੱਕ ਤਕਰਾਰ ਦਾ ਮਾਮਲਾ ਬਣਦੀਆਂ ਰਹੀਆਂ ਹਨ।

ਬੱਲਾਂ ਵਾਲੇ ਸੰਤਾਂ ਉਪਰ ਹਮਲੇ ਦੇ ਬਾਅਦ ਗੁਰੂ ਰਵਿਦਾਸ ਸਭਾਵਾਂ ਅੰਦਰ ਇਕ ਨਵਾਂ ਵਿਚਾਰ ਉਭਰਿਆ ਹੈ ਕਿ ਕਿਸੇ ਹੋਰ ਭਾਈਚਾਰੇ ਨੂੰ ਸਾਡੇ ਧਾਰਮਿਕ ਅਸਥਾਨਾਂ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ। ਕੈਲੀਫੋਰਨੀਆ ਦੀਆਂ ਸਮੂਹ ਰਵਿਦਾਸ ਸਭਾਵਾਂ ਵਲੋਂ ਇਕੱਠੇ ਹੋ ਕੇ ਸਾਨ ਫਰਾਂਸਿਸਕੋ ਵਿਖੇ ਭਾਰਤੀ ਕੌਂਸਲੇਟ ਜਨਰਲ ਨੂੰ ਦਿੱਤੇ ਮੰਗ-ਪੱਤਰ ਵਿਚ ਇਹ ਮੰਗ ਉਠਾਈ ਗਈ ਹੈ। ਹੋਰਨਾਂ ਬਹੁਤ ਸਾਰੇ ਥਾਵਾਂ ਉਪਰ ਵੀ ਰਵਿਦਾਸ ਭਾਈਚਾਰੇ ਦੇ ਆਗੂਆਂ ਵਿਚ ਅਜਿਹੀ ਭਾਵਨਾ ਦੇਖੀ ਜਾ ਰਹੀ ਹੈ। ਜੇ ਇਹ ਭਾਵਨਾ ਅੱਗੇ ਵਧਦੀ ਗਈ ਤਾਂ ਸਿੱਖਾਂ ਤੇ ਰਵਿਦਾਸ ਭਾਈਚਾਰੇ ਦੀ ਭਾਵਨਾਤਮਕ ਧਾਰਮਿਕ ਸਾਂਝ ਦਾ ਇਹ ਅੰਤ ਹੋਵੇਗਾ। ਸਮਾਜਿਕ ਭਾਈਚਾਰੇ ਲਈ ਇਹ ਬੇਹੱਦ ਖਤਰਨਾਕ ਹੋਵੇਗਾ ਤੇ ਇਸ ਦੇ ਗੰਭੀਰ ਨਤੀਜੇ ਵੀ ਹੋਣਗੇ।

ਅਕਾਲੀ ਲੀਡਰਸ਼ਿਪ ਦੀ ਫੌਰੀ ਲਾਹਾ ਲੈਣ ਦੀ ਸੌੜੀ ਸਵਾਰਥੀ ਸੋਚ ਨੇ ਧਾਰਮਿਕ ਤੇ ਸਿਆਸੀ ਲੀਡਰਸ਼ਿਪ ਨੂੰ ਨਕਾਰਾ ਬਣਾ ਕੇ ਰੱਖ ਦਿੱਤਾ ਹੈ। ਅੱਜ ਕੋਈ ਵੀ ਅਜਿਹਾ ਦਾਨਿਸ਼ਵਰ ਸਿੱਖ ਆਗੂ ਨਹੀਂ, ਜਿਸਦੇ ਲਲਕਾਰੇ ਉਪਰ ਸਿੱਖ ਕੌਮ ਖੜ੍ਹੀ ਹੋ ਕੇ ਸੋਚ ਸਕੇ। ਧਾਰਮਿਕ ਲੀਡਰਸ਼ਿਪ ਨੂੰ ਸਿਆਸੀ ਲੀਡਰਸ਼ਿਪ ਨੇ ਪਹਿਲਾਂ ਹੀ ਅਪਾਹਜ ਬਣਾ ਕੇ ਰੱਖ ਦਿੱਤਾ ਹੈ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਡੇਰਾ ਬੱਲਾਂ ਵਾਲੇ ਸੰਤਾਂ ਉਪਰ ਹਮਲੇ ਤੋਂ ਬਾਅਦ ਸਿਵਾਏ ਸ਼ਾਂਤੀ ਦੀਆਂ ਆਮ ਅਪੀਲਾਂ ਕਰਨ ਤੋਂ ਪੰਜਾਂ ਤਖਤਾਂ ਦੇ ਜਥੇਦਾਰਾਂ ਨੇ ਅਜਿਹੀਆਂ ਘਟਨਾਵਾਂ ਵਾਪਰਨ ਤੇ ਰਵਿਦਾਸ ਭਾਈਚਾਰੇ ਵਿਚ ਵਧ ਰਹੀ ਅਲਹਿਦਗੀ ਦੀ ਭਾਵਨਾ ਦੇ ਵਰਤਾਰੇ ਨੂੰ ਸਮਝਣ ਜਾਂ ਸੁਲਝਾਉਣ ਲਈ ਕੋਈ ਯਤਨ ਹੀ ਨਹੀਂ ਕੀਤਾ।

ਰਵਿਦਾਸ ਭਾਈਚਾਰੇ ਅੰਦਰ ਵੱਖਰੀ ਪਛਾਣ ਦਾ ਉਠ ਰਿਹਾ ਰੁਝਾਨ ਵੀ ਕਈ ਸੁਆਲ ਖੜ੍ਹੇ ਕਰਦਾ ਹੈ। ਇਕ ਪਾਸੇ ਉਹ ਜਾਤ-ਪਾਤੀ ਜ਼ਲਾਲਤ ਨੂੰ ਖਤਮ ਕਰਨ ਲਈ ਆਤਮਿਕ ਤੇ ਆਰਥਿਕ ਤੌਰ 'ਤੇ ਉਭਰ ਰਹੇ ਹਨ, ਪਰ ਇਹ ਉਭਾਰ ਨਾਲ ਹੀ ਨਵੀਂ ਸਮਾਜਿਕ ਵੰਡ ਤੇ ਰਾਜਨੀਤਕ ਖੇਤਰ ਵਿਚ ਨਵੀਂ ਕਤਾਰਬੰਦੀ ਨੂੰ ਜਨਮ ਦੇ ਰਿਹਾ ਹੈ। ਜਾਤ-ਪਾਤੀ ਪ੍ਰਬੰਧ ਦਾ ਜ਼ਰੂਰੀ ਲੱਛਣ ਹੀ ਇਹ ਹੈ ਕਿ ਇਹ ਜਾਤਾਂ ਵਿਚ ਆਪਸੀ ਸਿਰਮੌਰਤਾ ਲਈ ਟਕਰਾਅ ਹੀ ਪੈਦਾ ਕਰ ਸਕਦਾ ਹੈ। ਪਰ ਇਹ ਜਾਤਪਾਤ ਦਾ ਹੱਲ ਨਹੀਂ ਹੈ।

ਜੇਕਰ ਵੱਖ-ਵੱਖ ਜਾਤਾਂ ਆਪਣੀ ਵੱਖਰੀ ਹੋਂਦ ਲਈ ਅੜਨ ਅਤੇ ਸੰਘਰਸ਼ ਦਾ ਪੈਂਤੜਾ ਅਖਤਿਆਰ ਕਰਨਗੀਆਂ ਤਾਂ ਸਮਾਜ ਲੜਾਈ-ਝਗੜਿਆਂ ਦਾ ਅਖਾੜਾ ਤਾਂ ਬਣ ਸਕਦਾ ਹੈ, ਪਰ ਜਾਤ-ਪਾਤੀ ਪ੍ਰਬੰਧ ਨੂੰ ਕੋਈ ਆਂਚ ਨਹੀਂ ਆਉਣੀ। ਸਿੱਖ ਗੁਰੂ ਸਾਹਿਬਾਨ ਨੇ ਜਾਤ-ਪਾਤੀ ਪ੍ਰਬੰਧ ਦੇ ਇਸ ਕੋਹਜ (ਲੱਛਣ) ਨੂੰ ਡੂੰਘਾਈ ਵਿਚ ਜਾਣਦਿਆਂ ਹੀ ਸਰਬ ਸਾਂਝੀਵਾਲਤਾ ਦਾ ਸਿਧਾਂਤ ਪੇਸ਼ ਕੀਤਾ ਸੀ ਤੇ ਊਚ-ਨੀਚ ਮਿਟਾ ਕੇ ਜਮਹੂਰੀ ਤੌਰ ਤਰੀਕਿਆਂ ਨਾਲ ਸਮਾਜ ਨੂੰ ਚਲਾਉਣ ਦਾ ਰਾਹ ਵਿਖਾਇਆ ਸੀ। ਜਾਤ-ਪਾਤੀ ਵਿਰੋਧਤਾਈਆਂ ਦਾ ਹੱਲ ਸਿਰਫ ਤੇ ਸਿਰਫ ਸਰਬ ਸਾਂਝੀਵਾਲ ਤੇ ਸਵੈਮਾਣ ਵਾਲਾ ਸਮਾਜ ਸਿਰਜਣਾ ਲਈ ਪਹਿਲ-ਕਦਮੀ ਕਰਕੇ ਹੀ ਹੋ ਸਕਦਾ ਹੈ। ਇਹ ਕੰਮ ਸਿੱਖਾਂ ਤੇ ਪੰਜਾਬੀਆਂ ਦੀ ਨਵੀਂ ਲੀਡਰਸ਼ਿਪ ਹੀ ਕਰ ਸਕਦੀ ਹੈ।

# ਹੁਣ ਲੰਘ ਚੁੱਕੀ ਸ਼ਰਦ ਪਵਾਰ ਦੇ ਪ੍ਰਧਾਨ ਮੰਤਰੀ ਬਣਨ ਦੀ ਵਰੇਸ

ਜੇਕਰ ਰਾਜਨੀਤੀ ਵਿਚ ਇਕ ਹਫਤਾ ਲੰਬਾ ਸਮਾਂ ਹੁੰਦਾ ਹੈ ਤਾਂ ਇਕ ਦਹਾਕਾ ਤਾਂ ਸਨਾਤਨ ਕਾਲ ਵਰਗਾ ਹੋਣਾ ਚਾਹੀਦਾ ਹੈ। ਇਹ ਪ੍ਰਾਚੀਨ ਰਾਜਨੀਤਿਕ ਆਮ ਸੱਚ ਇਸ ਹਫਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੁਆਰਾ ਆਪਣੀ ਦਸਵੀਂ ਵਰ੍ਹੇਗੰਢ ਮਨਾਉਣ ਮੌਕੇ ਇਕ ਵਾਰ ਮੁੜ ਤੋਂ ਨਜ਼ਰ ਆਇਆ। ਇਸ 'ਜਸ਼ਨ' ਤੋਂ ਕੁਝ ਦਿਨ ਪਹਿਲਾਂ ਹੀ ਇਸ ਦੇ ਇਕ ਸੀਨੀਅਰ ਨੇਤਾ ਅਤੇ ਸੰਸਦ ਮੈਂਬਰ ਪਦਮ ਸਿੰਘ ਪਾਟਿਲ ਨੂੰ ਕਤਲ ਦੇ ਜੁਰਮ ਵਿਚ ਗ੍ਰਿਫਤਾਰ ਕੀਤਾ ਗਿਆ। ਇਹ ਮਹਾਰਾਸ਼ਟਰ ਦੇ ਰਾਜਨੀਤਿਕ ਕੁਲੀਨ ਤਬਕੇ ਵਿਚ ਪਸਰਦੇ ਅਪਰਾਧੀਕਰਣ ਦਾ ਸੂਚਕ ਹੈ। ਨਾਲ ਹੀ ਮਹਿਜ ਕੁਝ ਸਮਾਂ ਪਹਿਲਾਂ ਇਸ ਪਾਰਟੀ ਦੇ ਸੰਸਥਾਪਕਾਂ ਵਿਚੋਂ ਇਕ, ਪੀ ਏ ਸੰਗਮਾ ਨੇ ਵਿਦੇਸ਼ੀ ਮੂਲ

**ਰਾਜਦੀਪ ਸਰਦੇਸਾਈ**

ਦਾ ਮੁੱਦਾ ਉਠਾਉਣ ਦੇ ਲਈ ਸੋਨੀਆ ਗਾਂਧੀ ਤੋਂ ਮਾਫੀ ਮੰਗੀ ਹੈ। ਰਾਜਨੀਤਿਕ ਕਲਾਬਾਜੀਆਂ ਦੇ ਲਈ ਕੋਈ ਇਨਾਮ ਹੁੰਦਾ ਤਾਂ ਅਸਲ ਵਿਚ ਇਹ ਸੋਨੇ ਦੇ ਤਮਗਾ ਜਿੱਤਣ ਜਿਹਾ ਕਰਤਬ ਸੀ।

ਬੱਲੇ ਬਈ ਮਿਸਟਰ ਸੰਗਮਾ! ਇਕ ਦਹਾਕਾ ਪਹਿਲਾਂ ਮੇਘਾਲਿਆ ਤੋਂ ਆਉਣ ਵਾਲੇ ਇਹ ਸਾਬਕਾ ਲੋਕ ਸਭਾ ਸਪੀਕਰ, ਜਿਸ ਦੇ ਚਿਹਰੇ 'ਤੇ ਹਮੇਸ਼ਾ ਮੁਸਕਾਨ ਬਿਖਰੀ ਰਹਿੰਦੀ ਸੀ, ਸੋਨੀਆ ਵਿਰੋਧੀ ਮੁਹਿੰਮ ਦੇ ਮੋਹਰਲੇ ਨੇਤਾਵਾਂ ਵਿਚੋਂ ਸੀ। ਜਿਸ ਨੇ ਹਰ ਮੰਚ ਦਾ ਇਸਤੇਮਾਲ ਕਰਦੇ ਹੋਏ ਕਾਂਗਰਸ ਦੀ ਮੁਖੀ ਨੂੰ ਨਿਸ਼ਾਨਾ ਬਣਾਇਆ। ਪਰ ਹਾਲ ਹੀ ਵਿਚ ਯੂ.ਪੀ.ਏ. ਸਰਕਾਰ ਦੇ ਮੰਤਰੀ ਮੰਡਲ ਦੇ ਸਹੁੰ ਚੁੱਕ ਸਮਾਰੋਹ ਦੌਰਾਨ ਇਹ ਤੱਥ ਬੀਤੇ ਹੋਏ ਅਧਿਆਏ ਦੀ ਗੱਲ ਲੱਗਿਆ। ਜਿਸ ਤਰ੍ਹਾਂ ਸ੍ਰੀਮਤੀ ਗਾਂਧੀ ਨੇ ਮਨਮੋਹਨ ਸਿੰਘ ਮੰਤਰੀ ਮੰਡਲ ਵਿਚ ਅਗਾਥਾ ਸੰਗਮਾ ਦੇ ਸਭ ਤੋਂ ਨੌਜੁਆਨ ਮੰਤਰੀ ਦੇ ਤੌਰ 'ਤੇ ਸ਼ਾਮਿਲ ਹੋਣ ਦਾ ਐਲਾਨ ਕੀਤਾ, ਇਕ ਮੁਸਕਰਾਉਂਦਾ ਹੋਇਆ ਪਿਤਾ ਇਸ ਖੁਸ਼ੀ ਵਿਚ ਖੁਦ ਨੂੰ ਰੋਕ ਨਹੀਂ ਸਕਿਆ। ਨੇਹਰੂ-ਗਾਂਧੀ ਪਰਿਵਾਰ ਜਾਂ ਵਿਦੇਸ਼ੀ ਮੂਲ ਦੀ ਗੱਲ ਕੋਈ ਕੀ ਕਰੇ, ਜਦੋਂ ਗਾਰੋ ਦੀਆਂ ਪਹਾੜੀਆਂ ਵਿਚ ਆਪਣੇ ਪਰਿਵਾਰ ਨੂੰ ਅੱਗੇ ਵਧਾਉਣ ਦਾ ਮੌਕਾ ਹੋਵੇ?

ਸੰਭਾਵਤ-ਇਹੀ ਇਕ ਸਵਾਲ ਹੈ ਜੋ ਮਹਾਰਾਸ਼ਟਰ ਦੇ ਸੰਦਰਭ ਵਿਚ ਸ਼ਰਦ ਪਵਾਰ ਦੇ ਸਾਹਮਣੇ ਰੱਖਿਆ ਜਾ ਸਕਦਾ ਹੈ। ਪਰੰਪਰਾਗਤ ਗੜ੍ਹ ਬਾਰਾਮਤੀ ਤੋਂ ਪ੍ਰਤਿਭਾਸ਼ਾਲੀ ਬੇਟੀ ਨੂੰ ਸਾਂਸਦ ਬਣਵਾਉਣ ਅਤੇ ਪੂਣੇ ਵਿਚ ਆਪਣੀ ਸਮਾਨਾਂਤਰ ਸੱਤਾ ਚਲਾਉਣ ਵਾਲੇ ਭਤੀਜੇ ਨਾਲ ਮਿਸਟਰ ਪਵਾਰ ਨੇ ਇਸ ਰਾਜ ਵਿਚ ਹੌਲੀ ਹੌਲੀ ਆਪਣਾ ਪਰਿਵਾਰਿਕ ਰਾਜ ਸਥਾਪਿਤ ਕਰ ਦਿੱਤਾ ਹੈ।

ਹੁਣ ਐਨ ਸੀ ਪੀ ਕਹਿੰਦੀ ਹੈ ਕਿ ਉਹ ਵੰਸ਼ਵਾਦ ਵਿਰੋਧੀ ਪਾਰਟੀ ਨਹੀਂ ਸੀ, ਬਲਕਿ ਕਿਸੇ 'ਵਿਦੇਸ਼ੀ ਮੂਲ' ਦੇ ਵਿਅਕਤੀ ਦੇ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੇ ਖਿਲਾਫ ਸੀ। ਪਰ ਵਿਦੇਸ਼ੀ ਮੂਲ ਦਾ ਮੁੱਦਾ ਵੀ ਪੰਜ ਸਾਲ ਪਹਿਲਾਂ ਉਦੋਂ ਖਤਮ ਹੋ ਗਿਆ, ਜਦ ਸ੍ਰੀਮਤੀ ਗਾਂਧੀ ਨੇ 'ਅੰਤਰ-ਆਤਮਾ' ਦੀ ਅਵਾਜ਼ ਨੂੰ ਸੁਣਦੇ ਹੋਏ ਪ੍ਰਧਾਨ ਮੰਤਰੀ ਦਾ ਅਹੁਦਾ ਠੁਕਰਾ ਦਿੱਤਾ। ਇਸ ਹਾਲਤ ਵਿਚ ਐਨ ਸੀ ਪੀ ਨੂੰ ਹੁਣ ਵੀ ਰਾਜਨੀਤਿਕ ਪਾਰਟੀ ਦੇ ਤੌਰ ਤੇ ਹੋਂਦ ਵਿਚ ਰਹਿਣਾ ਚਾਹੀਦਾ? ਇਹ ਮਹੱਤਵਪੂਰਣ ਸਵਾਲ ਹੈ ਕਿਉਂਕਿ ਇਹ ਉਦੋਂ ਉਠਾਇਆ ਜਾ ਰਿਹਾ ਹੈ, ਜਦ ਇਸੇ ਸਾਲ ਦੇ ਅਖੀਰ ਵਿਚ ਮਹਾਰਾਸ਼ਟਰ ਵਿਧਾਨ ਸਭਾ ਦੀ ਚੋਣ ਹੋਣ ਜਾ ਰਹੇ ਹਨ।

ਇਸ ਨੂੰ ਹਵਾ ਇਸ ਲਈ ਵੀ ਮਿਲੀ ਕਿਉਂਕਿ ਕਾਂਗਰਸੀ ਅਗਵਾਈ ਦਾ ਇਕ ਧੜਾ ਲੋਕ ਸਭਾ ਚੋਣ ਵਿਚ ਆਪਣੀ ਸਫਲਤਾ ਦੇ ਆਧਾਰ 'ਤੇ ਹਰ ਰਾਜ ਵਿਚ 'ਇਕੱਲੇ ਚੋਣ ਲੜਨ' ਦੀ ਪੈਰਵੀ ਕਰ ਰਿਹਾ ਹੈ। ਹਾਲਾਂਕਿ ਮਹਾਰਾਸ਼ਟਰ ਬਿਹਾਰ ਜਾਂ ਉੱਤਰ ਪ੍ਰਦੇਸ਼ ਜਿਹਾ ਰਾਜ ਨਹੀਂ ਹੈ। ਰਾਸ਼ਟਰੀ ਜਨਤਾ ਦਲ ਜਾਂ ਸਮਾਜਵਾਦੀ ਪਾਰਟੀ ਕਾਂਗਰਸਵਾਦ ਦੇ ਵਿਰੋਧ ਦੀ ਰਾਹ ਤੇ ਖੜੀ ਹੋਈ ਅਤੇ ਇਸ ਲਈ ਉਨ੍ਹਾਂ ਦਾ ਅਲਗ-ਅਲਗ ਰਾਹ ਤੇ ਚਲਣਾ ਕਦਾਚਿਤ ਹੀ ਹੈਰਾਨੀਜਨਕ ਨਹੀਂ ਸੀ। ਇਸਦੇ ਉਲਟ ਐਨ ਸੀ ਪੀ ਇਹੋ ਜਿਹੀ ਪਾਰਟੀ ਹੈ, ਜੋ ਕਾਂਗਰਸ ਦੇ ਗਰਭ 'ਚੋਂ ਹੀ ਉਪਜੀ ਹੈ। ਦੋਵੇਂ ਪਾਰਟੀਆਂ ਇਕ ਵੋਟ ਬੈਂਕ ਦੇ ਲਈ ਦੌੜ ਵਿਚ ਰਹੀਆਂ ਹਨ ਅਤੇ ਇਹੀ ਕਾਰਣ ਹੈ ਕਿ ਇਸ ਗਠਬੰਧਨ ਦੇ ਟੁਟਣ ਦੇ ਸਿੱਟੇ ਵਜੋਂ ਵੋਟਾਂ ਦੇ ਬਿਖਰਾਅ ਕਾਰਨ ਨਿਸ਼ਚਿਤ ਚੋਣ ਹਾਰ ਹੋ ਸਕਦੀ ਹੈ।

ਇਸੇ ਵਜ੍ਹਾ ਨਾਲ ਜੇਕਰ ਐਨ.ਸੀ.ਪੀ. ਅਤੇ ਕਾਂਗਰਸ ਆਪਣੇ ਗਠਜੋੜ ਨੂੰ ਨਹੀਂ ਬਚਾ ਸਕੀਆਂ ਤਾਂ ਉਨ੍ਹਾਂ ਨੂੰ ਏਕਤਾ ਦੇ ਪ੍ਰਸਤਾਵ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਦ ਪਿਛਲੇ ਹਫਤੇ ਇਹ ਸਵਾਲ ਪੁੱਛਿਆ ਗਿਆ



ਸੋਨੀਆ ਗਾਂਧੀ



ਸ਼ਰਦ ਪਵਾਰ

ਤਾਂ ਮਿਸਟਰ ਪਵਾਰ ਨੇ ਸਾਫ ਕਹਿ ਦਿੱਤਾ ਕਿ ਐਨ.ਸੀ.ਪੀ. ਦੇ ਟੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਇਸ ਦੀ ਪਹਿਚਾਣ ਕਾਇਮ ਰਹੇਗੀ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਹ ਪਹਿਚਾਣ ਕੀ ਹੈ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਐ.ਨ.ਸੀ.ਪੀ. ਲੋਕਤਾਂਤਰਿਕ ਵਿਕੇਂਦਰੀਕਰਣ ਦੀ ਸਮਰਥਕ ਹੈ। ਸੰਭਵਤ ਜੇਕਰ ਬੀਤੇ ਦੀ ਲੜਾਈ ਸੋਨੀਆ ਗਾਂਧੀ ਦੇ ਵਿਦੇਸ਼ੀ ਮੂਲ ਨੂੰ ਲੈ ਕੇ ਸੀ ਤਾਂ ਹਾਲ ਦੀ ਘੜੀ ਵਾਲੀ ਜੰਗ ਸਰਵਵਿਆਪੀ ਹਾਈਕਮਾਨ ਸੰਸਕ੍ਰਿਤੀ ਖਿਲਾਫ ਹੈ, ਜੋ ਕਾਂਗਰਸ ਵਿਚ ਹੁਣ ਵੀ ਹਾਵੀ ਹੈ।

ਇਸ ਲਿਹਾਜ ਨਾਲ ਸੁਤੰਤਰ ਪਹਿਚਾਣ ਕਾਇਮ ਰਖਣ ਦੇ ਲਈ ਇਹ ਜਬਰਦਸਤ ਕਾਰਣ ਹੈ। ਆਖਿਰ ਕੋਈ ਸਵੈਮਾਣੀ ਲੀਡਰ ਦਿੱਲੀ ਦਰਬਾਰ ਦੇ ਚੱਕਰਾਂ ਵਿਚ ਆਪਣਾ ਵਕਤ ਕਿਉਂ ਬਰਬਾਦ ਕਰੇਗਾ, ਜਦਕਿ ਆਪਣੇ ਰਾਜ ਵਿਚ ਉਹ ਆਸਾਨੀ ਨਾਲ ਆਪਣੀ ਨਿਜੀ ਜਾਗੀਰ ਚਲਾ ਸਕਦਾ ਹੈ? ਮੌਜੂਦਾ ਰਾਜਨੀਤਿਕ ਵਿਵਸਥਾ ਵਿਚ ਮੁੱਠੀ ਭਰ ਸਾਂਸਦਾਂ ਵਾਲੀ ਪਾਰਟੀ ਆਪਣੇ ਲਈ ਮਹੱਤਵਪੂਰਨ ਮੰਤਰਾਲਾ ਮੰਗ ਸਕਦੀ ਹੈ। ਮਹਿਜ ਨੌਂ ਸਾਂਸਦਾਂ, ਪਰ ਤਿੰਨ ਮੰਤਰੀਆਂ ਦੇ ਨਾਲ ਐਨ ਸੀ ਪੀ ਦਾ ਸਟ੍ਰਾਈਕ ਰੇਟ ਜ਼ਬਰਦਸਤ ਹੈ। ਇਕ ਸੁਤੰਤਰ ਪਾਰਟੀ ਦੇ ਤੌਰ ਤੇ ਇਹ ਕਾਂਗਰਸ ਨਾਲ ਮਹਾਰਾਸ਼ਟਰ ਵਿਚ ਵੱਡੇ ਹਿੱਸੇ ਲਈ ਜੋੜ-ਤੋੜ ਕਰ ਸਕਦੀ ਹੈ। ਕਾਂਗਰਸ ਦਾ ਹਿੱਸਾ ਬਣਨ 'ਤੇ ਉਸਨੂੰ ਉਸੇ ਨਾਲ ਸੰਤੋਖ ਕਰਨਾ ਹੋਵੇਗਾ, ਜੋ ਪਾਰਟੀ ਅਗਵਾਈ ਦੁਆਰਾ ਦਿੱਤਾ ਜਾਵੇਗਾ। ਹਾਲਾਂਕਿ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਇਕ ਖਾਸ ਏਜੰਡੇ ਦੀ ਉਮੀਦ ਕੀਤੀ ਜਾਂਦੀ ਹੈ, ਜੋ ਸਿਰਫ ਸੱਤਾ ਵਿਚ ਸਾਂਝੇਦਾਰੀ ਦੇ ਲਈ ਨਾ ਹੋਵੇ।

ਦੁਰਭਾਗ ਵੱਸ ਐਨ ਸੀ ਪੀ ਦਾ ਇਹੋ ਜਿਹਾ ਕੋਈ ਏਜੰਡਾ ਨਹੀਂ ਹੈ। ਕਦੇ ਇਸਦੇ ਨਿਰਮਾਣ ਦਾ ਆਧਾਰ ਰਿਹਾ 'ਰਾਸ਼ਟਰਵਾਦ' ਉਸੇ ਦਿਨ ਖ਼ਤਮ ਵਿਚ ਚਲਾ ਗਿਆ, ਜਦ ਸ੍ਰੀਮਤੀ ਗਾਂਧੀ ਨੇ ਆਪਣੇ ਵਿਦੇਸ਼ੀ ਮੂਲ ਦੇ ਮੁੱਦੇ ਨੂੰ ਜਨਤਕ ਵਿਵਾਦ ਦੇ ਲਈ ਅਪ੍ਰਸੰਗਿਕ ਬਣਾ ਦਿੱਤਾ ਸੀ। ਜ਼ਿਆਦਾ ਨੁਕਸਾਨਦੇਹ ਇਹ ਕਿ ਜਿਸ ਖੇਤਰਵਾਦ ਨੂੰ ਐਨ ਸੀ ਪੀ ਦੇ ਭਵਿੱਖ ਦੇ ਵਿਕਾਸ ਦਾ ਆਧਾਰ ਬਨਣਾ ਚਾਹੀਦਾ ਸੀ, ਉਹ ਵੀ ਅੱਗੇ ਨਹੀਂ ਵਧਾ ਸਕਿਆ।

ਅੰਨਾ ਦਰਮੁਕ ਉਸ ਨਿੰਦਣਯੋਗ ਤੌਰ ਤਰੀਕੇ ਦੇ ਬਾਵਜੂਦ, ਜਿਸਦੇ ਤਹਿਤ ਕਰੁਣਾਨਿਧੀ ਨੇ ਇਸਨੂੰ ਇਕ ਪਰਿਵਾਰਿਕ ਫਰਮ ਬਨਾਉਣ ਦਾ ਯਤਨ ਕੀਤਾ, ਇਹ ਇਹੋ ਜਿਹੀ ਪਾਰਟੀ ਬਣੀ ਹੋਈ ਹੈ, ਜਿਸਦੇ ਵਰਕਰਾਂ ਦਾ ਮੰਨਣਾ ਹੈ ਕਿ ਇਹ ਤਮਿਲ ਹਿੱਤਾਂ ਦੀ ਗੱਲ ਕਰਦੀ ਹੈ। ਤ੍ਰਿਣਮੂਲ ਨੂੰ ਹਾਲੀਆ ਸਫਲਤਾ ਖੁਦ ਨੂੰ ਬੰਗਾਲੀ ਉਪ ਰਾਸ਼ਟਰਵਾਦ ਨਾਲ ਜੋੜਨ ਦੀ ਵਜ੍ਹਾ ਤੋਂ ਮਿਲੀ ਹੈ। ਨਵੀਨ ਪਟਨਾਇਕ ਵੀ ਬੀਜੂ ਜਨਤਾ ਦਲ ਦੇ ਜਰੀਏ ਇਕ ਤਰ੍ਹਾਂ ਨਾਲ ਉੜਿਆ ਗੌਰਵ ਦਾ ਭਾਵ ਜਗਾਉਣ ਵਿਚ ਸਫਲ ਰਿਹਾ।

ਇਸਦੇ ਉਲਟ ਐਨ ਸੀ ਪੀ ਦੁਆਰਾ ਖੁਦ ਨੂੰ ਪੂਰੇ ਮਹਾਰਾਸ਼ਟਰ ਦੀ ਪਾਰਟੀ ਦੇ ਤੌਰ ਤੇ ਨਾ ਦਰਸਾ ਪਾਉਣਾ ਹੀ ਇਸਦੀ ਅਸਫਲਤਾ ਹੈ। ਇਹ ਪੂਰੇ ਮਹਾਰਾਸ਼ਟਰ ਦੀ ਪਾਰਟੀ ਬਨਣ ਦੀ ਬਜਾਏ ਇਕ ਉਪ-ਖੇਤਰੀ ਪਾਰਟੀ ਬਣਕੇ ਰਹਿ ਗਈ, ਜਿਸਦੀ ਆਪਣੇ ਪੱਛਮੀ ਮਹਾਰਾਸ਼ਟਰ ਦੇ ਗੜ੍ਹ ਤੋਂ ਬਾਹਰ ਜਿਆਦਾ ਅਪੀਲ ਨਹੀਂ ਹੈ।

ਇਥੋ ਵੀ ਇਹ ਹੌਲੀ ਹੌਲੀ ਮਰਾਠਾ ਪ੍ਰਭੁਤਵ ਵਾਲੀ ਪਾਰਟੀ ਦੇ ਰੂਪ ਵਿਚ ਢਲਦੀ ਜਾ ਰਹੀ ਹੈ, ਜੋ ਜ਼ਮੀਂਦਾਰਾਂ ਦੇ ਹਿੱਤਾਂ ਦਾ ਪ੍ਰਤੀਨਿਧਤਾ ਕਰਦੀ ਹੈ ਅਤੇ ਜਿਸਦੇ ਸ਼ਹਿਰੀ ਮਹਾਰਾਸ਼ਟਰ ਦਾ ਰੀਅਲ ਅਸਟੇਟ ਦੇ ਕਾਰੋਬਾਰੀਆਂ ਦੀ ਪਾਰਟੀ ਦੇ ਤੌਰ ਤੇ ਪਹਿਚਾਣਿਆ ਜਾਣਾ ਕਦਾਚਿਤ ਵੀ ਗਲਤ ਨਹੀਂ। ਇਸਦੀ ਸਥਾਨਕ ਅਗਵਾਈ ਦਾ ਇਕ ਤਾਕਤਵਰ ਧੜਾ ਹੁਣ ਮਰਾਠਿਆਂ ਦੇ ਲਈ ਖਿੱਚ ਦੀ ਪੈਰਵੀ ਕਰ ਰਿਹਾ ਹੈ। ਇਸ ਵਿਚ ਪ੍ਰਗਤੀਸ਼ੀਲ ਜਮਹੂਰੀ ਸਮਾਜ ਬਣਾਉਣ ਦਾ ਕੋਈ ਨੁਸਖਾ ਨਹੀਂ ਹੈ। ਪਾਰਟੀ ਵਿਚ ਬੈਠੇ ਕੁਝ ਗੈਰ ਮਰਾਠੀ ਨੇਤਾ ਜਾਂ ਤਾਂ ਹਾਸ਼ੀਏ ਤੇ ਧੱਕ ਦਿੱਤੇ ਗਏ ਹਨ ਜਾਂ ਫਿਰ ਉਨ੍ਹਾਂ ਨੂੰ ਪਾਰਟੀ ਦੀ ਨਿਰਣਾ ਪ੍ਰਕ੍ਰਿਆ ਤੋਂ ਦੂਰ ਰੱਖਿਆ ਜਾਂਦਾ ਹੈ।

ਪਾਰਟੀ ਦੀ ਅੰਦਰੂਨੀ ਖਿੱਚੋਤਾਣ ਵਿਚ ਇਕ ਇਹੋ ਜਿਹਾ ਨੇਤਾ ਹੈ, ਜੋ ਪਿਛਲੇ ਤਿੰਨ ਦਹਾਕੇ ਤੋਂ ਪ੍ਰਧਾਨ ਮੰਤਰੀ ਬਨਣ ਦੀ ਆਸ ਸੰਜੋਈ ਬੈਠਾ ਹੈ। ਇਹ ਲਗਭਗ ਤੈਅ ਹੈ ਕਿ ਸ਼ਰਦ ਪਵਾਰ, ਜੇ ਆਰ ਡੀ ਟਾਟਾ ਦੀ ਉਸ ਭਵਿੱਖਬਾਣੀ ਨੂੰ ਪੂਰਾ ਨਹੀਂ ਕਰ ਪਾਉਣਗੇ ਜਿਸ ਵਿਚ ਕਿਹਾ ਗਿਆ ਸੀ ਕਿ ਇਕ ਦਿਨ ਉਹ ਭਾਰਤ ਦੇ ਪ੍ਰਧਾਨ ਮੰਤਰੀ ਬਨਣਗੇ। ਇਕ ਰਾਜਨੇਤਾ ਦੇ ਤੌਰ ਤੇ ਪਵਾਰ ਆਪਣੀਆਂ ਸੀਮਾਵਾਂ ਜਾਣਦੇ ਹਨ ਅਤੇ ਮਹਸੂਸ ਕਰਦੇ ਹਨ ਕਿ 69 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਵਾਰੀ ਨਿਕਲ ਚੁੱਕੀ ਹੈ।

**ਵੇਦ ਪ੍ਰਤਾਪ ਵੈਦਿਕ**

# ਬਰਾਕ ਓਬਾਮਾ ਨੇ ਬਹੁਤ ਕੁਝ ਬੁਸ਼ ਦੇ ਉਲਟ ਕਿਹਾ

ਬਰਾਕ ਹੁਸੈਨ ਓਬਾਮਾ ਦੇ ਕਾਹਿਰਾ ਭਾਸ਼ਣ ਨੂੰ ਉਹੀ ਇਤਿਹਾਸਕ ਸਨਮਾਨ ਪ੍ਰਾਪਤ ਹੋ ਗਿਆ ਹੈ, ਜੋ 1946 ਵਿਚ ਦਿਤੇ ਗਏ ਵਿੰਸਟਨ ਚਰਚਿਲ ਦੇ ਭਾਸ਼ਣ ਨੂੰ ਹੋਈ ਸੀ। ਚਰਚਿਲ ਦੇ ਭਾਸ਼ਣ ਨੇ ਸ਼ੀਤ ਯੁੱਧ ਦਾ ਬੀਜ ਬੋ ਦਿੱਤਾ ਸੀ ਅਤੇ ਲਗਦਾ ਹੈ ਕਿ ਓਬਾਮਾ ਦਾ ਭਾਸ਼ਣ ਅੰਤਰਰਾਸ਼ਟਰੀ ਰਾਜਨੀਤੀ ਦਾ ਦੁਰਲਭ ਭਾਸ਼ਣ ਸਿੱਧ ਹੋਵੇਗਾ। ਓਬਾਮਾ ਨੇ ਸਿਰਫ ਜਾਰਜ ਬੁਸ਼ ਦੇ ਪਾਪਾਂ ਨੂੰ ਧੋਣ ਦਾ ਵਚਨ ਨਹੀਂ ਦਿਤਾ ਹੈ, ਉਨ੍ਹਾਂ ਨੇ ਸ਼ੀਤ ਯੁੱਧ ਦੇ ਦੌਰਾਨ ਕੀਤੀਆਂ ਗਈਆਂ ਅਮਰੀਕੀ ਜਿਆਦਤੀਆਂ ਨੂੰ ਵੀ ਖੁੱਲੇਆਮ ਸਵੀਕਾਰ ਕੀਤਾ ਹੈ। ਉਨ੍ਹਾਂ ਨੇ 1953ਵਿਚ ਈਰਾਨ ਵਿਚ ਮੁਸਦਿਗ ਸਰਕਾਰ ਨੂੰ ਗਿਰਾਉਣ ਦੀ ਆਲੋਚਨਾ ਤਾਂ ਕੀਤੀ ਹੀ ਹੈ, ਇਹ ਵੀ ਮੰਨਿਆ ਹੈ ਕਿ ਅਮਰੀਕਾ ਨੇ ਆਪਣੇ ਸਵਾਰਥਾਂ ਦੀ ਰੱਖਿਆ ਦੇ ਲਈ ਮੁਸਲਿਮ ਰਾਸ਼ਟਰਾਂ ਨੂੰ ਆਪਣਾ ਮੋਹਰਾ ਬਣਾਇਆ। ਉਨ੍ਹਾਂ ਨੇ ਵਿਸ਼ਵ ਸਭਿਅਤਾ ਦੀ ਤਰੱਕੀ ਵਿਚ ਇਸਲਾਮੀ ਦੇਸ਼ਾਂ ਦੇ ਯੋਗਦਾਨ ਨੂੰ ਜਿਨ੍ਹਾਂ ਸ਼ਬਦਾਂ ਵਿਚ ਸਰਾਹਿਆ ਸੀ, ਕਿਸੇ ਵੀ ਹੋਰ ਅਮਰੀਕੀ ਰਾਸ਼ਟਰਪਤੀ ਨੇ ਨਹੀਂ ਸਰਾਹਿਆ। ਆਪਣਾ ਭਾਸ਼ਣ ਉਨ੍ਹਾਂ ਨੇ 'ਅਸਲਾਮੋ-ਅਲੈਕੁਮ' ਤੋਂ ਸ਼ੁਰੂ ਕੀਤਾ ਅਤੇ ਵਿਚ ਵਿਚਾਲੇ ਕੁਰਾਨ ਸ਼ਰੀਫ ਦੇ ਬੜੇ ਸ਼ਦੀਦ ਹਵਾਲੇ ਦਿੱਤੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਚਾਹੇ ਉਹ ਖੁਦ ਇਸਾਈ ਹਨ, ਪਰ ਉਨ੍ਹਾਂ ਦਾ ਬਚਪਨ ਇੰਡੋਨੇਸ਼ੀਆਈ ਮੁਸਲਿਮ ਘਰਾਂ ਵਿਚ ਬੀਤਿਆ ਅਤੇ ਉਨ੍ਹਾਂ ਨੂੰ ਕੀਨਿਆਈ ਅਤੇ ਅਮਰੀਕੀ ਇਸਲਾਮ ਦੀ ਵੀ ਖੂਬ ਜਾਣਕਾਰੀ ਹੈ।

ਉਨ੍ਹਾਂ ਨੇ ਅਮਰੀਕਾ ਅਤੇ ਇਸਲਾਮ ਵਿਚਾਲੇ ਨਵਾਂ ਸੰਵਾਦ ਸਥਾਪਤ ਕਰਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਕ-ਦੂਜੇ ਬਾਰੇ ਦੋਵਾਂ ਦੀਆਂ ਧਾਰਨਾਵਾਂ ਦਾ ਬਦਲਣਾ ਬਹੁਤ ਜ਼ਰੂਰੀ ਹੈ। ਇਸਲਾਮ ਅਸਹਿਣਸ਼ੀਲ ਹੈ ਅਤੇ ਅਮਰੀਕਾ ਬੜਾ ਸਵਾਰਥੀ ਸਾਮਰਾਜ ਹੈ, ਇਹ ਦੋਨੋ ਧਾਰਨਾਵਾਂ ਹੀ ਗਲਤ ਹਨ। ਓਬਾਮਾ ਨੇ ਆਪਣੇ ਲੰਬੇ ਭਾਸ਼ਣ ਵਿਚ ਇਸਲਾਮ ਦੇ ਬਹਾਨੇ ਅਨੇਕਾਂ ਬੁਨਿਆਦੀ ਮੁੱਦੇ ਉਠਾਏ ਅਤੇ ਉਨ੍ਹਾਂ ਦੇ ਹੱਲ ਵੀ ਦੱਸੇ। ਉਨ੍ਹਾਂ ਨੇ ਜੋ ਕੁਝ ਕਾਹਿਰਾ ਵਿਚ ਕਿਹਾ ਹੈ, ਜੇਕਰ ਉਹ ਉਸ ਦਾ ਕੁਝ ਹੀ ਹਿੱਸਾ ਹੀ ਕਰ ਦੇਣ ਤਾਂ ਉਨ੍ਹਾਂ ਨੂੰ ਇਤਿਹਾਸਕ ਪੁਰਸ਼ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਓਬਾਮਾ ਦੇ ਸੂਤਰਾਂ ਦੀ ਸਮਰੱਥਾ ਅਪਾਰ ਹੈ। ਉਹ ਜਿੰਨਾ ਇਸਲਾਮੀ ਜਗਤ ਨੂੰ ਬਦਲ ਸਕਦੇ ਹਨ, ਉਸ ਤੋਂ ਜਿਆਦਾ ਅਮਰੀਕਾ ਨੂੰ ਬਦਲ ਦੇਣਗੇ।

ਇਸ ਤੋਂ ਪਹਿਲਾਂ ਕਿ ਬੁਸ਼ ਦੇ ਵਿਗਾੜੇ ਹੋਏ ਮੁੱਦਿਆਂ 'ਤੇ ਓਬਾਮਾ ਕੁਝ ਬੋਲਦੇ, ਉਨ੍ਹਾਂ ਨੇ ਇਸਲਾਮੀ ਦੁਨੀਆ ਨੂੰ ਦੱਸਿਆ ਕਿ ਅਮਰੀਕਾ ਵਿਚ 70 ਲੱਖ ਮੁਸਲਮਾਨ ਹਨ, ਅਮਰੀਕਾ ਦੇ ਨਿਰਮਾਤਾ ਰਾਸ਼ਟਰਪਤੀ ਥਾਮਸ ਜੈਫਰਸਨ ਨਿੱਜੀ ਲਾਈਬ੍ਰੇਰੀ ਵਿਚ ਕੁਰਾਨ ਰੱਖਦੇ ਸਨ, ਦੂਜੇ ਰਾਸ਼ਟਰਪਤੀ ਜਾਨ ਐਡਮਸ ਨੇ ਇਸਲਾਮ ਅਤੇ ਮੁਸਲਮਾਨਾਂ ਪ੍ਰਤੀ ਮਿੱਤਰਤਾ ਵਾਲਾ ਭਾਵ ਪ੍ਰਗਟ ਕੀਤਾ ਸੀ। ਕਈ ਅਮਰੀਕੀ ਮੁਸਲਮਾਨ ਨਾਗਰਿਕਾਂ ਨੂੰ ਨੋਬਲ ਪੁਰਸਕਾਰ ਆਦਿ ਮਿਲੇ ਹਨ। ਅਮਰੀਕਾ ਵਿਚ 1200 ਮਸਜਿਦਾਂ ਹਨ ਅਤੇ ਉਥੇ ਮੁਸਲਮਾਨਾਂ ਕੋਲ ਆਪਣੇ ਖਾਣ-ਪੀਣ ਅਤੇ ਪਹਿਰਾਵੇ ਆਦਿ ਦੀ ਰੱਖਿਆ ਦੀ ਪੂਰੀ ਗਰੰਟੀ ਹੈ। ਅਮਰੀਕਾ ਵਿਚ ਮੁਸਲਮਾਨਾਂ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ। ਓਬਾਮਾ ਦੇ ਮੂੰਹੋਂ ਨਿਕਲੇ ਇਨ੍ਹਾਂ ਸ਼ਹਿਦ ਨਾਲ ਭਿੱਜੇ ਸ਼ਬਦਾਂ ਨੂੰ ਸਾਰੇ ਮੁਸਲਿਮ ਦੇਸ਼ਾਂ ਦੇ ਕਰੋੜਾਂ ਲੋਕਾਂ ਨੇ ਸੁਣਿਆ ਅਤੇ ਸਰਾਹਿਆ। ਉਨ੍ਹਾਂ ਲਈ ਓਬਾਮਾ ਸਿਰਫ ਓਬਾਮਾ ਨਹੀਂ, 'ਹੁਸੈਨ ਓਬਾਮਾ' ਸਨ। ਕੀ ਇਨ੍ਹਾਂ ਸ਼ਬਦਾਂ ਨੇ ਬੁਸ਼ ਦੁਆਰਾ ਕੀਤੇ ਗਏ ਜ਼ਖ਼ਮਾਂ 'ਤੇ ਮਰਹਮ ਨਹੀਂ ਲਗਾਇਆ ਹੋਵੇਗਾ?

ਓਬਾਮਾ ਨੇ ਬੁਸ਼ ਦੀਆਂ ਕਾਰਸਤਾਨੀਆਂ ਦੀ ਉਸ ਤਰ੍ਹਾਂ ਦੀ ਨਿੰਦਾ ਨਹੀਂ ਕੀਤੀ, ਜਿਸ ਤਰ੍ਹਾਂ ਦੀ ਉਹ ਆਪਣੀ ਚੋਣ ਮੁਹਿੰਮ ਦੌਰਾਨ ਕਰਦੇ ਸਨ। ਪਰ ਉਨ੍ਹਾਂ ਨੇ ਬੁਸ਼ ਦੀਆਂ ਗਲਤੀਆਂ ਨੂੰ ਸੁਧਾਰਨ ਦੇ ਸਾਫ ਸੰਕੇਤ ਦਿੱਤੇ। ਉਨ੍ਹਾਂ ਨੇ ਦਬੀ ਜੁਬਾਨ ਨਾਲ ਮੰਨਿਆ ਕਿ ਇਰਾਕ 'ਤੇ ਫੌਜੀ ਕਬਜ਼ਾ ਕਰਨਾ ਜ਼ਰੂਰੀ ਨਹੀਂ ਸੀ। ਪਰ ਉਨ੍ਹਾਂ ਨੇ ਸੱਦਾਮ ਤੋਂ ਛੁਟਕਾਰੇ ਨੂੰ ਸਰਾਹਿਆ (ਇਹ ਅਜੀਬ ਸੰਤੁਸ਼ਟੀ ਹੈ)। ਉਨ੍ਹਾਂ ਨੇ ਵਾਅਦਾ ਕੀਤਾ ਕਿ 2012 ਤੱਕ ਉਹ ਇਰਾਕ ਖਾਲੀ ਕਰ ਦੇਣਗੇ। ਇਸੇ ਤਰ੍ਹਾਂ ਉਨ੍ਹਾਂ ਨੇ ਅਫਗਾਨਿਸਤਾਨ ਤੋਂ ਵਾਪਸੀ ਨੂੰ ਵੀ ਜ਼ਰੂਰੀ ਦੱਸਿਆ। ਦੋਨਾਂ ਰਾਸ਼ਟਰਾਂ ਵਿਚ ਸਵੈਸ਼ਾਸਨ ਅਤੇ ਸੁਸ਼ਾਸਨ ਲਈ ਉਨ੍ਹਾਂ ਨੇ ਬਣਦੀ ਆਰਥਿਕ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਬੁਸ਼ ਵਾਂਗ ''ਅੱਤਵਾਦੀ ਇਸਲਾਮ'' ਵਿਰੁਧ ਜੰਗ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਦੇ ਇਕ ਘੰਟੇ ਦੇ ਪੂਰੇ ਭਾਸ਼ਣ ਵਿਚ ''ਅੱਤਵਾਦ'' ਸ਼ਬਦ ਕਿਤੇ ਵੀ ਨਹੀਂ ਆਇਆ।



ਬਰਾਕ ਓਬਾਮਾ

ਦੂਜੇ ਸ਼ਬਦਾਂ ਵਿਚ ਓਬਾਮਾ ਦਾ ਭਾਸ਼ਣ ਅਸਕਰਾਤਮਕ ਘੱਟ ਅਤੇ ਸਾਕਾਰਾਤਮਕ ਜ਼ਿਆਦਾ ਸੀ। ਇਸਲਾਮ ਪ੍ਰਤੀ ਉਨ੍ਹਾਂ ਦਾ ਰਵੱਈਆ ਜ਼ਰਾ ਵੀ ਹਮਲਾਵਰ ਨਹੀਂ ਸੀ। ਅਲਕਾਇਦਾ ਅਤੇ ਤਾਲਿਬਾਨ ਦੀ ਹਿੰਸਾ ਨੂੰ ਉਨ੍ਹਾਂ ਨੇ ਮਨੁੱਖ-ਵਿਰੋਧੀ ਤਾਂ ਕਿਹਾ ਹੀ, ਇਸਲਾਮ-ਵਿਰੋਧੀ ਵੀ ਦੱਸਿਆ। ਹਿੰਸਾ ਦੇ ਮੁਕਾਬਲੇ ਦਾ ਪੂਰਾ ਸੰਕਲਪ ਉਨ੍ਹਾਂ ਨੇ ਦੁਹਰਾਇਆ, ਪਰ ਕਿਤੇ ਵੀ ਬੁਸ਼ ਵਾਂਗ ਤਿਉੜੀਆਂ ਨਹੀਂ ਚੜ੍ਹਾਈਆਂ ਅਤੇ ਹਿੰਸਾ ਲਈ ਇਸਲਾਮ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ। ਦੁਨੀਆਂ ਦੇ ਔਸਤ ਮੁਸਲਮਾਨਾਂ ਨੇ 'ਹੁਸੈਨ ਓਬਾਮਾ' ਦੇ ਮੂੰਹੋਂ ਇਹ ਖੁਸ਼ਖਬਰੀ ਵੀ ਸੁਣੀ ਕਿ ਉਹ ਜਲਦੀ ਹੀ 'ਗਵਾਂਟੇਨੇਮੋ ਬੇ' ਦੀ ਜੇਲ੍ਹ ਨੂੰ ਵੀ ਬੰਦ ਕਰਨ ਵਾਲੇ ਹਨ।

ਓਬਾਮਾ ਨੇ ਆਪਣੇ ਭਾਸ਼ਣ ਵਿਚ ਸਭ ਤੋਂ ਜ਼ਿਆਦਾ ਸਮਾਂ ਫਲਸਤੀਨ ਦੇ ਸਵਾਲ 'ਤੇ ਲਗਾਇਆ। ਕਿਉਂ ਨਾ ਲਾਉਂਦੇ? ਜਰਾ ਗੌਰ ਕਰੋ ਕਿ ਉਨ੍ਹਾਂ ਦਾ ਭਾਸ਼ਣ ਕਿੱਥੇ ਹੋ ਰਿਹਾ ਸੀ? ਮਿਸਰ ਵਿਚ। ਮਿਸਰ ਨਾਲ ਇਜ਼ਰਾਈਲ ਦਾ ਅੱਜ ਜਿਸ ਤਰ੍ਹਾਂ ਦਾ ਸਦਭਾਵ ਹੈ, ਉਸ ਤਰ੍ਹਾਂ ਦਾ ਕਿਸੇ ਵੀ ਅਰਬ ਰਾਸ਼ਟਰ ਨਾਲ ਨਹੀਂ ਹੈ। ਇਜ਼ਰਾਈਲ ਨਾਲ ਸਭ ਤੋਂ ਦਰਦਨਾਕ ਜੰਗ ਵੀ ਮਿਸਰ ਨੇ ਹੀ ਲੜੀ ਸੀ। ਇਹ ਘੱਟ ਵੱਡੀ ਗੱਲ ਨਹੀਂ ਕਿ ਓਬਾਮਾ ਨੇ ਆਪਣੀ ਮੁਸਲਿਮ ਜਨਮ ਭੂਮੀ ਦੇ ਬਾਵਜੂਦ ਦੋ-ਟੁਕ ਸ਼ਬਦਾਂ ਵਿਚ ਅਮਰੀਕਾ-ਇਜ਼ਰਾਈਲ ਨੇੜਤਾ ਦਾ ਜ਼ਿਕਰ ਕੀਤਾ ਅਤੇ ਇਹ ਵੀ ਕਿਹਾ ਕਿ ਇਜ਼ਰਾਈਲ ਨੂੰ ਜੀਣ ਦਾ ਪੂਰਾ ਅਧਿਕਾਰ ਹੈ।

ਇਸ ਅਧਿਕਾਰ ਨੂੰ ਫਲਸਤੀਨੀ ਮਾਨਤਾ ਦੇਣ। ਪਰ ਉਹ ਇਹ ਕਹਿਣ ਤੋਂ ਵੀ ਨਹੀਂ ਖੁੰਝੇ ਕਿ ਇਸ ਧਰਤੀ 'ਤੇ ਫਲਸਤੀਨੀਆਂ ਦੇ ਰਾਜ ਦੀ ਵੀ ਸਥਾਪਨਾ ਹੋਣੀ ਚਾਹੀਦੀ ਹੈ। ਉਸ ਦੇ ਅਕਸ ਨੂੰ ਵੀ ਇਜ਼ਰਾਈਲ ਨੂੰ ਸਵੀਕਾਰ ਕਰਨਾ ਪਵੇਗਾ। ਫਲਸਤੀਨੀ ਰਾਜ ਸੱਚਮੁੱਚ ਖੜ੍ਹਾ ਹੋ ਜਾਏ, ਓਬਾਮਾ ਇਸ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਫਲਸਤੀਨੀਆਂ ਦੇ ਦਿਨ-ਪ੍ਰਤੀਦਿਨ ਹੋਣ ਵਾਲੇ ਅਪਮਾਨ ਅਤੇ ਦੁੱਖਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਫਲਸਤੀਨ ਦੀ ਸਰਕਾਰ ਨੂੰ ਵਧੀਆ ਪ੍ਰਸ਼ਾਸਨ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਫਲਸਤੀਨੀਆਂ ਨੂੰ ਅਹਿੰਸਕ ਸੰਘਰਸ਼ ਦੀ ਪ੍ਰੇਰਣਾ ਦਿੱਤੀ। ਦੁਨੀਆ ਦੇ ਕਈ ਉਦਾਹਰਣ ਦਿੱਤੇ, ਪਰ ਹੈਰਾਨੀ ਹੈ ਕਿ ਗਾਂਧੀ ਦਾ ਜ਼ਿਕਰ ਤੱਕ ਨਹੀਂ ਕੀਤਾ। ਉਨ੍ਹਾਂ ਨੇ ਫਲਸਤੀਨੀਆਂ ਨੂੰ ਉਨ੍ਹਾਂ ਦੀਆਂ ਕਮਜ਼ੋਰੀਆਂ ਤੋਂ ਜਾਣੂ ਕਰਵਾਇਆ, ਤਾਂ ਇਜ਼ਰਾਈਲੀਆਂ ਨੂੰ ਵੀ ਨਹੀਂ ਬਖਸ਼ਿਆ। ਫਲਸਤੀਨੀਆਂ ਤੋਂ ਖੋਹੀ ਹੋਈ ਜ਼ਮੀਨ 'ਤੇ ਯਹੂਦੀ ਬਸਤੀਆਂ ਵਸਾਉਣ ਦਾ ਵੀ ਓਬਾਮਾ ਨੇ ਸਪੱਸ਼ਟ ਵਿਰੋਧ ਕੀਤਾ। ਓਬਾਮਾ ਇਥੇ ਮੁਸਲਮਾਨਾਂ ਨੂੰ ਇਹ ਦੱਸਦੇ ਤਾਂ ਚੰਗਾ ਰਹਿੰਦਾ ਕਿ ਫਲਸਤੀਨ ਵਿਵਾਦ ਦਾ ਮਜ਼ਬ ਨਾਲ ਕੋਈ ਸੰਬੰਧ ਨਹੀਂ ਹੈ। ਇਹ ਇਸਲਾਮ ਦਾ ਮਸਲਾ ਨਹੀਂ ਹੈ। ਇਹ ਇਸਲਾਮ ਦੇ ਆਉਣ ਤੋਂ ਵੀ ਪਹਿਲਾਂ ਦਾ ਮਸਲਾ ਹੈ। ਇਹ ਮਜ਼ਬੀ ਨਹੀਂ, ਜਾਤੀ ਜਾਂ ਰਾਸ਼ਟਰੀ ਵਿਵਾਦ ਹੈ। ਇਹ ਮਜ਼ਬੀ ਵਿਵਾਦ ਹੁੰਦਾ ਤਾਂ ਸਾਊਦੀ ਅਰਬ ਅਤੇ ਜਾਰਡਨ ਦੇ ਸ਼ਾਹ ਫਲਸਤੀਨੀਆਂ ਦਾ ਕਤਲੇਆਮ ਕਿਉਂ ਕਰਦੇ?

ਓਬਾਮਾ ਨੇ ਈਰਾਨ ਦੇ ਸਵਾਲ 'ਤੇ ਵੀ ਕਾਫੀ ਉਮੀਦਜਨਕ ਵਿਚਾਰ ਪ੍ਰਗਟ ਕੀਤੇ। ਈਰਾਨ ਪ੍ਰਤੀ ਉਨ੍ਹਾਂ ਨੇ ਸਨਮਾਨ ਪ੍ਰਗਟ ਕੀਤਾ ਅਤੇ ਇਹ ਵੀ ਕਿਹਾ ਕਿ ਉਸ ਨੂੰ ਸ਼ਾਂਤੀਪੂਰਨ ਪ੍ਰਮਾਣੂ ਪ੍ਰੋਗਰਾਮ ਚਲਾਉਣ ਦਾ ਪੂਰਾ ਅਧਿਕਾਰ ਹੈ। ਸਭ ਤੋਂ ਵੱਡੀ ਗੱਲ ਓਬਾਮਾ ਨੇ ਇਹ ਕਹੀ ਕਿ ਕਿਸੇ ਵੀ ਇਕ ਰਾਸ਼ਟਰ ਨੂੰ ਇਹ ਅਧਿਕਾਰ ਨਹੀਂ ਹੈ ਕਿ ਉਹ ਕਿਸੇ ਹੋਰ ਰਾਸ਼ਟਰ 'ਤੇ ਪ੍ਰਮਾਣੂ-ਸ਼ਕਤੀ ਹੋਣ ਜਾਂ ਨਾ ਹੋਣ ਦਾ ਵਿਕਲਪ ਥੋਪੇ। ਪ੍ਰਮਾਣੂ-ਅਪ੍ਰਸਾਰ 'ਤੇ ਜ਼ੋਰ ਦਿੰਦੇ ਹੋਏ ਵੀ ਉਨ੍ਹਾਂ ਨੇ ਈਰਾਨ ਨਾਲ ਗੱਲਬਾਤ ਦਾ ਰਾਹ ਖੋਲ੍ਹ ਦਿੱਤਾ।

# ਇਨ੍ਹਾਂ ਅਣ-ਪ੍ਰਵਾਹਿਤ ਫੁੱਲਾਂ ਦਾ ਕੀ ਬਣਿਆ ਹੋਊ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪਿਛਲੇ ਮਹੀਨੇ ਕੁ ਭਰ ਦੇ ਅਰਸੇ ਵਿਚ ਹੀ ਉੱਪਰੋਥੱਲੀ ਐਸੀਆਂ ਦਰਦਨਾਕ ਖ਼ਬਰਾਂ ਪੰਜਾਬੀ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲੀਆਂ, ਜਿਨ੍ਹਾਂ ਵਿਚ ਦੱਸਿਆ ਗਿਆ ਸੀ ਕਿ ਵੱਖ-ਵੱਖ ਥਾਵਾਂ ਦੇ ਕਈ ਵਿਅਕਤੀ ਆਪਣੇ ਪ੍ਰਲੋਕ ਸਿਧਾਰ ਗਏ ਸਬੰਧੀਆਂ ਦੇ ਫੁੱਲ ਪਾਉਣ ਗਏ ਹੋਏ ਮੌਤ ਦੇ ਮੂੰਹ ਜਾ ਪਏ। ਪਹਿਲੀ ਘਟਨਾ ਵਿਚ ਕੈਨੇਡਾ ਤੋਂ ਗਏ ਹੋਏ ਨੌਜਵਾਨ ਪਤੀ-ਪਤਨੀ ਆਪਣੇ ਕਿਸੇ ਰਿਸ਼ਤੇਦਾਰ ਦੇ ਅਸਤ, ਪਤਾਲਪੁਰੀ (ਕੀਰਤਪੁਰ ਸਾਹਿਬ) ਵਿਖੇ ਵਿਸਰਜਿਤ ਕਰਨ ਉਪਰੰਤ ਮੁੜਦੇ ਸਮੇਂ ਗੜ੍ਹਸ਼ੰਕਰ ਕੋਲ ਹੋਏ ਹੌਲਨਾਕ ਹਾਦਸੇ ਵਿਚ ਮਾਰੇ ਗਏ। ਇਸ ਅਭਾਗੇ ਜੋੜੇ ਦੇ ਪਿੱਛੇ ਰਹਿ ਗਏ ਛੋਟੇ ਛੋਟੇ ਬੱਚਿਆਂ ਦੀਆਂ ਅਖ਼ਬਾਰਾਂ 'ਚ ਛਪੀਆਂ ਫੋਟੋਆਂ ਦੇਖ ਕੇ ਕੋਈ ਅੱਖ ਸੁੱਕੀ ਨਹੀਂ ਰਹੀ ਹੋਵੇਗੀ।

ਦੂਸਰਾ ਦੁਖਦਾਈ ਵਾਕਿਆ, ਸਿੱਖ ਧਰਮ ਦੀ ਇਕ ਪ੍ਰਸਿੱਧ ਸੰਪਰਦਾ ਨਾਲ ਸਬੰਧਤ ਸਵਰਗ ਸਿਧਾਰ ਚੁੱਕੇ ਇਕ ਮਹਾਂ-ਪੁਰਖ ਦੇ ਫੁੱਲ ਹਰੀ ਕੇ ਪੱਤਣ ਵਿਖੇ ਜਲ-ਪ੍ਰਵਾਹ ਕਰਨ ਸਮੇਂ ਵਾਪਰਿਆ। ਜਿਥੇ ਬੇੜੀ ਪਲਟਣ ਨਾਲ ਸਿੱਖ ਜਗਤ ਦੇ ਦੋ ਸੁ-ਪ੍ਰਸਿੱਧ ਪ੍ਰਚਾਰਕ ਰਾਗੀ ਸਿੰਘਾਂ ਦੇ ਨਜ਼ਦੀਕੀ, ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਏ। ਭਾਈ ਹਰਬੰਸ ਸਿੰਘ ਜਗਾਧਰੀ ਵਾਲਿਆਂ ਦਾ ਸ਼ਾਇਦ ਬੇਟਾ ਅਤੇ ਪ੍ਰੋ. ਦਰਸ਼ਨ ਸਿੰਘ ਖਾਲਸਾ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦਾ ਇਕ ਭਾਈ ਇਸ ਮੰਦ-ਭਾਗੇ ਹਾਦਸੇ ਦਾ ਸ਼ਿਕਾਰ ਹੋ ਗਏ। ਇਸ ਤਰ੍ਹਾਂ ਕੁਝ ਹੋਰ ਸੱਜਣ ਕੀਰਤਪੁਰ ਸਾਹਿਬ ਤੋਂ ਅਸਤ ਪਾ ਕੇ ਮੁੜਦੇ ਹੋਏ ਰੋਪੜ ਲਾਗੇ ਇਕ ਐਕਸੀਡੈਂਟ ਵਿਚ ਜਾਨਾਂ ਗਵਾ ਬੈਠੇ।

ਹੁਣੇ ਹੁਣੇ ਵਿਆਨਾ ਵਿਚ ਹੋਈ ਗੋਲੀਬਾਰੀ ਦੀ ਇਕ ਘਟਨਾ ਵਿਚ ਸਵਰਗਵਾਸ ਹੋ ਚੁੱਕੇ ਰਾਮਾਨੰਦ ਜੀ ਦਾ 'ਅਸਤੀ-ਕਲਸ਼' ਵੀ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਹਰਿਦੁਆਰ ਪਹੁੰਚਾਏ ਜਾਣ ਦੇ ਸਮਾਚਾਰ ਛਪੇ ਹਨ।

ਇਸ ਤੋਂ ਇਲਾਵਾ ਜਦ ਵੀ ਸਿੱਖ ਸਮਾਜ ਦਾ ਕੋਈ ਨਾਮੀ-ਗ੍ਰਾਮੀ ਵਿਅਕਤੀ ਪ੍ਰਲੋਕ ਗਮਨ ਕਰ ਜਾਂਦਾ ਹੈ ਤਾਂ ਉਸ ਦੇ ਫੁੱਲ, ਪਤਾਲਪੁਰੀ ਵਿਖੇ ਜਾਂ ਕਿਸੇ ਹੋਰ ਥਾਂ ਜਲ-ਪ੍ਰਵਾਹ ਕਰਨ ਦੇ ਵੇਰਵੇ, ਉਚੇਚੇ ਤੌਰ 'ਤੇ ਅਖ਼ਬਾਰਾਂ ਵਿਚ ਪ੍ਰਕਾਸ਼ਤ ਕੀਤੇ ਜਾਂਦੇ ਹਨ।

ਉਪਰ ਵਰਨਣ ਕੀਤੇ ਗਏ ਤਿੰਨ ਹਾਦਸਿਆਂ ਵਿਚ ਹੋਈਆਂ ਅਚਾਨਕ ਮੌਤਾਂ ਨੂੰ, ਫੁੱਲ ਪਾਉਣ ਦੀ ਪ੍ਰਕਿਰਿਆ ਨਾਲ ਜੋੜ ਕੇ ਦੇਖਣਾ ਤਾਂ ਨਿਰਾ ਵਹਿਮ ਹੀ ਹੋਵੇਗਾ। ਕਿਉਂਕਿ ਗੁਰਬਾਣੀ ਫੁਰਮਾਨ ਹੈ- "ਸਾਹੇ ਲਿਖੇ ਨਾ ਚੱਲਨੀ ਜਿੰਦੂ ਕੂੰ ਸਮਝਾਇ"। ਸਮਾਂ, ਸਥਾਨ ਤੇ ਕਾਰਨ ਜਦੋਂ ਤਿੰਨੇ ਇਕੱਠੇ ਹੋ ਜਾਂਦੇ ਹਨ ਤਾਂ ਪ੍ਰਾਣੀ-ਮਾਤਰ ਮੌਤ ਦੇ ਪੰਜੇ ਤੋਂ ਨਹੀਂ ਬਚ ਸਕਦਾ। ਜਿਸਦੇ ਸਿਰ 'ਤੇ ਕਾਲ ਕੂਕ ਰਿਹਾ ਹੋਵੇ, ਉਹ ਭਾਵੇਂ ਕਿਸੇ ਦੇ ਫੁੱਲ ਪਾਉਣ ਨਾ ਵੀ ਗਿਆ ਹੋਇਆ ਹੋਵੇ, ਉਸਦੀ ਮੌਤ ਘਰੇ ਬੈਠੇ ਦੀ ਵੀ ਹੋ ਸਕਦੀ ਹੈ। ਪਰ ਇਸ ਲਿਖਤ ਵਿਚ ਮੈਂ ਜਿਸ ਨੁਕਤੇ 'ਤੇ ਵਿਚਾਰ ਕਰਨੀ ਚਾਹੁੰਦਾ ਹਾਂ, ਉਹ ਇਹ ਹੈ ਕਿ ਮੇਰੇ ਵਰਗੇ ਨਾਮ-ਧਰੀਕ ਸਿੱਖ, ਜਿਨ੍ਹਾਂ ਨੇ ਆਪਣੇ ਬਾਪ-ਦਾਦਿਆਂ ਦੇ ਅਸਤ, ਕੀਰਤਪੁਰ ਸਾਹਿਬ ਜਾਂ ਹੋਰ ਕਿਸੇ ਵਿਸ਼ੇਸ਼ ਅਸਥਾਨ 'ਤੇ ਜਾ ਕੇ ਜਲ ਪ੍ਰਵਾਹ ਨਾ ਕੀਤੇ ਹੋਣ, ਉਨ੍ਹਾਂ ਨੇ ਸਿੱਖ ਹੋਣ ਨਾਤੇ ਪੰਥ-ਪ੍ਰਵਾਨਿਤ ਰਹਿਤ ਮਰਯਾਦਾ ਅਨੁਸਾਰ ਆਪਣੇ ਬਜ਼ੁਰਗਾਂ ਦੇ ਅੰਤਿਮ ਸਸਕਾਰ ਕੀਤੇ ਹੋਏ ਹੋਣ।

ਕੀ ਉਹ ਐਸੇ ਮੌਕਿਆਂ 'ਤੇ ਸੋਚਣ ਲਈ ਮਜਬੂਰ ਹੁੰਦੇ ਹੋਣਗੇ ਕਿ ਜਦੋਂ ਸਾਰੀ ਉਮਰ ਧਰਮ-ਪ੍ਰਚਾਰ ਕਰਨ ਵਾਲੇ, ਭੁੱਲੀ ਭਟਕੀ ਲੋਕਾਈ ਨੂੰ ਗੁਰਮਤਿ ਗਾਡੀ ਰਾਹ ਦਿਖਾਉਣ ਵਾਲੇ ਸੰਤਾਂ-ਬਾਬਿਆਂ ਜਾਂ ਧਾਰਮਿਕ ਲੀਡਰਾਂ ਦੇ ਅਸਤ, ਅਡੰਬਰੀ ਸਮਾਗਮ ਕਰਕੇ ਜਲ ਪ੍ਰਵਾਹ ਕੀਤੇ ਜਾਂਦੇ ਹਨ, ਤਾਂ ਕੀ ਉਨ੍ਹਾਂ ਦੇ ਬਾਪ-ਦਾਦਿਆਂ ਦੀਆਂ ਰੂਹਾਂ ਐਵੇਂ ਭਟਕਦੀਆਂ ਫਿਰਦੀਆਂ ਹੋਣਗੀਆਂ? ਕੀ ਉਨ੍ਹਾਂ ਵਿਚਾਰਿਆਂ ਦੀ ਕਥਿਤ 'ਗਤੀ' ਹੋਈ ਹੀ ਨਹੀਂ ਹੋਵੇਗੀ?

ਵੱਡੇ ਸਿਤਮ ਦੀ ਗੱਲ ਹੈ ਕਿ ਪ੍ਰਵਾਨਿਤ ਰਹਿਤ ਮਰਯਾਦਾ ਵਿਚ 'ਸ਼ਖ਼ਸੀ ਰਹਿਣੀ' ਦੇ ਅਨੁਵਾਨ ਹੇਠ ਸਫਾ 25 ਉਪਰ ਮ੍ਰਿਤਕ ਸਸਕਾਰ ਦੀ ਵਿਆਖਿਆ ਅਧੀਨ ਸਪਸ਼ਟ ਹੁਕਮ ਹੈ।

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਢਾ ਹੋਣ 'ਤੇ ਸਾਰੀ ਦੇਹ ਦੀ ਭਸਮ, ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉੱਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ...।

(ਖ)...ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿ ਥਾਵਾਂ ਵਿਚ ਜਾ ਕੇ ਪਾਉਣੇ ਮਨਮੱਤ ਹੈ।

ਇਹ ਤਾਂ ਹੱਦ ਦੀ ਵੀ ਬੇ-ਹੱਦ ਹੋ ਗਈ! ਇਨ੍ਹਾਂ ਸਪਸ਼ਟ ਹਦਾਇਤਾਂ ਦੇ ਹੁੰਦਿਆਂ ਅਤੇ 'ਰਾਮਕਲੀ ਸਦੁ' ਦੇ ਗੋਹਜ-ਭਾਵ ਨੂੰ ਜਾਣਦਿਆਂ ਬੁੱਝਦਿਆਂ ਹੋਇਆਂ ਅਸੀਂ ਸਿੱਖ, ਆਪਣੇ ਮ੍ਰਿਤਕ ਸਬੰਧੀਆਂ ਦੇ 'ਫੁੱਲ ਤਾਰਨ' ਤੋਂ ਬਾਜ ਨਹੀਂ ਆਉਂਦੇ? ਸਿੱਖ ਸਮਾਜ ਵਿਚ ਫੈਲੀਆਂ ਹੋਰ ਅਣਗਿਣਤ ਕੁਰੀਤੀਆਂ ਵਾਂਗ, ਇਸ 'ਫੁੱਲ ਪਾਊ ਪ੍ਰਪੰਚ' ਦੀ ਰੋਕਥਾਮ ਤਾਂ ਕੀ ਹੋਣੀ ਹੈ, ਸਗੋਂ ਦੇਖਾ ਦੇਖੀ ਭੇਡਚਾਲ ਵਧੀ ਹੀ ਚਲੀ ਜਾਂਦੀ ਹੈ। ਜਦੋਂ ਅਸੀਂ ਤੇ ਸਾਡੇ ਰਹਿਬਰਾਂ ਨੇ ਇਹ ਬਿਪਰ ਰੀਤਾਂ ਗੱਜ ਵੱਜ ਕੇ ਕਰੀ ਜਾਣੀਆਂ ਹਨ ਤਾਂ ਫਿਰ ਖਾਲਸੇ ਦੇ ਨਿਆਰੇਪਨ ਦਾ ਕੀ ਅਰਥ ਰਹਿ ਗਿਆ? ਕਿਹੜੇ ਮੂੰਹ ਨਾਲ ਗਾਈਏ ਕਿ 'ਤੀਸਰ ਮਜਹਬ ਖਾਲਸਾ ਪ੍ਰਗਟਿਓ ਪ੍ਰਧਾਨਾ?'

ਇਸੇ ਪ੍ਰਥਾਏ ਕੁਝ ਗੱਲਾਂ ਯਾਦਾਂ ਦੇ ਝਰੋਖੇ ਵਿਚੋਂ। ਸ੍ਰੀ ਕੀਰਤਪੁਰ ਸਾਹਿਬ ਵਿਖੇ ਗੁਰਦੁਆਰਾ ਪਤਾਲਪੁਰੀ ਦੇ ਨਾਲ ਦਰਿਆ ਵਾਲੇ ਪਾਸੇ ਬਣੇ ਹੋਏ ਮੌਜੂਦਾ 'ਅਸਤ-ਘਾਟ' ਦਾ ਨੀਂਹ ਪੱਥਰ ਰੱਖਣ ਸਮੇਂ ਇਨ੍ਹਾਂ ਸਤਰਾਂ ਦਾ ਲੇਖਕ ਬਤੌਰ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਕੁਝ ਹੋਰ ਧਾਰਮਿਕ ਸ਼ਖ਼ਸੀਅਤਾਂ ਦੇ ਨਾਲ ਸੀ। ਇਧਰੋਂ-ਉਧਰੋਂ ਪਏ ਪ੍ਰੈਸ਼ਰ ਕਾਰਨ ਜਥੇਦਾਰ ਟੌਹੜਾ ਨੇ ਅਣ-ਮੰਨੇ ਜਿਹੇ ਦਿਲ ਨਾਲ ਨੀਂਹ ਪੱਥਰ ਰੱਖਣ ਸਮੇਂ ਉੱਚੀ ਆਵਾਜ਼ ਵਿਚ ਆਖਿਆ ਸੀ- "ਕਿਉਂ ਮੈਥੋਂ ਮਨਮੱਤਾਂ ਕਰਵਾਈ ਜਾਂਦੇ ਓ ਜਥੇਦਾਰੋ! ...ਆਉਣ ਵਾਲੀਆਂ ਪੀੜ੍ਹੀਆਂ ਮੈਨੂੰ ਦੁਰਕਾਰਨਗੀਆਂ।'' ਮੈਂ ਤੇ ਮੇਰੇ ਦੋ ਹੋਰ ਸਾਥੀ ਮੈਂਬਰਾਂ ਨੇ ਉਦੋਂ ਵੀ ਅਸਤ-ਘਾਟ ਦਾ ਵਿਰੋਧ ਕੀਤਾ ਸੀ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਕਈ ਦਹਾਕੇ ਮੈਂਬਰ ਰਹੇ ਮੇਰੇ ਸਰਨਾਮੀਏ ਜਥੇਦਾਰ ਤਰਲੋਚਨ ਸਿੰਘ ਬਬਰ ਮਜਾਰਾ (ਜੋ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਾਪੇਗੰਡਾ ਸਕੱਤਰ ਵੀ ਲੰਬਾ ਸਮਾਂ ਰਹੇ) ਜਦੋਂ ਨਵਾਂ ਸ਼ਹਿਰ ਲਾਗੇ ਆਪਣੇ ਪਿੰਡ ਬਬਰ ਮਜਾਰਾ ਵਿਖੇ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੇ ਅੰਤਿਮ ਸਸਕਾਰ ਮੌਕੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਪਹੁੰਚੇ। ਸਵਰਗੀ ਜਥੇਦਾਰ ਦੀ ਮ੍ਰਿਤਕ ਦੇਹ ਜਦੋਂ ਸ਼ਮਸ਼ਾਨਘਾਟ ਵਲ ਲਿਜਾਈ ਜਾ ਰਹੀ ਸੀ ਤਾਂ ਰਸਤੇ ਵਿਚ ਜਾ ਕੇ 'ਅੱਧ-ਮਾਰਗ' ਦੀ ਰਸਮ ਕਰਨ ਲਈ ਪਰਿਵਾਰ-ਜਨਾਂ ਨੇ ਅਰਥੀ ਜ਼ਮੀਨ 'ਤੇ ਰੱਖ ਲਈ। ਮ੍ਰਿਤਕ ਦਾ ਵੱਡਾ ਬੇਟਾ ਹੱਥਾਂ 'ਚ ਪਾਣੀ ਵਾਲੀ ਤੌੜੀ (ਮਿੱਟੀ ਦਾ ਬਰਤਨ) ਲੈ ਕੇ ਹਾਲੇ ਅਰਥੀ ਵਲ ਨੂੰ ਵਧਿਆ ਹੀ ਸੀ ਕਿ ਜਥੇਦਾਰ ਤਲਵੰਡੀ ਜੀ ਆਣ ਗਰਜੇ! ਮੁੰਡੇ ਹੱਥੋਂ ਤੌੜੀ ਫੜ ਵਗਾਹ ਕੇ ਪਰ੍ਹੇ ਸੁੱਟਦਿਆਂ ਤਲਵੰਡੀ ਜੀ ਕਹਿੰਦੇ, "ਓਏ ਮੂਰਖੋ ਇਹ ਕੀ ਕਰਨ ਡਹੇ ਓ? ...ਸਾਰੀ ਉਮਰ ਸਾਡਾ ਇਹ ਮਿੱਤਰ ਮਨਮੱਤੀ ਕਰਮ-ਕਾਂਡਾਂ ਵਿਰੁਧ ਡਟ ਕੇ ਪ੍ਰਚਾਰ ਕਰਦਾ ਰਿਹਾ। ਹੁਣ ਤੁਸੀਂ ਅੰਤ ਸਮੇਂ ਕਿਉਂ ਉਹਦੀ ਕੀਤੀ ਕਰਾਈ ਖੂਹ 'ਚ ਸੁੱਟਣ ਲੱਗੇ ਹੋ? ....ਖ਼ਬਰਦਾਰ ਜੇ ਇਹਦੇ ਨਮਿੱਤ ਕੋਈ ਡੰਡ-ਪਖੰਡ ਕੀਤਾ!"

ਇਸ ਲੇਖ ਦੇ ਅਰੰਭ ਵਿਚ ਮ੍ਰਿਤਕ ਪ੍ਰਾਣੀਆਂ ਦੇ ਫੁੱਲ ਪਾਉਣ ਗਿਆ ਹੋਇਆਂ ਨਾਲ ਵਾਪਰੇ ਹਾਦਸਿਆਂ ਬਾਰੇ ਜਦੋਂ ਮੈਂ ਪੜ੍ਹ ਰਿਹਾ ਸਾਂ ਤਾਂ ਮੈਨੂੰ ਅਚਾਨਕ ਢਾਡੀ-ਸਿਰੋਮਣ ਗਿਆਨੀ ਦਇਆ ਸਿੰਘ ਦਿਲਬਰ (ਸਵਰਗੀ) ਦੀ ਲਿਖੀ ਹੋਈ ਲੰਬੀ ਕਵਿਤਾ 'ਫੁੱਲ' ਯਾਦ ਆ ਗਈ। ਇਸ ਅਨੂਠੀ ਕਵਿਤਾ ਦੇ ਕੁਝ ਬੰਦ ਪੇਸ਼ ਕਰ ਰਿਹਾ ਹਾਂ। ਪਾਠਕ ਜੀ, ਦਿਲਬਰ ਜੀ ਦੀਆਂ ਇਨ੍ਹਾਂ ਸਤਰਾਂ ਨੂੰ ਗੌਰ ਨਾਲ ਪੜ੍ਹ ਕੇ ਵਿਚਾਰ ਕਰਿਓ ਕਿ ਜੇ ਮ੍ਰਿਤਕ ਪ੍ਰਾਣੀਆਂ ਦੇ ਫੁੱਲ ਕਿਸੇ ਖ਼ਾਸ ਜਗ੍ਹਾ 'ਤੇ ਪਾਉਣ ਨਾਲ ਗੁਜ਼ਰ ਗਿਆਂ ਦਾ 'ਪ੍ਰਲੋਕ ਸੁਹੇਲਾ' ਹੋ ਜਾਂਦਾ ਹੋਵੇਗਾ ਤਾਂ ਦਿਲਬਰ ਜੀ ਦੀ ਕਵਿਤਾ ਵਿਚਲੇ ਸੂਰਬੀਰਾਂ ਦਾ ਕੀ ਬਣਿਆ ਹੋਊ? 'ਫੁੱਲ' ਸਿਰਲੇਖ ਵਾਲੀ ਕਵਿਤਾ ਦੇ ਕੁਝ 'ਬੰਦ'-

ਕਿਸੇ ਲੀਡਰ ਨੇ ਗਾਂਧੀ ਦੀ ਮੜ੍ਹੀ ਉੱਤੇ
ਚਾੜ੍ਹੇ ਗਾਂਧੀ ਦੇ ਫੁੱਲਾਂ ਨੂੰ ਪਿਆਰ ਦੇ ਫੁੱਲ।
ਫ਼ਖਰ ਨਾਲ ਅਖ਼ਬਾਰਾਂ ਨੇ ਖ਼ਬਰ ਛਾਪੀ
ਮੁੜ ਮੁੜ ਪੜ੍ਹੇ ਮੈਂ ਓਸ ਅਖ਼ਬਾਰ ਦੇ ਫੁੱਲ।
ਅੱਖਾਂ ਸਾਮ੍ਹਣੇ ਬਣ ਤਸਵੀਰ ਆ ਗਏ
ਉਹ ਗੁਲਾਮਾਂ ਦੀ ਖਿੜੀ ਗੁਲਜ਼ਾਰ ਦੇ ਫੁੱਲ।
ਬਾਬਰ ਬਾਦਸ਼ਾਹ ਦੇ ਹੱਥੀਂ ਸੜੇ ਵੇਖੇ
ਗੁਰੂ ਨਾਨਕ ਨੇ ਹਿੰਦੀ ਬਹਾਰ ਦੇ ਫੁੱਲ।
ਅੱਜ ਤੱਕ ਰਾਵੀ 'ਚੋਂ ਕਿਸੇ ਨੇ ਨਹੀਂ ਲੱਭੇ
ਅਰਜਨ ਦੇਵ ਜਿਹੇ ਸ਼ਾਂਤੀ ਅਵਤਾਰ ਦੇ ਫੁੱਲ।
ਰੁਲੇ ਦਿੱਲੀ ਦੇ ਉੱਜੜੇ ਖੰਡਰਾਂ ਵਿਚ
ਮਾਂ ਗੁਜਰੀ ਦੇ ਸਿਰ ਦੇ ਸ਼ਿੰਗਾਰ ਦੇ ਫੁੱਲ।
ਕਿਸੇ ਚੁਣੇ ਨਾ ਜਾ ਚਮਕੌਰ ਵਿਚੋਂ
ਸੁਹਣੇ ਲਾਲ ਅਜੀਤ-ਜੁਝਾਰ ਦੇ ਫੁੱਲ।
ਸਕਾ ਬਾਪ ਵੀ ਅੱਖੀਂ ਨਾ ਵੇਖ ਸਕਿਆ
ਫਤਹਿ-ਜ਼ੋਰਾਵਰ ਜਿਹੇ ਬਰਖ਼ੁਰਦਾਰ ਦੇ ਫੁੱਲ।
ਲੱਖਾਂ ਲਾਲਾਂ ਤੋਂ ਕੀਮਤੀ ਲਾਲ ਰੁਲ ਗਏ
ਮਾਂ ਗੁਜਰੀ ਦੇ ਸੋਹਣੇ ਪਰਿਵਾਰ ਦੇ ਫੁੱਲ।
ਰਹੇ ਚੁੰਮਦੇ ਦਿੱਲੀ ਵਿਚ ਕਾਂ ਕੁੱਤੇ
ਬੰਦਾ ਸਿੰਘ ਬਹਾਦਰ ਸਰਦਾਰ ਦੇ ਫੁੱਲ।
ਉਸ ਦੇ ਲਾਡਲੇ ਪੁੱਤਰ ਅਜੈ ਸਿੰਘ ਦੇ
ਸੱਤ ਸੌ ਗੱਭਰੂ ਛੈਲ-ਛਬੀਲੇ ਦੇ ਫੁੱਲ।
ਕਿਸੇ ਸਾਂਭੇ ਨਾ ਭਾਈ ਦਿਆਲੇ ਦੇ ਫੁੱਲ
ਮਤੀ ਦਾਸ ਜਿਹੇ ਗੁਰੂ ਪਿਆਰੇ ਦੇ ਫੁੱਲ।
ਰੁਲਦੇ ਰਹੇ ਲਾਹੌਰ ਦੀ ਕਤਲਗਾਹ ਵਿਚ
ਮਨੀ ਸਿੰਘ ਦਸ਼ਮੇਸ਼ ਦੁਲਾਰੇ ਦੇ ਫੁੱਲ।
ਮਾਂ ਦੇ ਲਾਡਲੇ ਧਰਮੀ ਹਕੀਕਤ ਦੇ ਫੁੱਲ
ਤਾਰੂ ਸਿੰਘ ਜਿਹੇ ਅਰਸ਼ੀ ਸਿਤਾਰੇ ਦੇ ਫੁੱਲ।
ਸੁਬੇਗ ਸਿੰਘ ਤੇ ਸ਼ਾਹਬਾਜ਼ ਦੇ ਫੁੱਲ
ਬੋਤਾ ਸਿੰਘ ਜਿਹੇ ਗੁਰੂ-ਸਵਾਰੇ ਦੇ ਫੁੱਲ।
ਮੀਰ ਮੰਨੂ ਨੇ ਟੰਗ ਕੇ ਨੇਜ਼ਿਆਂ 'ਤੇ
ਕੁਚਲੇ ਮਾਵਾਂ ਦੇ ਸੋਹਣੇ ਗੁਲਾਬ ਦੇ ਫੁੱਲ।
ਪੀੜ ਵੇਲਣੇ 'ਚ ਤੋੜੇ ਜ਼ਾਲਮਾਂ ਨੇ
ਮੀਰਾਂ ਕੋਟੀਏ ਸਿੰਘ ਮਹਿਤਾਬ ਦੇ ਫੁੱਲ।
ਕੋਈ ਮੈਦਾਨ 'ਚੋਂ ਨਾ ਸੰਭਾਲ ਸਕਿਆ
ਬਾਬਾ ਦੀਪ ਸਿੰਘ ਜਿਹੇ ਅੰਮ੍ਰਿਤਧਾਰੀ ਦੇ ਫੁੱਲ।
ਜਿਸ ਅਜ਼ਾਦੀ ਲਈ ਜ਼ਿੰਦਗੀ ਭੇਟ ਕੀਤੀ
ਬਾਬੇ ਗੁਰਬਖ਼ਸ਼ ਸਿੰਘ ਬੀਰ ਬਲਕਾਰੀ ਦੇ ਫੁੱਲ।
ਬੇਈਮਾਨਾਂ ਨੇ ਸ਼ਾਨੋ-ਬੇਸ਼ਾਨ ਕੀਤੇ
ਸ਼ਾਮ ਸਿੰਘ ਸਰਦਾਰ ਅਟਾਰੀ ਦੇ ਫੁੱਲ।
ਜ਼ਾਲਮ ਗੋਰਿਆਂ ਰੋਲੇ ਸਭਰਾਵਾਂ ਦੇ ਵਿਚ
ਸੀ ਪੰਜਾਬ ਦੀ ਸੈਨਾ ਸ਼ਿੰਗਾਰੀ ਦੇ ਫੁੱਲ।
ਆਪਣੇ ਵਤਨ ਦੀ ਮਿੱਟੀ ਨੂੰ ਤਰਸਦੇ ਰਹੇ
ਸਾਡੀ ਮਹਾਰਾਣੀ ਜਿੰਦ ਕੌਰ ਦੇ ਫੁੱਲ।
ਉਸਦੇ ਲਾਡਲੇ ਪੁੱਤ ਦਲੀਪ ਸਿੰਘ ਦੇ
ਸਕੇ ਆ ਨਾ ਵਿਚ ਲਾਹੌਰ ਦੇ ਫੁੱਲ।
ਸਦ ਅਫ਼ਸੋਸ!
ਜੇ ਰਣਜੀਤ ਸਿੰਘ ਪਹਿਲੋਂ ਚੁਣ ਲੈਂਦਾ
ਕਿਤੇ 'ਤੇਜੇ' ਤੇ 'ਲਾਲੂ' ਗੱਦਾਰ ਦੇ ਫੁੱਲ।
ਐਨੀ ਜਲਦ ਫਿਰ ਕਦੇ ਮੁਰਝਾਂਵਦੇ ਨਾ
ਟਹਿਕੇ ਹੋਏ ਲਾਹੌਰ ਦਰਬਾਰ ਦੇ ਫੁੱਲ।
ਤੇ ਖਿੜ-ਖਿੜ ਹੱਸਦੇ ਵਿਚ ਪੰਜਾਬ ਦੇ ਨਾ
ਕਦੇ ਗੋਰੀ ਅੰਗਰੇਜ਼ ਸਰਕਾਰ ਦੇ ਫੁੱਲ।
ਜਿਸ ਆਜ਼ਾਦੀ ਲਈ ਜ਼ਿੰਦਗੀ ਵਾਰ ਦਿੱਤੀ
ਕਿੱਥੇ ਗਏ ਕਰਤਾਰ ਸਿੰਘ ਸਰਾਭੇ ਦੇ ਫੁੱਲ।
ਅੱਜ ਤੱਕ ਵੀ ਕਿਸੇ ਨੇ ਨਹੀਂ ਵੇਖੇ
ਸਾਡੇ ਮਹਾਰਾਜੇ ਰਿਪੁਦਮਨ ਸਿੰਘ ਨਾਭੇ ਦੇ ਫੁੱਲ।
ਬਾਬਾ ਰਾਮ ਸਿੰਘ ਦੀ ਛਤਰ-ਛਾਇਆ ਥੱਲੇ
ਕੁਚਲੇ ਗਏ ਕਈ ਮਾਝੇ ਦੁਆਬੇ ਦੇ ਫੁੱਲ।
ਜਿਸ ਅਡਵਾਇਰ ਦੀ ਫਟਕੜੀ ਫੁੱਲ ਕੀਤੀ
ਰੁਲੇ ਲੰਡਨ ਵਿਚ ਉਸ ਜੁਆਨ ਦੇ ਫੁੱਲ।
'ਫੁੱਲ ਹਾਊਸ' ਵਿਚ ਦੁਸ਼ਮਣ ਦੇ ਫੁੱਲ ਚੁਗ ਲਏ
ਮਸਾਂ ਮਿਲੇ ਸਨ ਊਧਮ ਬਲਵਾਨ ਦੇ ਫੁੱਲ।
ਮਾਰ ਮਾਰ ਡਾਂਗਾਂ ਤੋੜੇ ਜ਼ਾਲਮਾਂ ਨੇ
ਬਾਗ ਗੁਰੂ ਕੇ ਕਈ ਹਜ਼ਾਰ ਦੇ ਫੁੱਲ।

ਇਹ ਕਵਿਤਾ ਤਾਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਿੱਖ ਦੇ ਡਾਂਗਾਂ ਨਾਲ ਤੋੜੇ ਗਏ 'ਫੁੱਲਾਂ' 'ਤੇ ਆ ਕੇ ਖਤਮ ਹੋ ਜਾਂਦੀ ਹੈ। ਪਰ ਉਦੋਂ ਤੋਂ ਲੈ ਕੇ ਹੁਣ ਤੱਕ ਦੀ ਤਾਰੀਖ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਹਜ਼ਾਰਾਂ ਸਿੱਖਾਂ ਦੇ ਫੁੱਲ ਤਾਂ ਕਿਤੇ ਰਹੇ, ਉਨ੍ਹਾਂ ਦਾ ਧੂੰਆਂ ਵੀ ਨਿਕਲਣ ਨਹੀਂ ਦਿੱਤਾ ਗਿਆ।

ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਖਾਲੜੇ ਵਰਗੇ, ਪਤਾ ਨਹੀਂ ਕਿੰਨੇ ਕੁ ਹਰੀ ਕੇ ਪੱਤਣ ਦੀਆਂ ਮੱਛੀਆਂ ਨੇ ਸਬੂਤੇ ਹੀ ਨਿਗਲ ਲਏ। ਐਸੇ ਸੈਂਕੜੇ ਹਜ਼ਾਰਾਂ ਅਣਪਛਾਤੇ ਸਿੱਖਾਂ ਦੀਆਂ ਲਾਸ਼ਾਂ ਦੇ 'ਫੁੱਲ' ਅਤੇ ਗਿਆਨੀ ਦਇਆ ਸਿੰਘ ਦਿਲਬਰ ਵਲੋਂ ਸਿਆਹੀ ਦੀ ਥਾਂ ਲਹੂ ਨਾਲ ਲਿਖੀ ਗਈ ਉੱਪਰ ਵਾਲੀ ਕਵਿਤਾ ਵਿਚਲੇ 'ਫੁੱਲ' ਕੀ ਇਹ ਸਾਰੇ ਪਤਾਲਪੁਰੀ ਵਿਖੇ ਜਲ-ਪ੍ਰਵਾਹਿਤ ਹੋ ਕੇ ਮਿਲਣ ਵਾਲੇ 'ਲਾਭ' ਤੋਂ ਵਿਰਵੇ ਰਹਿ ਗਏ ਹੋਣਗੇ?

ਪਿਆਰੇ ਪਾਠਕੋ, ਆਪਣੇ ਸਾਹਮਣੇ ਫੁੱਲ ਪਾਉਣ ਦੇ 'ਅਡੰਬਰੀ ਤਰੀਕਾ-ਏ-ਕਾਰ' ਨੂੰ ਦੇਖਦਿਆਂ ਹੋਇਆਂ, ਜ਼ਰਾ ਆਪਣੇ ਹਿਰਦਿਆਂ ਵਿਚ 'ਫੁੱਲ' ਕਵਿਤਾ ਵਿਚ ਗਿਣੇ ਗਏ ਬਲੀਦਾਨੀਆਂ ਦੇ 'ਫੁੱਲਾਂ' ਬਾਰੇ ਸੋਚਿਓ ਕਿ ਇਤਨੇ ਮਹਾਨ ਫੁੱਲਾਂ ਦਾ ਕੀ ਬਣਿਆ ਹੋਊ?

ਦਾਨਿਆਂ ਨੇ ਪਾਰਦਰਸ਼ੀ ਪਹੁੰਚ ਤਾਂ ਕੀਤੀ ਬੜੀ,
ਗਜ਼ਬ ਹੈ! ਮਿਥਿਹਾਸ ਫਿਰ ਵਿਸ਼ਵਾਸ
ਬਣਦਾ ਜਾ ਰਿਹਾ!

***

# ਝੂਠ ਨੂੰ ਸੱਚ ਤੇ ਸੱਚ ਨੂੰ ਝੂਠ 'ਚ ਬਦਲਣ ਵਾਲੀਆਂ ਮਸ਼ੀਨਾਂ

ਰਸ਼ਪਿੰਦਰ ਪਾਲ ਕੌਰ

ਜ਼ਿੰਦਗੀ ਦਾ ਸਫ਼ਰ ਮਿੱਠੇ ਅਹਿਸਾਸ ਵੀ ਲੈ ਕੇ ਆਉਂਦਾ ਹੈ ਤੇ ਕੰਡਿਆਂ ਦੇ ਤਾਜ਼ ਵੀ। ਜ਼ਿੰਦਗੀ ਦੇ ਦਾਮਨ ਨਾਲ ਜੁੜੇ ਪਲ ਕਈ ਵਾਰ ਸਾਡੀਆਂ ਅੱਖਾਂ 'ਤੇ ਆਏ ਪਰਦੇ ਨੂੰ ਵੀ ਹਟਾਉਂਦੇ ਹਨ। ਮੈਨੂੰ ਆਪਣੀ ਜ਼ਿੰਦਗੀ 'ਚ ਅਜਿਹੇ ਪਲਾਂ ਸੰਗ ਵੀ ਗੁਜ਼ਰਨਾ ਪਿਆ, ਜਿਨ੍ਹਾਂ ਬਾਰੇ ਮੈਂ ਕਦੇ ਚਿੱਤ-ਚੇਤੇ 'ਚ ਵੀ ਨਹੀਂ ਸੀ ਸੋਚਿਆ। ਕੁਝ ਮਹੀਨੇ ਪਹਿਲਾਂ ਮੈਂ ਆਪਣੀ ਸਹੇਲੀ ਨਾਲ ਅਦਾਲਤ ਦੇ ਬਾਹਰਵਾਰ ਖੜ੍ਹੀ ਸਾਂ। ਉਥੇ ਬਹੁਤ ਗਹਿਮਾ-ਗਹਿਮੀ ਸੀ ਤੇ ਰੌਲਾ-ਰੱਪਾ ਵੀ।

ਸਾਡੇ ਵਰਗੇ ਕਿੰਨੇ ਹੀ ਲੋਕ ਅਦਾਲਤ 'ਚ ਆਪਣੀ ਪੇਸ਼ੀ ਦੀ ਉਡੀਕ 'ਚ ਖੜ੍ਹੇ ਸਨ, ਜਿਨ੍ਹਾਂ ਦੇ ਚਿਹਰਿਆਂ ਤੋਂ ਬੇਵਸੀ, ਮਜਬੂਰੀ ਤੇ ਸਮੇਂ ਦੀ ਮਾਰ ਸਾਫ਼ ਝਲਕਦੀ ਸੀ। ਸਾਡਾ ਅਦਾਲਤ 'ਚ ਆਉਣ ਦਾ ਸਬੱਬ ਇਹ ਸੀ ਕਿ ਕੁਝ ਸਮਾਂ ਪਹਿਲਾਂ ਮੈਰਿਜ ਪੈਲੇਸ 'ਚ ਮੇਰੀ ਸਹੇਲੀ ਦੇ ਗੁੰਮ ਹੋਏ ਹਾਰ ਸਬੰਧੀ ਪੁਲਿਸ ਵਲੋਂ ਫੜੇ ਗਏ ਦੋਸ਼ੀ ਦੀ ਸ਼ਨਾਖ਼ਤ ਲਈ ਅਦਾਲਤ 'ਚ ਅਸੀਂ ਪੁਲਿਸ ਵਲੋਂ ਗਵਾਹ ਦੇ ਤੌਰ 'ਤੇ ਪੇਸ਼ ਹੋਣਾ ਸੀ।

ਪੁਲਿਸ ਦੇ 'ਨਾਇਬ' ਨੇ ਸਾਨੂੰ ਪਾਸੇ ਬੁਲਾ ਕੇ ਦੋਸ਼ੀ ਦੀ ਸਾਰੀ ਫ਼ਾਈਲ ਵਿਖਾਈ ਤੇ ਦੱਸਿਆ ਕਿ ਉਸ ਨੇ ਕਿਹੜੇ-ਕਿਹੜੇ ਸ਼ਹਿਰਾਂ 'ਚ ਔਰਤਾਂ ਤੋਂ ਪਰਸ, ਸੋਨੇ ਦੀਆਂ ਚੇਨੀਆਂ ਤੇ ਰਾਹਗੀਰਾਂ ਤੋਂ ਪੈਸੇ ਖੋਹਣ ਦਾ 'ਜੁਰਮ' ਕੀਤਾ ਸੀ। ਉਸ ਨੇ ਕਿਹਾ ਕਿ ਤੁਸੀਂ ਅਦਾਲਤ ਵਿਚ 'ਦੋਸ਼ੀ' ਦੀ ਸ਼ਨਾਖ਼ਤ ਕਰਨੀ ਹੈ ਤਾਂ ਤੁਹਾਡਾ ਬਰਾਮਦ ਹੋਇਆ ਹਾਰ ਤੇ ਹੋਰਨਾਂ ਲੋਕਾਂ ਦਾ ਕੀਮਤੀ ਸਾਮਾਨ ਵਾਪਸ ਮਿਲ ਸਕਦਾ ਹੈ ਤੇ ਨਾਲੇ ਦੋਸ਼ੀ ਨੂੰ ਉਸ ਦੇ ਕੀਤੇ ਦੀ ਸਜ਼ਾ ਵੀ ਮਿਲ ਸਕਦੀ ਹੈ।

ਉਸ ਨੇ ਤੁਰੰਤ ਸਾਨੂੰ ਸਰਕਾਰੀ ਵਕੀਲ ਨਾਲ ਮਿਲਾਇਆ, ਜਿਸ ਨੇ ਕਿਹਾ ਕਿ ਤੁਸੀਂ ਆਪਣੇ ਬਿਆਨਾਂ 'ਤੇ ਕਾਇਮ ਰਹਿਣਾ ਹੈ। ਨਾਲ ਹੀ ਉਨ੍ਹਾਂ ਸਾਨੂੰ ਅਦਾਲਤ 'ਚ ਦਿੱਤੇ ਜਾਣ ਵਾਲੇ ਬਿਆਨਾਂ ਦੀ ਪਕਿਆਈ ਲਈ 'ਦੋਸ਼ੀ' ਦੀ ਫਾਈਲ ਗਹੁ ਨਾਲ ਵਾਚਣ ਲਈ ਕਿਹਾ। ਇਕ ਜਾਣੂੰ ਵਕੀਲ ਦੇ ਚੈਂਬਰ 'ਚ ਬੈਠ ਕੇ ਜਦ ਅਸੀਂ ਉਸ ਫਾਈਲ ਨੂੰ ਵਾਚਿਆ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ।

ਘਟਨਾ ਵਾਲੇ ਦਿਨ ਜਦ ਮੈਂ ਤੇ ਮੇਰੀ ਸਹੇਲੀ ਖੁਸ਼ੀ ਦੇ ਪਲਾਂ 'ਚ ਮਸਰੂਫ਼ ਸਾਂ ਤਾਂ ਵੇਖਣ 'ਤੇ ਸਹੇਲੀ ਦੇ ਗਲੇ 'ਚੋਂ ਹਾਰ ਗਾਇਬ ਸੀ। ਸਾਡੀ ਖੁਸ਼ੀ ਕਾਫੂਰ ਹੋ ਗਈ। ਸਹੇਲੀ ਦੇ ਕੀਮਤੀ ਹਾਰ ਦੇ ਗੁੰਮ ਹੋਣ ਦਾ ਅਫ਼ਸੋਸ ਮੈਨੂੰ ਵੀ ਸੀ। ਪੁਲਿਸ ਕੋਲ ਕਾਫ਼ੀ ਯਤਨਾਂ ਤੋਂ ਬਾਅਦ ਦਰਜ ਕਰਵਾਈ ਰਿਪੋਰਟ ਵਿਚ ਸਾਰੀ ਘਟਨਾ ਦਾ ਜ਼ਿਕਰ ਸੀ ਤੇ ਮੇਰੇ ਉਸ ਦੇ ਨਾਲ ਹੋਣ ਕਰਕੇ ਮੈਂ ਵੀ ਘਟਨਾ ਦਾ ਇਕ ਹਿੱਸਾ ਸੀ। ਹਾਰ ਨੇ ਤਾਂ ਕਾਹਦਾ ਲੱਭਣਾ ਸੀ, ਪਰ ਕਈ ਮਹੀਨਿਆਂ ਬਾਅਦ ਸਾਨੂੰ ਅਖ਼ਬਾਰਾਂ ਰਾਹੀਂ ਪਤਾ ਲੱਗਿਆ ਕਿ ਨੇੜਲੇ ਸ਼ਹਿਰ ਤੋਂ ਪੁਲਿਸ ਨੇ ਇਕ ਨੌਜਵਾਨ ਨੂੰ ਫੜਿਆ ਹੈ, ਜਿਸ ਨੇ ਔਰਤਾਂ ਤੋਂ ਵਿਆਹਾਂ, ਮੇਲਿਆਂ, ਭੀੜ-ਭੜੱਕੇ ਵਾਲੇ ਥਾਵਾਂ ਤੋਂ ਖੋਹੇ ਗਏ ਹਾਰਾਂ ਤੇ ਹੋਰ ਕੀਮਤੀ ਸਾਮਾਨ ਦੀ ਚੋਰੀ ਨੂੰ ਕਬੂਲ ਕੀਤਾ ਹੈ। ਕੁਝ ਦਿਨਾਂ ਬਾਅਦ ਪੁਲਿਸ ਵਲੋਂ ਉਸ 'ਦੋਸ਼ੀ' ਨੌਜਵਾਨ ਨੂੰ ਸਾਡੇ ਸ਼ਹਿਰ ਲਿਆ ਕੇ ਸ਼ਨਾਖ਼ਤ ਲਈ ਸਾਨੂੰ ਦੋਹਾਂ ਨੂੰ ਬੁਲਾਇਆ ਗਿਆ, ਪਰ ਅਸੀਂ ਤਾਂ ਉਸ ਨੌਜਵਾਨ ਨੂੰ ਪਹਿਲੀ ਵਾਰ ਵੇਖ ਰਹੀਆਂ ਸਾਂ। ਪੁਲਿਸ ਕੋਲ ਅਸੀਂ ਉਸ ਨੂੰ ਪਛਾਣਨ ਤੋਂ ਨਾਂਹ ਵਿਚ ਸਿਰ ਫੇਰਿਆ। ਪੁਲਿਸ ਵਲੋਂ 'ਦੋਸ਼ੀ' ਤੋਂ ਬਰਾਮਦ ਕੀਤੇ ਹਾਰ ਦੀਆਂ ਨਿਸ਼ਾਨੀਆਂ ਸਹੇਲੀ ਦੇ ਹਾਰ ਨਾਲ ਨਹੀਂ ਸਨ ਮਿਲਦੀਆਂ। ਫਿਰ ਪੁਲਿਸ ਕਈ ਵਾਰ ਮੇਰੀ ਸਹੇਲੀ ਦੇ ਘਰ ਗਈ ਤੇ ਪਰਿਵਾਰ ਤੋਂ ਤਰ੍ਹਾਂ-ਤਰ੍ਹਾਂ ਦੇ ਸੁਆਲ ਪੁੱਛੇ।

ਪੁਲਿਸ ਵਲੋਂ ਜਿਹੜੀ ਫ਼ਾਈਲ ਨੌਜਵਾਨ ਨੂੰ ਦੋਸ਼ੀ ਸਾਬਤ ਕਰਨ ਲਈ ਬਣਾਈ ਗਈ ਸੀ, ਉਸ ਅਨੁਸਾਰ ਅਸੀਂ ਓਮ ਪ੍ਰਕਾਸ਼ ਨਾਂ ਦੇ ਉਸ ਨੌਜਵਾਨ ਨੂੰ ਪਛਾਣ ਲਿਆ ਸੀ। ਫਾਈਲ 'ਚ ਦਰਜ ਇਕ ਕਹਾਣੀ ਅਨੁਸਾਰ ਬਾਜ਼ਾਰ ਜਾਂਦਿਆਂ ਮੈਂ ਤੇ ਮੇਰੀ ਸਹੇਲੀ ਨੇ ਉਸ ਨੌਜਵਾਨ ਨੂੰ ਪਛਾਣ ਕੇ ਚੋਰ-ਚੋਰ ਦਾ ਰੌਲਾ ਪਾਇਆ ਸੀ ਤੇ ਉਹ ਆਪਣਾ ਮੋਟਰਸਾਈਕਲ ਲੈ ਕੇ ਫਰਾਰ ਹੋ ਗਿਆ ਸੀ।

ਰਿਪੋਰਟ 'ਚ ਮੋਟਰਸਾਈਕਲ ਦਾ ਨੰਬਰ ਵੀ ਲਿਖਿਆ ਹੋਇਆ ਸੀ। ਪੁਲਿਸ ਦਾ ਨਾਇਬ ਕਹਿ ਰਿਹਾ ਸੀ, "ਬੀਬਾ, ਤੁਸੀਂ ਮੋਟਰਸਾਈਕਲ ਦਾ ਇਹ ਨੰਬਰ ਚੰਗੀ ਤਰ੍ਹਾਂ ਯਾਦ ਕਰ ਲਓ ਤੇ ਤੁਸੀਂ ਲਿਖੇ ਅਨੁਸਾਰ ਹੀ ਬਿਆਨ ਦੇਣਾ ਹੈ ਪਰ ਇਹ ਘਟਨਾ ਤਾਂ ਸਾਡੇ ਨਾਲ ਵਾਪਰੀ ਹੀ ਨਹੀਂ ਸੀ ਤੇ ਨਾ ਹੀ ਅਸੀਂ ਉਸ ਨੌਜਵਾਨ ਨੂੰ ਪਛਾਣਦੀਆਂ ਸਾਂ। ਅਖ਼ਬਾਰਾਂ ਰਾਹੀਂ ਅਸੀਂ ਉਸ ਨੌਜਵਾਨ ਦਾ ਇਹ ਇਕਬਾਲੀਆ ਬਿਆਨ ਜ਼ਰੂਰ ਪੜ੍ਹਿਆ ਸੀ ਜਿਸ 'ਚ ਉਸ ਨੇ ਚੋਰੀਆਂ ਨੂੰ ਸਵੀਕਾਰ ਕਰਦਿਆਂ ਕਿਹਾ ਸੀ ਕਿ ਬੇਰੁਜ਼ਗਾਰ ਹੋਣ ਕਰਕੇ ਘਰ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ 'ਚੋਂ ਨਿਕਲਣ ਲਈ ਇਹ 'ਗਲਤ ਰਾਹ' ਚੁਣ ਲਿਆ ਸੀ। ਜਦ ਅਸੀਂ ਸਰਕਾਰੀ ਵਕੀਲ ਨੂੰ ਪੁਲਿਸ ਦੀ ਬਣਾਈ ਕਹਾਣੀ ਅਨੁਸਾਰ ਅਦਾਲਤ 'ਚ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਉਹ ਹੈਰਾਨ ਰਹਿ ਗਿਆ। ਮੇਰੀ ਸਹੇਲੀ ਦਾ ਕਹਿਣਾ ਸੀ ਕਿ ਆਪਣੇ ਹਾਰ ਦੇ ਬਦਲੇ ਅਸੀਂ ਆਪਣੀ ਜ਼ਮੀਰ ਨੂੰ ਮਾਰ ਕੇ ਝੂਠ ਨਹੀਂ ਬੋਲ ਸਕਦੇ। ਸਾਡਾ ਜਾਣੂ ਵਕੀਲ, ਪੁਲਿਸ ਦਾ ਨਾਇਬ ਤੇ ਸਰਕਾਰੀ ਵਕੀਲ ਸਾਡੇ ਝੂਠ ਨਾ ਬੋਲਣ ਅਤੇ ਅਦਾਲਤ 'ਚ ਵਾਪਰੀ ਘਟਨਾ ਅਨੁਸਾਰ ਸੱਚ ਬੋਲਣ ਦੇ ਫੈਸਲੇ 'ਤੇ ਹੈਰਾਨ ਸਨ।

ਚੈਂਬਰ 'ਚ ਬੈਠੇ ਇਕ ਹੋਰ ਵਕੀਲ ਦਾ ਕਹਿਣਾ ਸੀ ਕਿ ਜ਼ਮੀਰ, ਨੈਤਿਕ ਕਦਰਾਂ-ਕੀਮਤਾਂ ਵਰਗੀਆਂ ਗੱਲਾਂ ਤੁਹਾਡੇ ਵਰਗੇ ਲੋਕਾਂ ਦੇ ਸ਼ਬਦ ਭੰਡਾਰ ਦਾ ਹਿੱਸਾ ਤਾਂ ਹੋ ਸਕਦੀਆਂ ਹਨ, ਪਰ ਇਥੇ ਇਹ ਨਹੀਂ ਚੱਲਦੀਆਂ। ਬੱਸ ਆਪਣਾ ਮਤਲਬ ਵੇਖਿਆ ਜਾਂਦਾ ਹੈ। ਇਹ ਸੁਣ ਕੇ ਸਾਨੂੰ ਬਹੁਤ ਅਜੀਬ ਲੱਗਿਆ, ਜਦ ਓਮ ਪ੍ਰਕਾਸ਼ ਹਾਜ਼ਰ ਹੋ...ਦੀ ਆਵਾਜ਼ ਪਈ ਤਾਂ ਅਸੀਂ ਅੰਦਰ ਜਾ ਕੇ ਵਾਪਰੀ ਘਟਨਾ ਅਨੁਸਾਰ ਜੱਜ ਦੇ ਸਟੈਨੋ ਨੂੰ ਆਪਣਾ ਬਿਆਨ ਦੇ ਦਿੱਤਾ। ਸਾਡੇ ਬਿਆਨ ਤੋਂ ਵਿਰੋਧੀ ਵਕੀਲ ਤੇ 'ਦੋਸ਼ੀ ਨੌਜਵਾਨ' ਵੀ ਹੈਰਾਨ ਸਨ। ਅਦਾਲਤ 'ਚ ਪਹਿਲੀ ਵਾਰ ਪੇਸ਼ ਹੋਣ ਦੀ ਇਸ ਘਟਨਾ ਨੇ ਮੇਰੇ ਮਨ 'ਚ ਅਦਾਲਤੀ ਫੈਸਲਿਆਂ ਬਾਰੇ ਅਨੇਕਾਂ ਭਰਮ-ਭੁਲੇਖੇ ਦੂਰ ਕਰ ਦਿੱਤੇ।

# ਬਾਬਾ ਭਗਤ ਸਿੰਘ ਬਿਲਗਾ ਤੇ ਵਿਮਲਾ ਡਾਂਗ ਨੂੰ ਭਾਵ ਭਿਨੀਆਂ ਸ਼ਰਧਾਂਜਲੀਆਂ

**ਫਰਿਜ਼ਨੋ:** ਫਰਿਜ਼ਨੋ ਦੇ ਤਾਜ ਆਫ ਇੰਡੀਆ ਹਾਲ ਵਿਚ ਲੰਘੇ ਦਿਨੀਂ ਮਰਹੂਮ ਬਾਬਾ ਭਗਤ ਸਿੰਘ ਬਿਲਗਾ ਤੇ ਬੀਬੀ ਵਿਮਲਾ ਡਾਂਗ ਨੂੰ ਸਮਰਪਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ ਜਿਸ ਦਾ ਆਯੋਜਨ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਕੀਤਾ ਗਿਆ। ਇਸ ਵਿਚ ਸ਼ਾਮਲ ਹੋਣ ਲਈ ਕੈਲੇਫੋਰਨੀਆ ਭਰ 'ਚੋਂ ਦਰਜਨ ਦੇ ਕਰੀਬ ਦੇਸ਼ ਹਿਤੈਸ਼ੀ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਤੇ ਹੋਰ ਸ਼ਖਸੀਅਤਾਂ ਨੂੰ ਸੱਦਾ ਦਿੱਤਾ ਗਿਆ ਸੀ। ਸਮਾਗਮ ਦੀ ਪ੍ਰਧਾਨਗੀ ਸ. ਸ਼ਿਵਦੇਵ ਸਿੰਘ ਸਹੋਤਾ, ਸ. ਗੁਰਦੀਪ ਸਿੰਘ ਅਣਖੀ ਅਤੇ ਗਦਰੀ ਬਾਬਾ ਬਚਨ ਸਿੰਘ ਘੋਲੀਆਂ ਦੇ ਸਪੁੱਤਰ ਕਰਨਲ ਹਰਦੇਵ ਸਿੰਘ ਗਿੱਲ ਨੇ ਕੀਤੀ। ਬਾਬਾ ਬਿਲਗਾ ਦੀ ਤਸਵੀਰ ਨੂੰ ਫੁਲ ਭੇਟ ਕਰਨ ਦੀ ਰਸਮ ਤੋਂ ਪਿਛੋਂ ਸਭ ਨੇ ਇਕ ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਰਾਜ ਬਰਾੜ ਦੇ ਗੀਤ 'ਲੱਖ ਵਾਰ ਮੈਂ ਕਰਦਾ ਹਾਂ ਪ੍ਰਣਾਮ ਸ਼ਹੀਦਾਂ ਨੂੰ' ਗੀਤ ਨਾਲ ਹੋਈ। ਸ. ਬਰਾੜ ਯਮਲਾ ਜੱਟ ਮੈਮੋਰੀਅਲ ਸੰਸਥਾ ਦੇ ਮੁਖੀ ਹਨ। ਫੋਰਮ ਦੇ ਸਰਗਰਮ ਮੈਂਬਰ ਸ. ਗੁਰਦੀਪ ਸਿੰਘ ਅਣਖੀ ਨੇ ਆਪਣੇ ਸੰਖੇਪ ਆਰੰਭਕ ਭਾਸ਼ਣ ਵਿਚ ਦੱਸਿਆ ਕਿ ਬਾਬਾ ਬਿਲਗਾ ਨਿਡਰ, ਨਿਧੜਕ ਤੇ ਦੇਸ਼ ਭਗਤੀ ਨੂੰ ਤਨੋਂ ਮਨੋਂ ਸਮਰਪਤ ਸ਼ਖਸੀਅਤ ਸਨ। ਬਾਬਾ ਜੀ ਸੋਹਣ ਸਿੰਘ ਭਕਨਾ ਨਾਲ ਰਲਕੇ, ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਸਾਰ ਲੈਂਦੇ ਰਹੇ ਤੇ ਮਦਦ ਕਰਦੇ ਰਹੇ। ਪੰਜਾਬ ਦੇ ਕਾਲੇ ਦਿਨਾਂ ਵਿਚ ਸਮਾਜਕ ਤੇ ਭਾਈਚਾਰਕ ਸਾਂਝ ਵਧਾਉਣ ਲਈ ਸੈਕੂਲਰ ਤਾਕਤਾਂ ਨਾਲ ਡਟ ਕੇ ਖੜੇ ਰਹੇ ਅਤੇ ਖਾਸ ਕਰਕੇ ਸਮਾਜਕ ਘੱਟ ਗਿਣਤੀਆਂ ਦੀ ਭਲਾਈ ਤੇ ਰਾਖੀ ਲਈ ਦਲੇਰੀ ਦੀ ਮਿਸਾਲ ਸਨ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਡਾ. ਗੁਰਮੇਲ ਸਿੰਘ ਸਿੱਧੂ ਨੇ ਬਾਬਾ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਅਰਜਨਟੀਨਾ ਵਿਚ ਗਦਰ ਪਾਰਟੀ ਸੰਗਠਤ ਕੀਤੀ। ਦੇਸ਼ ਆਜ਼ਾਦ ਕਰਾਉਣ ਲਈ ਕੋਲੰਬੋ ਦੇ ਰਸਤੇ ਭਾਰਤ ਪਹੁੰਚੇ। ਰੇਲ ਵਿਚ ਪੰਜਾਬ ਜਾਂਦਿਆਂ ਇਕ ਅੰਗਰੇਜ਼ ਸੂਹੀਏ ਤੋਂ ਪਿਛਾ ਛੁਡਾਉਣ ਲਈ ਨਾਗਪੁਰ ਲਾਗੇ ਚਲਦੀ ਗੱਡੀ 'ਚੋਂ ਛਾਲ ਮਾਰ ਦਿੱਤੀ। ਬਾਬਾ ਬਿਲਗਾ ਆਜ਼ਾਦੀ ਬਾਰੇ ਕਿਹਾ ਕਰਦੇ ਸਨ ਕਿ ਇਹ ਜਾਨਾਂ ਵਾਰ ਕੇ ਮਿਲੀ ਵੱਢਮੁਲੀ ਦਾਤ ਹੈ।

ਬਾਬਾ ਬਿਲਗਾ ਦੇ ਪਿੰਡ ਦੇ ਮਾਸਟਰ ਗਿਆਨ ਸਿੰਘ ਬਿਲਗਾ ਨੇ ਇੰਡੋ-ਅਮੈਰਿਕਨ ਕਲਚਰ ਆਰਗੇਨਾਈਜੇਸ਼ਨ ਵਲੋਂ ਬੋਲਦਿਆਂ ਦੱਸਿਆ ਕਿ ਬਾਬਾ ਜੀ ਦਾ ਸਮੁੱਚਾ ਜੀਵਨ ਸੱਚੇ ਸੁੱਚੇ ਆਜ਼ਾਦੀ ਘੁਲਾਟੀਏ ਤੇ ਸਿਰੜੀ ਲੋਕ ਸੇਵਕ ਦਾ ਜੀਵਨ ਹੈ। ਆਜ਼ਾਦੀ ਮਿਲਣ ਤੋਂ ਬਾਅਦ ਉਹ ਖੁਸ਼ ਹੈਸੀਅਤੀ ਮੋਰਚੇ ਅਤੇ ਹੋਰ ਕਿਰਤੀ ਕਿਸਾਨਾਂ ਦੇ ਘੋਲਾਂ ਵਿਚ ਨਿਧੜਕ ਹੋ ਕੇ ਮੂਹਰੇ ਰਹੇ। ਗਦਰ ਪਾਰਟੀ ਦੇ ਇਤਿਹਾਸ ਬਾਰੇ ਅਤੇ ਆਜ਼ਾਦੀ ਘੋਲ ਸਬੰਧੀ 17000 ਤੋਂ ਵਧ ਪੁਸਤਕਾਂ ਦੀ ਲਾਇਬ੍ਰੇਰੀ ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸਥਾਪਤ ਕੀਤੀ, ਜੋ ਅੱਜ ਆਜ਼ਾਦੀ ਬਾਰੇ ਦਾ ਇਕ ਰਿਸਰਚ ਸੈਂਟਰ ਵਲੋਂ ਮਸ਼ਹੂਰ ਹੋ ਰਹੀ ਹੈ। ਉਨ੍ਹਾਂ ਬਾਬਾ ਜੀ ਨਾਲ ਆਪਣੀ ਪਰਿਵਾਰਕ ਨੇੜਤਾ ਸਬੰਧੀ ਵਿਸਥਾਰ ਸਹਿਤ ਦੱਸਿਆ।

ਸੈਂਟਰਲ ਵੈਲੀ ਇੰਟਰਫੇਥ ਅਲਾਇੰਸ ਵਿਚ ਸਿੱਖ ਨੁਮਾਇੰਦੇ ਸ. ਮਹਿੰਦਰ ਸਿੰਘ ਗਰੇਵਾਲ ਨੇ ਸ਼ਰਧਾਂਜਲੀ ਸਮਾਗਮ ਦਾ ਪ੍ਰਬੰਧ ਕਰਨ ਲਈ ਫੋਰਮ ਦਾ ਧੰਨਵਾਦ ਕੀਤਾ। ਪੰਜਾਬੀ ਕਵੀ ਸੁੱਖੀ ਧਾਲੀਵਾਲ ਨੇ ਪੰਜਾਬ ਦੇ ਮਿਹਨਤਕਸ਼ ਲੋਕਾਂ ਦੇ ਜੀਵਨ ਸਬੰਧੀ ਕਵਿਤਾ 'ਘਾਹ' ਪੜ੍ਹੀ। ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੇ ਸਕੱਤਰ ਸ. ਸੰਤੋਖ ਸਿੰਘ ਮਿਨਹਾਸ ਨੇ ਫੋਰਮ ਨੂੰ ਇਸ ਗੱਲ ਲਈ ਵਧਾਈ ਦਿੱਤੀ ਕਿ ਉਨ੍ਹਾਂ ਸਭ ਜਥੇਬੰਦੀਆਂ ਨੂੰ ਬਾਬਾ ਬਿਲਗਾ ਜੀ ਤੇ ਬੀਬੀ ਵਿਮਲਾ ਡਾਂਗ ਨੂੰ ਸ਼ਰਧਾਂਜਲੀ ਦੇਣ ਲਈ ਇਕ ਸਟੇਜ 'ਤੇ ਇਕੱਠੇ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀਆਂ ਜਥੇਬੰਦੀਆਂ ਸਾਡੇ ਕਲਚਰ ਵਿਚ ਖੋਟ ਪੈਣ ਤੋਂ ਰੋਕਣ ਲਈ ਸਰਗਰਮ ਹੋਣ।



ਇੰਡੀਆ ਸੋਸ਼ਲ ਐਂਡ ਕਲਚਰ ਫੋਰਮ ਯੂਬਾ ਸਿਟੀ ਦੇ ਨੁਮਾਇੰਦੇ ਸ੍ਰੀ ਮੁਲਖ ਰਾਜ ਨੇ ਕਿਹਾ ਕਿ ਸ੍ਰੀਮਤੀ ਵਿਮਲਾ ਡਾਂਗ ਉਮਰ ਭਰ ਮਿਹਨਤਕਸ਼ਾਂ ਲਈ ਸਰਗਰਮ ਰਹੇ। ਛੇਹਰਟਾ ਮਿਉਂਸਪਲ ਕਮੇਟੀ ਦੇ ਚੈਅਰਪਰਸਨ ਵਜੋਂ ਆਪ ਗਰੀਬਾਂ ਦੇ ਘਰਾਂ ਤਕ ਪਹੁੰਚ ਕੇ ਉਨ੍ਹਾਂ ਦੀ ਸਾਰ ਲੈਂਦੇ ਰਹੇ। ਉਨ੍ਹਾਂ ਕਿਹਾ ਕਿ ਬਾਬਾ ਬਿਲਗਾ ਨਾਲ ਉਨ੍ਹਾਂ ਦਾ ਬੜੀ ਦੇਰ ਤੋਂ ਨੇੜ ਰਿਹਾ ਹੈ। ਉਹ ਆਜ਼ਾਦੀ ਸੰਗਰਾਮ ਤੋਂ ਬਾਅਦ ਲੋਕ ਸੇਵਾ ਲਈ ਸਾਰੀ ਉਮਰ ਹਰ ਤਰ੍ਹਾਂ ਸਮਰਪਤ ਸਨ। ਇੰਡੋ-ਅਮੈਰਿਕਨ ਕਲਚਰ ਆਰਗੇਨਾਈਜੇਸ਼ਨ ਬੇ-ਏਰੀਆ ਦੇ ਸ. ਮਹਿੰਗਾ ਸਿੰਘ ਸੰਧੂ ਨੇ ਦੇਸ਼ ਭਗਤਾਂ ਦੀਆਂ ਯਾਦਗਾਰਾਂ ਤੇ ਕਿਰਤਾਂ ਸੰਭਾਲਣ ਲਈ ਯਤਨ ਕਰਦੇ ਰਹਿਣ ਦਾ ਸੱਦਾ ਦਿੱਤਾ।

ਡਾਇਮੰਡ ਕਲਬ ਕੈਲੇਫੋਰਨੀਆ ਫਰਿਜ਼ਨੋ ਚੈਪਟਰ ਦੇ ਸਕੱਤਰ ਹਰਜਿੰਦਰ ਸਿੰਘ ਢੇਸੀ ਨੇ ਦੱਸਿਆ ਕਿ ਜਦੋਂ ਆਪਣੇ ਆਖਰੀ ਸਮੇਂ ਤੋਂ ਥੋੜੇ ਦਿਨ ਪਹਿਲਾਂ ਬਾਬਾ ਜੀ ਨੂੰ ਭਾਰਤ ਤੋਂ ਕਿਸੇ ਪੱਤਰਕਾਰ ਨੇ ਆਪਣਾ ਸੰਦੇਸ਼ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਨੂੰ ਕੁਰੱਪਟ ਸਿਆਸਤ ਤੋਂ ਛੁਟਕਾਰਾ ਦਿਵਾਉਣ ਲਈ ਅੱਗੇ ਆਉਣ। ਸ਼੍ਰੋਮਣੀ ਅਕਾਲੀ ਦਲ ਕੈਲੇਫੋਰਨੀਆ ਦੇ ਮੁਖੀ ਸ. ਹਰਿੰਦਰ ਸਿੰਘ (ਹੈਰੀ) ਗਿੱਲ ਨੇ ਆਜ਼ਾਦੀ ਘੁਲਾਟੀਆਂ ਨੂੰ ਚੇਤੇ ਕਰਦੇ ਰਹਿਣ ਲਈ ਫੋਰਮ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਤੇ ਫੋਰਮ ਦੇ ਸੈਕਟਰੀ ਸੁਰਿੰਦਰ ਸਿੰਘ ਮੰਢਾਲੀ ਨੇ ਵਿਆਨਾ ਕਾਂਡ ਤੋਂ ਬਾਅਦ ਪੰਜਾਬ ਵਿਚ ਹੋਈ ਸਾੜ ਫੂਕ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਪੰਜਾਬ ਵਿਚ ਧਰਮ ਦੇ ਨਾਂ 'ਤੇ ਲੋਕਾਂ ਵਿਚ ਪਾੜਾ ਪਾਉਣ ਦੀ ਸਾਜ਼ਿਸ਼ ਹੈ। ਸ. ਕ੍ਰਿਪਾਲ ਸਿੰਘ ਸੰਧੂ ਨੇ ਬਾਬਾ ਬਿਲਗਾ ਜੀ ਤੇ ਬੀਬੀ ਵਿਮਲਾ ਡਾਂਗ ਦੇ ਜੀਵਨ 'ਤੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਗਾਇਕ ਧਰਮਵੀਰ ਥਾਂਦੀ ਨੇ ਸੁਖੀ ਧਾਲੀਵਾਲ ਦੀ ਰਚਨਾ 'ਸੰਭਲ ਜਾਓ ਪੰਜਾਬੀਓ' ਗਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਤਾਜ ਆਫ ਇੰਡੀਆ ਦੇ ਬਲਵੰਤ ਸਿੰਘ, ਜੋ ਕਿ ਦੇਸ਼ ਭਗਤ ਪਰਿਵਾਰ ਵਿਚੋਂ ਹਨ, ਨੇ ਕਿਹਾ ਕਿ ਧਰਮ ਜੋ ਵੀ ਹੋਵੇ, ਪਰ ਆਪਣਾ ਮੁਲਕ ਇਕੋ ਹੈ। ਆਓ ਆਪਣੇ ਬੱਚਿਆਂ ਨੂੰ ਵੀ ਇਹੋ ਸਿੱਖਿਆ ਦੇਈਏ।

ਪ੍ਰਧਾਨਗੀ ਮੰਡਲ 'ਚੋਂ ਸ. ਕਰਨਲ ਹਰਦੇਵ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਬਾਬਾ ਬਚਨ ਸਿੰਘ ਘੋਲੀਆਂ ਬਾਬਾ ਬਿਲਗਾ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਸੇਵਾ ਕਰਦੇ ਰਹੇ। ਸ. ਪਿਸ਼ੌਰਾ ਸਿੰਘ ਢਿੱਲੋਂ ਨੇ ਦੇਸ਼ ਭਗਤੀ ਦੀ ਰਚਨਾ ਗਾ ਕੇ ਪੇਸ਼ ਕੀਤੀ। ਸ. ਸੁਖਦੇਵ ਸਿੰਘ ਸਿੱਧੂ ਨੇ ਕਿਹਾ ਕਿ ਬੀਬੀ ਬਿਮਲਾ ਡਾਂਗ ਦਾ ਸਾਰਾ ਜੀਵਨ ਮਜ਼ਦੂਰਾਂ ਦੀ ਭਲਾਈ ਲਈ ਅਰਪਤ ਸੀ। ਉਨ੍ਹਾਂ ਸਾਰੀ ਜ਼ਿੰਦਗੀ ਸ੍ਰੀ ਸਤਪਾਲ ਡਾਂਗ (ਪਤੀ) ਦੇ ਅੰਗ-ਸੰਗ ਰਹਿ ਕੇ ਮਿਹਨਤੀ ਲੋਕਾਂ ਦੀ ਸੇਵਾ ਕੀਤੀ।

ਅਖੀਰ ਵਿਚ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਦੇ ਖਜ਼ਾਨਚੀ ਸ. ਜਸਵੰਤ ਸਿੰਘ ਮਾਨ ਨੇ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਸਮਾਗਮ ਵਿਚ ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ ਵਲੋਂ ਉਪ ਪ੍ਰਧਾਨ ਸ. ਕੁਲਦੀਪ ਸਿੰਘ ਅਟਵਾਲ, ਕਮੇਟੀ ਮੈਂਬਰ ਸੁਰਜੀਤ ਸਿੰਘ ਅਟਵਾਲ, ਸ਼ੰਗਾਰਾ ਸਿੰਘ, ਯੂਬਾ ਸਿਟੀ ਇੰਡੀਆ ਸੋਸ਼ਲ ਐਂਡ ਕਲਚਰ ਫੋਰਮ ਦੇ ਮੱਖਣ ਸਿੰਘ ਬਾਸੀ, ਹਰਭਜਨ ਸਿੰਘ ਬਾਸੀ, ਮਾਡੈਸਟੋ ਤੋਂ ਹਰਭਜਨ ਸਿੰਘ ਬਾਸੀ, ਮਲਕੀਤ ਸਿੰਘ ਸੰਧੂ, ਬੀਬੀ ਗੁਰਮੇਲ ਕੌਰ ਸੰਧੂ, ਸਥਾਨਕ ਹਸਤੀਆਂ ਵਿਚ ਅਵਤਾਰ ਗਿੱਲ, ਜਗਜੀਤ ਸਿੰਘ ਬਿੰਦ, ਕਰਮ ਸਿੰਘ ਮਾਨ, ਹਰਜਿੰਦਰ ਸਿੰਘ ਕੰਗ, ਸਾਧੂ ਸਿੰਘ ਸੰਘਾ, ਪਾਲ ਸਿੰਘ ਸਹੋਤਾ, ਪਾਲ ਕੈਲੇ, ਸੁਰਿੰਦਰ ਸਿੰਘ ਨਿੱਝਰ, ਪਾਲ ਮਾਹਲ, ਹਰਨੇਕ ਸਿੰਘ ਸੰਘੇੜਾ, ਬਲਵੀਰ ਕੌਰ ਧਾਲੀਵਾਲ, ਪਾਲ ਬਿਲਗਾ, ਸ੍ਰੀਮਤੀ ਪ੍ਰੇਮ ਕੌਰ, ਮਨਜੀਤ ਕੌਰ, ਕੁਲਵੀਰ ਸਿੰਘ ਹੇਅਰ, ਸੁਖਵਿੰਦਰ ਸਿੰਘ ਹੇਅਰ, ਸਿਮਰਨ ਕੌਰ ਹੇਅਰ, ਸੁਰਿੰਦਰ ਕੌਰ ਢੇਸੀ, ਅਵਤਾਰ ਕੌਰ ਸਹੋਤਾ, ਮੇਜਰ ਸਿੰਘ ਢਾਹ, ਪਰਮਜੀਤ ਸਿੰਘ ਢਿੱਲੋਂ ਅਤੇ ਕਮਿਊਨਿਟੀ ਦੇ ਹੋਰ ਸਰਕਰਦਾ ਸੱਜਣ ਸ਼ਾਮਲ ਹੋਏ।





ਅਸੀਂ ਕੋਨੋਕੋ ਫਿਲਿਪਸ ਗੈਸ ਸਪਲਾਈ ਕਰਦੇ ਹਾਂ। ਕੋਨੋਕੋ ਫਿਲਿਪਸ ਦੀ ਗੈਸ ਕਿਉਂ ਵਧੀਆ ਹੈ, ਇਹ ਜਾਨਣ ਲਈ ਸਾਨੂੰ ਕਾਲ ਕਰੋ: 847-361-7274

ਸਾਡੇ ਪਾਸ 50 ਹਜ਼ਾਰ ਤੋਂ ਇਕ ਲੱਖ ਡਾਲਰ ਮਹੀਨਾ ਇਨਸਾਈਡ ਗਰੌਸਰੀ ਅਤੇ ਡੇਢ ਲੱਖ ਗੈਲਨ ਤੱਕ ਗੈਸ ਕਰਨ ਵਾਲੇ ਗੈਸ ਸਟੇਸ਼ਨ ਵਿਕਾਊ ਹਨ। ਕਾਲ ਕਰੋ:847-361-7274

ਸੰਧੂ ਪੈਟਰੋਲੀਅਮ ਇੰਕ.

## ਪ੍ਰੋ. ਅਨੂਪ ਸਿੰਘ ਵਿਰਕ ਅਮਰੀਕਾ ਦੌਰੇ 'ਤੇ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਪੰਜਾਬੀ ਬੋਲੀ ਦੇ ਆਲੰਬਰਦਾਰ ਪ੍ਰੋ. ਅਨੂਪ ਸਿੰਘ ਵਿਰਕ ਅੱਜ ਕੱਲ੍ਹ ਦੋ ਮਹੀਨੇ ਲਈ ਅਮਰੀਕਾ ਫੇਰੀ 'ਤੇ ਬੇ-ਏਰੀਆ ਆਏ ਹੋਏ ਹਨ। ਉਚੀ ਸ਼ਖਸੀਅਤ ਤੇ ਨਿੱਘੇ ਸੁਭਾ ਦੇ ਮਾਲਕ ਪ੍ਰੋ. ਵਿਰਕ ਗਿਆਰਾਂ ਪੁਸਤਕਾਂ ਦੇ ਸਿਰਜਨਹਾਰੇ, ਸ਼੍ਰੋਮਣੀ ਕਵੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਹਨ। ਉਹ



ਬਾਵਾ ਬਲਵੰਤ ਐਵਾਰਡ, ਸਰਦਾਰ ਹਾਸ਼ਮੀ ਐਵਾਰਡ ਤੇ ਹਰੀ ਸਿੰਘ ਦਿਲਬਰ ਐਵਾਰਡ ਨਾਲ ਵੀ ਸਨਮਾਨਤ ਹੋ ਚੁੱਕੇ ਹਨ। ਉਹ ਭਾਸ਼ਾ ਵਿਭਾਗ ਪੰਜਾਬ ਦੀ ਸਾਲਾਨਾ ਚੋਣ ਕਮੇਟੀ ਦੇ ਵੀ ਮੈਂਬਰ ਹਨ।

ਅਮਰੀਕਾ ਵਿਚ ਉਹ ਸਾਹਿਤ ਸਭਾਵਾਂ ਤੇ ਹੋਰ ਸਾਹਿਤਕ ਮਿੱਤਰਾਂ ਨੂੰ ਮਿਲਨਗੇ। ਉਨ੍ਹਾਂ ਨਾਲ ਫੋਨ 925-417-2267 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont





Attention Business Owners!!
Are You Worried About Your Business When You`re Not There?
Are Worries Keeping You Awake?
Watch Your Business AnyTime Any Place.
NO PAYMENTS
For 3 Months
Financing & Lease Options For 12, 24, 36 Months Available.
For A Free Estimate Call Sidhu 209-495-3905





ਵਾਜਬ ਕੀਮਤ, ਸਹੀ ਕੰਮ
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
DVR UNLIMITED
Sidhu 209-495-3905 www.dvrunlimited.com



Welcome
Shan Indian Cuisine & Sweets
Welcome

LUNCH BUFFET
7.99 + TAX
11:00 am To 3:00 pm
Children under 7 years Half Price

7610 B-1 PACIFIC AVE
STOCKTON, CA. 95207
PH: (209) 957-4995
FAX: (209) 957-1443

DINNER SERVE
5:00 pm To 10:00 pm

CATERING AVAILABLE
SPECIAL DISCOUNT
FOR RELIGIOUS FUNCTION

ਸਾਡੇ ਪਾਸ ਤਾਜ਼ਾ ਮਿਠਾਈਆਂ ਵੀ ਮਿਲਦੀਆਂ ਹਨ











several more verity available

We take orders on the phone
special discount for
religious function and wedding

BANQUET HALL IS AVAILABLE
FOR WEDDING AND PRIVATE PARTY

OPEN 7 DAYS WEEK
11:00 AM TO 10:00 PM
www.shanindiancuisine.com

# ਪੰਜਾਬੀ ਕਲਚਰਲ ਸੁਸਾਇਟੀ ਵਲੋਂ ਸੈਕਰਾਮੈਂਟੋ 'ਚ ਤੀਆਂ ਦਾ ਮੇਲਾ 16 ਅਗਸਤ ਨੂੰ

ਸੈਕਰਾਮੈਂਟੋ:ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਤੀਆਂ ਦਾ 10ਵਾਂ ਮੇਲਾ ਐਤਵਾਰ 16 ਅਗਸਤ ਨੂੰ ਬਾਅਦ ਦੁਪਹਿਰ 1 ਵਜੇ ਐਸ.ਈ.ਐਸ ਹਾਲ (10427 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੋਵ) ਵਿਚ ਕਰਵਾਇਆ ਜਾ ਰਿਹਾ ਹੈ। ਮੇਲੇ ਵਿਚ ਲਾਈਵ ਬੋਲੀਆਂ ਤੇ ਗਿੱਧਾ ਮੁੱਖ ਆਈਟਮਾਂ ਹੋਣਗੀਆਂ। ਇਸ ਤੋਂ ਇਲਾਵਾ ਮਨੋਰੰਜਨ ਲਈ ਡਾਂਸ, ਸਕਿੱਟ, ਗੀਤ-ਸੰਗੀਤ ਅਤੇ ਨੱਚਣ ਲਈ ਡੀ.ਜੇ. ਦਾ ਪ੍ਰਬੰਧ ਹੋਵੇਗਾ। ਮੇਲੇ ਵਿਚ ਪੰਜਾਬੀ ਸਟੋਰਾਂ ਵਲੋਂ ਇਨਾਮ ਕੱਢੇ ਜਾਣਗੇ। ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ। ਮੇਲੇ ਦੀ ਕੋਈ ਟਿਕਟ ਨਹੀਂ ਰੱਖੀ ਗਈ। ਸੁਸਾਇਟੀ ਨੇ ਔਰਤਾਂ ਨੂੰ ਤੀਆਂ ਦੇ ਮੇਲੇ ਲਈ ਖੁੱਲ੍ਹਾ ਸੱਦਾ ਦਿਤਾ ਹੈ।

ਮੇਲੇ ਸਬੰਧੀ ਇਸਤਰੀ ਵਿੰਗ ਦੀ ਇਕ ਮੀਟਿੰਗ ਰਸ਼ਪਾਲ ਪਰਹਾਰ ਅਤੇ ਬਲਦੇਵ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਔਰਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਮੀਟਿੰਗ ਵਿਚ ਇਹ ਚਰਚਾ ਵੀ ਕੀਤੀ ਗਈ ਕਿ ਪੰਜਾਬੀ ਬੋਲੀ, ਗੀਤ, ਪਹਿਰਾਵੇ ਅਤੇ ਸਭਿਆਚਾਰ ਬਾਰੇ ਇਥੇ ਜੰਮੀਆਂ ਬੱਚੀਆਂ ਅਤੇ ਅਮੈਰਿਕਨ ਕਮਿਊਨਿਟੀ ਨੂੰ ਜਾਣੂੰ ਕਰਵਾਇਆ ਜਾਵੇ। ਮਨਦੀਪ ਫਰਵਾਲਾ ਨੇ ਮੀਟਿੰਗ ਵਿਚ ਆਈਆਂ ਬੀਬੀਆਂ ਨੂੰ ਹੁਣੇ ਤੋਂ ਤੀਆਂ ਦੇ ਮੇਲੇ ਦੀ ਤਿਆਰੀ ਵਿਚ ਜੁਟ ਜਾਣ ਦੀ ਬੇਨਤੀ ਕੀਤੀ। ਮੀਟਿੰਗ ਵਿਚ ਅਮਨ ਰੰਗੀ, ਪਰੀਤ ਸਹੋਤਾ, ਕਮਲ ਢਿੱਲੋਂ, ਸੁਰਿੰਦਰ ਚਾਹਲ, ਜਸਵੀਰ ਕੌਰ, ਰਜਵਿੰਦਰ ਪੂੰਨੀ, ਗਿਆਨ ਕੌਰ, ਜਸਵਿੰਦਰ ਕੌਰ, ਕੁਲਦੀਪ ਕੌਰ, ਪਰਦੀਪ ਕੌਰ, ਹਰਿੰਦਰ ਕੌਰ, ਰਾਜਵੀਰ ਢੇਸੀ, ਕੁਲਵਿੰਦਰ ਕੌਰ, ਗੁਜਨ ਔਲਖ, ਜਸਵੀਰ ਗਿੱਲ, ਜਸਵਿੰਦਰ ਚੌਹਾਨ, ਪਰਜੀਤ ਸੰਧੂ, ਹਰਮਿੰਦਰ ਕੌਰ, ਤੇਜਿੰਦਰ ਕੌਰ, ਬਲਵਿੰਦਰ ਗਰਚਾ, ਸੋਨੀਆ ਢਿੱਲੋਂ ਤੇ ਪਰਮਜੀਤ ਕੌਰ ਹਾਜ਼ਰ ਸਨ।

ਤੀਆਂ ਦੇ ਮੇਲੇ ਸਬੰਧੀ ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ ਨਾਲ ਫੋਨ 916-682-7321, ਬਲਦੇਵ ਕੌਰ ਫੋਨ 916-420-5720 ਜਾਂ ਰਸ਼ਪਾਲ ਪਰਹਾਰ ਫੋਨ 916-731-7191 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਦਰੀ ਬਾਬੇ ਜ਼ੋਨ ਨੇ ਕਰਵਾਏ ਭਾਸ਼ਣ ਮੁਕਾਬਲੇ

**ਸਟਾਕਟਨ:**ਗਦਰੀ ਬਾਬਿਆਂ ਨੂੰ ਸਮਰਪਿਤ ਸਟਾਕਟਨ ਗੁਰੂਘਰ ਵਿਖੇ 13 ਜੂਨ ਨੂੰ ਸ੍ਰੀ ਹੇਮਕੁੰਟ ਫਾਊਂਡੇਸ਼ਨ ਵਲੋਂ ਆਰੰਭੀ ਉਸਾਰੂ ਪਿਰਤ ਦੇ ਤਹਿਤ ਖਾਲਸਾ ਸਕੂਲ ਸਟਾਕਟਨ ਅਤੇ ਲੋਡਾਈ ਦੇ ਬੱਚਿਆਂ ਦਰਮਿਆਨ ਖੇਤਰੀ ਪੱਧਰ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਹਾਲ ਅੰਦਰ ਭਾਸ਼ਣ ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਬੱਚੇ ਪੂਰੇ ਸਿੱਖੀ ਪਹਿਰਾਵੇ ਵਿਚ ਬੜੇ ਸਲੀਕੇ ਨਾਲ ਪ੍ਰੋਗਰਾਮ ਅਰੰਭ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਪ੍ਰੋਗਰਾਮ ਦੇ ਸੰਚਾਲਕ ਗੁਰਦੀਪ ਸਿੰਘ ਵਲੋਂ ਮੁਕਾਬਲਿਆਂ ਸਬੰਧੀ ਕੁਝ ਦਿਸ਼ਾ ਨਿਰਦੇਸ਼ ਦੇਣ



*ਭਾਸ਼ਣ ਮੁਕਾਬਲੇ ਵਿਚ ਜੇਤੂ ਬੱਚੇ*

ਤੋਂ ਬਾਅਦ ਉਨ੍ਹਾਂ ਨੇ ਕ੍ਰਮਵਾਰ ਬੱਚਿਆਂ ਨੂੰ ਮੰਚ 'ਤੇ ਬੁਲਾਉਣਾ ਸ਼ੁਰੂ ਕੀਤਾ। ਨੰਨੇ ਮੁੰਨੇ ਬਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮਥਾ ਟੇਕਦੇ, ਸਟੇਜ 'ਤੇ ਆ ਫਤਹਿ ਸਾਂਝੀ ਕਰਦੇ ਅਤੇ ਆਪਣੀ ਜਾਣਕਾਰੀ ਦੇਣ ਉਪਰੰਤ ਭਾਸ਼ਣ ਕਰਦੇ, ਜੋ ਮਿਥੇ ਗਏ ਸਿਲੇਬਸ ਅਤੇ ਸਮੇਂ 'ਤੇ ਆਧਾਰਤ ਸੀ।

ਚਾਰ ਗਰੁੱਪਾਂ ਵਿਚ ਵੰਡੇ ਕੁਲ 16 ਬੱਚਿਆਂ ਦੀਆਂ ਤਕਰੀਰਾਂ ਸਿੱਖ ਗੁਰੂ ਸਾਹਿਬਾਨ, ਸਿੱਖ ਇਤਿਹਾਸ, ਧਾਰਮਿਕ ਅਸਥਾਨਾਂ, ਪੰਜ ਕੱਕਾਰਾਂ, ਲੰਗਰ ਅਤੇ ਅੰਮ੍ਰਿਤ ਦੀ ਮਹੱਤਤਾ ਬਾਰੇ ਬੁਨਿਆਦੀ ਜਾਣਕਾਰੀ ਦੇਣ ਵਾਲੀਆਂ ਸਨ। ਕੁਝ ਬੱਚਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਧੀ ਤੇ ਮਹੱਤਤਾ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ। ਭਾਈ ਵੀਰ ਸਿੰਘ ਦੀ ਰਚਨਾ 'ਸੁੰਦਰੀ' ਦੇ ਇਕ ਪ੍ਰਕਰਣ ਦੇ ਆਧਾਰ 'ਤੇ ਵੀ ਕੁਝ ਬੱਚਿਆਂ ਨੇ ਸਪੀਚ ਤਿਆਰ ਕੀਤੀ ਹੋਈ ਸੀ।

ਸ. ਗੁਰਜੰਟ ਸਿੰਘ, ਸ੍ਰੀਮਤੀ ਇਕਬਾਲ ਕੌਰ, ਸ੍ਰੀਮਤੀ ਸਰੋਜਨੀ ਸੰਘੇੜਾ ਅਤੇ ਜਾਹਨ ਸਿੰਘ ਤੱਖਰ ਨੇ ਜੱਜ ਦੀ ਭੂਮਿਕਾ ਨਿਭਾਈ। ਗਹਿਗੱਚ ਮੁਕਾਬਲੇ ਕਾਰਨ ਜੱਜਾਂ ਨੂੰ ਅੰਤਮ ਨਿਰਣਾ ਲੈਣ ਲਈ ਕਾਫੀ ਸਮਾਂ ਲੈਣਾ ਪਿਆ। ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਵਿਚੋਂ ਚਾਰ ਬੱਚਿਆਂ ਸਰੀਨ ਕੌਰ, ਗਗਨਦੀਪ ਕੌਰ, ਹਰਮਨਪ੍ਰੀਤ ਸਿੰਘ ਤੇ ਜਸਨਪ੍ਰੀਤ ਸਿੰਘ ਨੂੰ ਸਰਵੋਤਮ ਕਰਾਰ ਦਿੱਤਾ ਗਿਆ।

ਪ੍ਰੋਗਰਾਮ ਦੇ ਅਖੀਰ 'ਚ ਗੁਰਦੁਆਰਾ ਲੋਡਾਈ ਦੇ ਸਕੱਤਰ ਬਲ ਬਹਾਦਰ ਸਿੰਘ ਅਤੇ ਬੀਬੀ ਗੁਰੂ ਨਾਨਕ ਖਾਲਸਾ ਸਕੂਲ ਸਟਾਕਟਨ ਦੀ ਪ੍ਰਿੰਸੀਪਲ ਬੀਬੀ ਇਕਬਾਲ ਕੌਰ ਨੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਨ ਉਪਰੰਤ ਬੱਚਿਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ।

Bob Lynn Edwards, Jr.
Attorney at Law
Over 17 Years Handling Family Law Cases in Fremont, California, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
Free Initial Consultation
Ph:510-770-0500
www.BobEdwards.com
3869 Peralta Boulevard, Fremont CA 94536-3712






ਸ਼ੋਅ 30 ਮਈ ਤੋਂ 15 ਜੂਨ 2009 ਅਤੇ ਫਿਰ 10 ਜੁਲਾਈ ਤੋਂ 8 ਅਗਸਤ 2009 ਤੱਕ ਹੋਣਗੇ
ਆਪਣੇ ਸ਼ਹਿਰ ਵਿਚ ਸ਼ੋਅ ਬੁੱਕ ਕਰਵਾਉਣ ਲਈ ਕਾਲ ਕਰੋ

# ਪੰਜਾਬ ਸਰਕਾਰ ਪਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਵਚਨਬੱਧ:ਲੰਗਾਹ

**ਸੈਕਰਾਮੈਂਟੋ:** ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਚਨਬੱਧ ਹੈ ਅਤੇ ਇਸ ਵਲੋਂ ਪਿਛਲੇ ਸਮੇਂ ਵਿਚ ਪਰਵਾਸੀਆਂ ਦੇ ਹਿੱਤਾਂ ਦੀ ਰਾਖੀ ਲਈ ਕਈ ਇਕ ਅਹਿਮ ਕਦਮ ਉਠਾਏ ਗਏ ਹਨ। ਪਰਵਾਸੀ ਪੰਜਾਬੀਆਂ ਨੇ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਵਿਚ ਜੋ ਆਰਥਕ ਤਰੱਕੀ ਕੀਤੀ ਹੈ ਉਸ ਉਤੇ ਸਾਰੇ ਪੰਜਾਬੀਆਂ ਨੂੰ ਮਾਣ ਹੈ। ਇਹ ਸ਼ਬਦ ਪੰਜਾਬ ਦੇ ਖੇਤੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਨੇ ਇਥੇ ਉਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਦੇ ਘਰ ਪੰਜਾਬੀਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਆਖੇ। ਸ. ਲੰਗਾਹ ਨ ਆਖਿਆ ਕਿ ਪੰਜਾਬੀ ਪਰਵਾਸੀਆਂ ਨੂੰ ਪੰਜਾਬ ਦੀ ਧਰਤੀ ਲਈ ਵੀ ਅੱਗੇ ਆਉਣਾ ਚਾਹੀਦਾ ਹੈ ਅਤੇ ਪੰਜਾਬ ਵਿਚ ਵੱਡੇ ਪੱਧਰ ਉਤੇ ਪੂੰਜੀ ਨਿਵੇਸ਼ ਕਰਨਾ ਚਾਹੀਦਾ ਹੈ। ਇਸ ਮੌਕੇ ਸ੍ਰੀ ਜਸਪ੍ਰੀਤ ਸਿੰਘ ਵਲੋਂ ਬਣਾਈ ਜਾ ਰਹੀ ਟੈਲੀ ਫਿਲਮ 'ਗੁਰੂ ਮਾਨਿਓ ਗ੍ਰੰਥ' ਦੇ ਕਲਾਕਾਰ ਵੀ ਮੌਜੂਦ ਸਨ।



ਸ. ਲੰਗਾਹ ਨੇ 'ਗੁਰੂ ਮਾਨਿਓ ਗ੍ਰੰਥ' ਦੀ ਪੂਰੀ ਟੀਮ ਅਤੇ ਸ੍ਰੀ ਜਸਪ੍ਰੀਤ ਸਿੰਘ ਨੂੰ ਇਹ ਫਿਲਮ ਬਣਾਉਣ ਲਈ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਇਸ ਟੈਲੀ ਫਿਲਮ ਦੀ ਸ਼ੂਟਿੰਗ ਅੱਜ ਕੱਲ੍ਹ ਕੈਲੇਫੋਰਨੀਆ ਵਿਚ ਚੱਲ ਰਹੀ ਹੈ। ਇਸ ਫਿਲਮ ਦੇ ਨਿਰਮਾਤਾ, ਲੇਖਕ, ਗੀਤਕਾਰ, ਪਟਕਥਾ ਲੇਖਕ ਖੁਦ ਜਸਪ੍ਰੀਤ ਸਿੰਘ ਹਨ। ਇਸ ਤੋਂ ਇਲਾਵਾ ਉਹ ਅਦਾਕਾਰ ਵਜੋਂ ਵੀ ਕੰਮ ਕਰ ਰਹੇ ਹਨ। ਫਿਲਮ ਦੇ ਨਿਰਦੇਸ਼ਕ ਅਸ਼ੋਕ ਟਾਂਗਰੀ ਹਨ। ਗੀਤ ਜਤਿੰਦਰ ਜਰਗੀਆ ਨੇ ਗਾਏ ਹਨ। ਇਸ ਮੌਕੇ ਸ੍ਰੀ ਲੰਗਾਹ ਨੇ ਜਰਗੀਆ ਦੀ ਸੀ ਡੀ ਨਿਸ਼ਾਨਾ ਵੀ ਰਿਲੀਜ਼ ਕੀਤੀ।

ਇਸ ਸਮੇਂ ਜਸਪ੍ਰੀਤ ਸਿੰਘ ਦੇ ਪਿਤਾ ਸਾਬਕਾ ਜੱਜ ਸ. ਮੇਵਾ ਸਿੰਘ ਵੀ ਮੌਜੂਦ ਸਨ, ਜਿਨ੍ਹਾਂ ਨੇ ਸ੍ਰੀ ਲੰਗਾਹ ਨੇ ਪੰਜਾਬ ਦੇ ਪਾਣੀਆਂ ਦੇ ਮਸਲੇ ਬਾਰੇ ਲੰਮਾ ਸਮਾਂ ਵਿਚਾਰ ਕੀਤਾ। ਹਾਜ਼ਰ ਵਿਅਕਤੀਆਂ ਵਿਚ ਨਰਿੰਦਰਪਾਲ ਸਿੰਘ ਹੁੰਦਲ, ਚੈਨ ਸਿੰਘ ਖੇੜਾ, ਦਵਿੰਦਰ ਸਿੰਘ ਰਣੀਆ ਵੀ ਸ਼ਾਮਲ ਸਨ। ਸ੍ਰੀ ਲੰਗਾਹ 16 ਤੋਂ 20 ਜੂਨ ਤੱਕ ਨਿਊ ਯਾਰਕ ਵੀ ਜਾਣਗੇ।

# ਗਰੈਂਡ ਰੈਪਿਡਜ਼ ਤੇ ਟਾਂਡਾ ਸਿਸਟਰ ਸਿਟੀ ਬਣਨਗੇ

**ਗਰੈਂਡ ਰੈਪਿਡਜ਼, ਮਿਸ਼ੀਗਨ:** ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਅਸ਼ੋਕ ਅਤਰੀ ਨੇ ਭਾਰਤ ਅਤੇ ਅਮਰੀਕਾ ਦੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਆਖਿਆ ਹੈ ਕਿ ਇਸ ਵਕਤ ਦੋਹਾਂ ਹੀ ਦੇਸ਼ਾਂ ਨੂੰ ਦਹਿਸ਼ਤਪਸੰਦੀ ਦੇ ਖਤਰੇ ਦਾ ਸਾਹਮਣਾ ਹੈ। ਉਹ ਇਥੇ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਮਿਸ਼ੀਗਨ ਡੈਮੋਕਰੇਟ ਪਾਰਟੀ ਦੀ ਕੈਂਟ ਕਾਊਂਟੀ ਦੇ ਵਾਈਸ ਚੇਅਰਮੈਨ ਸ੍ਰੀ ਅਤਰੀ ਨੂੰ ਜੀ ਆਇਆਂ ਆਖਦਿਆਂ ਆਖਿਆ ਕਿ ਕੁਝ ਸਾਲ ਪਹਿਲਾਂ ਤੱਕ ਗਰੈਂਡ ਰੈਪਿਡਜ਼ ਦੀ ਭਾਰਤੀ ਕਮਿਊਨਿਟੀ ਤੋਂ ਕੋਈ ਵੀ ਅਮਰੀਕੀ ਆਗੂ ਬਹੁਤਾ ਵਾਕਫ ਨਹੀਂ ਸੀ, ਅੱਜ ਸ੍ਰੀ ਸੰਨੀ ਧੂੜ ਦੇ ਅਮਰੀਕੀ ਮੁੱਖ ਧਾਰਾ ਵਿਚ ਸਰਗਰਮ ਹੋ ਜਾਣ ਨਾਲ ਸ੍ਰੀ ਧੂੜ ਨੂੰ ਦੇਸ਼ ਭਰ ਦੇ ਸਿਆਸੀ ਖੇਤਰਾਂ ਵਿਚ ਜਾਣਿਆ ਜਾਂਦਾ ਹੈ। ਸ੍ਰੀ ਸੈਕ ਨੇ ਸ੍ਰੀ ਧੂੜ ਦੀਆਂ ਭਾਈਚਾਰਕ ਸਰਗਰਮੀਆਂ ਅਤੇ ਉਨ੍ਹਾਂ ਹਿਸਪੈਨਿਕ ਕੌਕਸ ਦੇ ਚੇਅਰਮੈਨ ਹੈਨਰੀ ਸਾਂਚੇਜ਼, ਕਾਊਂਟੀ ਕਮਿਸ਼ਨਰ ਪੀਟ ਹਿਕੀ, ਕਾਊਂਟੀ ਕਮਿਸ਼ਨਰ ਬਾਬ ਸਿੰਕ, ਕਾਊਂਟੀ ਕਮਿਸ਼ਨਰ ਬਰੈਂਡਨ, ਸਿਟੀ ਕਮਿਸ਼ਨਰ ਇਲੀਅਸ ਲੰਪਕਿਨ ਅਤੇ ਜਿਮ ਗਰਾਜੇ, ਯੂਨਾਈਟਿਡ ਆਟੋ ਵਰਕਰਜ਼ ਦੀ ਆਗੂ ਸੂ ਲੈਵੀ, ਲੈਨੀਆ ਡੈਮੋਕਰੇਟ ਪਾਰਟੀ ਦੀ ਚੇਅਰਪਰਸਨ ਲਿੰਡਾ ਅਤੇ ਹੋਰ ਕਈ ਸਥਾਨਕ ਅਧਿਕਾਰੀ ਸ਼ਾਮਲ ਸਨ।



ਸ੍ਰੀ ਸੰਨੀ ਧੂੜ ਦੇ ਸੱਦੇ ਉਤੇ ਆਏ ਹੋਏ ਸਨ। ਭਾਰਤੀ ਅਤੇ ਸਥਾਨਕ ਅਮਰੀਕੀ ਮੁੱਖ ਧਾਰਾ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਤਰੀ ਨੇ ਸੁਝਾਅ ਦਿੱਤਾ ਕਿ ਗਰੈਂਡ ਰੈਪਿਡਜ਼ ਅਤੇ ਭਾਰਤ ਵਿਚ ਕਿਸੇ ਸ਼ਹਿਰ ਨੂੰ ਆਪਸ ਵਿਚ ਸਿਸਟਰ ਸਿਟੀ ਬਣਾਇਆ ਜਾਵੇ। ਬਾਅਦ ਵਿਚ ਉਨ੍ਹਾਂ ਦੇ ਇਸ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ੍ਰੀ ਧੂੜ ਨੇ ਗਰੈਂਡ ਰੈਪਿਡਜ਼ ਅਤੇ ਜ਼ਿਲਾ ਹੁਸ਼ਿਆਰਪੁਰ ਦੇ ਸ਼ਹਿਰ ਟਾਂਡਾ ਨੂੰ ਸਿਸਟਰ ਸਿਟੀ ਬਣਾਉਣ ਲਈ ਕੰਮ ਕਰਨ ਦਾ ਭਰੋਸਾ ਦਿੱਤਾ। ਸ੍ਰੀ ਅਤਰੀ ਨੇ ਸ੍ਰੀ ਧੂੜ ਦਾ ਅਮਰੀਕੀ ਮੁੱਖ ਧਾਰਾ ਦੇ ਆਗੂਆਂ ਨਾਲ ਮਿਲਾਉਣ ਲਈ ਧੰਨਵਾਦ ਕੀਤਾ।

ਇਸ ਮੌਕੇ ਬੋਲਦਿਆਂ ਮਿਸ਼ੀਗਨ ਸਟੇਟ ਅਸੰਬਲੀ ਦੇ ਸਪੀਕਰ ਸ੍ਰੀ ਮਾਈਕਲ ਸੈਕ ਨੇ ਦੇ ਲੀਡਰਸ਼ਿਪ ਗੁਣਾਂ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਮੌਕੇ ਬੋਲਦਿਆਂ ਕਾਂਗਰਸਮੈਨ ਰਾਏ ਸਮਿਥ ਨੇ ਸ੍ਰੀ ਅਤਰੀ ਦਾ ਗਰੈਂਡ ਰੈਪਿਡਜ਼ ਆਉਣ ਲਈ ਧੰਨਵਾਦ ਕਰਦਿਆਂ ਆਸ ਕੀਤੀ ਕਿ ਸ੍ਰੀ ਅਤਰੀ ਭਾਰਤੀ ਅਤੇ ਅਮਰੀਕੀ ਲੋਕਾਂ ਵਿਚਾਲੇ ਸਾਂਝਾਂ ਨੂੰ ਹੋਰ ਪੱਕਿਆਂ ਕਰਨ ਲਈ ਕੰਮ ਕਰਨਗੇ।

ਇਸ ਮੌਕੇ ਸ੍ਰੀ ਅਤਰੀ ਦਾ ਇਕ ਯਾਦਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਸ੍ਰੀ ਅਤਰੀ ਨਾਲ ਉਨ੍ਹਾਂ ਦੀ ਪਤਨੀ ਊਸ਼ਾ ਕਿਰਨ ਅਤਰੀ ਵੀ ਆਏ ਹੋਏ ਸਨ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਸਟੇਟ ਆਫ ਮਿਸ਼ੀਗਨ ਦੇ ਲਾਟਰੀ ਕਮਿਸ਼ਨਰ ਸ੍ਰੀ ਸਕਾਟ ਬਾਵਿਨ, ਮਿਸ਼ੀਗਨ ਸਟੇਟ ਦੀ ਹਿਸਪੈਨਿਕ ਸਟੇਟ ਕਮਿਸ਼ਨ ਦੇ ਚੇਅਰਮੈਨ ਸ੍ਰੀ ਹੋਜ਼, ਵਾਈਸ ਚੇਅਰਮੈਨ ਲੁਪੇ ਰਾਮੋਸ,

ਭਾਰਤੀ ਭਾਈਚਾਰੇ ਵਿਚੋਂ ਡਾ. ਸੁਰੇਸ਼ ਪੁਰੀ, ਡਾ. ਸਰਲਾ ਪੁਰੀ, ਡਾ. ਗੁਰੇਸ਼ ਜੁਨੇਜਾ, ਡਾ. ਰਸ਼ਮੀ ਜੁਨੇਜਾ, ਡਾ. ਸੂਰੀਆ ਸ਼ਰਮਾ, ਡਾ. ਦਲੀਪ ਸਕਸੇਨਾ, ਡਾ. ਅਸ਼ੋਕ ਕੁਮਾਰ, ਡਾ. ਹਰਜਿੰਦਰ ਸਿੰਘ ਖਹਿਰਾ, ਮਨਜਿੰਦਰ ਸਿੰਘ, ਮਨਪ੍ਰੀਤ ਸਿੰਘ, ਅਵਤਿੰਦਰ ਚਾਵਲਾ, ਸੰਨੀ ਚਾਵਲਾ, ਜਰਨੈਲ ਸਿੰਘ, ਮਨਜੀਤ ਸਿੰਘ ਲੈਨਸਿੰਗ, ਰੇਸ਼ਮ ਸਿੰਘ ਸੈਣੀ, ਸਤੀਸ਼ ਚੰਦਰ ਸੈਣੀ, ਸ਼ੌਬ ਖਹਿਰਾ, ਇੰਦਰਜੀਤ ਸਿੰਘ, ਕੁਲਦੀਪ ਸਿੰਘ ਬੱਗਾ, ਦਰਸ਼ਨ ਸਿੰਘ, ਮਨਜੀਤ ਸਿੰਘ ਆਰਚੀ, ਸਤਪਾਲ ਮੱਕੜ, ਸੁਰੇਸ਼ ਭਾਰਗਾਵ, ਪ੍ਰਸ਼ਾਂਤ ਰਨਾਡੇ, ਜੀਤ ਲੂੰਬਾ, ਮਾਹੀ ਮਹੇਸ਼, ਜੈਰਾਮ ਸਿੰਘ ਕਾਹਲੋਂ, ਹੈਪੀ ਹੀਰ, ਮਿਕੀ ਕਾਹਲੋਂ, ਅਜਮੇਰ ਸਿੰਘ ਪੰਨੂ, ਜਸਵਿੰਦਰ ਸਿੰਘ ਅਤੇ ਰਾਹੁਲਪ੍ਰਤਾਪ ਸਿੰਘ ਧੂੜ ਹਾਜ਼ਰ ਸਨ।

## ਹਰਪ੍ਰਿਆ ਚੁੰਬਰ ਨੇ ਕੀਤੀ ਅੱਵਲ ਰਹਿ ਕੇ ਗ੍ਰੈਜੂਏਸ਼ਨ

**ਫਰੀਮਾਂਟ (ਭੌਰਾ):** ਉਘੇ ਬਿਜ਼ਨਸਮੈਨ ਅਤੇ ਸਮਾਜਸੇਵੀ ਸਤਨਾਮ ਸਿੰਘ ਚੁੰਬਰ ਤੇ



ਬਲਵੀਰ ਕੌਰ ਚੁੰਬਰ ਦੀ ਬੇਟੀ ਹਰਪ੍ਰਿਆ ਕੌਰ ਚੁੰਬਰ ਨੂੰ ਮੈਡੀਕਲ ਗਰੁੱਪ ਵਿਚ ਗ੍ਰੈਜੂਏਸ਼ਨ ਜੀ.ਪੀ.ਏ. ਸਕਰੋ 4.07 ਨਾਲ ਅੱਵਲ ਰਹਿ ਕੇ ਪ੍ਰਾਪਤ ਕੀਤੀ ਹੈ। ਸ੍ਰੀ ਚੁੰਬਰ ਨੇ ਕਿਹਾ ਕਿ ਮੇਰੀ ਬੇਟੀ ਲਈ ਸ਼ੁਭ ਕਾਮਨਾਵਾਂ ਤੇ ਵਧਾਈਆਂ ਭੇਜਣ ਵਾਲਿਆਂ ਦਾ ਮੈਂ ਧੰਨਵਾਦੀ ਹਾਂ ਅਤੇ ਆਪਣੇ ਮਿੱਤਰਾਂ-ਦੋਸਤਾਂ ਲਈ ਇਕ ਧੰਨਵਾਦੀ ਪਾਰਟੀ 27 ਜੂਨ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਸ਼ਾਮੀ 6 ਵਜੇ ਰੱਖੀ ਗਈ ਹੈ।

## ਬਜ਼ੁਰਗਾਂ ਵਿਚ ਮੈਡੀਕੈਲ ਕਟੌਤੀ ਕਰਕੇ ਬੇਚੈਨੀ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਕੈਲੇਫੋਰਨੀਆ ਸਟੇਟ ਅਸੈਂਬਲੀ ਨੇ ਫ੍ਰੀ ਮੈਡੀਕਲ ਦੀਆਂ ਸੁਵਿਧਾਵਾਂ/ਲਾਭਾਂ ਵਿਚੋਂ ਦੰਦਾਂ ਦੇ ਇਲਾਜ ਵਾਸਤੇ ਦਿੱਤੀ ਜਾਂਦੀ ਰਿਆਇਤ ਇਕ ਜੁਲਾਈ 2009 ਤੋਂ ਬੰਦ ਕਰਨ ਬਾਰੇ ਬਿੱਲ ਪਾਸ ਕਰ ਦਿੱਤਾ ਹੈ। ਆਰਥਿਕ ਮੰਦਹਾਲੀ ਵਿਚ ਇਹ ਕਟੌਤੀ ਕੈਲੇਫੋਰਨੀਆ ਦੇ ਬਜਟ ਬਿੱਲ 2009-10 ਚੈਪਟਰ 20 ਅਨੁਸਾਰ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲਾਭਪਾਤਰਾਂ 'ਤੇ ਲਾਗੂ ਹੋਵੇਗੀ ਅਤੇ 21 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਰਿਆਇਤ ਜਾਰੀ ਰਹੇਗੀ। ਕੁਝ ਖਾਸ ਮਰੀਜ਼ਾਂ ਅਤੇ ਗਰਭਵਤੀ ਔਰਤਾਂ ਵਾਸਤੇ ਵੀ ਕੁਝ ਛੋਟਾਂ ਕੁਝ ਧਾਰਾਵਾਂ ਅਧੀਨ ਜਾਰੀ ਰਹਿਣਗੀਆਂ।

ਇਹ ਜਾਣਕਾਰੀ ਦਿੰਦਿਆਂ ਦੰਦਾਂ ਦੇ ਡਾਕਟਰ ਦਲਵੀਰ ਸਿੰਘ ਪੰਨੂ ਡੀ.ਡੀ.ਐਸ., ਜੋ ਅਮਰੀਕਨ ਡੈਂਟਲ ਐਸੋਸੀਏਸ਼ਨ ਦੇ ਮੈਂਬਰ ਹਨ, ਨੇ ਦੱਸਿਆ ਹੈ ਕਿ ਲੋੜਵੰਦ ਮਰੀਜ਼ਾਂ ਨੂੰ 30 ਜੂਨ ਤੱਕ ਆਪਣੇ ਡਾਕਟਰਾਂ ਨੂੰ ਮਿਲ ਕੇ ਇਸ ਛੋਟ ਦਾ ਲਾਹਾ ਲੈ ਲੈਣਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ www.denti-cal.ca.gov ਵੇਖੋ ਜਾਂ pannudds@yahoo.com ਅਤੇ ਫੋਨ 510-792-9292 ਤੇ 408-272-3330 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਲੋਕਰੰਗ ਮੰਚ ਖੇਡੇਗਾ ਨਾਟਕ 'ਗਦਰ ਐਕਸਪ੍ਰੈਸ'


**ਫਰੀਮਾਂਟ:(ਐਸ. ਅਸ਼ੋਕ ਭੌਰਾ)** ਪਿਛਲੇ ਕਰੀਬ ਤਿੰਨ ਸਾਲਾਂ ਵਿਚ 'ਮਿੱਟੀ ਰੁਦਨ ਕਰੇ', 'ਸਰਦਲ ਦੇ ਆਰ-ਪਾਰ' ਅਤੇ 'ਗੁਰੂ ਮਾਨਿਓ ਗ੍ਰੰਥ' ਵਰਗੇ ਹਿੱਟ ਨਾਟਕ ਦੇਣ ਵਾਲੇ ਪੰਜਾਬ ਲੋਕ ਰੰਗ ਨੇ ਆਪਣੀ ਅਗਲੀ ਪੇਸ਼ਕਾਰੀ ਵਿਚ ਗਦਰ ਲਹਿਰ 'ਤੇ ਡਾਕਟਰ ਆਤਮਜੀਤ ਦੇ ਲਿਖੇ ਤਾਜ਼ਾ ਨਾਟਕ 'ਗਦਰ ਐਕਸਪ੍ਰੈਸ' ਨੂੰ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। ਮਿਲਪਿਟਸ ਦੇ ਇੰਡੀਅਨ ਸਮਰ ਰੈਸਟੋਰੈਂਟ ਵਿਚ ਹੋਈ ਇਕ ਨਾਟਕ ਮਹਿਜ ਨਾਟਕ ਨਹੀਂ ਸਗੋਂ ਗਦਰ ਲਹਿਰ 'ਤੇ ਇਕ ਮੁਕੰਮਲ ਦਸਤਾਵੇਜ਼ੀ ਫਿਲਮ ਵਾਂਗ ਹੋਵੇਗਾ। ਨਾਟਕ ਵਿਚ ਜਸਵਿੰਦਰ ਧਨੋਆ, ਜਸਵਿੰਦਰ ਕੌਰ, ਜਸਵਿੰਦਰ ਬੱਗਾ, ਬਲਵਿੰਦਰ ਮਹੇ, ਦਰਸ਼ਨ ਕਹਿਲ, ਅਮ੍ਰਿਤਪਾਲ ਸਰਾਂ, ਦਿਲਾਵਰ ਚਹਿਲ, ਹਰਮੇਸ਼ ਸਿੱਧੂ, ਧਰਮਪਾਲ ਉਰਫ ਮਾਸਟਰ ਰਿੰਕੂ, ਰਸ਼ਪਾਲ ਸਿੰਘ ਖੰਘੂੜਾ, ਦਰਸ਼ਨ ਔਜਲਾ, ਜਸਕਰਨ ਸਹੋਤਾ, ਕਮਲ ਤੇ ਸੋਨੂ ਰੰਧਾਵਾ, ਯਾਦਵਿੰਦਰ ਜੋਸ਼ੀ, ਜਸਪਾਲ ਸੈਣੀ, ਸੰਧੂ ਹਾਜ਼ਰ ਸਨ। ਰਾਜ ਭਨੋਟ, ਅਵਤਾਰ ਤਾਰੀ ਤੇ ਜਸਪਾਲ ਸੰਧੂ ਨੇ ਨਾਟਕ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਪੇਸ਼ਕਸ਼ ਕੀਤੀ। ਹੋਰਨਾਂ ਵਿਚ ਤਰਲੋਚਨ ਦੁਪਾਲਪੁਰ, ਜਸਪਾਲ ਸੈਣੀ, ਸਰਪੰਚ ਮਹਿੰਗਾ ਸਿੰਘ ਨੇ ਵੀ ਨਾਟਕ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪਰਮਜੀਤ ਸਿੰਘ ਤੇ ਰੇਨੂ ਸਿੰਘ ਨੇ ਸੰਤਰਾਮ ਉਦਾਸੀ ਦੀ ਰਚਨਾ 'ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।' ਅਤੇ ਜੈਮਲ ਪੱਡਾ ਦੀ ਰਚਨਾ 'ਸਾਡੇ



ਭਰਵੀਂ ਪ੍ਰੈਸ ਕਾਨਫਰੰਸ ਵਿਚ ਬੋਲਦਿਆਂ ਪੰਜਾਬ ਲੋਕ ਰੰਗ ਦੇ ਮੁਖੀ ਸੁਰਿੰਦਰ ਧਨੋਆ ਨੇ ਦੱਸਿਆ ਕਿ ਕੁਲਦੀਪ ਧਾਲੀਵਾਲ, ਗਦਰ ਮੈਮੋਰੀਅਲ ਫਾਊਂਡੇਸ਼ਨ ਤੇ ਸਾਡੀ ਸੰਸਥਾ ਨੇ ਉਚੇਚੇ ਯਤਨਾਂ ਨਾਲ ਉਘੇ ਨਾਟਕਕਾਰ ਡਾ. ਆਤਮਜੀਤ ਤੋਂ ਇਸ ਨਾਟਕ ਨੂੰ ਲਿਖਾਇਆ ਹੈ, ਜਿਸ ਵਿਚ ਭਾਰਤ ਦੀ ਆਜ਼ਾਦੀ ਲਈ ਗਦਰ ਲਹਿਰ ਦੇ ਸਾਰੇ ਪੱਖਾਂ ਨੂੰ ਰੂਪਮਾਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਨਾਟਕ ਨੂੰ ਗਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ 22 ਅਗਸਤ ਨੂੰ ਸੈਕਰਾਮੈਂਟੋ ਵਿਚ ਕਰਵਾਏ ਜਾਣ ਵਾਲੇ ਸਾਲਾਨਾ ਗਦਰੀ ਮੇਲੇ 'ਤੇ ਡਾਕਟਰ ਆਤਮਜੀਤ ਦੇ ਨਿਰਦੇਸ਼ਨ ਹੇਠ ਹੀ ਖੇਡਿਆ ਜਾਵੇਗਾ। ਸ੍ਰੀ ਧਨੋਆ ਦੇ ਕਹਿਣ ਅਨੁਸਾਰ ਇਹ ਅਮਨ ਸਿੰਘ, ਆਦਿ ਕਲਾਕਾਰ ਮੁੱਖ ਭੂਮਿਕਾ ਨਿਭਾਉਣਗੇ ਤੇ ਸੁਰਿੰਦਰ ਧਨੋਆ ਦਾ ਪ੍ਰਭਾਵਸ਼ਾਲੀ ਰੋਲ ਹੋਵੇਗਾ। ਇਸ ਮੌਕੇ ਸ੍ਰੀ ਧਨੋਆ ਨੇ ਨਾਟਕ ਵਿਚਲੇ ਕੁਝ ਸੰਵਾਦਾਂ ਨੂੰ ਬਹੁਤ ਹੀ ਭਾਵੁਕਤਾ ਨਾਲ ਪੜ੍ਹ ਕੇ ਵੀ ਸੁਣਾਇਆ। ਇਸ ਨਾਟਕ ਦੇ ਸੰਗੀਤ ਨਿਰਦੇਸ਼ਕ ਪਰਮਜੀਤ ਸਿੰਘ, ਰੇਨੂ ਸਿੰਘ ਅਤੇ ਕੁਲਦੀਪ ਸਿੰਘ ਹੋਣਗੇ। ਨਾਟਕ ਦੇ ਪ੍ਰਮੁੱਖ ਆਰਗੇਨਾਈਜ਼ਰ ਪਾਲੀ ਧਨੋਆ ਹਨ ਤੇ ਉਨ੍ਹਾਂ ਦੇ ਨਾਲ ਕਿੱਟੀ ਗਿੱਲ, ਗੋਰਖਾ ਸਹਿਯੋਗ ਦੇਣਗੇ। ਇਹ ਕਾਨਫਰੰਸ, ਜੋ ਬਾਅਦ ਵਿਚ ਇਕ ਸਮਾਗਮ ਹੋ ਨਿਬੜਿਆ, ਦੇ ਪ੍ਰਧਾਨਗੀ ਮੰਡਲ ਵਿਚ ਰਾਜ ਭਨੋਟ, ਗੁਰਬਚਨ ਗਿੱਲ, ਅਵਤਾਰ ਤਾਰੀ, ਕਸ਼ਮੀਰ ਧੁੱਗਾ, ਜੋ-ਜੌਹਲ ਤੇ ਜਸਪਾਲ ਸੰਗਰਾਮ ਨੇ ਹਰਨਾ ਨਹੀਂ", ਗਮਗੀਨ ਆਵਾਜ਼ ਵਿਚ ਪੇਸ਼ ਕੀਤੀਆਂ। ਅਵਤਾਰ ਤਾਰੀ ਨੇ ਕਿਹਾ ਕਿ ਸੈਕਰਾਮੈਂਟੋ ਤੋਂ ਪਿਛੋਂ ਇਸ ਨਾਟਕ ਨੂੰ ਬੇ-ਏਰੀਆ ਵਿਚ ਖਿਡਾਇਆ ਜਾਵੇਗਾ। ਅਖੀਰ ਵਿਚ ਧਨੋਆ ਨੇ ਇਹ ਵੀ ਐਲਾਨ ਕੀਤਾ ਕਿ ਉਹ ਅਗਲਾ ਨਾਟਕ ਬਲਵੀਰ ਐਮ.ਏ. ਦਾ ਲਿਖਿਆ 'ਪੱਤਣਾਂ 'ਤੇ ਰੋਣ ਖੜੀਆਂ' ਖੇਡਣਗੇ। ਕੁਲਦੀਪ ਧਾਲੀਵਾਲ ਨੇ ਇਸ ਨਾਟਕ ਨੂੰ ਲਿਖਵਾਉਣ ਤੋਂ ਲੈ ਕੇ ਪੇਸ਼ ਕੀਤੇ ਜਾਣ ਤੱਕ ਦੀ ਗੱਲ ਦੱਸਦਿਆਂ ਕਿਹਾ ਕਿ ਫਾਊਂਡੇਸ਼ਨ ਇਸ ਵਾਰ ਨਿਵੇਕਲੇ ਰੰਗ ਵਿਚ ਮੇਲਾ ਪੇਸ਼ ਕਰੇਗੀ ਜਿਸ ਵਿਚ ਪੰਜਾਬੀ ਯੂਨੀਵਰਸਿਟੀ ਦੇ ਉਪਕੁਲਪਤੀ ਪ੍ਰੋ. ਜਸਪਾਲ ਸਿੰਘ ਵੀ ਪੁੱਜਣਗੇ।

## ਟੂਲੈਹਰੀ ਵਿਚ ਸ਼ਹੀਦੀ ਸਮਾਗਮ 21 ਨੂੰ

**ਟੂਲੈਹਰੀ, ਕੈਲੇਫੋਰਨੀਆ (ਸਰਬਜੋਤ ਸਿੰਘ ਸਵੱਦੀ):** 1984 ਦੇ ਤੀਸਰੇ ਘੱਲੂਘਾਰੇ ਦੀ ਯਾਦ ਵਿਚ ਮਹਾਨ ਸ਼ਹੀਦੀ ਸਮਾਗਮ ਐਤਵਾਰ 21 ਜੂਨ ਨੂੰ ਗੁਰਦੁਆਰਾ ਸਾਹਿਬ ਟੂਲੈਹਰੀ (ਫਰਿਜ਼ਨੋ) ਵਿਖੇ ਹੋਵੇਗਾ।



ਤਰਸੇਮ ਸਿੰਘ ਟੂਲੈਹਰੀ

ਇਸ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਤਰਸੇਮ ਸਿੰਘ ਟੂਲੈਹਰੀ ਨੇ ਦੱਸਿਆ ਕਿ ਇਸ ਸਮਾਗਮ ਵਿਚ ਪੰਥ ਦੇ ਮਹਾਨ ਰਾਗੀ, ਢਾਡੀ ਕਵੀਸ਼ਰੀ ਜਥਿਆਂ ਤੋਂ ਇਲਾਵਾ ਪੰਥਕ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ 19 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ 21 ਜੂਨ ਨੂੰ ਭੋਗ ਪਾਏ ਜਾਣਗੇ। ਜਥੇਦਾਰ ਟੂਲੈਹਰੀ ਨੇ ਸਮੂਹ ਸਿੱਖ ਸੰਗਤ ਨੂੰ ਇਸ ਸ਼ਹੀਦੀ ਸਮਾਗਮ 'ਚ ਹਾਜ਼ਰੀਆ ਭਰਨ ਦੀ ਬੇਨਤੀ ਕੀਤੀ ਹੈ।

## ਬੀਬੀ ਮਹਿੰਦਰ ਕੌਰ ਸੁਰਗਵਾਸ

**ਸਟਾਕਟਨ:** ਬੀਬੀ ਮਹਿੰਦਰ ਕੌਰ ਦੋਸਾਂਝ 13 ਜੂਨ ਨੂੰ ਇਥੇ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿਛੇ ਪਤੀ ਹਰਬੰਸ ਸਿੰਘ ਹੁੰਦਲ, ਪੰਜ ਧੀਆਂ ਪੁਤਰ ਅਤੇ ਭਰਿਆ ਪਰਿਵਾਰ ਛੱਡ ਗਏ ਹਨ। ਉਹ ਜਲੰਧਰ ਜ਼ਿਲੇ ਦੇ ਪਿੰਡ ਦੋਸਾਂਝ ਕਲਾਂ ਤੋਂ ਸਨ। ਉਨ੍ਹਾਂ ਦਾ ਸਸਕਾਰ 20 ਜੂਨ ਨੂੰ ਇਥੇ ਲੋਡਾਈ ਮੈਮੋਰੀਆਲ ਸਿਮਿਟਰੀ ਵਿਚ ਸਵੇਰੇ 11 ਵਜੇ ਹੋਵੇਗਾ ਅਤੇ ਭੋਗ ਗੁਰਦੁਆਰਾ ਦਸਮੇਸ਼ ਦਰਬਾਰ ਲੋਡਾਈ ਵਿਖੇ ਪਵੇਗਾ। ਪਰਿਵਾਰ ਨਾਲ ਸੰਪਰਕ 209-931-8000 'ਤੇ ਕੀਤਾ ਜਾ ਸਕਦਾ ਹੈ।

# ਚੰਨ ਚੜ੍ਹਿਆ ਜਿਵੇਂ ਸਰੂਰ ਚੜ੍ਹੇ, ਰਾਤ ਉਤਰੀ ਜਿਵੇਂ ਪਹਾੜੋਂ ਨਦੀ

**ਮੋਹਾਲੀ :** ਲੰਘੇ ਐਤਵਾਰ ਫਿਜ਼ਾ ਦੇ ਘਰ ਚਾਂਦ ਮੁਹੰਮਦ ਦੀ ਹੋਈ ਵਾਪਸੀ ਨੇ ਇਕ ਵਾਰ ਤਾਂ ਇਸ ਮੁਰਝਾਈ ਮਹਿਬੂਬ ਦੀ ਰੂਹ ਵਿਚ ਦਿਨ ਚਾੜ੍ਹ ਦਿੱਤਾ। ਉਤੋਂ ਭਾਵੇਂ ਉਹ ਕਠੋਰ ਵਿਖਾਈ ਦਿੱਤੀ, ਪਰ ਉਸ ਦੇ ਦਗਦੇ ਚਿਹਰੇ ਤੋਂ ਅੰਦਰਲਾ ਸਰੂਰ ਦਹਿਕਦਾ ਸਪੱਸ਼ਟ ਵਿਖਾਈ ਦਿੰਦਾ ਸੀ।

ਚੰਦਰ ਮੋਹਨ ਉਰਫ ਚਾਂਦ ਮੁਹੰਮਦ ਤੇ ਅਨੁਰਾਧਾ ਬਾਲੀ ਉਰਫ ਫਿਜ਼ਾ ਮੁਹੰਮਦ ਦੀ ਪ੍ਰੇਮ ਕਹਾਣੀ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਲੰਮਾ ਸਮਾਂ ਫਿਜ਼ਾ ਤੋਂ ਦੂਰ ਰਹਿਣ ਉਪਰੰਤ ਅਤੇ ਉਸ ਨੂੰ ਛੱਡਣ ਦੇ ਦਾਅਵੇ ਕਰਨ ਤੋਂ ਬਾਅਦ ਚਾਂਦ ਮੁਹੰਮਦ ਬੀਤੇ ਐਤਵਾਰ ਫਿਜ਼ਾ ਦੀ ਸੈਕਟਰ-48-ਸੀ ਵਿਚਲੀ ਰਿਹਾਇਸ਼ 'ਤੇ ਪਹੁੰਚ ਗਿਆ। ਪੱਤਰਕਾਰਾਂ ਦੀ ਹੈਰਾਨੀ ਦੀ ਉਦੋਂ ਹੱਦ ਨਾ ਰਹੀ ਜਦੋਂ ਉਨ੍ਹਾਂ ਚਾਂਦ ਅਤੇ ਫਿਜ਼ਾ ਨੂੰ ਇਕੱਠੇ ਦੇਖਿਆ।

ਇੱਥੇ ਹੀ ਬਸ ਨਹੀਂ, ਇਹ ਕਹਿਣ ਵਾਲੇ ਚਾਂਦ ਮਹੁੰਮਦ ਕਿ ਉਹ ਤਾਂ ਸ਼ਰਾਬ, ਚਾਹ ਅਤੇ ਫਿਜ਼ਾ ਨੂੰ ਛੱਡ ਚੁੱਕੇ ਹਨ, ਇਹ ਕਹਿੰਦੇ ਨਜ਼ਰ ਆਏ ਕਿ ਉਨ੍ਹਾਂ ਨੇ ਸ਼ਰਾਬ ਅਤੇ ਚਾਹ ਤਾਂ ਛੱਡ ਦਿੱਤੀ, ਪਰ ਫਿਜ਼ਾ ਨਹੀਂ ਛੱਡੀ ਜਾਂਦੀ। ਦੂਜੇ ਪਾਸੇ ਫਿਜ਼ਾ ਮੁਹੰਮਦ ਆਪਣੇ ਚਾਂਦ ਦੇ ਵਾਪਸ ਆਉਣ ਨਾਲ ਅੰਦਰੋਂ ਤਾਂ ਭਾਵੇਂ ਬਾਗੋਬਾਗ ਦਿੱਸੀ, ਪਰ ਉਪਰੋਂ ਉਹ ਕਾਫ਼ੀ ਕਠੋਰ ਨਜ਼ਰ ਆਈ। ਉਸ ਨੇ ਇੰਨੀ ਜਲਦੀ ਚਾਂਦ ਨੂੰ ਮਾਫ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਫਿਜ਼ਾ ਨੂੰ ਕੁਝ ਸਮਾਂ ਪਹਿਲਾਂ ਛੱਡ ਕੇ ਜਾਣ ਵਾਲੇ ਚਾਂਦ ਨੇ ਅਪਣੀ ਪਹਿਲੀ ਪਤਨੀ ਸੀਮਾ ਬਿਸ਼ਨੋਈ ਕੋਲ ਜਾਣ ਦੀ ਬਜਾਏ ਕਿਸੇ ਧਰਮਸ਼ਾਲਾ ਵਿਚ ਰਹਿਣ ਨੂੰ ਤਰਜੀਹ ਦੇਣ ਦੀ ਗੱਲ ਵੀ ਕਹੀ। ਚਾਂਦ ਮੁਹੰਮਦ ਅਤੀਤ ਵਿਚ ਫਿਜ਼ਾ ਨਾਲ ਕੀਤੀਆਂ ਜ਼ਿਆਦਤੀਆਂ ਲਈ ਮੁਆਫੀ ਮੰਗਣ ਅਤੇ ਉਸ ਨੂੰ ਆਪਣੀ ਬੇਗਮ ਸਵੀਕਾਰ ਕਰਨ ਲਈ ਫ਼ਿਜਾ ਦੇ ਘਰ ਪਹੁੰਚ ਗਏ। ਹਾਲਾਂਕਿ ਇਹ ਗੱਲ ਸਪੱਸ਼ਟ ਹੋਣ ਵਿਚ ਕੁਝ ਸਮਾਂ ਲੱਗੇਗਾ ਕਿ ਫਿਜ਼ਾ ਉਨ੍ਹਾਂ ਨੂੰ ਮਾਫ ਕਰਦੀ ਹੈ ਜਾਂ ਨਹੀਂ, ਪਰ ਚਾਂਦ ਨੇ ਮਾਫੀ ਮੰਗਦਿਆਂ ਮੀਡੀਆ ਸਾਹਮਣੇ ਇਹ ਐਲਾਨ ਕੀਤਾ ਕਿ ਉਹ ਫਿਜ਼ਾ ਦੇ ਨਾਲ ਰਹਿਣਾ ਚਾਹੁੰਦਾ ਹੈ, ਜੇਕਰ ਫਿਜ਼ਾ ਇਜਾਜ਼ਤ ਦੇਵੇ। ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਫਿਜ਼ਾ ਨੇ ਕਿਹਾ ਕਿ ਅੱਜ ਤੱਕ ਉਹ ਜਿੰਨੇ ਵੀ ਦੋਸ਼ ਲਗਾਉਂਦੀ ਆਈ ਹੈ, ਉਹ ਸਾਰੇ ਸੱਚ ਸਿੱਧ ਹੋਏ ਹਨ। ਉਸ ਨੇ ਕਿਹਾ, "ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਕਹਾਂ ਚਾਂਦ ਮੁਹੰਮਦ ਕੁਝ ਕਹਿਣਗੇ।" ਇਸ 'ਤੇ ਪੰਚਕੂਲਾ ਦੇ ਵਿਧਾਇਕ ਅਤੇ ਹਰਿਆਣਾ ਦੇ ਸਾਬਕਾ ਉਪ-ਮੁੱਖ ਮੰਤਰੀ ਚੰਦਰ ਮੋਹਨ ਉਰਫ ਚਾਂਦ ਮੁਹੰਮਦ ਨੇ ਸਪੱਸ਼ਟ ਰੂਪ ਵਿਚ ਕਿਹਾ, "ਮੈਂ ਇਸ ਤੋਂ ਮੁਆਫੀ ਮੰਗਣ ਆਇਆ ਹਾਂ, ਹੁਣ ਵੀ ਇਸ ਦੇ ਨਾਲ ਰਹਿਣਾ ਚਾਹੁੰਦਾ ਹਾਂ ਅਤੇ ਇਸ ਨੂੰ ਪਹਿਲਾਂ ਤੋਂ ਵੀ ਜ਼ਿਆਦਾ ਪਿਆਰ ਕਰਦਾ ਹਾਂ।"

ਇਸ ਦੌਰਾਨ ਲੰਘੀ 14 ਜੂਨ ਨੂੰ ਦੀ ਸ਼ਾਮ 7 ਵਜੇ ਦੇ ਕਰੀਬ ਚੰਦਰ ਮੋਹਨ ਦੇ ਹਮਾਇਤੀ ਦੱਸੇ ਜਾਂਦੇ ਵਿਜੇ ਸਿੰਗਲਾ (ਹਿਸਾਰ) ਨੇ 11 ਫ਼ੇਜ਼ ਦੇ ਥਾਣੇ ਵਿਚ ਇਤਲਾਹ ਦਿਤੀ ਕਿ ਫ਼ਿਜ਼ਾ ਨੇ ਚਾਂਦ ਮੁਹੰਮਦ ਨੂੰ ਅਗ਼ਵਾ ਕਰ ਰਖਿਆ ਹੈ। ਉਸ ਨੂੰ ਫ਼ਿਜ਼ਾ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਇਆ ਜਾਵੇ। ਥਾਣੇ ਪੁੱਜੇ ਚੰਦਰ ਮੋਹਨ ਦੇ 70-80 ਹਮਾਇਤੀਆਂ ਤੋਂ ਜਦੋਂ ਏ.ਐਸ.ਆਈ. ਸੋਹਣ ਸਿੰਘ ਨੇ ਪੁਛਗਿੱਛ ਕੀਤੀ ਤਾਂ ਕੁਝ ਹਮਾਇਤੀਆਂ ਨੇ ਪੁਲਿਸ ਵਾਲਿਆਂ 'ਤੇ ਹੀ ਹਮਲਾ ਕਰ ਦਿਤਾ।

ਜਿਸ ਕਾਰਨ ਰਾਤ 11 ਵਜੇ ਦੇ ਕਰੀਬ ਏ.ਐਸ.ਆਈ. ਸੋਹਣ ਸਿੰਘ ਨੇ ਗੋਲੀ ਚਲਾ ਦਿਤੀ, ਜਿਸ ਨਾਲ ਭੀੜ ਇਕਦਮ ਤਿੱਤਰ ਹੋ ਗਈ। ਇਹ ਗੋਲੀ ਹਿਸਾਰ ਵਾਸੀ ਅਸ਼ੋਕ ਕੁਮਾਰ ਪੁੱਤਰ ਛੋਟੂ ਰਾਮ ਮੰਡੀ ਆਦਮਪੁਰ ਦੀ ਸੱਜੀ ਲੱਤ ਵਿਚ ਲੱਗੀ। ਫ਼ੇਜ-6 ਦੇ ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ ਅਸ਼ੋਕ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਚੰਦਰ ਮੋਹਨ ਨੂੰ ਫ਼ਿਜ਼ਾ ਦੇ ਚੁੰਗਲ 'ਚੋਂ ਆਜ਼ਾਦ ਕਰਵਾਉਣਾ ਚਾਹੁੰਦੇ ਹਨ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਨੇ ਐਵੇਂ ਹੀ ਗੋਲੀ ਚਲਾ ਦਿਤੀ।



ਇਸ ਦੌਰਾਨ ਪੁਲਿਸ ਨੇ ਰਾਤ ਵੇਲੇ ਚੰਦਰ ਮੋਹਨ ਦੇ ਹਮਾਇਤੀ ਦੱਸੇ ਜਾਂਦੇ ਤਿੰਨ ਵਿਅਕਤੀਆਂ ਭਗਤ ਰਾਮ ਵਾਸੀ ਸਦਲਪੁਰ ਹਿਸਾਰ, ਪਵਨ ਕੁਮਾਰ ਵਾਸੀ ਮੰਡੀ ਆਦਮਪੁਰ, ਸੁਭਾਸ਼ ਚੰਦਰ ਵਾਸੀ ਮੰਡੀ ਆਦਮਪੁਰ ਨੂੰ ਗ੍ਰਿਫਤਾਰ ਕਰ ਲਿਆ। ਜਿਨ੍ਹਾਂ ਨੂੰ ਮੋਹਾਲੀ ਦੀ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਗਿਆ। ਤਿੰਨਾਂ ਨੂੰ 28 ਜੂਨ ਤਕ ਜੁਡੀਸ਼ੀਅਲ ਰਿਮਾਂਡ 'ਤੇ ਭੇਜਾ ਦਿਤਾ ਗਿਆ।

ਜ਼ਿਲ੍ਹਾ ਪੁਲਿਸ ਮੁਖੀ ਸ. ਜਤਿੰਦਰ ਸਿੰਘ ਔਲਖ ਨੇ ਇਸ ਮਾਮਲੇ ਸਬੰਧੀ ਕਿਹਾ ਕਿ ਪੁਲਿਸ ਨੂੰ ਕਿਸੇ ਨੇ ਸੂਚਨਾ ਦਿਤੀ ਸੀ ਕਿ ਚੰਦਰ ਮੋਹਨ ਨੂੰ ਜ਼ਬਰਦਸਤੀ ਰੱਖਿਆ ਗਿਆ ਹੈ, ਜਿਸ 'ਤੇ ਪੁਲਿਸ ਪਾਰਟੀ ਭੇਜੀ ਗਈ। ਇਸ ਦੌਰਾਨ ਚੰਦਰ ਮੋਹਨ ਹਮਾਇਤੀ ਪੁਲਿਸ ਨਾਲ ਹੀ ਭਿੜ ਗਏ, ਜਿਸ 'ਤੇ ਆਤਮ ਰੱਖਿਆ ਲਈ ਏ.ਐਸ.ਆਈ. ਸੋਹਣ ਸਿੰਘ ਨੇ ਹਵਾਈ ਫਾਇਰ ਕਰਨਾ ਚਾਹਿਆ ਤਾਂ ਚੰਦਰ ਮੋਹਨ ਦੇ ਇਕ ਹਮਾਇਤੀ ਨੇ ਉਸ ਨੂੰ ਧੱਕਾ ਮਾਰ ਦਿਤਾ, ਜਿਸ ਕਾਰਨ ਗੋਲੀ ਉਸ ਦੀ ਲੱਤ ਵਿਚ ਜਾ ਲੱਗੀ।

ਇਸ ਦੌਰਾਨ ਇਸ ਗੱਲ ਦਾ ਰੌਲਾ ਪੈ ਗਿਆ ਕਿ ਹਸਪਤਾਲ ਵਿਚ ਜੇਰੇ ਇਲਾਜ ਅਸ਼ੋਕ ਕੁਮਾਰ ਦਾ ਹਾਲਚਾਲ ਪੁੱਛਣ ਲਈ ਚੰਦਰ ਮੋਹਨ ਦੇ ਪਿਤਾ ਭਜਨ ਲਾਲ ਆ ਰਹੇ ਹਨ। ਵੱਡੀ ਗਿਣਤੀ ਵਿਚ ਮੀਡੀਆ ਮੁਲਾਜ਼ਮ ਹਸਪਤਾਲ ਪੁੱਜ ਗਏ, ਪਰ ਭਜਨ ਲਾਲ ਨਹੀਂ ਆਏ।

## ਮੈਨੂੰ ਖ਼ਤਰੇ ਹੀ ਖ਼ਤਰੇ-ਫ਼ਿਜ਼ਾ

**ਮੁਹਾਲੀ :** ਚੇਹਰੇ ਤੋਂ ਖ਼ੁਸ਼ ਦਿਖਾਈ ਦਿੰਦੀ ਫਿਜ਼ਾ ਨੇ ਕਿਹਾ ਕਿ ਮੇਰੀ ਕਹੀ ਹਰ ਇਕ ਗੱਲ ਦੀ ਪੁਸ਼ਟੀ ਹੋ ਰਹੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਮੈਂ ਕਿਧਰੇ ਵੀ ਸੁਰੱਖਿਅਤ ਨਹੀਂ। ਪਿਛਲੇ ਦਿਨੀਂ ਰਾਤ ਵੇਲੇ ਮੇਰੀ ਰਿਹਾਇਸ਼ 'ਤੇ ਸ਼ਰਾਰਤੀਆਂ ਵਲੋਂ ਕੀਤੀ ਹੁੱਲੜਬਾਜ਼ੀ ਇਸ ਗੱਲ ਦਾ ਸਬੂਤ ਹੈ। ਫਿਜ਼ਾ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਚਾਂਦ ਮੁਹੰਮਦ ਹਾਲੇ ਵੀ ਮੇਰੇ ਪਤੀ ਹਨ। ਬੇਸ਼ੱਕ ਮੈਂ ਚਾਂਦ ਨੂੰ ਮੁਆਫ਼ ਨਹੀਂ ਕੀਤਾ, ਪਰ ਮੇਰੀ ਮਾਂ ਦਾ ਕਹਿਣਾ ਹੈ ਕਿ ਗ਼ਲਤੀ ਕਰਨ ਵਾਲੇ ਨੂੰ ਮਾਫ਼ ਕਰ ਦੇਣਾ ਹੀ ਵੱਡਾਪਨ ਹੈ। ਫ਼ਿਜ਼ਾ ਨੇ ਕਿਹਾ ਕਿ ਮੈਂ ਚਾਂਦ ਨੂੰ ਅਗਵਾ ਨਹੀਂ ਕੀਤਾ, ਤੁਸੀਂ ਮੀਡੀਆ ਵਾਲੇ ਚਾਂਦ ਤੋਂ ਪੁੱਛ ਸਕਦੇ ਹੋ। ਪੱਤਰਕਾਰਾਂ ਵਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਚਾਂਦ ਨੇ ਕਿਹਾ ਕਿ ਮੈਂ ਹਾਲੇ ਫ਼ਿਜ਼ਾ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਫ਼ਿਜ਼ਾ ਨੇ ਗੱਲਬਾਤ ਦੌਰਾਨ ਕਿਹਾ ਕਿ ਮੈਂ ਜੂਨ ਦੇ ਅਖ਼ੀਰ ਵਿਚ ਮਲੇਸ਼ੀਆ ਜ਼ਰੂਰ ਜਾਵਾਂਗੀ, ਪਰ ਮੈਨੂੰ ਚਾਂਦ ਮੁਹੰਮਦ ਮਲੇਸ਼ੀਆ ਜਾਣ ਤੋਂ ਰੋਕ ਰਿਹਾ ਹੈ। ਫਿਜ਼ਾ ਨੇ ਹੱਸਦਿਆਂ ਕਿਹਾ ਕਿ ਐਨੀ ਟੋਕਾ ਟਾਕੀ ਤਾਂ ਚਲਦੀ ਰਹਿੰਦੀ ਹੈ।

## ਚਾਹ ਤੇ ਸ਼ਰਾਬ ਛੱਡੀ ਜਾ ਸਕਦੀ ਹੈ, ਫਿਜ਼ਾ ਨਹੀਂ

**ਮੋਹਾਲੀ :** ਪਿਛਲੇ ਦਿਨੀਂ ਹਰਿਆਣਾ ਵਿਖੇ ਇਕ ਪੱਤਰਕਾਰ ਸੰਮੇਲਨ ਦੌਰਾਨ ਚਾਂਦ ਮੁਹੰਮਦ ਨੇ ਕਿਹਾ ਸੀ ਕਿ ਉਹ ਚਾਹ, ਸ਼ਰਾਬ ਅਤੇ ਫਿਜ਼ਾ ਨੂੰ ਪੂਰੀ ਤਰ੍ਹਾਂ ਛੱਡ ਚੁੱਕੇ ਹਨ।

ਲੰਘੀ 14 ਜੂਨ ਨੂੰ ਮੋਹਾਲੀ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਜਦੋਂ ਚਾਂਦ ਨੂੰ ਉਨ੍ਹਾਂ ਦਾ ਪਿਛਲਾ ਬਿਆਨ ਯਾਦ ਕਰਵਾਇਆ ਗਿਆ ਤਾਂ ਘਰ ਦੇ ਅੰਦਰ ਜਾ ਰਹੇ ਚਾਂਦ ਨੇ ਵਾਪਸ ਮੁੜ ਕੇ ਆਖਿਆ ਕਿ ਚਾਹ ਅਤੇ ਸ਼ਰਾਬ ਤਾਂ ਛੱਡੀ ਜਾ ਸਕਦੀ ਹੈ ਪਰ ਫਿਜ਼ਾ ਨਹੀਂ।

ਉਨ੍ਹਾਂ ਕਿਹਾ ਕਿ ਉਹ ਅੱਜ ਵੀ ਫਿਜ਼ਾ ਨੂੰ ਪਹਿਲਾਂ ਤੋਂ ਵੀ ਜ਼ਿਆਦਾ ਪਿਆਰ ਕਰਦੇ ਹਨ। ਉਨ੍ਹਾਂ ਆਪਣੇ ਮੂੰਹੋਂ ਇਹ ਗੱਲ ਆਖੀ ਕਿ ਫਿਜ਼ਾ ਉਨ੍ਹਾਂ ਦੀ ਬੇਗਮ ਹੈ, ਪਰ ਪੱਤਰਕਾਰਾਂ ਵਲੋਂ ਵਾਰ-ਵਾਰ ਪੁੱਛੇ ਜਾਣ 'ਤੇ ਵੀ ਫਿਜ਼ਾ ਨੇ ਇਹ ਗੱਲ ਨਹੀਂ ਆਖੀ ਕਿ ਚਾਂਦ ਉਨ੍ਹਾਂ ਦਾ ਸ਼ੌਹਰ ਹੈ। ਉਹ ਵਾਰ-ਵਾਰ ਇਹ ਗੱਲ ਕਹਿੰਦੇ ਰਹੇ ਕਿ ਉਨ੍ਹਾਂ ਦਾ ਜੋ ਪਾਸਪੋਰਟ ਬਣ ਕੇ ਆਇਆ ਹੈ, ਉਸ ਵਿਚ ਉਨ੍ਹਾਂ ਨੂੰ ਚਾਂਦ ਦੀ ਪਤਨੀ ਹੀ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਕਾਨੂੰਨ ਤੋਂ ਉੱਪਰ ਨਹੀਂ ਹਨ, ਪਰ ਆਪਣੇ ਮੂੰਹੋਂ ਉਨ੍ਹਾਂ ਚਾਂਦ ਨੂੰ ਆਪਣਾ ਪਤੀ ਨਹੀਂ ਆਖਿਆ।

## ਚੰਦਰ ਮੋਹਨ ਫਿਜ਼ਾ ਨਾਲ ਰਹਿ ਸਕਦਾ-ਦਾਰੂਲ

**ਮੁਜੱਫ਼ਰਨਗਰ :** ਦਾਰੂਲ ਉਲੂਮ ਦੇ ਮੌਲਵੀਆਂ ਨੇ ਇਕ ਵਾਰ ਫਿਰ ਚਾਂਦ ਮੁਹੰਮਦ ਦੇ ਹੱਕ ਵਿਚ ਫ਼ਤਵਾ ਦਿਤਾ ਹੈ। ਦਾਰੂਲ ਉਲੂਮ ਨੇ ਲੰਘੀ 15 ਜੂਨ ਨੂੰ ਕਿਹਾ ਕਿ ਚਾਂਦ ਮੁਹੰਮਦ ਜਿਸ ਨੇ ਫ਼ਿਜ਼ਾ ਤੋਂ ਪਿਛਲੀਆਂ ਗਲਤੀਆਂ ਲਈ ਮਾਫੀ ਮੰਗ ਲਈ ਹੈ, ਦੁਬਾਰਾ ਫ਼ਿਜ਼ਾ ਨਾਲ ਰਹਿ ਸਕਦਾ ਹੈ। ਮੁਫ਼ਤੀ ਅਸ਼ਨ ਕਾਸਮੀ ਨੇ ਕਿਹਾ ਕਿ ਚਾਂਦ ਮੁਹੰਮਦ ਨੇ ਸ਼ਬਦ ਤਲਾਕ ਤਿੰਨ ਵਾਰ ਨਹੀਂ ਕਿਹਾ ਇਸ ਲਈ ਉਹ ਫਿਜ਼ਾ ਨਾਲ ਰਹਿ ਸਕਦਾ ਹੈ।

ਮੁਫ਼ਤੀ ਅਨੁਸਾਰ ਤਲਾਕ ਉਦੋਂ ਹੀ ਪੂਰਾ ਮੰਨਿਆ ਜਾਂਦਾ ਹੈ, ਜਦੋਂ ਇਸ ਨੂੰ ਤਿੰਨ ਵਾਰ ਦੁਹਰਾਇਆ ਜਾਂਦਾ ਹੈ। ਚਾਂਦ ਮੁਹੰਮਦ ਜਿਸ ਨੇ ਪਹਿਲਾਂ ਫ਼ਿਜ਼ਾ ਨੂੰ ਜਨਤਕ ਤੌਰ 'ਤੇ ਤਲਾਕ ਦੇਣ ਬਾਰੇ ਐਲਾਨ ਕਰ ਦਿਤਾ ਸੀ, ਨੇ ਹੁਣ ਕਿਹਾ ਹੈ ਕਿ ਉਸ ਨੇ ਫ਼ਿਜ਼ਾ ਨੂੰ ਸਿਰਫ ਦੋ ਵਾਰ ਤਲਾਕ ਕਿਹਾ ਸੀ, ਤਿੰਨ ਵਾਰ ਨਹੀਂ।


# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| --- | --- | --- |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# Thandi Insurance Brokerage

LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance. SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent
GLOBAL HAWK INSURANCE CO.
RRG

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



*For a Free insurance Quote Please Call :*
**1-800-917-2639**
3090 Independence drive Suite # 246 Livermore CA 94551

# ਮੁਸ਼ਕਿਲ ਰਸਤਾ ਔਰਤਾਂ ਦੇ ਰਾਖਵੇਂਕਰਨ ਦਾ




**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਔਰਤਾਂ ਨੂੰ ਸਾਂਸਦ ਵਿਚ ਇਕ-ਤਿਹਾਈ ਰਿਜ਼ਰਵੇਸ਼ਨ ਦੇਣ ਸਬੰਧੀ ਬਿਲ ਮੁੜ ਠੰਡੇ ਬਸਤੇ ਵਿਚ ਜਾਂਦਾ ਦਿਸ ਰਿਹਾ ਹੈ। ਇਕ ਦਹਾਕੇ ਤੋਂ ਜ਼ਿਆਦਾ ਸਮੇਂ ਤੋਂ ਖਟਾਈ ਵਿਚ ਪਿਆ ਇਹ ਬਿੱਲ ਫਿਰ ਸਰਬਸੰਮਤੀ ਦੀ ਅਣਹੋਂਦ ਕਾਰਨ ਲਟਕਦਾ ਪ੍ਰਤੀਤ ਹੁੰਦਾ ਹੈ। ਪ੍ਰਧਾਨ ਮੰਤਰੀ ਨੇ ਦੁਬਾਰਾ ਸੱਤਾ ਵਿਚ ਆਉਣ ’ਤੇ ਸਪੱਸ਼ਟ ਕਰ ਦਿੱਤਾ ਸੀ ਕਿ ਪਹਿਲੇ 100 ਦਿਨਾਂ ਦੇ ਏਜੰਡੇ ‘ਚ ਮਹਿਲਾ ਰਿਜ਼ਰਵੇਸ਼ਨ ਇਕ ਪ੍ਰਮੁੱਖ ਉਪਲਬਧੀ ਹੋਵੇਗੀ, ਪਰ ਤਥਾਕਥਿਤ ਕਾਓ ਬੈਲਟ ਦੀ ਵੱਡੀਆਂ ਪਾਰਟੀਆਂ ਇਸ ਖਿਲਾਫ ਹਨ।

ਸਰਕਾਰ ਦੀ ਸਹਿਯੋਗੀ ਸਮਾਜਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਰਿਜ਼ਰਵੇਸ਼ਨ ਅੰਦਰ ਜੇਕਰ ਪਛੜੇ ਵਰਗ ਦੀਆਂ ਮਹਿਲਾਵਾਂ ਲਈ ਰਿਜ਼ਰਵੇਸ਼ਨ ਨਹੀਂ ਹੁੰਦੀ ਤਾਂ ਉਹ ਇਸ ਨੂੰ ਪਾਸ ਨਹੀਂ ਹੋਣ ਦੇਣਗੀਆਂ। ਬਿੱਲ ਦੇ ਸਮਰਥਕ ਕਹਿੰਦੇ ਹਨ ਕਿ ਔਰਤਾਂ ਨੇ ਪਿਛਲੇ ਛੇ ਦਹਾਕਿਆਂ ਵਿਚ ਰਾਜਨੀਤੀ ਸਮੇਤ ਹਰ ਖੇਤਰ ਵਿਚ ਤਰੱਕੀ ਕੀਤੀ ਹੈ, ਪਰ ਰਾਜਨੀਤੀ ਵਿਚ ਉਨ੍ਹਾਂ ਦੀ ਅਗਵਾਈ ਅਤੇ ਪ੍ਰਭਾਵ ਵਧਾਉਣ ਲਈ ਇਹ ਇਕ ਸਾਕਾਰਾਤਮਕ ਕੋਸ਼ਿਸ਼ ਹੋਵੇਗੀ।

ਬਿਲ ਦੇ ਵਿਰੋਧੀ ਕਹਿੰਦੇ ਹਨ ਕਿ ਇਹ ਪਛੜੀਆਂ ਜਾਤੀਆਂ ਖਿਲਾਫ ਸਾਜ਼ਿਸ਼ ਹੈ। ਕੁਝ ਇਸ ਨੂੰ ਔਰਤਾਂ ਵਿਰੋਧੀ ਮੰਨਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਔਰਤਾਂ ਨੂੰ ਰਿਜ਼ਰਵੇਸ਼ਨ ਦੀ ਜ਼ਰੂਰਤ ਹੀ ਨਹੀਂ ਹੈ ਅਤੇ ਉਹ ਇਸ ਲੋਕ ਸਭਾ ਵਿਚ 59 ਔਰਤਾਂ ਦਾ ਉਦਾਹਰਣ ਦਿੰਦੇ ਹਨ। ਬਹਿਸ ਜਾਰੀ ਹੈ, ਪਰ ਬਿਲ ਸੰਮਤੀ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ, ਕਿਉਂਕਿ ਲੋਕ ਦੋ ਗੁੱਟਾਂ ਵਿਚ ਵੰਡੇ ਜਾ ਚੁੱਕੇ ਹਨ ਅਤੇ ਵਿਰੋਧੀ ਗੁੱਟ ਅੰਦੋਲਨ ਦੀ ਧਮਕੀ ਦੇ ਰਿਹਾ ਹੈ। ਸ਼ਰਦ ਯਾਦਵ ਨੇ ਕਿਹਾ ਹੈ ਕਿ ਜਾਤਾਂ ਤੋੜੋ ਜਾਂ ਜਾਤਾਂ ਦੇ ਆਧਾਰ ’ਤੇ ਰਿਜ਼ਰਵੇਸ਼ਨ ਦਿਓ। ਸਪੱਸ਼ਟ ਹੈ ਉਹ ਜਾਤਾਂ ਤੋੜਨਾ ਨਹੀਂ ਚਾਹੁੰਦੇ ਅਤੇ ਉਨ੍ਹਾਂ ਨੂੰ ਇਹ ਭੁਲੇਖਾ ਨਹੀਂ ਹੈ ਕਿ ਜਾਤਾਂ ਤੋੜੀਆਂ ਨਹੀਂ ਜਾ ਸਕਦੀਆਂ ਹਨ। ਜਾਤਾਂ ਜਨਮ ਤੋਂ ਨਿਰਧਾਰਤ ਹੁੰਦੀਆਂ ਹਨ, ਨਾ ਕੋਈ ਅਪਣਾ ਸਕਦਾ ਹੈ ਅਤੇ ਨਾ ਛੱਡ ਸਕਦਾ ਹੈ। ਇਹ ਚਾਹੇ ਜਿੰਨੀਆਂ ਮਰਜ਼ੀ ਨਿੰਦਣਯੋਗ ਹੋਣ ਪਰ ਸਾਡੇ ਸਮਾਜ ਦੀ ਇਕ ਕੱਟੜ ਸੱਚਾਈ ਹਨ। ਜਦੋਂ ਜਾਤ ਰਹੇਗੀ ਤਾਂ ਰਿਜ਼ਰਵੇਸ਼ਨ ਅੰਦਰ ਰਿਜ਼ਰਵੇਸ਼ਨ ਦੀ ਮੰਗ ਵੀ ਰਹੇਗੀ। ਸੰਵਿਧਾਨ ਨੇ ਜਾਤਾਂ ਦੇ ਆਧਾਰ ‘ਤੇ ਨੌਕਰੀ ਦੇ ਦਰਵਾਜ਼ੇ ਤਾਂ ਖੋਲ੍ਹੇ, ਪਰ ਸੰਸਦ ਵਿਚ ਪਛੜੀ ਜਾਤੀ ਲਈ ਵੱਖਰੇ ਦਰਵਾਜ਼ੇ ਦੀ ਵਿਵਸਥਾ ਨਹੀਂ ਕੀਤੀ ਗਈ ਅਤੇ ਜੇਕਰ ਅਜਿਹੇ ਦਰਵਾਜ਼ੇ ਹੁਣ ਬਣਾਏ ਜਾਂਦੇ ਹਨ ਤਾਂ ਫਿਰ ਇਕ ਤੋਂ ਬਾਅਦ ਦੂਜੇ ਦਰਵਾਜ਼ੇ ਦੀ ਮੰਗ ਹੋਵੇਗੀ ਅਤੇ ਖੰਭਿਆਂ ਲਈ ਜਗ੍ਹਾ ਨਹੀਂ ਬਚੇਗੀ।

ਸਮੱਸਿਆ ਇਹ ਹੈ ਕਿ ਕਿਉਂਕਿ ਇਹ ਇਕ ਸੰਵਿਧਾਨਿਕ ਸੋਧ ਹੋਵੇਗੀ, ਇਸ ਲਈ ਸਾਧਾਰਨ ਬਹੁਮਤ ਨਾਲ ਕੰਮ ਨਹੀਂ ਚੱਲੇਗਾ। ਦੋ -ਤਿਹਾਈ ਬਹੁਮਤ ਤੋਂ ਬਾਅਦ ਵੀ ਇਸ ਨੂੰ ਅੱਧੀ ਤੋਂ ਜ਼ਿਆਦਾ ਵਿਧਾਨ ਸਭਾਵਾਂ ਵਿਚ ਪਾਸ ਹੋਣਾ ਪਵੇਗਾ। ਮੰਜ਼ਲ ਦੂਰ ਹੈ ਅਤੇ ਰਸਤਾ ਮੁਸ਼ਕਿਲ। ਅਜਿਹੇ ਵਿਚ ਇਹ ਸੁਝਾਅ ਕਾਫੀ ਮੌਜੂਦ ਹੈ ਕਿ ਹਰ ਰਾਸ਼ਟਰੀ ਪਾਰਟੀ ‘ਤੇ ਇਹ ਬੰਧਨ ਹੋਵੇ ਕਿ ਉਹ ਆਪਣੇ ਕੁੱਲ ਉਮੀਦਵਾਰਾਂ ਵਿਚ ਇਕ ਤਿਹਾਈ ਮਹਿਲਾ ਉਮੀਦਵਾਰ ਖੜ੍ਹੇ ਕਰਨ। ਅਜਿਹਾ ਨਹੀਂ ਕਿ ਇਹ ਸੀਟ ਰਿਜ਼ਰਵੇਸ਼ਨ ਜਿੰਨੀ ਪ੍ਰਭਾਵੀ ਹੋਵੇਗੀ, ਪਰ ਅਖੀਰ ਨੂੰ ਸ਼ੁਰੂਆਤ ਤਾਂ ਕਰਨੀ ਪਵੇਗੀ।

# ਹੁਣ ਕੈਨੇਡਾ ਸਰਕਾਰ ਵਲੋਂ ਨੈਨੀਆਂ ਬਾਰੇ ਕਾਨੂੰਨੀ ਸੋਧਾਂ ਕਰਨ ’ਤੇ ਵਿਚਾਰ

**ਟੋਰਾਂਟੋ :** ਕੈਨੇਡਾ ਦੀ ਪਾਰਲੀਮਾਨੀ (ਕਾਮਨਜ਼) ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਮੁਲਕ ‘ਚ ਆਉਣ ਵਾਲੀਆਂ ਨੈਨੀਆਂ ਅਤੇ ਟਹਿਲਣਾ (ਕੇਅਰਗਿਵਰਜ਼) ਨੂੰ ਕੁਝ ਸ਼ਰਤਾਂ ਦੇ ਆਧਾਰ ‘ਤੇ ਕੈਨੇਡਾ ਦੀ ਪੱਕੀ ਨਾਗਰਿਕਤਾ ਦਿੱਤੀ ਜਾ ਸਕਦੀ ਹੈ ਅਤੇ ਉਨ੍ਹਾਂ ਦੇ ਮਾਲਕਾਂ ਵਲੋਂ ਉਨ੍ਹਾਂ ਨੂੰ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਪੂਰੀ ਜਾਣਕਾਰੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਦਿੱਤੀ ਜਾਣੀ ਚਾਹੀਦੀ ਹੈ।

ਇਹ ਉਹੀ ਕਮੇਟੀ ਹੈ ਜਿਸ ਨੇ ਲਿਬਰਲ ਐਮ.ਪੀ. ਰੂਬੀ ਢੱਲਾ ਦੇ ਕੇਸ ਦੀ ਛਾਣਬੀਣ ਕੀਤੀ ਹੈ। ਹੁਣ ਇਸ ਕਮੇਟੀ ਨੇ ਐਮ.ਪੀ. ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਯਾਦ ਰਹੇ ਕਿ ਐਮ.ਪੀ. ਦੇ ਘਰ ਕੰਮ ਕਰਦੀਆਂ ਕੁਝ ਨੈਨੀਆਂ ਨੇ ਉਸ ‘ਤੇ ਦੁਰਵਿਹਾਰ ਅਤੇ ਸ਼ੋਸ਼ਣ ਦੇ ਦੋਸ਼ ਲਾਏ ਸਨ, ਜਿਸ ਕਾਰਨ ਐਮ.ਪੀ. ਨੂੰ ਆਪਣੀ ਕ੍ਰਿਟਿਕ ਦੀ ਪੋਸਟ ਛੱਡਣੀ ਪਈ ਸੀ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਕਮੇਟੀ ਨੇ ਹਾਊਸ ਆਫ ਕਾਮਨਜ਼ ਵਿਚ 12 ਜੂਨ ਨੂੰ ਪੇਸ਼ ਕੀਤੀ ਆਪਣੀ ਰਿਪੋਰਟ ‘ਚ ਕਿਹਾ ਹੈ ਕਿ ਕੈਨੇਡਾ ‘ਚ ਰਹਿ ਕੇ ਕੰਮ ਕਰਨ ਦੇ ਦੋ ਸਾਲਾਂ ਬਾਅਦ ਇਹ ਸ਼ਰਤਾਂ ਆਪਣੇ ਆਪ ਨੈਨੀਆਂ ਤੋਂ ਹਟ ਜਾਣੀਆਂ ਚਾਹੀਦੀਆਂ ਹਨ। ਇਸ ਤੋਂ ਇਲਾਵਾ ਇਹ ਨੈਨੀਆਂ ਜਾਂ ਕੇਅਰ ਗਿਵਰਜ਼ ਕਾਫੀ ਸਿਹਤ ਸਹੂਲਤਾਂ ਅਤੇ ਸਕੂਲ ਕਾਲਜ ਜਾ ਕੇ ਕੋਈ ਕੋਰਸ ਆਦਿ ਵੀ ਲੈ ਸਕਦੀਆਂ ਹਨ।

ਕਮੇਟੀ ਦੇ ਖਿਆਲ ‘ਚ ਜੇਕਰ ਨੈਨੀਆਂ ਨੂੰ ਕੈਨੇਡਾ ‘ਚ ਆਉਂਦੇ ਸਾਰ ਪਰਮਾਨੈਂਟ ਰੈਜ਼ੀਡੈਂਸੀ ਮਿਲ ਜਾਂਦੀ ਹੈ ਤਾਂ ਜਿਥੇ ਉਹ ਹੋਰਨਾਂ ਪੱਕੇ ਨਾਗਰਿਕਾਂ ਵਾਂਗ ਸਹੂਲਤਾਂ ਹਾਸਲ ਕਰਨਗੀਆਂ ਉਥੇ ਆਪਣੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਨੂੰ ਵੀ ਬੁਲਾ ਸਕਣਗੀਆਂ ਅਤੇ ਜਦ ਜੀ ਚਾਹੇ ਆਪਣਾ ਕੰਮ ਤਬਦੀਲ ਵੀ ਕਰ ਸਕਣਗੀਆਂ। ਇਸ ਨਾਲ ਉਨ੍ਹਾਂ ਨੂੰ ਹਾਲੀਆ ਢਾਂਚੇ ਤਹਿਤ ਹੁੰਦੇ ਮਾਨਸਿਕ, ਆਰਥਿਕ ਅਤੇ ਸਰੀਰਕ ਸ਼ੋਸ਼ਣ ਤੋਂ ਨਿਜਾਤ ਮਿਲੇਗੀ।

ਇਸ ਰਿਪੋਰਟ ਦੇ ਨਾਲ ਹੀ ਇਕ ਹੋਰ ਰਿਪੋਰਟ ਆਈ ਕਿ 12 ਮੈਂਬਰੀ ਕਮੇਟੀ ਵਿਚਲੇ ਲਿਬਰਲ ਮੈਂਬਰਾਂ ਨੇ ਆਪਣੇ ਸਾਥੀ ਮੈਂਬਰਾਂ ‘ਤੇ ਦੋਸ਼ ਲਾਇਆ ਕਿ ਐਮ.ਪੀ. ਢੱਲਾ ਦੇ ਮਾਮਲੇ ‘ਤੇ ਕਮੇਟੀ ਨੇ ਪੱਖਪਾਤੀ ਰਾਜਨੀਤੀ ਦੀ ਖੇਡ ਖੇਡਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਕਮੇਟੀ ਕੋਲ ਇਸ ਕੇਸ ਦੀ ਜਾਂਚ ਕਰਨ ਲਈ ਕੋਈ ਵੀ ਸਰੋਤ ਨਹੀਂ ਸੀ।

ਵਰਨਣਯੋਗ ਹੈ ਕਿ ਨੈਨੀਆਂ ਤਹਿਤ ਚੱਲੇ ਪ੍ਰੋਗਰਾਮ ਨੇ ਦੁਨੀਆਂ ਭਰ ‘ਚੋਂ ਵੱਡੀ ਗਿਣਤੀ ਲੋਕਾਂ ਨੂੰ ਕੈਨੇਡਾ ਪਹੁੰਚਾਇਆ ਅਤੇ ਏਜੰਟਾਂ ਨੇ ਵੀ ਚੋਖਾ ਮਾਲ ਕਮਾਇਆ। ਇਸ ਦੌਰਾਨ ਕਈ ਧੋਖਾਧੜੀਆਂ ਦੇ ਮਾਮਲੇ ਵੀ ਸਾਹਮਣੇ ਆਏ। ਭਾਵੇਂ ਨੈਨੀਆਂ ਉਤੇ ਹੁੰਦੇ ਸ਼ੋਸ਼ਣ ਦਾ ਧੂੰਆਂ ਕਈ ਸਾਲਾਂ ਤੋਂ ਵਿਚੇ ਵਿਚ ਧੁੱਖਦਾ ਆ ਰਿਹਾ ਹੈ, ਪਰ ਐਮ.ਪੀ. ਡਾ. ਰੂਬੀ ਢੱਲਾ ਦਾ ਨਾਂ ਇਸ ਕੇਸ ‘ਚ ਬੋਲਣ ਕਰਕੇ ਇਹ ਮਾਮਲਾ ਬਹੁਤ ਗਰਮਾ ਗਿਆ ਅਤੇ ਮੀਡੀਆ ਤੋਂ ਇਲਾਵਾ ਸਿਆਸੀ ਹਲਕਿਆਂ ‘ਚ ਵੀ ਇਸ ਦੀ ਚਰਚਾ ਛਿੜ ਗਈ। ਕੋਈ 17 ਕੁ ਸਾਲ ਤੋਂ ਮੁਲਕ ਦੇ ਲੋਕਾਂ ਲਈ ਨੈਨੀਆਂ ਦੀ ਘਾਟਪੂਰਨ ਲਈ ਕੈਨੇਡਾ ਸਰਕਾਰ ਵਲੋਂ ਵੱਖ-ਵੱਖ ਰੋਜ਼ਗਾਰ ਏਜੰਸੀਆਂ ਰਾਹੀਂ ਨੈਨੀਆਂ ਮੰਗਵਾਉਣ ਲਈ ਇਹ ਲਿਵ-ਇਨ ਕੇਅਰਗਿਵਰ ਪ੍ਰੋਗਰਾਮ ਚਲਾਇਆ ਗਿਆ ਸੀ। ਇਸ ਮਗਰੋਂ ਅਜਿਹੀਆਂ ਏਜੰਸੀਆਂ ਦਾ ਹੜ੍ਹ ਆ ਗਿਆ। ਪਿਛਲੇ ਪੰਜ ਸਾਲਾਂ ‘ਚ ਕੈਨੇਡਾ ਆਉਣ ਵਾਲੀਆਂ ਨੈਨੀਆਂ ਦੀ ਗਿਣਤੀ ਤਿਗੁਣੀ ਹੋ ਗਈ। ਅੰਕੜਿਆਂ ਅਨੁਸਾਰ ਇਨ੍ਹਾਂ ਦੀ ਗਿਣਤੀ 2007 ‘ਚ 11,878 ਸੀ ਅਤੇ ਇਨ੍ਹਾਂ ਵਿਚ 95 ਫੀਸਦੀ ਫਿਲਪੀਨ ਹਨ।

ਕੈਨੇਡੀਅਨ ਬਾਰਡਰ ਸਰਵਿਸ ਅਧਿਕਾਰੀ ਵੀ ਮੰਨਦੇ ਹਨ ਕਿ ਇਹਦੇ ‘ਚ ਬਹੁਤ ਸਾਰਾ ਫਰਾਡ ਜ਼ਾਹਰ ਹੋਇਆ ਹੈ। ਕਈ ਨੈਨੀਆਂ ਤੋਂ ਇਨ੍ਹਾਂ ਏਜੰਸੀਆਂ ਨੇ ਨੌਕਰੀ ‘ਤੇ ਲਾਉਣ ਦਾ ਵਾਅਦਾ ਕਰਕੇ 2500 ਡਾਲਰ ਤੋਂ 5000 ਤੱਕ ਬਟੋਰ ਲਏ ਸਨ, ਪਰ ਕੈਨੇਡਾ ਆਉਣ ਮਗਰੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਅਜਿਹੀ ਨੌਕਰੀ ਦਾ ਤਾਂ ਕੋਈ ਨਾਂ ਨਿਸ਼ਾਨ ਹੀ ਨਹੀਂ।

## ਚੀਨ ਕੋਲੋਂ 30 ਕਰੋੜ ਡਾਲਰ ਦੇ ਹਥਿਆਰ ਖਰੀਦਣ ਲੱਗਾ ਪਾਕਿ

**ਇਸਲਾਮਾਬਾਦ :** ਪਾਕਿਸਤਾਨ ਨੇ ਚੀਨ ਕੋਲੋਂ 30 ਕਰੋੜ ਡਾਲਰ ਦੇ ਹਥਿਆਰ ਖਰੀਦਣ ਦਾ ਸੌਦਾ ਕੀਤਾ ਹੈ। ਪਹਿਲੀ ਖੇਪ 3 ਹਫਤਿਆਂ ਅੰਦਰ ਪਾਕਿ ਪਹੁੰਚ ਜਾਵੇਗੀ। ਪਾਕਿ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਬੀਤੀ 12 ਜੂਨ ਨੂੰ ਬੀਜਿੰਗ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਅੱਤਵਾਦ ਦੇ ਖਾਤਮੇ ਲਈ ਪਾਕਿ ਨੂੰ ਹਥਿਆਰਾਂ ਦੀ ਬੜੀ ਲੋੜ ਹੈ। ਸਭ ਤੋਂ ਪਹਿਲਾਂ ਅਸੀਂ ਇਸਲਾਮਾਬਾਦ, ਲਾਹੌਰ ਤੇ ਕਰਾਚੀ ਵਰਗੇ ਵੱਡੇ ਸ਼ਹਿਰਾਂ ਵਿਚ ਇਨ੍ਹਾਂ ਹਥਿਆਰਾਂ ਦੀ ਵਰਤੋਂ ਸ਼ੁਰੂ ਕਰਾਂਗੇ। ਪਿੱਛੋਂ ਹੌਲੀ-ਹੌਲੀ ਸਾਰੇ ਦੇਸ਼ ਵਿਚ ਵਰਤੋਂ ਸ਼ੁਰੂ ਕੀਤੀ ਜਾਵੇਗੀ। ਹਥਿਆਰਾਂ ਤੋਂ ਇਲਾਵਾ ਇਨ੍ਹਾਂ ਵਿਚ ਮੋਬਾਈਲ ਸਕੈਨਰਜ਼ ਵੀ ਸ਼ਾਮਲ ਹਨ।

# ਅਹਿਮਦੀਨੇਜਾਦ ਮੁੜ ਤੋਂ ਇਰਾਨ ਦੇ ਰਾਸ਼ਟਰਪਤੀ ਬਣੇ, ਵਿਰੋਧੀਆਂ ਵਲੋਂ ਵਿਖਾਵੇ

**ਤਹਿਰਾਨ :** ਹਾਲ ਹੀ ਵਿਚ ਹੋਈਆਂ ਚੋਣਾਂ ਤੋਂ ਬਾਅਦ, ਇਰਾਨ ਵਿਚ ਹੋਏ ਵੱਡੇ ਵਿਖਾਵਿਆਂ ਦੌਰਾਨ ਪਿਛਲੇ ਦਿਨੀਂ ਲਗਭਗ 8 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਤਕਰੀਬਨ 35 ਵਿਅਕਤੀ ਜ਼ਖ਼ਮੀ ਹੋਏ। ਵਲੀ ਅਸਰ ਚੌਕ ਵਿਚ ਹੋਏ ਦੋ ਹਿੰਸਕ ਵਿਖਾਵਿਆਂ ਦੌਰਾਨ ਸਰਕਾਰ ਪੱਖੀ ਬਾਸੀਜੀ ਮਲੀਸ਼ੀਆ ਵਲੋਂ ਕੀਤੀ ਗਈ ਫਾਇਰਿੰਗ ਵਿਚ ਅੱਠ ਵਿਅਕਤੀ ਮਾਰੇ ਗਏ ਅਤੇ ਕੁਝ ਪ੍ਰਾਈਵੇਟ ਸੂਚਨਾਵਾਂ ਅਨੁਸਾਰ ਤਕਰੀਬਨ 35 ਵਿਅਕਤੀ ਜ਼ਖ਼ਮੀ ਹੋ ਗਏ। ਸਰਕਾਰੀ ਫੋਰਸਾਂ ਦਾ ਆਖਣਾ ਹੈ ਕਿ ਮੋਸਾਵੀ ਪੱਖੀ ਪ੍ਰਦਰਸ਼ਨਕਾਰੀਆਂ ਨੇ



ਸਰਕਾਰੀ ਇਮਾਰਤਾਂ ਉਪਰ ਹਮਲੇ ਕੀਤੇ, ਇਸ ਦੇ ਜਵਾਬ ਵਿਚ ਹੀ ਕਾਰਵਾਈ ਕੀਤੀ ਗਈ। ਇਸ ਦੌਰਾਨ ਖ਼ਬਰਾਂ ਅਨੁਸਾਰ ਇਰਾਨ ਵਿਚ ਮਾਰਸ਼ਲ ਲਾਅ ਲਗਾ ਦਿੱਤਾ ਗਿਆ ਹੈ ਅਤੇ ਵਿਖਾਵਿਆਂ ਦੌਰਾਨ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ।

ਯਾਦ ਰਹੇ ਕੱਟੜਪੰਥੀ ਆਗੂ ਵਜੋਂ ਜਾਣੇ ਜਾਂਦੇ ਮਹਿਮੂਦ ਅਹਿਮਦੀਨੇਜਾਦ ਨੇ ਈਰਾਨ ਦੇ ਰਾਸ਼ਟਰਪਤੀ ਦੀ ਚੋਣ ਜਿੱਤ ਲਈ ਹੈ। ਦੇਸ਼ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਸਾਦਿਕ ਮਾਹਸੋਲੀ ਨੇ ਦਸਿਆ ਕਿ ਅਹਿਮਦੀਨੇਜਾਦ ਨੂੰ 62.6 ਫ਼ੀਸਦੀ ਵੋਟਾਂ ਹਾਸਲ ਹੋਈਆਂ ਹਨ, ਜਦਕਿ ਉਨ੍ਹਾਂ ਦੇ ਵਿਰੋਧੀ ਮੀਰ ਹੁਸੈਨ ਮੋਸਾਵੀ ਨੂੰ 33.75 ਫ਼ੀਸਦੀ ਵੋਟਾਂ ਪਈਆਂ। ਈਰਾਨ ਦੀ ਸਰਕਾਰੀ ਏਜੰਸੀ ਆਈ.ਆਰ.ਐਨ.ਏ. ਨੇ ਐਲਾਨ ਕੀਤਾ ਹੈ ਕਿ ਅਹਿਮਦੀਨੇਜਾਦ ਨੂੰ ਬਹੁ ਗਿਣਤੀ ਵੋਟਾਂ ਹਾਸਲ ਹੋਈਆਂ ਹਨ ਅਤੇ ਉਨ੍ਹਾਂ ਦਾ ਈਰਾਨ ਦੇ 10ਵੇਂ ਰਾਸ਼ਟਰਪਤੀ ਬਣਨਾ ਤਹਿ ਹੈ। ਇਹ ਖ਼ਬਰ ਆਉਂਦਿਆਂ ਹੀ ਅਹਿਮਦੀਨੇਜਾਦ ਦੇ ਸਮਰਥਕ ਸੜਕਾਂ ‘ਤੇ ਉਤਰ ਆਏ ਅਤੇ ਜਸ਼ਨ ਮਨਾਉਣੇ ਸ਼ੁਰੂ ਕਰ ਦਿਤੇ। ਈਰਾਨ ਦੇ ਰਾਸ਼ਟਰਪਤੀ ਅਹੁਦੇ ਲਈ ਹੋਈ ਇਸ ਚੋਣ ਵਿਚ ਅਹਿਮਦੀਨੇਜਾਦ ਦੇ ਵਿਰੁਧ ਖੜ੍ਹੇ ਮੀਰ ਹੁਸੈਨ ਮੋਸਾਵੀ ਨੇ ਖ਼ੁਦ ਨੂੰ ਜੇਤੂ ਕਰਾਰ ਦਿੰਦਿਆਂ ਕਿਹਾ ਕਿ ਅਸਲੀ ਲੜਾਈ ਤਾਂ ਅਜੇ ਬਾਕੀ ਹੈ।

ਇਸਲਾਮਿਕ ਕ੍ਰਾਂਤੀ ਤੋਂ ਬਾਅਦ ਗਹਿਗਚ ਮੁਕਾਬਲੇ ਵਾਲੀ ਹੋਈ ਇਸ ਚੋਣ ਵਿਚ ਮੋਸਾਵੀ ਨੇ ਈਰਾਨ ਦੇ ਹੋਰਨਾਂ ਦੇਸ਼ਾਂ ਨਾਲ ਸਬੰਧਾਂ ਨੂੰ ਸੁਧਾਰਨ ਦਾ ਵਾਅਦਾ ਕੀਤਾ ਸੀ। ਈਰਾਨ ਵਿਚ ਇਸ ਵਾਰ ਹੋਈਆਂ ਚੋਣਾਂ ਬਾਰੇ ਅੰਤਰਰਾਸ਼ਟਰੀ ਭਾਈਚਾਰੇ ਦੀ ਵੀ ਨਜ਼ਰ ਸੀ, ਕਿਉਂਕਿ ਪਹਿਲਾਂ ਇਹ ਕਿਆਫੇ ਲਗਾਏ ਜਾ ਰਹੇ ਸਨ ਕਿ ਇਰਾਨ ਦੇ ਲੋਕ ਨਰਮਖਿਆਲੀ ਮੋਸਾਵੀ ਵਲ ਝੁਕਾਅ ਰੱਖਦੇ ਹਨ। ਦੇਸ਼ ਦੇ ਨੌਜਵਾਨਾਂ ਦੇ ਸਮਰਥਨ ਨਾਲ ਸਿਆਸਤ ਵਿਚ ਵਾਪਸੀ ਕਰਨ ਦੀ ਇੱਛਾ ਰੱਖਣ ਵਾਲੇ ਮੋਸਾਵੀ ਨੇ ਵੋਟਾਂ ਦੌਰਾਨ ਬੇਨਿਯਮੀਆਂ ਅਤੇ ਵੋਟ ਪਰਚੀਆਂ ਦੀ ਕਮੀ ਦੀ ਸ਼ਿਕਾਇਤ ਕੀਤੀ। ਮੋਸਾਵੀ ਨੇ ਦਾਅਵਾ ਕੀਤਾ ਕਿ ਸਾਨੂੰ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਸ ਚੋਣ ਵਿਚ ਥੋੜ੍ਹੇ ਫ਼ਰਕ ਨਾਲ ਮੈਂ ਜੇਤੂ ਰਿਹਾਂ, ਪਰ ਸਰਕਾਰੀ ਨਤੀਜੇ ਅਹਿਮਦੀਨੇਜਾਦ ਦੀ ਜਿੱਤ ਦਿਖਾ ਰਹੇ ਹਨ।

## ਜਿੱਤ ਨਾਲ ਈਰਾਨ ਤੋਂ ਖ਼ਤਰਾ ਹੋਰ ਵਧਿਆ : ਇਜ਼ਰਾਈਲ

**ਯੇਰੂਸ਼ਲਮ :** ਇਜ਼ਰਾਈਲ ਦੇ ਉਪ ਵਿਦੇਸ਼ ਮੰਤਰੀ ਨੇ ਕਿਹਾ ਕਿ ਈਰਾਨ ‘ਚ ਕੱਟੜਪੰਥੀ ਆਗੂ ਮਹਿਮੂਦ ਅਹਿਮਦੀਨੇਜਾਦ ਦੀ ਜਿੱਤ ਨਾਲ ਈਰਾਨੀ ਖ਼ਤਰਾ ਹੋਰ ਜ਼ਿਆਦਾ ਵਧ ਗਿਆ ਹੈ। ਲੰਘੀ 13 ਜੂਨ ਨੂੰ ਡੈਨੀ ਅਯਾਲੋਨ ਨੇ ਯਹੂਦੀ ਦੇਸ਼ ਵਲੋਂ ਪਹਿਲੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਚੋਣ ਨਤੀਜੇ ਦਰਸਾਉਂਦੇ ਹਨ ਕਿ ਹੁਣ ਈਰਾਨੀ ਖ਼ਤਰਾ ਹੋਰ ਵੀ ਤਕੜਾ ਹੋ ਕੇ ਉਭਰੇਗਾ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰੇ ਨੂੰ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਉਥੋਂ ਪੈਦਾ ਹੋ ਰਹੇ ਅੱਤਵਾਦ ਨੂੰ ਲਾਜ਼ਮੀ ਤੌਰ ‘ਤੇ ਰੋਕਣ ਲਈ ਕਦਮ ਚੁੱਕਣੇ ਪੈਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ‘ਚ ਇਜ਼ਰਾਈਲ ਦੀ ਕੋਈ ਦਿਲਚਸਪੀ ਨਹੀਂ ਸੀ, ਪਰ ਪ੍ਰਮਾਣੂ ਪ੍ਰੋਗਰਾਮ ਅਤੇ ਅੱਤਵਾਦ ਦੇ ਮੁੱਦੇ ਗੰਭੀਰ ਕਿਸਮ ਦੇ ਹਨ।

## ਮੋਸਾਵੀ ਸਮਰਥਕਾਂ ਵਲੋਂ ਰੋਸ ਮੁਜ਼ਾਹਰੇ, 8 ਵਿਅਕਤੀ ਹਲਾਕ

**ਤਹਿਰਾਨ :** ਰਾਸ਼ਟਰਪਤੀ ਚੋਣ ਵਿਚ ਹਾਰ ਦਾ ਸਾਹਮਣਾ ਕਰਨ ਵਾਲੇ ਮੀਰ ਹੁਸੈਨ ਮੋਸਾਵੀ ਦੇ ਗੁੱਸੇ ਵਿਚ ਆਏ ਹਜ਼ਾਰਾਂ ਸਮਰਥਕਾਂ ਨੇ ਪੁਲਿਸ ‘ਤੇ ਪਥਰਾਅ ਕਰਦਿਆਂ ਚੋਣ ਨਤੀਜਿਆਂ ਵਿਰੁਧ ਜ਼ਬਰਦਸਤ ਮੁਜ਼ਾਹਰਾ ਕੀਤਾ ਅਤੇ ਇਨ੍ਹਾਂ ਦੀਆਂ ਪੁਲਿਸ ਨਾਲ ਝੜਪਾਂ ਵੀ ਹੋਈਆਂ। ‘ਤਾਨਾਸ਼ਾਹੀ ਖ਼ਤਮ ਕਰੋ’ ਦੇ ਨਾਹਰੇ ਲਗਾ ਰਹੀ ਭੀੜ ਦੇਸ਼ ਦੀ ਰਾਜਧਾਨੀ ਦੇ ਇਕ ਮੁੱਖ ਚੌਕ ਵਿਚ ਇਕੱਠੀ ਹੋਈ, ਜੋ ਕਿ ਮਹਿਮੂਦ ਅਹਿਮਦੀਨੇਜਾਦ ਦੀ ਜਿੱਤ ਤੋਂ ਨਾਖ਼ੁਸ਼ ਦਿਖਾਈ ਦੇ ਰਹੀ ਸੀ।

ਮੋਸਾਵੀ ਵਲੋਂ ਦਿੱਤੇ ਬਿਆਨ ਕਿ ਉਹ ਤਾਨਾਸ਼ਾਹੀ ਅੱਗੇ ਨਹੀਂ ਝੁਕੇਗਾ, ਤੋਂ ਬਾਅਦ ਭਾਰੀ ਗਿਣਤੀ ‘ਚ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਸ ਮਗਰੋਂ ਕੌਮੀ ਰਾਜਧਾਨੀ ਵਿਚ ਸਥਿਤੀ ਤਣਾਅਪੂਰਨ ਬਣ ਗਈ। ਪ੍ਰਾਪਤ ਨਤੀਜਿਆਂ ਅਨੁਸਾਰ ਅਹਿਮਦੀਨੇਜਾਦ ਨੂੰ 63 ਫੀਸਦੀ ਵੋਟਾਂ ਹਾਸਲ ਹੋਈਆਂ ਹਨ, ਜਦਕਿ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਵੋਟਾਂ ਦੀ ਗਿਣਤੀ ਦਾ ਕੰਮ ਖ਼ਤਮ ਹੋ ਚੁੱਕਾ




ਹੈ। ਮੋਸਾਵੀ ਨੂੰ 11.7 ਮਿਲੀਅਨ ਅਤੇ ਅਹਿਮਦੀਨੇਜਾਦ ਨੂੰ 21.8 ਮਿਲੀਅਨ ਵੋਟਾਂ ਹਾਸਲ ਹੋਈਆਂ ਹਨ।



NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant/Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮਿਓਪੈਥੀ ਅਜ਼ਮਾਓ

# ਏਸ਼ੀਆਈ ਮੁੱਕੇਬਾਜ਼ੀ 'ਚ ਭਾਰਤ ਨੂੰ ਇਕ ਸੋਨ ਸਣੇ 7 ਤਮਗੇ

**ਨਵੀਂ ਦਿੱਲੀ :** ਸੁਰੰਜਯ ਸਿੰਘ ਨੇ ਭਾਰਤ ਨੂੰ 15 ਸਾਲ ਮਗਰੋਂ ਏਸ਼ੀਆਈ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ ਸੋਨ ਤਮਗਾ ਜਿਤਾਇਆ, ਜਦਕਿ ਟੀ.ਨਨਾਓ ਸਿੰਘ ਤੇ ਜੈ ਭਗਵਾਨ ਨੂੰ ਚਾਂਦੀ ਦੇ ਤਮਗੇ ਮਿਲੇ।



ਭਾਰਤੀ ਮੁੱਕੇਬਾਜ਼ ਵਿਜੇਂਦਰ ਕੁਮਾਰ

ਭਾਰਤ ਨੇ ਚੈਂਪੀਅਨਸ਼ਿਪ 'ਚ ਇਕ ਸੋਨ, ਦੋ ਚਾਂਦੀ ਤੇ ਚਾਰ ਕਾਂਸੀ ਦੇ ਤਮਗੇ ਜਿੱਤੇ। ਜਤਿੰਦਰ ਕੁਮਾਰ (54 ਕਿਲੋ), ਵਿਜੇਂਦਰ (75 ਕਿਲੋ), ਦਿਨੇਸ਼ ਕੁਮਾਰ (81 ਕਿਲੋ) ਤੇ ਪਰਮਜੀਤ ਸਮੋਟਾ (+91 ਕਿਲੋ) ਨੇ ਤੀਜਾ ਸਥਾਨ ਹਾਸਲ ਕੀਤਾ। ਭਾਰਤੀ ਮੁੱਕੇਬਾਜ਼ ਟੀਮ ਚੀਨ ਤੇ ਉਜ਼ਬੇਕਿਸਤਾਨ ਮਗਰੋਂ ਤੀਜੇ ਸਥਾਨ 'ਤੇ ਰਹੀ। ਇਸ ਤੋਂ ਪਹਿਲਾਂ 1982 ਸਿਓਲ 'ਚ ਹੋਈ ਚੈਂਪੀਅਨਸ਼ਿਪ 'ਚ ਭਾਰਤੀ ਮੁੱਕੇਬਾਜ਼ਾਂ ਨੇ ਦੋ ਸੋਨ, ਦੋ ਚਾਂਦੀ ਅਤੇ ਇਕ ਕਾਂਸੀ ਦਾ ਤਮਗਾ ਜਿੱਤਿਆ ਸੀ। ਏਸ਼ੀਆਈ ਚੈਂਪੀਅਨਸ਼ਿਪ ਵਿਚ ਭਾਰਤ ਨੂੰ ਆਖਰੀ ਵਾਰ 1994 ਵਿਚ ਸੋਨ ਤਮਗਾ ਮਿਲਿਆ ਸੀ, ਉਦੋਂ ਰਾਜ ਕੁਮਾਰ ਸਾਂਗਵਾਨ ਸੁਪਰ ਹੈਵੀਵੇਟ ਵਰਗ ਵਿਚ ਸਿਖਰ 'ਤੇ ਰਿਹਾ ਸੀ।

ਲੰਘੀ 13 ਜੂਨ ਫਲਾਈ ਵੇਟ (51 ਕਿਲੋ) ਵਿਚ ਸੁਰੰਜਯ ਸਿੰਘ ਨੇ ਚੀਨ ਦੇ ਲੀ ਚਾਓ ਨੂੰ 9-8 ਸਾਲ ਮਾਤ ਦਿੱਤੀ। ਨਨਾਓ ਸਿੰਘ (48 ਕਿਲੋ) ਨੂੰ ਫਾਈਨਲ ਵਿਚ ਥਾਈਲੈਂਡ ਦੀ ਪੀ.ਕਿਊ. ਪਾਸੋਂ 8-9 ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਲਾਈਟ ਵੇਟ ਵਿਚ ਜੈ ਭਗਵਾਨ ਨੂੰ ਤੁਰਕਮੇਨਿਸਤਾਨ ਦੇ ਐਚ ਸੇਰਦਾਰ ਨੇ 3-8 ਨਾਲ ਹਰਾਇਆ। ਸੁਰੰਜਯ ਨੇ 2004 ਦੀ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗਾ ਜਿੱਤਿਆ ਸੀ।

ਮੈਚ ਮਗਰੋਂ 22 ਸਾਲਾ ਸੁਰੰਜਯ ਨੇ ਕਿਹਾ, ''ਬੇਸ਼ੱਕ ਇਹ ਮੇਰਾ ਬਿਹਤਰੀਨ ਮੁਕਾਬਲਾ ਸੀ, ਕਿਉਂਕਿ ਅਸੀਂ ਦੋਵੇਂ ਇਕ-ਇਕ ਅੰਕ ਲਈ ਪੂਰੀ ਜਾਨ ਮਾਰ ਰਹੇ ਸੀ। ਮੈਨੂੰ ਬਹੁਤ ਖੁਸ਼ੀ ਹੈ ਕਿ ਭਾਰਤ ਨੇ 15 ਸਾਲਾਂ ਮਗਰੋਂ ਇਸ ਚੈਂਪੀਅਨਸ਼ਿਪ ਵਿਚ ਸੋਨ ਤਮਗਾ ਹਾਸਲ ਕੀਤਾ ਹੈ। ਇਸ ਮੁਕਾਬਲੇ ਵਿਚ ਮੈਂ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਰ ਰਿਹਾ ਕਿ ਮੈਂ ਅੱਗੇ ਚੱਲ ਰਿਹਾ ਹਾਂ ਜਾਂ ਪਿੱਛੇ ਹਾਂ। ਮੇਰਾ ਧਿਆਨ ਸਿਰਫ ਤੇ ਸਿਰਫ ਆਪਣਾ ਸੌ ਫੀਸਦੀ ਚੰਗਾ ਪ੍ਰਦਰਸ਼ਨ ਦੇਣ ਉੱਤੇ ਸੀ। ਤੀਜੇ ਰਾਊਂਡ ਵਿਚ ਉਸ 'ਤੇ ਦਬਾਅ ਬਣ ਗਿਆ ਸੀ। ਇਹ ਰਾਊਂਡ ਪਹਿਲੇ ਦੋ ਰਾਊਂਡਾਂ ਨਾਲੋਂ ਕੁਝ ਸੌਖਾ ਲੱਗ ਰਿਹਾ ਸੀ।''

ਭਾਰਤ ਦਾ ਨਨਾਓ ਸਿੰਘ, ਜੋ ਵਿਸ਼ਵ ਯੂਥ ਚੈਂਪੀਅਨ ਹੈ, ਸੁਰੰਜਯ ਸਿੰਘ ਜਿੰਨਾ ਖੁਸ਼ਕਿਸਮਤ ਨਹੀਂ ਰਿਹਾ। ਕੋਚ ਗੁਰਬਖਸ਼ ਸਿੰਘ ਸੰਧੂ ਨੇ ਕਿਹਾ, ''ਨਨਾਓ ਸਿੰਘ ਦੀ ਹਾਰ ਦਿਲ ਤੋੜਨ ਵਾਲੀ ਹੈ। ਉਹ ਆਪਣੇ ਵਿਰੋਧੀ ਤੋਂ ਕਿਤੇ ਵਧੀਆ ਮੁੱਕੇਬਾਜ਼ ਹੈ। ਉਹ ਖੇਡਿਆ ਵੀ ਚੰਗਾ, ਪਰ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ। ਇਸ ਮੁਕਾਬਲੇ ਵਿਚ ਸਾਡੇ ਮੁੱਕੇਬਾਜ਼ ਦਾ ਬਹੁਤ ਸਮਾਂ ਹੱਥ ਉੱਪਰ ਰਿਹਾ, ਪਰ ਲੀਡ ਘੱਟ ਹੋਣ ਕਾਰਨ ਕਿਊ ਆਖਰੀ ਸਮੇਂ ਬਾਜ਼ੀ ਮਾਰ ਗਿਆ।''

ਲਾਈਟ ਵੇਟ ਮੁਕਾਬਲੇ ਵਿਚ ਜੈ ਭਗਵਾਨ, ਐਚ. ਸੇਰਦਾਰ ਪਾਸੋਂ 3-8 ਨਾਲ ਮਾਤ ਖਾ ਗਿਆ। ਹਰਿਆਣਾ ਦੇ ਇਸ ਮੁੱਕੇਬਾਜ਼ ਨੇ 2005 ਏਸ਼ੀਆਈ ਚੈਂਪੀਅਨਸ਼ਿਪ (ਵੀਅਤਨਾਮ) 'ਚ ਕਾਂਸੀ ਦਾ ਤਮਗਾ ਜਿੱਤਿਆ ਸੀ।

ਇਸ ਵਾਰ ਉਸ ਨੇ ਆਪਣਾ ਪ੍ਰਦਰਸ਼ਨ ਜ਼ਰੂਰ ਸੁਧਾਰਿਆ ਹੈ ਤੇ ਚਾਂਦੀ ਦਾ ਤਮਗਾ ਜਿੱਤਿਆ ਹੈ, ਪਰ ਸੋਨ ਤਮਗਾ ਨਾ ਜਿੱਤਣ ਦਾ ਉਸ ਨੂੰ ਦੁੱਖ ਹੈ। ਉਸ ਨੇ ਕਿਹਾ, ਮੈਂ ਸੋਨ ਤਮਗਾ ਜਿੱਤਣਾ ਚਾਹੁੰਦਾ ਸੀ, ਪਰ ਮੁਕਾਬਲਾ ਸਖ਼ਤ ਸੀ।'' ਕੋਚ ਸੰਧੂ ਜੋ 1982 ਤੇ 1994 ਵਿਚ ਵੀ ਟੀਮ ਦੇ ਕੋਚ ਸਨ ਨੇ ਕਿਹਾ ਕਿ ਦੇਸ਼ ਦੇ ਮੁੱਕੇਬਾਜ਼ਾਂ ਨੇ ਵਧੀਆ ਪ੍ਰਦਰਸ਼ਨ ਕੀਤਾ ਹੈ। ਮੈਂ ਤਾਂ ਸੋਚ ਰਿਹਾ ਸੀ ਕਿ ਅਸੀਂ ਚਾਰ ਸੋਨ ਤਮਗੇ ਜਿੱਤਾਂਗੇ, ਪਰ ਅਜਿਹਾ ਨਹੀਂ ਹੋਇਆ।

ਮੇਰੇ ਖਿਡਾਰੀਆਂ ਨੇ ਬਹੁਤ ਵਧੀਆ ਖੇਡ ਦਿਖਾਈ, ਜਿਸ ਨਾਲ ਦੇਸ਼ ਇਨ੍ਹਾਂ 'ਤੇ ਮਾਣ ਕਰ ਸਕਦਾ ਹੈ।'' ਭਾਰਤ ਨੇ ਇਸ ਚੈਂਪੀਅਨਸ਼ਿਪ ਵਿਚ 11 ਮੁੱਕੇਬਾਜ਼ ਭੇਜੇ ਸਨ। ਇਨ੍ਹਾਂ 'ਚੋਂ 10 ਕੁਆਰਟਰ ਫਾਈਨਲ 'ਚ ਪੁੱਜੇ। ਛੋਟੇ ਲਾਲ ਯਾਦਵ (57 ਕਿਲੋ) ਤੇ ਵਿਜੇਂਦਰ ਦਾ ਚਚੇਰਾ ਭਰਾ ਬਲਵਿੰਦਰ ਬੇਨੀਵਾਲੀ (64 ਕਿਲੋ) ਕੁਆਰਟਰ ਫਾਈਨਲ 'ਚ ਹਾਰ ਗਏ।

## ਪਹਿਲਵਾਨ ਭੋਲੇ ਦੀ ਗ੍ਰਿਫਤਾਰੀ ਨਾਲ ਖੇਡ ਜਗਤ ਸੁੰਨ

**ਰਾਮਪੁਰਾ ਫੂਲ:**ਮੁੰਬਈ ਵਿਚ 25 ਕਿਲੋਗ੍ਰਾਮ ਮੈਥਮ ਫੇਟਾ ਮਾਇਨ ਡਰੱਗ ਸਮੇਤ ਫੜੇ ਗਏ ਉੱਘੇ ਪਹਿਲਵਾਨ ਜਗਦੀਸ਼ ਭੋਲਾ ਦੀ ਗ੍ਰਿਫਤਾਰੀ ਨੇ ਜਿੱਥੇ ਖੇਡ ਜਗਤ ਨੂੰ ਸ਼ਰਮਸਾਰ ਕੀਤਾ ਹੈ, ਉੱਥੇ ਪਿੰਡ ਦੇ ਲੋਕ ਇਸ ਕਾਰੇ ਤੋਂ ਮਾਯੂਸ ਹਨ। ਫੜੇ ਗਏ ਨਸ਼ੀਲੇ ਪਦਾਰਥਾਂ ਦੀ ਅੰਤਰਰਾਸ਼ਟਰੀ ਮਾਰਕਿਟ ਵਿਚ ਕੀਮਤ 50 ਕਰੋੜ ਦੱਸੀ ਜਾ ਰਹੀ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਚਾਉਕੇ ਵਿਚ ਆਪਣੇ ਨਾਨਕੇ ਘਰ ਵਿਚ ਜੰਮੇ-ਪਲੇ ਜਗਦੀਸ਼ ਭੋਲਾ ਚਾਉਕੇ ਨਾਲ ਮਸ਼ਹੂਰ ਸੀ। ਉਸ ਦੀ ਗ੍ਰਿਫਤਾਰੀ ਨੂੰ ਲੈ ਕੇ ਪਿੰਡ ਦਾ ਹਰ ਬਾਸ਼ਿੰਦਾ ਭੈਅਭੀਤ ਸੀ।

1998 ਵਿਚ ਜਦੋਂ ਭੋਲੇ ਨੂੰ ਦੇਸ਼ ਦੇ ਰਾਸ਼ਟਰਪਤੀ ਕੇ.ਆਰਪ ਨਾਰਾਇਣਨ ਨੇ ਰੁਸਤਮੇ ਹਿੰਦ ਕੇਸਰੀ ਐਵਾਰਡ ਨਾਲ ਸਨਮਾਨਤ ਕੀਤਾ ਤਾਂ ਪਿੰਡ ਵਾਲੇ ਫੁੱਲੇ ਨਹੀਂ ਸੀ ਸਮਾਏ। ਜਦੋਂ ਹੁਣ ਉਨ੍ਹਾਂ ਨੂੰ ਨਸ਼ਿਆਂ ਦੀ ਤਸਕਰੀ 'ਚ ਭੋਲੇ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਤਾਂ ਖਬਰ ਸੁਣ ਕੇ ਭੈਅ-ਭੀਤ ਹੋ ਗਏ। 25 ਵਾਰ ਰੁਸਤਮੇ ਹਿੰਦ ਅਤੇ ਪੰਜਾਬ ਦਾ ਰੁਸਤਮੇ ਹਿੰਦ ਰਹਿਣ ਵਾਲਾ ਜਗਦੀਸ਼ ਭੋਲਾ ਪੰਜਾਬ ਪੁਲਿਸ ਵਿਚ ਬਤੌਰ ਸਹਾਇਕ ਸਬ ਇੰਸਪੈਕਟਰ ਭਰਤੀ ਹੋਇਆ ਸੀ। 1994 ਦੀਆਂ ਏਸ਼ੀਆਈ ਖੇਡਾਂ ਵਿਚੋਂ ਉਸ ਨੇ ਚਾਂਦੀ ਦਾ ਤਮਗਾ ਜਿੱਤਿਆ, ਜਿਸ ਮਗਰੋਂ ਉਸ ਨੂੰ ਇੰਸਪੈਕਟਰ ਬਣਾ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਵਿਚ ਇੰਸਪੈਕਟਰ ਦੇ ਅਹੁਦੇ 'ਤੇ ਤਾਇਨਾਤ ਹੁੰਦਿਆਂ, ਜ਼ਿਲ੍ਹਾ ਬਠਿੰਡਾ ਦੀ ਪੁਲਸ ਨੇ ਦੋ ਟਰੱਕਾਂ ਤੇ ਇਕ ਮਾਰੂਤੀ ਕਾਰ ਸਮੇਤ 64 ਬੋਰੀਆਂ ਭੁੱਕੀ ਫੜੀ ਗਈ ਸੀ। ਇਸ ਸਬੰਧੀ ਫੂਲ ਥਾਣੇ ਵਿਚ ਮਿਤੀ 16.1.2002 ਨੂੰ ਮੁਕਦਮਾ ਨੰਬਰ 7 ਤੇ 8 ਅਧੀਨ ਜਗਦੀਸ਼ ਸਿੰਘ ਭੋਲਾ ਤੇ ਉਸ ਦੇ ਸਾਥੀਆਂ ਵਿਰੁਧ ਕੇਸ ਦਰਜ ਕੀਤੇ ਗਏ ਸਨ।

ਪੁਲਿਸ ਸੂਤਰਾਂ ਅਨੁਸਾਰ ਮੁਕੱਦਮਾ ਨੰਬਰ 7 'ਚ 17 ਕੁਇੰਟਲ 50 ਕਿੱਲੋ (50 ਬੋਰੀਆਂ) ਭੁੱਕੀ, ਮੁਕੱਦਮਾ ਨੰਬਰ 8 ਵਿਚ 14 ਬੋਰੀਆਂ ਭੁੱਕੀ ਫੜੀਆਂ ਗਈਆਂ। ਇਨ੍ਹਾਂ ਦੋਹਾਂ ਕੇਸਾਂ ਵਿਚੋਂ ਉਹ 13.7.2005 ਨੂੰ ਬਰੀ ਹੋ ਗਿਆ ਸੀ ਅਤੇ ਦੂਜੇ ਸਾਥੀਆਂ ਨੂੰ ਸਜ਼ਾ ਦਿੱਤੀ ਗਈ। ਜਿਹੜੀ ਪੰਜਾਬ ਪੁਲਿਸ ਨੇ ਭੋਲੇ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ, ਉਸ ਨੂੰ ਇੰਸਪੈਕਟਰ ਬਣਾਇਆ ਸੀ, ਉਸ ਨੇ ਹੀ ਨਸ਼ਿਆਂ ਦੀ ਤਸਕਰੀ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਇਸ ਸ਼ਖਸ ਨੂੰ ਬਰਖ਼ਾਸਤ ਕਰ ਦਿੱਤਾ ਹੈ। ਜਦੋਂ ਮੁੰਬਈ ਪੁਲਿਸ ਨੇ ਉਸ ਤੋਂ 25 ਕਿੱਲੋਗ੍ਰਾਮ ਮੈਥਮ ਪੇਟਾ ਡਰੱਗ ਬਰਾਮਦ ਕਰਕੇ ਉਸ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਤਾਂ ਇਲਾਕੇ ਵਿਚ ਚਰਚਾ ਛਿੜ ਗਿਆ।

## ਕੋਰੀਆ 'ਚ ਸਾਡੇ ਨਾਲ ਅਣਮਨੁੱਖੀ ਵਿਹਾਰ:ਚਾਵਲਾ

**ਮੁੰਬਈ:**ਦੋ ਭਾਰਤੀ ਜਹਾਜ਼ਰਾਨ ਜਿਨ੍ਹਾਂ ਨੂੰ ਪਿਛਲੇ 18 ਮਹੀਨਿਆਂ ਤੋਂ ਦੱਖਣੀ ਕੋਰੀਆ ਵਿਚ ਜਬਰੀ ਰੋਕ ਕੇ ਰੱਖਿਆ ਗਿਆ ਸੀ, ਨੇ ਇਥੇ ਦੇਸ਼ ਪਰਤਣ ਤੋਂ ਬਾਅਦ ਕਿਹਾ ਕਿ ਉਥੇ ਉਨ੍ਹਾਂ ਨੂੰ ਅਣਮਨੁੱਖੀ ਹਾਲਾਤ ਵਿਚ ਰੱਖਿਆ ਗਿਆ ਸੀ ਅਤੇ ਭਾਰਤੀ ਸਫਾਰਤਖਾਨੇ ਨੇ ਵੀ ਉਨ੍ਹਾਂ ਦੀ ਕੋਈ ਮਦਦ ਨਹੀਂ ਕੀਤੀ। ਕੈਪਟਨ ਜਸਪ੍ਰੀਤ ਸਿੰਘ ਚਾਵਲਾ ਨੇ ਕਿਹਾ ਕਿ ਸਾਨੂੰ ਕੋਰੀਆ ਵਿਚ ਅਣਮਨੁੱਖੀ ਹਾਲਾਤ ਵਿਚ ਰੱਖਿਆ ਗਿਆ, ਸਾਨੂੰ ਜਿਨ੍ਹਾਂ ਕਮਰਿਆਂ ਵਿਚ ਠਹਿਰਾਇਆ ਗਿਆ ਸੀ, ਉਹ ਗੁਸਲਖਾਨੇ ਨਾਲੋਂ ਵੀ ਛੋਟੇ ਸਨ।


Wanted Owner Operators

ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ



√ ਅਮਰੀਕਾ ਵਿਚ ਹਰ ਸਟੇਟ ਤੋਂ ਹਰ ਸਟੇਟ ਲਈ ਰੀਫਰ ਅਤੇ ਡਰਾਈ ਲੋਡ ਉਪਲਬਧ।
√ ਅਸਲੀ ਡਿਲੀਵਰੀ ਪੇਪਰ ਮਿਲਣ ਤੋਂ ਬਾਅਦ ਬਿਨਾ ਦੇਰੀ ਪੈਸਿਆਂ ਦਾ ਭੁਗਤਾਨ।
√ ਟੀਮ ਨੂੰ ਤਰਜ਼ੀਹ।
√ ਡਿਸਪੈਚ 24 ਘੰਟੇ ਉਪਲਬਧ।

ਵਧੀਆ ਪੈਸੇ ਬਣਾਉਣ ਲਈ ਅੱਜ ਹੀ ਕਾਲ ਕਰੋ

ਯੂਨੀਅਨ ਟਰੱਕਿੰਗ, ਇੰਕ
PO Box # 797
Union City, CA 94587
Ph:510-324-2700
Fax:510-324-1432

ਸੁੱਖ ਸੰਧੂ ਸੈਲ:510-673-4537
ਹਰਜੋਗ ਪੂਨੀਆ ਸੈਲ:510-714-6039
sukhjinder82@hotmail.com

ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ!

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

License plates
IFTA *Fuel tax return
DOT, ICC-MMC
Single state registration services
*New Mexico & Kentucky permit



Rajinder Singh

ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ

Now in Strockton, the Hub of the Trucking Industry

Financing Available For Buying Trucks



Cell: (510) 557-6988
Ph: 209-982-9996,
Fax:209-982-9997
13465 Basalt Ct, Lathrop CA 95330

G.M. Lawrence Insurance Brokerage
License# 0D79587

ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ

ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?

LIABILITY
GENERAL LIABILITY
PHYSICAL DAMAGE
CARGO
BONDS

*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ

New Ventures Are Welcome

ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210

SPECIALIZES IN BOTH LOCAL & LONG HAUL
-Flexible down payments
-Excellent customer service
-Committed to each individual client's needs
-Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

# ਆਸਟਰੇਲੀਆ 'ਚ ਇਕ ਹੋਰ ਭਾਰਤੀ ਵਿਦਿਆਰਥੀ 'ਤੇ ਹਮਲਾ

**ਮੈਲਬੌਰਨ :** ਆਸਟਰੇਲੀਆ 'ਚ ਹੋ ਰਹੇ ਨਸਲੀ ਹਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ।ਬੀਤੇ ਹਫਤੇ ਤਕਰੀਬਨ ਤਿੰਨ ਭਾਰਤੀਆਂ 'ਤੇ ਅਸਟਰੇਲੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਹਮਲੇ ਕੀਤੇ ਗਏ।




ਲੰਘੀ 15 ਜੂਨ ਨੂੰ ਇਕ ਭਾਰਤੀ ਵਿਦਿਆਰਥੀ ਦੀ ਕੁੱਟਮਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਕ ਸਥਾਨਕ ਅਖ਼ਬਾਰ 'ਚ ਛਪੀ ਖ਼ਬਰ ਅਨੁਸਾਰ 20 ਸਾਲਾ ਭਾਰਤੀ ਵਿਦਿਆਰਥੀ ਸੰਨੀ ਬਜਾਜ 'ਤੇ ਬਰੋਨੀਆ ਵਿਖੇ ਉਸ ਸਮੇਂ ਹਮਲਾ ਕੀਤਾ ਗਿਆ, ਜਦੋਂ ਉਹ ਆਪਣੀ ਕਾਰ 'ਚ ਸਵਾਰ ਹੋਣ ਵਾਲਾ ਸੀ। ਇਸੇ ਦੌਰਾਨ ਦੋ ਵਿਅਕਤੀਆਂ ਨੇ ਇਸ ਵਿਦਿਆਰਥੀ ਨੂੰ ਗਾਲ੍ਹਾਂ ਕੱਢੀਆਂ ਅਤੇ ਫਿਰ ਧੱਕਾਮੁੱਕੀ ਕੀਤੀ। ਡੀਕਿਨ ਯੂਨੀਵਰਸਿਟੀ 'ਚ ਸਿੱਖਿਆ ਪ੍ਰਾਪਤ ਕਰ ਰਹੇ ਸੰਨੀ ਬਜਾਜ਼ ਨੇ ਦੱਸਿਆ ਕਿ ਇਹ ਵਿਅਕਤੀ ਉਸ ਕੋਲੋਂ ਪੈਸੇ ਦੀ ਮੰਗ ਕਰ ਰਹੇ ਸਨ। ਉਸ ਨੇ ਦੱਸਿਆ ਕਿ ਜਦੋਂ ਉਸ ਨੇ ਇਨ੍ਹਾਂ ਵਿਅਕਤੀਆਂ ਨੂੰ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਇਨ੍ਹਾਂ ਨੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ।

ਉਸ ਨੇ ਦੱਸਿਆ ਕਿ ਇਸ ਘਟਨਾ 'ਚ ਉਸ ਦੀ ਇਕ ਉਂਗਲ ਟੁੱਟ ਗਈ ਅਤੇ ਹੋਰ ਗੰਭੀਰ ਸੱਟਾਂ ਲੱਗੀਆਂ। ਸੰਨੀ ਨੇ ਦੱਸਿਆ ਕਿ ਹਮਲਾਵਰ ਲਗਭਗ 20 ਸਾਲ ਦੀ ਉਮਰ ਦੇ ਸਨ। ਇਨ੍ਹਾਂ ਵਿਚੋਂ ਇਕ ਗੋਰਾ ਅਤੇ ਦੂਜਾ ਅਫ਼ਰੀਕੀ ਮੂਲ ਦਾ ਜਾਪ ਰਿਹਾ ਸੀ। ਦੱਸਣਾ ਬਣਦਾ ਹੈ ਕਿ ਆਸਟਰੇਲੀਆ 'ਚ ਇਕ ਮਹੀਨੇ ਤੋਂ ਵੀ ਘੱਟ ਸਮੇਂ 'ਚ ਕਿਸੇ ਭਾਰਤੀ ਵਿਦਿਆਰਥੀ 'ਤੇ ਇਹ 14ਵਾਂ ਹਮਲਾ ਹੈ।

ਯਾਦ ਰਹੇ ਬੀਤੀ 13 ਜੂਨ ਨੂੰ ਵੀ ਤਿੰਨ ਆਸਟਰੇਲੀਆਈ ਹੁੱਲੜਬਾਜ਼ਾਂ ਨੇ ਇੱਕ ਗੁਜਰਾਤੀ ਵਿਦਿਆਰਥੀ ਨੂੰ ਨਿਸ਼ਾਨਾ ਬਣਾਇਆ ਸੀ। ਮੈਲਬੌਰਨ ਯੂਨੀਵਰਸਿਟੀ ਵਿਚ ਕਮਰਸ਼ੀਅਲ ਕੂਕਰੀ ਦੀ ਪੜ੍ਹਾਈ ਕਰ ਰਹੇ ਗੁਜਰਾਤ ਦੇ ਹਾਰਦਕ ਵਿਪਨ ਭਾਈ ਪਟੇਲ ਨੂੰ ਨਿਸ਼ਾਨਾ ਬਣਾਇਆ ਗਿਆ। ਇਹ ਹਮਲਾ ਉਦੋਂ ਹੋਇਆ ਜਦੋਂ ਪਟੇਲ ਆਪਣੀ ਕਾਰ ਵਿਚ ਸਵਾਰ ਹੋਣ ਲੱਗਿਆ ਸੀ। ਪਟੇਲ ਨੇ ਦੱਸਿਆ ਕਿ ਜਦੋਂ ਉਹ ਕਾਰ ਵਿਚ ਬੈਠਣ ਲੱਗਿਆ ਤਾਂ ਆ ਕੇ ਦੋ ਆਸਟਰੇਲੀਆਈ ਨਾਗਰਿਕਾਂ ਨੇ ਉਸ ਨੂੰ ਘੇਰ ਕੇ ਮਾਰਕੁਟਾਈ ਕੀਤੀ। ਇਸ ਤੋਂ ਬਾਅਦ ਇਕ ਹੋਰ ਨੇ ਪਿੱਛੇ ਤੋਂ ਆ ਕੇ ਵਾਰ ਕੀਤਾ। ਇਸ ਹਮਲੇ ਤੋਂ ਬਾਅਦ ਉਹ ਬੇਹੋਸ਼ ਹੋ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਉਸ ਨੂੰ ਹੋਸ਼ ਆਈ ਤਾਂ ਉਹ ਹਸਪਤਾਲ ਵਿਚ ਜ਼ੇਰੇ ਇਲਾਜ ਸੀ। ਹਮਲੇ ਵਿਚ ਉਸ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਉਸ ਨੇ ਦੱਸਿਆ ਕਿ ਤਿੰਨੇ ਨਾਗਰਿਕ ਨਸ਼ੇੜੀ ਲੱਗ ਰਹੇ ਸਨ ਤੇ ਉਨ੍ਹਾਂ ਨੇ ਉਸ ਕੋਲੋਂ ਮੋਬਾਇਲ, ਪਰਸ ਤੇ ਕਾਰ ਦੀ ਚਾਬੀ ਖੋਹ ਲਈ ਸੀ। ਦੂਜੇ ਪਾਸੇ ਭਾਰਤ 'ਚ ਆਸਟਰੇਲੀਆ ਦੇ ਹਾਈ ਕਮਿਸ਼ਨਰ ਜਾਨ ਮੈਕਾਰਥੀ ਨੇ ਮੰਨਿਆ ਕਿ ਇਨ੍ਹਾਂ ਹਮਲਿਆਂ ਕਾਰਨ ਭਾਰਤ ਤੇ ਆਸਟਰੇਲੀਆ ਦੇ ਰਿਸ਼ਤਿਆਂ 'ਚ ਤਰੇੜਾਂ ਆ ਰਹੀਆਂ ਹਨ।

**ਇਸੇ ਤਰ੍ਹਾਂ ਬੀਤੀ** 12 ਜੂਨ ਨੂੰ ਆਸਟਰੇਲੀਆ ਦੇ ਦੱਖਣੀ ਭਾਗ 'ਚ ਵੀ ਇੱਕ ਵਿਦਿਆਰਥੀ ਹਮਲੇ ਦਾ ਸ਼ਿਕਾਰ ਹੋ ਗਿਆ। ਇਹ ਘਟਨਾ ਐਡੀਲੇਡ ਵਿਖੇ 22 ਸਾਲਾ ਵਿਦਿਆਰਥੀ ਨਾਲ ਵਾਪਰੀ। ਇਸ ਵਿਚ ਵਿਦਿਆਰਥੀ ਦੀ ਪਗੜੀ ਸਬੰਧੀ ਟਿੱਪਣੀ ਕਰਨ ਤੋਂ ਬਾਅਦ ਕਥਿਤ ਤੌਰ 'ਤੇ ਹਮਲਾਵਰ ਨੇ ਉਸ 'ਤੇ ਹਮਲਾ ਕਰ ਦਿੱਤਾ। ਐਡੀਲੇਡ ਦੇ ਰੰਡਲ ਮਾਲ ਵਿਖੇ ਹੋਏ ਇਸ ਹਮਲੇ ਵਿਚ ਵਿਦਿਆਰਥੀ ਦੇ ਗੰਭੀਰ ਸੱਟਾਂ ਵੱਜੀਆਂ। ਪੁਲਿਸ ਨੇ ਇਸ ਮਾਮਲੇ ਵਿਚ 17 ਸਾਲ ਦੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਹਮਲਾਵਰ ਨੂੰ ਐਡੀਲੇਡ ਦੀ ਇੱਕ ਅਦਾਲਤ ਨੇ ਜਮਾਨਤ ਦੇ ਦਿੱਤੀ ਹੈ।ਮੌਕੇ ਦੇ ਇਕ ਗਵਾਹ ਨੇ ਦੱਸਿਆ ਕਿ ਉਸ ਨੇ ਪਹਿਲਾਂ ਭਾਰਤੀ ਵਿਦਿਆਰਥੀ ਨੂੰ ਮੁੱਕਾ ਮਾਰਦਿਆਂ ਦੇਖਿਆ ਜਦਕਿ ਇਸ ਵਿਦਿਆਰਥੀ ਦਾ ਕਹਿਣਾ ਹੈ ਕਿ ਹਮਲਾਵਰ ਨੇ ਪਹਿਲਾਂ ਉਸਦੀ ਪਗੜੀ ਸਬੰਧੀ ਮੰਦੀ ਟਿੱਪਣੀ ਕੀਤੀ ਸੀ। ਸਥਾਨਕ ਮੀਡੀਆ ਦੀ ਰਿਪੋਰਟ ਅਨੁਸਾਰ ਵਿਦਿਆਰਥੀ ਆਪਣੇ ਦੋਸਤਾਂ ਨਾਲ ਇੱਕ ਮਾਲ ਵਿਚ ਘੁੰਮ ਰਿਹਾ ਸੀ, ਜਦੋਂ ਉਸ ਨੇ ਆਪਣੇ ਪਿੱਛੇ ਹੁੜਦੰਗ ਦੀ ਆਵਾਜ਼ ਸੁਣੀ। ਇਸ ਵਿਦਿਆਰਥੀ ਨੇ ਆਪਣਾ ਨਾਂ ਦੱਸਣ ਤੋਂ ਇਨਕਾਰ ਕਰ ਦਿੱਤਾ।ਦੱਖਣੀ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮਾਇਕ ਰਨ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਪ੍ਰਦੇਸ਼ ਵਿਸ਼ਵ ਭਰ ਦੇ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਦਾ ਸਵਾਗਤ ਕਰਦਾ ਆਇਆ ਹੈ, ਅਜਿਹੀਆਂ ਘਟਨਾਵਾਂ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਨਸਲਵਾਦ ਦੇ ਕਿਸੇ ਵੀ ਰੂਪ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸੇ ਦੌਰਾਨ ਭਾਰਤੀ ਵਿਦਿਆਰਥੀਆਂ 'ਤੇ ਵੱਧ ਰਹੇ ਹਮਲਿਆਂ ਨਾਲ ਦੇਸ਼ ਦੇ ਸਿੱਖਿਆ ਖੇਤਰ ਦੇ ਪ੍ਰਭਾਵਤ ਹੋਣ ਦੇ ਖਦਸ਼ੇ ਨਾਲ ਆਸਟਰੇਲੀਆ ਦੀ ਗਰੀਨਸ ਪਾਰਟੀ ਨੇ ਸਰਕਾਰ ਨੂੰ ਇਸ ਚੁਣੌਤੀ ਨਾਲ ਸਖ਼ਤੀ ਨਾਲ ਨਜਿੱਠਣ ਲਈ ਕਿਹਾ ਹੈ। ਉਨ੍ਹਾਂ ਨਾਲ ਹੀ ਅਜਿਹੇ ਵਿਦਿਆਰਥੀਆਂ ਨਾਲ ਜੁੜੇ ਮੁੱਦਿਆਂ ਦਾ ਪ੍ਰੀਖਣ ਕਰਨ ਲਈ ਸੈਨੇਟਰ ਜਾਂਚ ਕਰਾਉਣ ਦੀ ਗੱਲ ਕਹੀ। ਗਰੀਸ ਦੇ ਸਿੱਖਿਆ ਮਾਮਲੇ ਦੇ ਬੁਲਾਰੇ ਅਤੇ ਸੈਨੇਟਰ ਸਾਰਾਹ ਹੈਂਸਨ ਜੰਗ ਨੇ ਕਿਹਾ ਕਿ ਆਸਟਰੇਲੀਆ ਵਿਚ ਰਹਿ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਚਿੰਤਾ ਹੁਣ ਸਿਰਫ਼ ਭਾਰਤੀ ਵਿਦਿਆਰਥੀਆਂ ਜਾਂ ਰੇਲਵੇ ਸਟੇਸ਼ਨਾਂ 'ਤੇ ਹੋਣ ਵਾਲੇ ਹਮਲਿਆਂ ਤੱਕ ਸੀਮਤ ਨਹੀਂ ਰਹੀ ਗਈ ਹੈ।

ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀ ਜਿਸ ਸਥਿਤੀ ਦਾ ਸਾਹਮਣਾ ਕਰ ਰਹੇ ਹਨ, ਉਸ ਚੁਣੌਤੀ ਨਾਲ ਸਰਕਾਰ ਨੂੰ ਸਖ਼ਤੀ ਨਾਲ ਨਜਿੱਠਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਆਸਟਰੇਲੀਆ ਦੀ 15.5 ਅਰਬ ਡਾਲਰ ਦੇ ਅੰਤਰਰਾਸ਼ਟਰੀ ਸਿੱਖਿਆ ਉਦਯੋਗ ਲਈ ਬਹੁਤ ਜ਼ਰੂਰੀ ਹੈ।

ਇਸੇ ਦੌਰਾਨ ਅਸਟ੍ਰੇਲੀਆ ਦੀ ਫ਼ੈਡਰਲ ਸਰਕਾਰ ਨੇ ਹਮਲਿਆਂ 'ਤੇ ਵਿਚਾਰ ਕਰਨ ਲਈ 28 ਜੂਨ ਨੂੰ ਇਕ ਸੰਮੇਲਨ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਹੈ। ਪ੍ਰਦੇਸ਼ ਦੇ ਸਿਖਿਆ ਮੰਤਰੀ ਮਾਈਕਲ ਓ ਬਿਰਯਾਨ ਨੇ ਕਿਹਾ ਕਿ ਸਰਕਾਰ ਨੇ ਜਾਂਚ ਲਈ ਕਮੇਟੀ ਗਠਤ ਕਰ ਦਿਤੀ ਹੈ। ਦਖਣੀ ਆਸਟਰੇਲੀਆ ਵਿਚ ਵਿਦਿਆਰਥੀਆਂ ਦੀ ਗਿਣਤੀ ਕਰੀਬ 27700 ਤੋਂ ਜ਼ਿਆਦਾ ਹੈ ਅਤੇ ਸਰਕਾਰ ਦੀ ਯੋਜਨਾ ਇਸ ਗਿਣਤੀ ਨੂੰ 2014 ਤਕ 62000 ਤਕ ਪਹੁੰਚਾਉਣ ਦੀ ਹੈ।

# ਸੰਤ ਰਾਮਾਨੰਦ ਸੱਚਖੰਡ ਬੱਲਾਂ ਨੂੰ ਭਰਪੂਰ ਸ਼ਰਧਾਂਜਲੀਆਂ

ਰੀਓ ਲਿੰਡਾ, ਕੈਲੇਫੋਰਨੀਆ:ਕੈਲੇਫੋਰਨੀਆ ਸਮੂਹ ਗੁਰੂ ਰਵਿਦਾਸ ਸਭਾਵਾਂ ਵਲੋਂ ਕੌਮੀ ਸ਼ਹੀਦ ਸੰਤ ਰਾਮਾਨੰਦ ਜੀ ਸੱਚ ਖੰਡ ਬੱਲਾਂ ਵਾਲਿਆਂ ਨੂੰ ਸਮਰਪਤ ਸ਼ਹੀਦੀ ਸਮਾਗਮ ਇਥੇ ਗੁਰੂ ਰਵਿਦਾਸ ਗੁਰੂ ਘਰ ਵਿਖੇ 14 ਜੂਨ ਨੂੰ ਕਰਵਾਇਆ ਗਿਆ ਜਿਸ ਵਿਚ ਗੁਰੂ ਰਵਿਦਾਸ ਸਭਾ ਪਿਟਸ ਬਰਗ, ਬੇ-ਏਰੀਆ, ਰੀਓ ਲਿੰਡਾ, ਫਰਿਜ਼ਨੋ, ਯੂਬਾ ਸਿਟੀ, ਸੈਲਮਾ ਅਤੇ ਬਾਲਮੀਕ ਸਭਾ ਯੂਬਾ ਸਿਟੀ ਤੋਂ ਇਲਾਵਾ ਬਹੁਜਨ ਸਮਾਜ ਆਗੇਨਾਈਜੇਸ਼ਨ ਅਤੇ ਬਾਮਸੇਫ ਇੰਟਰਨੈਸ਼ਨ ਨੇ ਹਿੱਸਾ ਲਿਆ।

ਇਸ ਮੌਕੇ ਵੱਖ ਵੱਖ ਸਭਾਵਾਂ ਦੀ ਤਰਫੋਂ ਬੋਲਦਿਆਂ ਬੁਲਾਰਿਆਂ ਨੇ ਪ੍ਰਣ ਲਿਆ ਕਿ ਕੌਮੀ ਸ਼ਹੀਦ ਸੰਤ ਰਾਮਾਨੰਦ ਜੀ ਦੀ ਸੋਚ ਨੂੰ ਸਦਾ ਅਮਰ ਰੱਖਿਆ ਜਾਏਗਾ ਅਤੇ ਇਸ ਨੂੰ ਕੋਈ ਵੀ ਬਾਹਰੀ ਅਤੇ ਫਿਰਕੂ ਤਾਕਤ ਦਬਾ ਨਹੀਂ ਸਕੇਗੀ। ਉਨ੍ਹਾਂ ਦੀ ਸੋਚ ਨੂੰ ਜ਼ਿੰਦਾ ਰੱਖਣ ਲਈ ਕੌਮ ਹਰ ਤਰ੍ਹਾਂ ਦੀ ਕੁਰਬਾਨੀਆਂ ਕਰਨ ਲਈ ਤਿਆਰ ਹੈ। ਸਮੂਹ ਸਭਾਵਾਂ ਵਲੋਂ ਪੰਜਾਬ ਦੇ ਮੁੱਖ ਮੰਤਰੀ ਤੋਂ ਇਕ ਮਤੇ ਰਾਹੀਂ ਮੰਗ ਕੀਤੀ ਗਈ ਕਿ ਪੰਜਾਬ ਵਿਚ ਹੋਈ ਹਿੰਸਾ ਵਿਚ ਸ਼ਹੀਦ ਹੋਏ ਦਲਿਤ ਪਰਿਵਾਰਾਂ ਨੂੰ ਐਲਾਨੀ ਗਈ ਪੰਜ ਲੱਖ ਰੁਪਏ ਦੀ ਸਹਾਇਤਾ ਤੁਰਤ ਦਿੱਤੀ ਜਾਵੇ ਤਾਂ ਕਿ ਅਕਾਲੀ ਸਰਕਾਰ ਵਿਚ ਦਲਿਤ ਸਮਾਜ ਦਾ ਭਰੋਸਾ ਦੁਬਾਰਾ ਬਹਾਲ ਹੋ ਸਕੇ। ਅਗਰ ਇਹ ਸਹਾਇਤਾ ਨਾ ਦਿੱਤੀ ਗਈ ਤਾਂ ਅਕਾਲੀ ਸਰਕਾਰ ਨੂੰ ਲੰਮੇ ਸਮੇਂ ਵਾਸਤੇ ਦਲਿਤਾਂ ਦੇ ਰੋਸ ਦਾ ਸਾਹਮਣਾ ਕਰਨਾ ਪਵੇਗਾ।

ਸਰਕਾਰ ਪਾਸੋਂ ਇਹ ਵੀ ਮੰਗ ਕੀਤੀ ਗਈ ਕਿ ਦਲਿਤ ਨੌਜਵਾਨਾਂ ਵਿਰੁੱਧ ਦਰਜ ਕੀਤੇ ਗਏ ਕੇਸ ਤੁਰੰਤ ਵਾਪਸ ਲਏ ਜਾਣ। ਇਕ ਹੋਰ ਮਤੇ ਰਾਹੀਂ ਭਾਰਤ ਦੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਗਈ ਕਿ ਸੰਤ ਰਾਮਾਨੰਦ ਦੇ ਕਤਲ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਇਹ ਸਾਹਮਣੇ ਲਿਆਂਦਾ ਜਾਵੇ ਕਿ ਕਿਹੜੀਆਂ ਫਿਰਕੂ ਤਾਕਤਾਂ ਦਲਿਤ ਸਮਾਜ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀਆਂ ਹਨ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵੀ ਮੰਗ ਕੀਤੀ ਗਈ ਕਿ ਅਗਰ ਕਿਸੇ ਸਿੱਖ ਜਥੇਬੰਦੀ ਦਾ ਇਸ ਘਿਨਾਉਣੀ ਕਾਰਵਾਈ ਵਿਚ ਹੱਥ ਹੈ ਤਾਂ ਉਸ ਵਿਰੁਧ ਕਾਰਵਾਈ ਕੀਤੀ ਜਾਵੇ ਅਤੇ ਕਾਤਲਾਂ ਨੂੰ ਸਿੱਖ ਪੰਥ ਵਿਚੋਂ ਛੇਕਿਆ ਜਾਵੇ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਅਜੀਤ ਰਾਮ ਬੰਗੜ, ਓ ਪੀ ਬਾਲੀ, ਅਮਰੀਕ ਸਿੰਘ, ਡਾ. ਕਮਲ, ਡਾ. ਹਰਮੇਸ਼, ਪਰਮਜੀਤ ਭੁੱਟਾ, ਪਲਵਿੰਦਰ ਮਾਹੀ, ਮੋਹਨ ਲਾਲ ਗਿੱਲ, ਕੇਵਲ ਬੋਲੀਨਾ, ਸਤੀਸ਼ ਰੱਲ੍ਹ, ਸਰਬਜੀਤ ਲਾਲ ਗੁਰੂ, ਵਿਨੋਦ ਕੁਮਾਰ, ਰਾਜ ਕੁਮਾਰ ਸੂਦ, ਪਰਮਿੰਦਰ ਔਜਲਾ, ਸਤਨਾਮ ਬਸਰਾ, ਹੰਸ ਰਾਜ ਕਾਜਲਾ, ਧਰਮਿੰਦਰ ਕਾਜਲਾ ਅਤੇ ਹੋਰ ਕਈ ਆਗੂ ਸ਼ਾਮਲ ਸਨ। ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਪ੍ਰਧਾਨ ਸ੍ਰੀ ਚੰਦਰ ਮੋਹਨ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਨਾਲ ਸੁਰਿੰਦਰ ਸੋਨੀ, ਬਲਬੀਰ ਸਿੰਘ ਸ਼ੀਮਾਰ ਅਤੇ ਸੁਰਿੰਦਰ ਸਿੰਘ ਬੱਗਾ ਵੀ ਆਏ ਹੋਏ ਸਨ। ਮੰਚ ਸੰਚਾਲਨ ਜੀਵਨ ਰੱਤੂ ਨੇ ਕੀਤਾ। ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਣ ਲਈ ਸੰਗਤਾਂ ਦੂਰੋਂ ਦੂਰੋਂ ਪਹੁੰਚੀਆਂ ਹੋਈਆਂ ਸਨ।



## ਮਹੀਨਾਵਾਰ ਦੀਵਾਨ 21 ਨੂੰ

**ਫਰੀਮਾਂਟ:**ਸ੍ਰੀ ਗੁਰੂ ਰਵਿਦਾਸ ਸਭਾ, ਬੇ-ਏਰੀਆ ਵਲੋਂ 21 ਜੂਨ ਨੂੰ ਮਹੀਨੇਵਾਰ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਵਿਚ ਕਈ ਕੀਰਤਨੀ ਜਥੇ ਹਿੱਸਾ ਲੈਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਦੀਵਾਨ ਨਿਊਵਾਰਕ ਪੈਵੀਲੀਅਨ ਨਿਊਵਾਰਕ ਵਿਚ ਸਜਣਗੇ।

G.D. Shastri
ਐਮ.ਏ.ਗੋਲਡ ਮੈਡਲਿਸਟ, (ਮਹਾਂਕਾਲੀ ਉਪਾਸਕ)
ਜੋਤਿਸ਼ ਰਾਹੀਂ ਹਰ ਸਮੱਸਿਆ ਦਾ ਹੱਲ ਕਰੋ

ਬੱਸ ਨਾਮ ਹੀ ਕਾਫ਼ੀ ਹੈ
ਕੋਈ ਫੀਸ ਨਹੀਂ, ਇਕ ਫੋਨ ਬਦਲ ਸਕਦਾ ਹੈ ਤੁਹਾਡੀ ਕਿਸਮਤ
ਜੋਤਿਸ਼ ਰਾਹੀਂ ਆਪਣੀਆਂ ਸਮੱਸਿਆਵਾਂ ਦਾ ਹੱਲ ਆਪਣੀ ਕੁੰਡਲੀ ਜਾਂ ਜਨਮ ਤਾਰੀਕ ਦੱਸ ਕੇ ਆਪਣੇ ਭਵਿੱਖ ਦਾ ਹਾਲ ਜਾਣੋ, ਆਪਣੇ ਕਿਸੇ ਵੀ ਘਰੇਲੂ ਵਿਆਹ, ਔਲਾਦ, ਨੌਕਰੀ, ਵਪਾਰਕ, ਝਗੜੇ ਆਦਿ ਬਾਰੇ ਜਾਣਨ ਲਈ ਨੀਚੇ ਦਿੱਤੇ ਫੋਨ 'ਤੇ ਸੰਪਰਕ ਕਰੋ।
ਭਗਵਾਨ ਨੇ ਗਿਆਨ ਦਿੱਤਾ ਹੈ ਮੇਰਾ ਕੰਮ ਦੁੱਖੀ ਲੋਕਾਂ ਦੀ ਸੇਵਾ ਕਰਨਾ ਹੈ
ਸਪੈਸ਼ਲਿਸਟ-ਲਾਟਰੀ ਨੰਬਰ, ਅੰਕਾਂ ਦਾ ਗਿਆਨ ਵੀ ਰੱਖਦੇ ਨੇ
ਤੁਰੰਤ ਸੰਪਰਕ ਕਰੋ +91-98722-07617 (ਰਾਮਾ ਮੰਡੀ ਚੌਕ ਜਲੰਧਰ)

ਜਗਦੰਬਾ ਜੋਤਿਸ਼ ਕੇਂਦਰ
21 ਸਾਲਾਂ ਤੋਂ ਵਿਸ਼ਾਲ ਤਜ਼ਰਬਾ
ਜਨਮ-ਕੁੰਡਲੀ ਰਾਹੀਂ ਹਰ ਪ੍ਰਕਾਰ ਦੀ ਸਮੱਸਿਆ ਦਾ ਹੱਲ ਭੇਜਿਆ ਜਾ ਸਕਦਾ ਹੈ
PT. B. K. SHASTRI
ਉਪਾਅ ਕੋਈ ਵੀ ਹੋ ਸਕਦਾ ਹੈ, ਭਾਵੇਂ ਪਾਠ-ਪੂਜਾ, ਦਾਨ-ਪੁੰਨ, ਨਗ ਧਾਰਨ ਕਰਨਾ ਆਦਿ
0 ਆਪਣੇ ਕਾਰੋਬਾਰ 0 ਨੌਕਰੀ ਵਿੱਚ ਸਫਲਤਾ ਚਾਹੁੰਦੇ ਹੋ 0 ਆਪਣਾ ਮਨ-ਪਸੰਦ ਜੀਵਨ ਸਾਥੀ ਲੱਭਣਾ ਚਾਹੁੰਦੇ ਹੋ 0 ਕਿਸੇ ਵੀ ਬਿਮਾਰੀ, ਦਿਮਾਗੀ ਪ੍ਰੇਸ਼ਾਨੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ 0 ਨਸ਼ਾ ਛੱਡਣਾ 0 ਛੁਡਵਾਉਣਾ ਚਾਹੁੰਦੇ ਹੋ 0 ਆਪਣੇ ਪਰਿਵਾਰਕ ਜੀਵਨ ਵਿੱਚ ਖੁਸ਼ਹਾਲੀ ਲਿਆਉਣਾ ਚਾਹੁੰਦੇ ਹੋ ਤਾਂ ਆਪਣੀ ਜਨਮ ਦੀ ਤਾਰੀਕ, ਸਮਾਂ ਅਤੇ ਸਥਾਨ ਦੇ ਨਾਲ ਹੇਠ ਲਿਖੇ ਫੋਨ 'ਤੇ ਸੰਪਰਕ ਕਰੋ
+91-98154-66730

# ਸਰਬੱਤ ਦਾ ਭਲਾ ਮੰਗਣ ਵਾਲਾ ਪੰਜਾਬ ਹੁਣ ਗਏ ਮੁੰਡਿਆਂ ਦੀ ਸੁੱਖ ਮੰਗਦੈ

**-ਸੁਰਿੰਦਰ ਅਤੈ ਸਿੰਘ**

ਆਸਟ੍ਰੇਲੀਆ 'ਚ ਹਾਲਾਤ ਖਰਾਬ ਨੇ। ਰਿਸ਼ਤੇਦਾਰ ਸਖੀਆਂ-ਸਹੇਲੀਆਂ, ਸਾਂਝਾਂ ਵਾਲੇ ਤੇ ਭੈਣ-ਭਰਾ, ਦੇਸ਼-ਵਿਦੇਸ਼ ਤੋਂ ਫੋਨ ਕਰ ਕਰ ਕੇ ਸਾਡੇ ਬੇਟੇ ਦੀ ਸੁੱਖ-ਸਾਂਦ ਪੁੱਛ ਰਹੇ ਨੇ। ਕੱਲ੍ਹ ਉਹਦੇ ਵੱਡੇ ਭੂਆ ਜੀ ਘਬਰਾ ਕੇ ਕਹਿੰਦੇ, ਉਹਨੂੰ ਆਖੋ, ਵਾਪਸ ਆ ਜਾਏ। ਅੱਜ ਉਹਦੇ ਪਾਪਾ ਫੋਨ 'ਤੇ ਕਹਿ ਰਹੇ ਸਨ, ਬੇਟੇ ਜ਼ਰਾ ਵੀ ਖਤਰਾ ਜਾਪੇ ਤਾਂ ਵਾਪਸ ਆ ਜਾਵੀਂ। ਮੇਰੇ ਅੰਦਰੋਂ ਜੋ ਆਵਾਜ਼ ਆਈ ਹੈ, ਉਹ ਹੈ ਕਿ ਇਹ ਤਾਂ ਕੋਈ ਹੱਲ ਨਹੀਂ ਹੈ।

ਡੇਢ-ਦੋ ਲੱਖ ਵਿਦਿਆਰਥੀਆਂ 'ਚੋਂ ਜੇ ਦਸ-ਵੀਹ ਜਾਂ ਪੰਜਾਹ ਬੱਚੇ ਵਾਪਸ ਆ ਜਾਣਗੇ ਤਾਂ ਬਾਕੀ ਜਿਹੜੇ ਉਥੇ ਰਹਿਣਗੇ ਕੀ ਉਨ੍ਹਾਂ ਦੀ ਸਾਨੂੰ ਲੋੜ ਨਹੀਂ ਹੈ? ਕੀ ਉਹ ਘੱਟ ਲਾਡਲੇ ਨੇ? ਇਥੇ ਸਾਡੇ ਕੋਲ ਧੀਆਂ-ਪੁੱਤਾਂ ਦੇ ਸੁੱਖਾਂ ਦੀ ਕੀ ਗਾਰੰਟੀ ਹੈ। ਕੀ ਇਥੇ ਹਮਲੇ ਨਹੀਂ ਹੁੰਦੇ? ਇਥੇ ਲੁੱਟਾਂ-ਖੋਹਾਂ ਨਹੀਂ ਹੁੰਦੀਆਂ? ਕਾਲਜਾਂ, ਯੂਨੀਵਰਸਿਟੀਆਂ ਦੇ ਅੰਦਰ ਤੇ ਬਾਹਰ ਨਿੱਤ ਲੜਾਈਆਂ ਨਹੀਂ ਹੁੰਦੀਆਂ? ਗੱਡੀਆਂ 'ਚ ਰਾਡਾਂ, ਕਿਰਪਾਨਾਂ ਅਤੇ ਬੇਸਬਾਲ ਬੈਟ ਰੱਖੇ ਹੁੰਦੇ ਹਨ। ਚਾਰ-ਚਾਰ ਗੱਡੀਆਂ 'ਚ ਸਾਥੀ ਮੁੰਡਿਆਂ ਨੂੰ ਲੱਦ ਕੇ ਵਿਰੋਧੀ ਧਿਰ ਦੇ ਮੁੰਡਿਆਂ ਨੂੰ ਘੇਰ ਕੇ ਮਾਰਦੇ ਹਨ। ਪੂਰੀ ਗੁੰਡਾਗਰਦੀ ਹੁੰਦੀ ਹੈ।

ਸੱਟਾਂ-ਫੇਟਾਂ ਲਾ ਕੇ ਭੱਜ ਜਾਂਦੇ ਹਨ। ਕਈ ਵਾਰੀ ਕੋਈ ਲੜਕਾ ਗੰਭੀਰ ਰੂਪ 'ਚ ਜ਼ਖ਼ਮੀ ਹੋ ਜਾਂਦਾ ਹੈ। ਜੇ ਉਹ ਬਚ ਗਿਆ ਤਾਂ ਸਮਝੋ ਉਹਦੀ ਵਧੀ ਹੁੰਦੀ ਹੈ, ਨਹੀਂ ਤਾਂ ਅਗਲਿਆਂ ਤਾਂ ਕੋਈ ਕਸਰ ਨਹੀਂ ਛੱਡੀ ਹੁੰਦੀ। ਐਹੋ ਜਿਹੀਆਂ ਹਰਕਤਾਂ ਕਰਕੇ ਵਿਸਰ ਭੋਲ ਹੀ ਕਈਆਂ ਦਾ ਕੈਰੀਅਰ ਖਰਾਬ ਹੋ ਜਾਂਦਾ। ਲੜਾਈ ਲਈ ਜਿਹੜੇ ਮੁੰਡੇ ਇਕੱਠੇ ਕੀਤੇ ਹੁੰਦੇ ਹਨ, ਇਹ ਕੋਈ ਭੂਆ-ਮਾਮੇ ਦੇ ਪੁੱਤ-ਭਰਾ ਨਹੀਂ ਹੁੰਦੇ। ਇਹ ਤਾਂ ਦੋਸਤਾਂ ਦੇ ਦੋਸਤ ਤੇ ਅਗਾਂਹ ਉਨ੍ਹਾਂ ਦੇ ਵਾਕਫ ਮਿੱਤਰ ਹੁੰਦੇ ਹਨ। ਕਈਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕਿਥੇ ਲਿਜਾਏ ਜਾ ਰਹੇ ਹਨ। ਬੱਸ ਪਤਾ ਈ ਉਦੋਂ ਲੱਗਦਾ ਜਦੋਂ ਲਾ-ਲਾ-ਲਾ-ਲਾ ਹੋ ਜਾਂਦੀ ਹੈ। ਪੁਲਿਸ ਕੇਸ ਬਣ ਗਿਆ ਤੇ ਸਮਝੋ ਜ਼ਿੰਦਗੀ ਖ਼ਰਾਬ। ਫਿਰ ਉਹ ਵੇਲਾ ਵਾਪਸ ਨਹੀਂ ਆਉਂਦਾ ਜਾਂ ਫਿਰ ਸੱਟ ਜ਼ਿਆਦਾ ਲੱਗਣ ਨਾਲ ਪੇਪਰ ਰਹਿ ਜਾਂਦੇ ਹਨ ਤੇ ਸਾਲ ਖਰਾਬ ਹੋ ਜਾਂਦਾ। ਕਈਆਂ ਨੂੰ ਕੈਂਪਸ 'ਚੋਂ ਕੱਢ ਦਿੱਤਾ ਜਾਂਦਾ, ਸਜ਼ਾ ਵਜੋਂ। ਇਹ ਪੁੱਤਰ ਇਥੋਂ ਹੀ ਗਏ ਨੇ ਤੇ ਮਾਪਿਆਂ ਨੇ ਸੌ ਸੌ ਸੁੱਖਣਾ ਸੁੱਖ ਕੇ ਭੇਜੇ ਹਨ। ਇਥੇ ਵੀ ਧੱਕੇ ਖਾਂਦੇ ਜਰੇ ਨਹੀਂ ਸਨ ਜਾਂਦੇ। ਜਿਸ ਨੂੰ ਪੜ੍ਹ-ਲਿਖ ਕੇ ਵੀ ਨੌਕਰੀ ਨਹੀਂ ਮਿਲਦੀ, ਉਹਦੇ ਵਲੋਂ ਵੀ ਔਖੇ। ਜਿਹੜਾ ਪੜ੍ਹਨੋਂ ਵਿਹਰ ਗਿਆ ਜਾਂ ਕਿਸੇ ਹੋਰ ਕਾਰਨ ਪਛੜ ਗਿਆ ਉਹਦੇ ਵਲੋਂ ਵੀ ਮਾਪੇ ਔਖੇ। ਜਿਹੜਾ ਨਹੀਂ ਪੜ੍ਹਦਾ, ਉਹ ਕਿਹੜਾ ਆਪਣੀ ਕਮੀ ਮੰਨਦਾ। ਉਹ ਮਾਪਿਆਂ ਨੂੰ, ਇਸ ਸਿਸਟਮ ਨੂੰ ਤੇ ਜਾਂ ਫਿਰ ਕਿਸਮਤ ਨੂੰ ਕੋਸਦਾ ਹੈ। ਜੀਣ ਥੀਣ ਉਹਦਾ ਵੀ ਐਕਟਰਾਂ ਵਰਗਾ ਹੁੰਦਾ।

ਉਹ ਵੀ ਪਾੜ੍ਹਿਆਂ (ਪੜ੍ਹਾਕੂਆਂ) ਵਾਂਗ ਸਾਰੀ ਸਾਰੀ ਰਾਤ ਫੋਨ ਨਾਲ ਚੰਬੜਿਆ ਰਹਿੰਦਾ ਹੈ। ਸਵੇਰੇ ਲੇਟ ਉੱਠਦੈ। ਉਸ ਨੂੰ ਬਰਾਂਡ ਕੱਪੜੇ ਤੇ ਨਾਇਕ ਦੇ ਬੂਟ ਚਾਹੀਦੇ ਨੇ। ਉਹ ਵੀ ਸਪੈਸ਼ਲ ਮਹਿੰਗੇ ਭਾਅ ਦੀ ਕਟਿੰਗ ਕਰਵਾਉਂਦਾ ਹੈ, ਵਾਲਾਂ ਦੀ। ਮੋਟਰਸਾਈਕਲ 'ਤੇ ਧੂੜਾਂ ਪੁੱਟਦਾ ਤੇ ਪੈਟਰੋਲ ਫੂਕਦਾ ਹੈ। ਰੇਬੌਨ ਦੀਆਂ ਐਨਕਾਂ ਦਾ ਉਹਨੂੰ ਪਤਾ। ਉਹਦਾ ਖਰਚਾ ਕਿਸੇ ਇੰਜੀਨੀਅਰ ਤੋਂ ਘੱਟ ਨਹੀਂ ਹੁੰਦਾ।

ਵਿਹਲੇ ਪੁੱਤ ਦੀਆਂ ਫੈਲਸੂਫੀਆਂ ਮਾਪਿਆਂ ਨੂੰ ਪੁੱਗਦੀਆਂ ਨਹੀਂ। ਉਹ ਕਲਪਦੇ ਨੇ। ਪੁੱਤ ਫਿਰ ਘਰੋਂ ਬਾਹਰ ਸਕੂਨ ਭਾਲਦਾ ਹੈ। ਉਹ ਮਾੜੇ ਕੰਮੀਂ ਤੁਰ ਪੈਂਦਾ ਹੈ। ਬਾਹਰ ਮੁੰਡਿਆਂ ਨਾਲ ਰਲ ਕੇ ਨਸ਼ੇ ਕਰਦਾ ਹੈ। ਕੁਪੱਤ ਕਰਦਾ ਹੈ। ਸੜਕਾਂ ਅਤੇ ਮਾਰਕੀਟਾਂ ਵਿਚ ਖਰੂਦ ਕਰਦੇ ਨੇ। ਸੌਖਿਆਂ ਘਰਾਂ ਦੇ ਕਾਕੇ ਤਾਂ ਨਿੱਤ ਨਵੇਂ ਲਾਂਚ ਹੋਏ ਮੋਬਾਈਲ ਕੋਲ ਰੱਖਦੇ ਨੇ ਤੇ ਅਕਸਰ ਗੱਡੀਆਂ ਦੇ ਮਾਡਲ ਬਦਲਦੇ ਰਹਿੰਦੇ ਨੇ।

ਪੜ੍ਹਾਈ ਲਈ ਵਿਦੇਸ਼ ਜਾਣਾ ਕੋਈ ਸੌਖਾ ਕੰਮ ਨਹੀਂ ਹੈ। ਕਾਗਜ਼ੀ ਕਾਰਵਾਈ ਤੇ ਪੈਸੇ ਦਾ ਪ੍ਰਬੰਧ ਕਰਦਿਆਂ ਮਾਪੇ ਰੋਣ ਹਾਕੇ ਹੋ ਜਾਂਦੇ ਹਨ। ਬੈਂਕ ਤੋਂ ਕਰਜ਼ਾ ਲੈ ਕੇ ਸ਼ੁਰੂ ਹੋਇਆ ਕੰਮ, ਆੜ੍ਹਤੀਆਂ, ਪਟਵਾਰੀਆਂ, ਥਾਣਿਆਂ-ਕਚਹਿਰੀਆਂ, ਸੀ.ਏ. ਅਤੇ ਸਲਾਹਕਾਰਾਂ ਤੋਂ ਹੁੰਦਾ ਹੋਇਆ ਮਸਾਂ ਅੰਬੈਸੀ ਤੱਕ ਪੁੱਜਦਾ ਹੈ। ਸਬੰਧਤ ਕਾਗਜ਼ਾਂ ਦੀਆਂ ਕਾਪੀਆਂ ਕਰਦੀ, ਫੋਟੋ ਸਟੇਟ ਮਸ਼ੀਨ ਥੱਕ ਜਾਂਦੀ ਹੈ।

ਜ਼ਮੀਨਾਂ ਜਾਇਦਾਦਾਂ ਦੇ ਕਾਗਜ਼ਾਂ ਨੂੰ ਅੰਗਰੇਜ਼ੀ 'ਚ ਉਲਥਾਇਆ ਜਾਂਦਾ। ਹਰ ਕਾਗਜ਼ ਤਸਦੀਕ ਕਰਵਾਇਆ ਜਾਂਦਾ ਹੈ।

ਜਾਇਦਾਦਾਂ ਦਾ ਮੁੱਲ ਪੁਆਉਣਾ, ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਵਿਆਜੀ ਚੁੱਕ ਕੇ, ਬਣਦੀ ਰਕਮ ਸ਼ੋਅ ਕਰਨੀ। ਝੂਠੀਆਂ ਡੀਡਜ਼ ਬਣਾਉਣੀਆਂ। ਫਿਕਸ ਖਾਤਿਆਂ, ਬੱਚਤ ਖਾਤਿਆਂ ਅਤੇ ਬੀਮਾ ਪਾਲਸੀਆਂ ਦੇ ਇੱਵਜ਼ ਵਿਚ ਲੋਨ ਪਾਸ ਕਰਵਾਉਣਾ ਆਦਿ ਅਨੇਕਾਂ ਕੰਮ ਅਜਿਹੇ ਹੁੰਦੇ ਹਨ, ਜਿਨ੍ਹਾਂ 'ਤੇ ਪੈਸਾ ਵੀ ਖਰਚ ਹੁੰਦਾ ਤੇ ਭੱਜੋਨੱਸੀ ਵੀ ਕਰਨੀ ਪੈਂਦੀ ਹੈ। ਜੁੱਤੀਆਂ ਘਸ ਜਾਂਦੀਆਂ ਨੇ ਮਾਪਿਆਂ ਦੀਆਂ। ਜਾਇਜ਼ ਕੰਮਾਂ ਲਈ ਵੀ ਨਾਜਾਇਜ਼ ਤਰੀਕੇ ਅਖਤਿਆਰ ਕਰਨੇ ਪੈਂਦੇ ਹਨ। ਨੌਕਰੀ ਪੇਸ਼ਾ ਮਾਪਿਆਂ ਨੂੰ ਆਪਣੇ ਜੀ.ਪੀ.ਐਫ. ਆਦਿ ਨਾਲ ਕਾਫੀ ਸਹੂਲਤ ਹੋ ਜਾਂਦੀ ਹੈ। ਜੱਟ-ਜ਼ਿੰਮੀਦਾਰਾਂ ਨੂੰ ਤਾਂ ਪੈਲੀ ਨਾਲ ਹੀ ਬੰਦੋਬਸਤ ਕਰਨਾ ਪੈਂਦਾ ਹੈ।

ਅਸਲ ਵਿਚ ਵਿਦੇਸ਼ ਪੜ੍ਹਾਈ ਕਰਨ ਜਾਣ ਵਾਲੇ ਨੂੰ ਉਸ ਦੇਸ਼ ਦੀ ਅੰਬੈਸੀ 'ਚ ਆਪਣੇ ਆਪ ਨੂੰ ਚੋਖਾ ਅਮੀਰ ਸਿੱਧ ਕਰਨਾ ਹੁੰਦਾ ਹੈ। ਜਿਸ ਦੇ ਮਾਪਿਆਂ ਕੋਲ ਉਹਨੂੰ ਵਿਦੇਸ਼ ਤੋਂ ਪੜ੍ਹਾਈ ਕਰਵਾਉਣ ਦੀ ਸਮਰੱਥਾ ਹੋਵੇ।

ਸੱਚਮੁੱਚ ਪੜ੍ਹਨ ਜਾ ਰਹੇ ਕਾਬਲ ਵਿਦਿਆਰਥੀ ਦਾ ਖਰਚਾ ਘੱਟ ਹੁੰਦਾ, ਪਰ ਜਿਹੜੇ ਬੱਚੇ ਸੈੱਟ ਹੋਣ ਵਾਸਤੇ ਪੜ੍ਹਾਈ ਦਾ ਬਹਾਨਾ ਬਣਾਉਂਦੇ ਨੇ, ਉਨ੍ਹਾਂ ਨੂੰ ਆਪਣਾ ਕੇਸ ਤਿਆਰ ਕਰਨ ਲਈ ਵਧੇਰੇ ਖਰਚਾ ਕਰਨਾ ਪੈਂਦਾ ਹੈ। ਇਕ ਤਾਂ ਉਹ ਬੱਚਾ ਕੰਮ ਕਰਨ ਤੇ ਸਿੱਖਣ ਦੇ ਝੂਠੇ ਸਰਟੀਫਿਕੇਟ ਤਿਆਰ ਕਰਦਾ ਹੈ। ਇਹ ਬੋਗਸ ਪੇਪਰ ਚੋਖੇ ਪੈਸੇ ਖਰਚ ਕਰਕੇ ਤਿਆਰ ਹੁੰਦੇ ਹਨ। ਫਿਰ ਪੜ੍ਹਾਈ ਛੱਡ ਚੁੱਕੇ ਬੱਚੇ ਦਾ ਗੈਪ ਪੀਰੀਅਡ ਲੁਕਾਉਣ ਲਈ ਉਸ ਨੂੰ ਕਿਤੇ ਕੰਮ ਕਰਦਾ ਵਿਖਾਉਣਾ ਪੈਂਦਾ ਹੈ। ਇਥੇ ਵੀ ਦੇ-ਦੁਆ ਕੇ ਕੰਮ ਸਾਰਿਆ ਜਾਂਦਾ ਹੈ।

ਪਿੰਡਾਂ ਦੇ ਬੱਚਿਆਂ ਲਈ ਆਈਲੈਟਸ ਦੀ ਤਿਆਰੀ ਕਰਨੀ ਤੇ ਫਿਰ ਪਾਸ ਕਰਨਾ ਵੱਡੀ ਸਿਰਦਰਦੀ ਮੰਨੀ ਜਾਂਦੀ ਹੈ। ਟੈਸਟ ਦੀ ਤਿਆਰੀ 'ਤੇ ਕਿੰਨਾ ਖਰਚਾ ਆਉਣਾ, ਇਹ ਤਾਂ ਬੱਚੇ ਦੀ ਸਮਰੱਥਾ ਅਤੇ ਯੋਗਤਾ 'ਤੇ ਨਿਰਭਰ ਕਰਦਾ। ਪਰ ਆਈਲੈਟਸ ਦੀਆਂ ਕਲਾਸਾਂ ਤੇ ਕਿਤਾਬਾਂ ਆਦਿ 'ਤੇ ਘੱਟੋ-ਘੱਟ ਦਸ ਹਜ਼ਾਰ ਰੁਪਈਆ ਤਾਂ ਲੱਗ ਹੀ ਜਾਂਦਾ ਹੈ। ਪ੍ਰੀਖਿਆ ਫੀਸ ਸੱਤ ਹਜ਼ਾਰ ਦੇ ਕਰੀਬ ਹੈ। ਕਈ ਲੜਕੇ ਤਿੰਨ-ਤਿੰਨ ਵਾਰੀ ਨਾਕਾਮ ਰਹਿੰਦੇ ਹਨ। ਇਕ ਲੜਕੀ ਨੌਵੀਂ ਵਾਰ ਟੈਸਟ ਪਾਸ ਕਰ ਸਕੀ। ਵੀਜ਼ਾ ਲੱਗਣ ਤੋਂ ਬਾਅਦ ਬੱਚੇ ਲਈ ਸ਼ਾਪਿੰਗ ਕੀਤੀ ਜਾਂਦੀ ਹੈ। ਜ਼ਰੂਰੀ ਚੀਜ਼ਾਂ ਨਾਲ ਅਟੈਚੀ ਭਰਿਆ ਜਾਂਦਾ। ਸਾਰਾ ਟੱਬਰ ਲਾਡਲੇ ਨੂੰ ਦਿੱਲੀ ਏਅਰਪੋਰਟ 'ਤੇ ਚੜ੍ਹਾਉਣ ਜਾਂਦਾ ਹੈ। ਗੁਰਦਾਸਪੁਰ-ਕਲਾਨੌਰ ਤੋਂ ਤੁਰੇ ਟੱਬਰ ਦਾ ਦਸ ਹਜ਼ਾਰ ਤਾਂ ਦਿੱਲੀ ਆਉਣ-ਜਾਣ 'ਤੇ ਹੀ ਲੱਗ ਜਾਂਦਾ ਹੈ।

ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਪਰਿਵਾਰ ਨੇ ਅਰਦਾਸਾਂ ਬੇਨਤੀਆਂ ਦਾ ਵੱਖਰਾ ਪ੍ਰਵਾਹ ਚਲਾਇਆ ਹੁੰਦਾ ਹੈ। ਕਿਧਰੇ ਸੁਖਮਨੀ ਸਾਹਿਬ ਦਾ ਪਾਠ, ਕਿਤੇ ਅਖੰਡ ਪਾਠ ਸੁੱਖਿਆ ਹੁੰਦਾ। ਮਾਵਾਂ ਵਿਚਾਰੀਆਂ ਨੰਗੇ ਪੈਰੀਂ ਮੰਦਰ 'ਚ ਮੱਥੇ ਰਗੜਦੀਆਂ ਫਿਰਦੀਆਂ ਹਨ। ਸਾਰੇ ਪਰਿਵਾਰ ਨੇ ਹੱਥਾਂ ਵਿਚ ਗੁਟਕੇ ਫੜ੍ਹੇ ਹੁੰਦੇ ਹਨ। ਓਨਾ ਚਿਰ ਜਾਨ ਮੁੱਠੀ 'ਚ ਆਈ ਰਹਿੰਦੀ ਹੈ, ਜਿੰਨਾ ਚਿਰ ਧੀ-ਪੁੱਤ ਓਧਰ ਅੱਪੜ ਨਹੀਂ ਜਾਂਦਾ।

ਏਨਾ ਕੁਝ ਕਰਕੇ ਗਏ, ਜੁਆਨ ਪੁੱਤਾਂ ਨੂੰ ਵਾਪਸ ਬੁਲਾ ਕੇ ਕਿਹੜੇ ਆਹਰੇ ਲਾਵਾਂਗੇ। ਨਾ ਇਧਰੋਂ ਡਿਗਰੀ ਪੂਰੀ ਕੀਤੀ, ਨਾ ਓਧਰ ਜਾ ਕੇ ਪੂਰੀ ਹੋਈ। ਪੜ੍ਹਾਈ ਵਿਚਾਲੇ ਰਹਿ ਜਾਵੇਗੀ। ਇਥੋਂ ਵਾਲੇ ਸਿਸਟਮ ਨੇ ਵੀ ਨਹੀਂ ਝੱਲਣਾ। ਫਿਰ ਸੁਪਨੇ ਦੀ ਨਿਆਈ ਵੇਖੀ ਉਹ ਡਾਲਰਾਂ ਦੀ ਧਰਤੀ 'ਤੇ ਸਮਰੱਥ ਸਿਸਟਮ, ਸਾਫ-ਸੁਥਰਾ ਰਹਿਤਲ ਛੱਡ ਕੇ ਆ ਕੇ ਉਸ ਨੂੰ ਕਿਵੇਂ ਵਿਸਾਰਣਗੇ। ਨਵੇਂ ਸਿਰਿਓਂ ਜ਼ਿੰਦਗੀ ਵਿੱਢਣੀ ਪਵੇਗੀ। ਸਾਰੇ ਹੀ ਕਾਮਯਾਬ ਨਹੀਂ ਹੋਣਗੇ।

ਹਾਲਾਤ ਨੇ ਪਤਾ ਨਹੀਂ ਕਿਹੋ ਜਿਹਾ ਸਵਾਗਤ ਕਰਨਾ ਹੈ। ਕੀ ਉਨ੍ਹਾਂ ਦੇ ਪੈਰ ਥਿੜਕ ਨਹੀਂ ਜਾਣਗੇ? ਕਰਜ਼ਾਈ ਹੋਏ ਮਾਪੇ ਕਿਵੇਂ ਸੰਭਾਲਣਗੇ ਆਪਣਿਆਂ ਲਾਲਾਂ ਨੂੰ? ਇਕੱਲੇ ਮੇਰੇ ਪੁੱਤਰ ਦੇ ਵਾਪਸ ਆ ਜਾਣ ਨਾਲ ਮੇਰੀ ਚਿੰਤਾ ਘੱਟ ਨਹੀਂ ਜਾਂਦੀ। ਸਰਬੱਤ ਦਾ ਭਲਾ ਮੰਗਣ ਵਾਲਾ ਸਾਰਾ ਹੀ ਪੰਜਾਬ, ਐਸ ਵੇਲੇ ਉਨ੍ਹਾਂ ਬੱਚਿਆਂ ਦੀ ਸੁੱਖ ਮੰਗ ਰਿਹਾ ਹੈ। ਮੈਂ ਨਿਸ਼ਚਿੰਤ ਹਾਂ।



# ਇਕ ਧੀਰਜਵਾਨ, ਚਿੰਤਨਸ਼ੀਲ ਤੇ ਨਿਪੁੰਨ ਅਧਿਆਪਕ ਦਾ ਵਿਛੋੜਾ

ਪਹਿਲੀ ਜੂਨ ਦੀ ਸਵੇਰ, ਫ਼ੋਨ ਦੀ ਘੰਟੀ ਵੱਜੀ। ਫ਼ੋਨ ਨੂੰ ਹੱਥ ਲਾਇਆ ਤਾਂ ਫ਼ੋਨ ਕੱਟ ਗਿਆ। ਡਾ. ਸੱਚਰ ਦਾ ਨਾਂ ਦੇਖਿਆ, ਉਤਸ਼ਾਹ ਭਰੇ ਚਾਅ ਨਾਲ਼ ਕਾਲ ਬੈਕ ਕੀਤੀ। ਪਰ ਡਾ. ਸਾਹਿਬ ਨਹੀਂ ਬੋਲ ਰਹੇ ਸਨ। ਉਤਾਵਲੇ ਹੋ ਕੇ ਡਾ. ਸਾਹਿਬ ਨਾਲ਼ ਗੱਲ ਕਰਾਉਣ ਲਈ ਆਖਿਆ। ਅੱਗਿਉਂ ਜਵਾਬ ਮਿਲ਼ਿਆ, "ਡਾ. ਸਾਹਿਬ ਨਹੀਂ ਰਹੇ, ਕੱਲ੍ਹ ਸ਼ਾਮੀਂ..."। ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਦੀ ਨਾਸਾਜ਼ੀ ਦਾ ਸਭ ਨੂੰ ਪਤਾ ਸੀ, ਪਰ ਇਸ ਤਰ੍ਹਾਂ ਦੀ ਖ਼ਬਰ ਸੁਣਨ ਲਈ, ਕਿਸੇ ਦੇ ਵੀ, ਕੰਨ ਤਿਆਰ ਨਹੀਂ ਸਨ। ਸਿਹਤ ਦੀ ਨਾਸਾਜ਼ੀ ਇਤਨੀ ਬੇਲਿਹਾਜ਼ ਹੋ ਸਕਦੀ ਹੈ, ਇਸਦੀ ਰੱਤੀ ਭਰ ਉਮੀਦ ਨਹੀਂ ਸੀ। ਇਤਨੇ ਬੁਲੰਦ ਹੌਸਲੇ, ਤੰਦਰੁਸਤ ਅਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲ਼ਾ ਵਿਅਕਤੀ ਇਵੇਂ ਕਿਵੇਂ ਜਾ ਸਕਦਾ ਹੈ! ਚੇਤਨਾ ਹੈਰਾਨੀ ਵਿਚ, ਬੀਤ ਚੁਕੇ ਸਮੇਂ ਦੇ ਦ੍ਰਿਸ਼ਾਂ ਵਿਚ ਤਿਲਕ ਗਈ। ਡਾ ਸੱਚਰ ਦੀ ਸ਼ਖ਼ਸੀਅਤ ਦੇ ਹਰੇਕ ਪੱਖ ਦੀ ਪਰਬੀਨਤਾ ਤੇ ਪਰਿਪੂਰਣਤਾ ਦੇ ਤੇਜ ਤਰਾਰ, ਵਿਅੰਗ ਭਰਪੂਰ, ਮਨੋਰੰਜਕ ਕਿੱਸੇ, ਧੁਰ ਅੰਦਰੋਂ ਸਿਖਿਆਦਾਇਕ ਗੱਲਾਂ, ਉਮਾਹੂ ਦਲੇਰਾਨਾ ਉਦਮ, ਫ਼ੈਸਲੇ ਅਤੇ ਕਾਰਜ ਕਿਸੇ ਸੀਰੀਅਲ ਦੀ ਤਰਾਂ ਅੱਖਾਂ ਅੱਗੇ ਘੁੰਮਣ ਲੱਗੇ।

ਪ੍ਰੋ. ਅਵਤਾਰ ਸਿੰਘ


ਇਕ ਅਧਿਆਪਕ ਦੀ ਹੈਸੀਅਤ ਵਿਚ ਉਹ "ਬੁਧ ਸੋ ਦੀਪਕ ਜਿਉਂ ਉਜਿਆਰੋ" ਦੀ ਪ੍ਰਤੱਖ ਅਤੇ ਸਜੀਵ ਮੂਰਤ ਸਨ। ਉਨ੍ਹਾਂ ਦੇ ਤਮਾਮ ਵਿਦਿਆਰਥੀ ਨਿਰਸੰਕੋਚ ਇਸ ਗੱਲ ਦੀ ਗਵਾਹੀ ਭਰਦੇ ਸਨ, ਕਿ ਉਹ ਹਰ ਕਿਸਮ ਦੇ ਜਜ਼ਬਾਤੀ ਪੱਖਪਾਤ ਅਤੇ ਬੇਸਮਝੀ 'ਚੋਂ ਉਪਜੇ ਅੱਲ੍ਹੜ, ਨਾਵਾਜਬ ਅਤੇ ਘਾਤਕ ਵਿਚਾਰਾਂ ਦੇ ਕਚਰੇ ਦੀ ਸਫ਼ਾਈ ਕਰਨ ਹਿਤ ਆਪਣੇ ਮਸਤਕ ਦੀ "ਗਿਆਨ ਕੀ ਬਢਨੀ" ਨੂੰ ਹਮੇਸ਼ਾ ਸਾਣ 'ਤੇ ਲਾ ਕੇ ਰੱਖਦੇ ਸਨ। ਉਨ੍ਹਾਂ ਦੀ ਇਹ "ਗਿਆਨ ਕੀ ਬਢਨੀ" ਵੀ ਕਿਸੇ ਅਜੀਬ ਧਾਤ ਦੀ ਬਣੀ ਹੋਈ ਸੀ, ਜੋ ਕਠੋਰ ਨਹੀਂ ਸੀ ਪਰ ਲਿਫ਼ਦੀ ਵੀ ਨਹੀਂ ਸੀ। ਉਨ੍ਹਾਂ ਨੂੰ ਕਦੀ ਵੀ ਕਿਸੇ ਨੇ ਅਵੇਸਲ਼ੇ ਨਹੀਂ ਸੀ ਦੇਖਿਆ। ਉਨ੍ਹਾਂ ਦੇ ਭੱਥੇ ਵਿਚੋਂ ਵਿਅੰਗ ਤੀਰ ਕਦੀ ਮੁਕਦੇ ਨਹੀਂ ਸਨ। ਅਜਿਹੇ ਵਾਰ ਕਰਦੇ, ਜੋ ਤਲਕੀਫ਼ ਨਹੀਂ ਸਗੋਂ ਅਰਾਮ ਦਿੰਦੇ ਸਨ। ਜਿਵੇਂ ਕੋਈ ਸਿਆਣਾ ਸ਼ਫ਼ਾਕਾਰ ਤੇਜ ਨਸ਼ਤਰ ਨਾਲ਼ ਕਿਸੇ ਡੂੰਘੇ ਜ਼ਖ਼ਮ ਦੀ ਗੰਦਗੀ, ਸੂਖਮਤਾ ਨਾਲ਼ ਜੜ੍ਹੋਂ ਪੁਟ ਕੇ ਬਾਹਰ ਸੁਟ ਦੇਵੇ, ਜਿਸ ਦਾ ਨਾਮੋ ਨਿਸ਼ਾਨ ਵੀ ਨਜ਼ਰ ਨਾ ਆਉਂਦਾ।

ਸਮਝ ਦੇ ਕਿਸੇ ਵੀ ਚੌਖਟੇ ਵਿਚ ਉਹ ਆਪਣੀ ਥਾਂ ਬਣਾ ਲੈਂਦੇ ਸਨ। ਉਨ੍ਹਾਂ ਦੇ ਭਾਣੇ ਕੋਈ ਨਾਲਾਇਕ ਨਹੀਂ ਸੀ। ਉਨ੍ਹਾਂ ਦਾ ਖ਼ਿਆਲ ਸੀ ਕਿ ਜਜ਼ਬਾਤੀ ਉਪ-ਭਾਵਕਤਾ ਕਾਰਣ ਸਮਝ ਦੇ ਬਾਹਰੀ ਘੇਰੇ ਕਠੋਰਤਾ ਪਕੜ ਲੈਂਦੇ ਹਨ, ਜਾਂ ਅਧੂਰੀ ਜਾਣਕਾਰੀ ਪਾਰਦਰਸ਼ੀ ਮਸਤਕ ਅੱਗੇ ਇਕ ਪਰਦਾ ਤਾਣ ਦਿੰਦੀ ਹੈ। ਇਸ ਕਠੋਰਤਾ ਅਤੇ ਪਰਦੇ ਨੂੰ ਹੀ ਨਾਲਾਇਕੀ ਸਮਝ ਲਿਆ ਜਾਂਦਾ ਹੈ। ਉਹ ਹਰ ਕਿਸੇ ਦੀ ਨਾਮੁਕੰਮਲ ਜਾਣਕਾਰੀ ਨੂੰ ਸੰਪੰਨਤਾ ਬਖ਼ਸ਼ ਦਿੰਦੇ ਸਨ ਅਤੇ ਕਿਸੇ ਦੀ ਭਾਵਕਤਾ ਜਾਂ ਉਪ ਭਾਵਕਤਾ ਦੇ ਕਾਰਣਾਂ ਦੀ ਵਾਜਬ ਦਾਦ ਦੇ ਕੇ ਹਰ ਪ੍ਰਕਾਰ ਦੀ ਕਠੋਰਤਾ ਵਿਚ ਲਚਕ ਪੈਦਾ ਕਰ ਲੈਂਦੇ ਸਨ।

ਉਹ ਲਚਕਪਸੰਦ ਨਿੱਗਰ ਅਧਿਆਪਕ ਸਨ ਅਤੇ ਲਚਕੀਲੇਪਣ 'ਤੇ ਬੜੀ ਕਠੋਰਤਾ ਨਾਲ਼ ਪਹਿਰਾ ਦਿੰਦੇ ਸਨ। ਡਾ. ਇਕਬਾਲ ਦੇ ਕਲਮਬੰਦ ਭਰਤਰੀ ਹਰੀ ਜੀ ਦੇ ਖ਼ਿਆਲ ਦਾ ਇਕ ਪਹਿਲੂ ਹਮੇਸ਼ਾ ਉਨ੍ਹਾਂ ਦੀ ਜ਼ੁਬਾਨ 'ਤੇ ਰਹਿੰਦਾ ਸੀ – "ਫੂਲ ਕੀ ਪੱਤੀ ਕੱਟ ਸਕਤੀ ਹੈ ਹੀਰੇ ਕਾ ਜਿਗਰ"। ਇਸ ਦੇ ਦੂਸਰੇ ਹਿਸੇ "ਮਰਦਿ ਨਾਦਾਂ ਪਰ ਕਲਾਮਿ ਨਰਮੋ ਨਾਜ਼ੁਕ ਬੇਅਸਰ" ਨੂੰ ਉਹ ਵਧੇਰੇ ਮਾਨਤਾ ਨਹੀਂ ਸਨ ਦਿੰਦੇ। ਉਨ੍ਹਾਂ ਦੇ ਅੰਦਰਲਾ ਅਧਿਆਪਕ ਕਦੀ ਕਾਹਲ ਵਿਚ ਨਹੀਂ ਸੀ ਹੁੰਦਾ। ਉਨ੍ਹਾਂ ਦੇ ਠਰੰਮੇਂ ਸਾਹਮਣੇ ਵਿਦਿਆਰਥੀ ਕਾਹਲ਼ੇ ਪੈ ਜਾਂਦੇ ਸਨ। ਅਨਾਲੋਜੀ ਤੇ ਸਿਮਲੀ ਦੇ ਪੁੱਜ ਕੇ ਮਾਹਰ ਸਨ। ਜਿਸ ਨੁਕਤੇ ਨੂੰ ਗ੍ਰਹਿਣ ਕਰਨ ਵਿਚ ਵਿਦਿਆਰਥੀ ਰਤਾ ਕੁ ਔਖ ਮਹਿਸੂਸ ਕਰਦੇ, ਉਹ ਉਦਾਹਰਣਾਂ ਦੇ ਅੰਬਾਰ ਲਗਾ ਦਿੰਦੇ। ਕਿਸੇ ਦੀ ਤਾਂ ਇਕ ਪਾਸੇ ਰਹੀ, ਉਨ੍ਹਾਂ ਕਦੀ ਆਪ ਵਰਤੀ ਹੋਈ ਉਦਾਹਰਣ ਦੁਬਾਰਾ ਇਸਤੇਮਾਲ ਨਹੀਂ ਸੀ ਕੀਤੀ।

ਆਪਣੇ ਨਿਜ 'ਤੇ ਉਨ੍ਹਾਂ ਇਸ ਤਰਾਂ ਕਾਬੂ ਪਾਇਆ ਹੋਇਆ ਸੀ, ਕਿ ਨਾ ਹੀ ਕਦੀ ਇਸ ਤਰਾਂ ਮਹਿਸੂਸ ਹੁੰਦਾ ਸੀ, ਕਿ ਉਨ੍ਹਾਂ ਨੇ, ਆਪਣੇ ਅਤੇ ਵਿਦਿਆਰਥੀਆਂ ਦਰਮਿਆਨ ਕਿਸੇ ਪ੍ਰਕਾਰ ਦਾ ਉਹਲਾ ਰੱਖਿਆ ਹੋਇਆ ਹੈ ਅਤੇ ਨਾ ਹੀ ਉਨ੍ਹਾਂ ਦੇ ਨਿਜੀ ਦੁਖ ਸੁਖ ਜਾਂ ਹਾਲਾਤ ਉਨ੍ਹਾਂ ਦੇ ਵਿਸ਼ਲੇਸ਼ਣ ਨੂੰ ਪ੍ਰਭਾਵਤ ਕਰਦੇ ਸਨ। ਹਾਂ, ਉਦਾਹਰਣਾਂ 'ਚੋਂ ਹੱਡਬੀਤੀ ਦੀਆਂ ਝਲਕਾਂ ਜ਼ਰੂਰ ਮਿਲ਼ ਜਾਂਦੀਆਂ ਸਨ, ਜੋ ਇਤਨੀਆਂ ਅਸਰਦਾਇਕ, ਅਰਥ ਭਰਪੂਰ ਅਤੇ ਜੀਵਨ ਦੇ ਸੰਘਣੇ, ਤਿਖੇ ਅਤੇ ਨਿਘੇ ਅਹਿਸਾਸ ਨਾਲ਼ ਭਰੀਆਂ ਭਕੁੰਨੀਆਂ ਹੁੰਦੀਆਂ ਸਨ, ਕਿ ਉਨ੍ਹਾਂ 'ਤੇ ਹੀ ਵਾਰੇ ਵਾਰੇ ਜਾਣ ਨੂੰ ਜੀ ਕਰਦਾ ਰਹਿੰਦਾ ਸੀ। ਉਨ੍ਹਾਂ ਨਾਲ਼ ਗੱਲਾਂ ਕਰਦਿਆਂ ਮੁਕੰਮਲ ਤੌਰ ਪਰ ਚੇਤੰਨ ਰਹਿਣਾ ਪੈਂਦਾ ਸੀ। ਉਹ ਇਕੋ ਨੁਕਤੇ ਦੇ ਸਿਲਸਿਲੇ ਵਿਚ ਇਤਿਹਾਸ ਦੇ, ਪਤਾ ਨਹੀਂ ਕਿਹੜੇ ਕਿਹੜੇ ਦੌਰ 'ਚੋਂ ਗੁਜ਼ਰ ਜਾਂਦੇ ਸਨ, ਕਿ ਰੱਤੀ ਭਰ ਦੇ ਅਵੇਸਲ਼ੇਪਨ ਕਰਕੇ ਸੁਣਨ ਵਾਲ਼ੇ ਕੋਲ਼ੋਂ ਖ਼ਿਆਲ ਦੀ ਤੰਦ ਛੁਟ ਜਾਂਦੀ ਸੀ।

ਉਨ੍ਹਾਂ ਦੀ ਹਸਤੀ ਦੀ ਕੋਈ ਥਾਹ ਨਹੀਂ ਸੀ ਪੈਂਦੀ; ਕਦੀ ਉਹ ਇਤਿਹਾਸਕਾਰ ਪ੍ਰਤੀਤ ਹੁੰਦੇ, ਕਦੀ ਸਮਾਜ ਸ਼ਾਸਤਰੀ, ਕਦੀ ਸਮਾਜ ਸੇਵਕ,



ਪ੍ਰੋ. ਹਰਦੇਵ ਸਿੰਘ ਸੱਚਰ

ਕਦੀ ਨੀਤੀਵੇਤਾ ਤੇ ਕਦੀ ਭਾਸ਼ਾ ਵਿਗਿਆਨੀ। ਸਹਿਜ ਸੁਭਾ ਗੱਲਾਂ 'ਚ ਵਿਅਸਤ ਕਦੀ ਰਿਸ਼ੀ ਜਾਪਦੇ, ਕਦੀ ਚਿੰਤਕ ਤੇ ਕਦੀ ਗਰੀਕ ਫ਼ਿਲਾਸਫ਼ਰ। ਅਨੇਕ ਵਿਦਿਆਵਾਂ, ਗਿਆਨ ਧਿਆਨ ਉਨ੍ਹਾਂ ਦੇ ਮਸਤਕ ਦੀ ਸ਼ਾਨ ਸਨ। ਉਨਾਂ ਦੀ ਸ਼ਖ਼ਸੀਅਤ ਦੇ ਹਰੇਕ ਪਹਿਲੂ ਵਿਚ ਕਾਵਿਕਤਾ ਡੁੱਲ੍ਹ ਡੁੱਲ੍ਹ ਪੈਂਦੀ ਸੀ। ਵਕਤ ਦੀ ਨਜ਼ਾਕਤ ਦਾ ਅਹਿਸਾਸ ਤੇ ਹਾਜ਼ਰ ਜਵਾਬੀ ਵਿਚ ਉਨ੍ਹਾਂ ਦਾ ਕੋਈ ਤੋੜ ਨਹੀਂ ਸੀ। ਮੌਕਾਪ੍ਰਸਤ ਨਹੀ, ਮੌਕਾਸ਼ਨਾਸ ਸਨ। ਉਹ ਜਾਣਦੇ ਸਨ ਕਿਹੜੀ ਗੱਲ ਕਦੋਂ, ਕਿਥੇ, ਕਿਉਂ ਅਤੇ ਕਿਵੇਂ ਕਹਿਣੀ ਹੈ। ਉਹ ਅਕਸਰ ਕਹਿੰਦੇ ਸਨ ਕਿ ਸਿਲੇਬਸ ਸਿਰਫ਼ ਵਿਦਿਆਰਥੀਆਂ ਲਈ ਹੁੰਦਾ ਹੈ। ਆਪਣੇ ਲਈ ਤਾਂ ਉਹ ਸਿਲੇਬਸ ਨੂੰ ਇਕ ਝਰੋਖੇ ਦੀ ਨਿਆਈਂ ਮੰਨਦੇ ਸਨ, ਜਿਸ ਵਿਚੋਂ ਅਧਿਆਪਕ ਨੇ ਵਿਦਿਆਰਥੀ ਨੂੰ ਕੁਲ ਕਾਇਨਾਤ ਦਾ ਦੀਦਾਰ ਕਰਵਾਉਣਾ ਹੁੰਦਾ ਹੈ। ਉਹ ਵਿਦਿਆਰਥੀਆਂ ਦੇ ਜ਼ਿਹਨ ਨੂੰ ਜਾਣਕਾਰੀਆਂ ਨਾਲ਼ ਬੋਝਲ਼ ਨਹੀਂ ਸਨ ਕਰਦੇ ਅਤੇ ਨਾ ਹੀ ਯਾਦਾਸ਼ਤ ਦੀ ਪ੍ਰੀਖਿਆ ਲੈਂਦੇ ਸਨ। ਉਹ ਸਿਰਫ਼ ਦ੍ਰਿਸ਼ਟੀ 'ਤੇ ਜ਼ੋਰ ਦਿੰਦੇ ਸਨ, ਜਿਸ ਨਾਲ਼ ਵਿਦਿਆਰਥੀ ਆਪ ਅੱਗੋਂ ਚੀਜ਼ਾਂ ਨੂੰ ਘੋਖਣ ਲਗਦੇ ਸਨ।

ਡਾ. ਸੱਚਰ ਦੀ ਹਸਤੀ ਦਾ ਜ਼ੱਰਾ ਜ਼ੱਰਾ ਅਧਿਆਪਕ ਸੀ। ਜਿਥੋਂ ਮਰਜ਼ੀ ਛੇੜ ਲਉ, ਉਨ੍ਹਾਂ ਵਿਚੋਂ ਇਕ ਅਧਿਆਪਕ ਹੀ ਬੋਲਦਾ ਸੀ। ਉਨ੍ਹਾਂ ਜਿਹਾ ਕੁਲਵਕਤੀ ਅਧਿਆਪਕ ਹੋਣਾ ਅਸੰਭਵ ਦੇ ਸਮਾਨ ਹੈ। ਉਹ ਕਦੀ, ਕਿਸੇ ਵੀ ਤਰ੍ਹਾਂ ਦੀ, ਸ਼ਿਕਾਇਤ ਨਹੀਂ ਸਨ ਕਰਦੇ। ਗਰਮੀ, ਸਰਦੀ, ਔੜ, ਬਰਸਾਤ, ਬਸੰਤ ਅਤੇ ਪੱਤਝੜ ਦੇ ਮੌਸਮਾਂ ਵਿਚ ਹਮੇਸ਼ਾਂ ਇਕ ਰਸ ਅਤੇ ਤਾਜ਼ਾ ਤਰੀਨ ਰਹਿੰਦੇ ਸਨ। ਉਨ੍ਹਾਂ ਨੂੰ ਕਿਸੇ ਨੇ ਕਦੀ ਮਹਿੰਗਾਈ ਦੇ ਰੋਣੇ ਰੋਂਦੇ ਨਹੀਂ ਸੀ ਦੇਖਿਆ। ਸਿਹਤ ਪੱਖੋਂ ਚੇਤੰਨ ਰਹਿੰਦੇ ਸਨ। ਪਰ ਫ਼ਿਕਰ ਨਹੀਂ ਸੀ ਕਰਦੇ। ਖਾਂਸੀ, ਨਜ਼ਲੇ, ਜ਼ੁਕਾਮ ਜਾਂ ਸਿਰਦਰਦ ਨੂੰ ਉਹ ਬਿਮਾਰੀ ਨਹੀਂ ਸਨ ਸਮਝਦੇ। ਬਿਮਾਰੀਆਂ ਵੀ ਉਨ੍ਹਾਂ ਦੇ ਬੁਲੰਦ ਹੌਸਲੇ ਤੇ ਚੜ੍ਹਦੀ ਕਲਾ ਦੇ ਨੇੜੇ ਜਾਣੋਂ ਡਰਦੀਆਂ ਸਨ। ਡਾ. ਸਾਹਿਬ ਬੇਪ੍ਰਵਾਹ ਸਨ ਲਾਪ੍ਰਵਾਹ ਨਹੀਂ।

ਉਹ ਕਾਇਨਾਤੀ ਕਾਵਿਕਤਾ ਦੇ ਕਾਇਲ ਸਨ। ਧਰਤੀ ਮਾਂ ਦੇ ਹੋਣਹਾਰ ਸਪੂਤ, ਦੇਸ਼ ਦੇ ਅੱਛੇ ਨਾਗਰਿਕ, ਪੰਜਾਬ ਦੇ ਖ਼ੈਰਖ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਾਸ਼ਕ ਤੇ ਪੰਥ ਦੇ ਸਦਾ ਜਾਗਦੇ ਸਿਪਾਹੀ ਸਨ। ਉਨ੍ਹਾਂ ਦੇ ਚਿੰਤਨ ਵਿਚ ਸਿੱਖਾਂ ਦੇ ਸਮਾਜੀ ਤੇ ਰਾਜਸੀ ਸਰੋਕਾਰਾਂ ਨੂੰ ਪ੍ਰਾਥਮਿਕਤਾ ਹਾਸਲ ਸੀ। ਉਹ, ਪ੍ਰੋ. ਪੂਰਨ ਸਿੰਘ ਦੀ ਤਰ੍ਹਾਂ, ਪੰਜਾਬ ਨੂੰ ਹਮੇਸ਼ਾਂ ਗੁਰਾਂ ਦੇ ਨਾਂ 'ਤੇ ਵਸਦਾ ਰਸਦਾ ਦੇਖਣ ਦੇ ਚਾਹਵਾਨ ਸਨ। ਆਪਣੇ ਪਰਿਵਾਰ ਵਿਚ ਉਹ ਕਦੀ ਹੁਕਮ ਨਹੀਂ ਸੀ ਚਲਾਉਂਦੇ। ਦਰਅਸਲ ਹੁਕਮ ਦੇ ਲਹਿਜ਼ੇ ਨੂੰ ਉਨ੍ਹਾਂ ਦੇ ਪਰਿਵਾਰ ਵਿਚ ਕੋਈ ਥਾਂ ਨਹੀਂ ਸੀ। ਇਸ਼ਾਰੇ ਸਨ ਤੇ ਰਮਜ਼ਾਂ। ਮੈਡਮ ਨੂੰ ਮਿਲ਼ਿਆਂ ਸਾਨੂੰ ਕਦੀ ਨਹੀਂ ਸੀ ਲਗਦਾ ਕਿ ਇਹ ਸਾਡੀ ਮਾਂ ਨਹੀਂ ਹੈ। ਮੰਨਿਆ ਜਾਂਦਾ ਹੈ ਕਿ ਵਿਅਕਤੀ ਪੂਰਾ ਹੋ ਕੇ ਹੀ ਪੂਰਾ ਹੁੰਦਾ ਹੈ। ਪਰ ਡਾ. ਸਾਹਿਬ ਨੂੰ ਉਨ੍ਹਾਂ ਮਹਾਂਪੁਰਖਾਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ ਜੋ ਪੂਰੇ ਹੋਣ 'ਤੋਂ ਪਹਿਲਾਂ ਵੀ ਪੂਰੇ ਸਨ।

ਉਨ੍ਹਾਂ ਦੀ ਕਾਵਿ ਪੁਸਤਕ ਚਿਣਗਾਂ, ਹਰ ਪ੍ਰਕਾਰ ਦੇ ਨਫ਼ਸਿਆਤੀ ਜ਼ਬਤ ਵਿਚ ਰਹਿੰਦੇ ਹੋਏ ਵੀ, ਪਾਠਕ ਦੀ ਰੂਹ ਅਤੇ ਰਗ਼ੋ ਰੇਸ਼ੇ ਅੰਦਰ ਮਤਾਬੀ ਫੁਲਝੜੀਆਂ ਜਹੇ ਮਚਦੇ ਦ੍ਰਿਸ਼, ਭਖ਼ਦੇ ਅਹਿਸਾਸ ਅਤੇ ਦੌੜਦੇ ਹੋਏ ਖ਼ਿਆਲ ਸਿਰਜ ਦਿੰਦੀ ਹੈ, ਜਿਸ ਦੀ ਦਾਦ ਲਈ ਅਲਫ਼ਾਜ਼ ਹਾਰ ਗਏ ਪ੍ਰਤੀਤ ਹੁੰਦੇ ਹਨ। ਫਿਰ ਇਕੋ ਸ਼ਬਦ ਉਚਾਰੀ ਜਾਣ ਨੂੰ ਜੀ ਕਰਦਾ ਹੈ, "ਵਾਹ!!!"

ਕਈ ਸਮਝਦੇ ਸਨ ਕਿ ਅਧਿਆਪਕ ਬਣਨ ਤੋਂ ਬਾਦ ਉਨ੍ਹਾਂ ਲਿਖਣਾ ਛੱਡ ਦਿੱਤਾ ਸੀ। ਦਰਅਸਲ ਆਪਣੇ ਤੇ ਵਿਦਿਆਰਥੀਆਂ ਦਰਮਿਆਨ ਉਹ ਕਿਸੇ ਤੀਸਰੀ ਚੀਜ਼ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਆਪਣੇ ਮਸਤਕ ਦੀ ਇਬਾਰਤ ਵਿਦਿਆਰਥੀ ਦੇ ਹਿਰਦੇ ਵਿਚ ਸਿਧੀ ਉਕਰ ਦਿੰਦੇ ਸਨ। ਡਾ. ਸਾਹਿਬ ਦੇ ਤਮਾਮ ਵਿਦਿਆਰਥੀ, ਇਕ ਅਮਿੱਟ ਛਾਪ ਦੇ ਰੂਪ ਵਿਚ, ਉਨ੍ਹਾਂ ਦੀਆਂ, ਤੁਰਦੀਆਂ ਫਿਰਦੀਆਂ, ਮੂਹੋਂ ਬੋਲਦੀਆਂ ਪੁਸਤਕਾਂ ਹੀ ਤਾਂ ਹਨ। ਡਾ. ਸਾਹਿਬ ਦਾ ਪੂਰਾ ਨਾਂ ਹਰਦੇਵ ਸਿੰਘ ਸੱਚਰ ਸੀ। ਉਨ੍ਹਾਂ ਦਾ ਜਨਮ 3 ਮਾਰਚ 1934 ਨੂੰ ਪਾਕਿਸਤਾਨ ਦੇ ਜ਼ਿਲਾ ਜੇਹਲਮ ਦੇ ਇਕ ਪਿੰਡ ਗੁੱਝਾ ਉਤਮ ਸਿੰਘ ਵਿਚ ਹੋਇਆ ਸੀ। 1947 ਦੀ ਮਾਰਧਾੜ ਤੇ ਵੰਡ ਸਮੇਂ ਉਨ੍ਹਾਂ ਦੇ ਪਿਤਾ ਭਾਈ ਦੁਰਲਭ ਸਿੰਘ ਜੀ ਆਪਣੇ ਵੱਡੇ ਪਰਿਵਾਰ ਨੂੰ ਲੈ ਕੇ, ਇਧਰਲੇ ਪੰਜਾਬ ਵਿਚ, ਫ਼ਿਰੋਜ਼ਪੁਰ ਵਿਖੇ ਆ ਟਿਕੇ ਸਨ। ਕੋਈ ਦੋ ਮਹੀਨੇ

## ਉਸਤਾਦ ਦਾ ਵਿਛੋੜਾ

ਬਾਦ, ਕੰਮ ਕਾਰ ਦੀ ਭਾਲ ਵਿਚ, ਲੁਧਿਆਣੇ ਆਣ ਵਸੇ। ਵੱਡੇ ਹੋਏ, ਪੰਜਾਬ ਯੂਨੀਵਰਸਿਟੀ ਵਿਚ ਐਮ. ਏ. ਕੀਤੀ। ਫਿਰ ਫ਼ੈਲੋਸ਼ਿਪ ਤਹਿਤ ਪੀ ਐਚ ਡੀ ਕੀਤੀ ਤੇ ਇਥੇ ਹੀ ਅਧਿਆਪਕ ਲੱਗੇ। ਇਥੋਂ ਹੀ ਸੇਵਾ ਨਵਿਰਤ ਹੋਏ। ਉਨ੍ਹਾਂ ਦੇ ਹਜ਼ਾਰਾਂ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿਚ ਫੈਲੇ ਹੋਏ ਹਨ। ਸੈਂਕੜੇ ਵਿਦਿਆਰਥੀ ਪੰਜਾਬ, ਚੰਡੀਗੜ੍ਹ, ਹਰਿਆਣਾ, ਰਾਜਸਥਾਨ, ਦਿੱਲੀ ਅਤੇ ਜੰਮੂ ਦੇ ਸਕੂਲਾਂ, ਕਾਲਜਾਂ ਵਿਚ ਅਧਿਆਪਕ ਲੱਗੇ ਹੋਏ ਹਨ। ਦਰਜਣਾਂ ਵਿਦਿਆਰਥੀ ਵੱਖ ਵੱਖ ਅਖ਼ਬਾਰਾਂ, ਰਸਾਲਿਆਂ ਵਿਚ ਆਪਣੀ ਲੇਖਣੀ ਰਾਹੀਂ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕਰ ਰਹੇ ਹਨ।

ਉਨ੍ਹਾਂ ਦੇ ਵਿਛੋੜੇ 'ਤੇ ਉਨ੍ਹਾਂ ਦੇ ਹਮਖ਼ਿਆਲ, ਹਮਰਕਾਬ, ਪ੍ਰਸ਼ੰਸਕ, ਸੱਜਣ ਮਿਤਰ, ਅਤੇ ਵਿਦਿਆਰਥੀ ਓਸ ਪਰਮਪਿਤਾ ਪਰਮਾਤਮਾ ਅੱਗੇ ਨਤਮਸਤਕ ਹਨ ਕਿ ਉਹ ਡਾ. ਸਾਹਿਬ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਅਰਾਮ ਬਖ਼ਸ਼ੇ।


"ਸੱਜਣ ਸਾਡੇ ਪ੍ਰਦੇਸ ਸਿਧਾਣੇ,
ਅਸੀਂ ਵਿਦਿਆ ਕਰਕੇ ਤੁਰੀਆਂ।"

# ਆਇਫਾ 'ਚ ਜੋਧਾ ਅਕਬਰ ਨੂੰ 10 ਟਰਾਫੀਆਂ

**ਮਕਾਊ :** ਬਾਲੀਵੁੱਡ ਡਾਇਰੈਕਟਰ ਆਸ਼ੂਤੋਸ਼ ਗੋਵਾਰੀਕਰ ਦੀ ਇਤਿਹਾਸਕ ਪ੍ਰੇਮ ਮਹਾਂਕਾਵਿਕ ਫਿਲਮ-ਜੋਧਾ ਅਕਬਰ ਨੇ ਦਸਵੇਂ ਆਇਫਾ 'ਚ ਹੂੰਝਾ ਫੇਰ ਦਿੱਤਾ। ਫਿਲਮ ਨੇ ਕੁੱਲ 10 ਟਰਾਫੀਆਂ ਜਿੱਤੀਆਂ ਹਨ। ਰਿਤਿਕ ਰੌਸ਼ਨ ਨੂੰ ਫਿਲਮ ਲਈ 'ਬੈਸਟ ਐਕਟਰ', ਗੋਵਾਰੀਕਰ ਨੂੰ 'ਬੈਸਟ ਡਾਇਰੈਕਟਰ' ਦਾ ਪੁਰਸਕਾਰ ਮਿਲਿਆ ਹੈ। ਇਹ 'ਬੈਸਟ ਫਿਲਮ' ਵੀ ਐਲਾਨੀ ਗਈ ਹੈ। 'ਬੈਸਟ ਐਕਟਰੈਸ' ਦਾ ਪੁਰਸਕਾਰ ਐਸ਼ਵਰਿਆ ਦੀ ਬਜਾਏ ਮਧੁਰ ਭੰਡਾਰਕਰ ਦੀ ਫਿਲਮ 'ਫੈਸ਼ਨ' ਦੀ ਨਾਇਕਾ ਪ੍ਰਿਅੰਕਾ ਚੋਪੜਾ ਲੈ ਗਈ। 'ਜੋਧਾ ਅਕਬਰ' ਲਈ ਏ.ਆਰ. ਰਹਿਮਾਨ ਨੂੰ ਬੈਸਟ ਮਿਊਜ਼ਿਕ ਡਾਇਰੈਕਟਰ, ਜਾਵੇਦ ਅਖਤਰ ਨੂੰ 'ਜਸ਼ਨ-ਏ-ਬਹਾਰਾ' ਲਈ ਸਰਵੋਤਮ ਗੀਤਕਾਰ ਤੇ ਜਾਵੇਦ ਅਲੀ ਨੂੰ ਇਸੇ ਗੀਤ ਲਈ ਸਰਵੋਤਮ ਪਿੱਠਵਰਤੀ ਗਾਇਕ ਦਾ ਰੁਤਬਾ ਹਾਸਲ ਹੋਇਆ ਹੈ।

ਜੋਧਾ ਅਕਬਰ, ਤਕਨੀਕੀ ਮੁਹਾਰਤ ਦੇ ਪੰਜ ਪੁਰਸਕਾਰ ਵੀ ਲੈ ਗਈ ਹੈ। ਪਹਿਰਾਵੇ ਲਈ ਨੀਤਾ ਲੂਲਾ, ਸੰਪਾਦਨ ਲਈ ਬਾਲੂ ਸਲੂਜਾ, ਕਲਾ ਨਿਰਦੇਸ਼ਨ ਲਈ ਨਿਤਿਨ ਚੰਦਰਕਾਂਤ ਦੇਸਾਈ ਤੇ ਮੇਕਅੱਪ ਲਈ ਮਾਧਵ ਕਦਮ ਨੂੰ ਸਰਵੋਤਮ ਪੁਰਸਕਾਰ ਮਿਲੇ। ਅਰਜੁਨ ਰਾਮਪਾਲ ਨੂੰ 'ਰੌਕ ਆਨ' 'ਚ ਸਰਵੋਤਮ ਸਹਾਇਕ ਐਕਟਰ ਦੀ ਟਰਾਫੀ ਮਿਲੀ। ਕੰਗਨਾ ਰਣਾਵਤ ਨੂੰ 'ਫੈਸ਼ਨ' ਲਈ ਸਰਵੋਤਮ ਸਹਾਇਕ ਅਦਾਕਾਰਾ ਟਰਾਫੀ ਤੇ ਅਕਸ਼ੈ ਖੰਨਾ ਨੂੰ 'ਰੇਸ' ਦੇ ਸਰਵੋਤਮ ਖਲਨਾਇਕ ਲਈ ਟਰਾਫੀ ਮਿਲੀ।

ਕਰਨ ਜੌਹਰ ਦੀ ਫਿਲਮ 'ਦੋਸਤਾਨਾ' 'ਚ ਸਮਲਿੰਗੀ ਦੀ ਭੂਮਿਕਾ ਲਈ ਅਭਿਸ਼ੇਕ ਬੱਚਨ ਨੂੰ ਸਰਵੋਤਮ ਕਾਮੇਡੀ ਐਕਟਰ ਪੁਰਸਕਾਰ ਮਿਲਿਆ। 'ਗਜਨੀ' ਲਈ ਅਸਿਨ ਨੂੰ ਸਰਵੋਤਮ ਪਹਿਲੀ ਭੂਮਿਕਾ ਦਾ ਅਤੇ ਫਰਹਾਨ ਅਖਤਰ ਨੂੰ ਇਹੀ ਪੁਰਸਕਾਰ 'ਰੌਕ ਔਨ' ਲਈ ਮਿਲਿਆ। ਐਤਕੀਂ ਦਹਾਕੇ ਦੇ ਪੁਰਸਕਾਰ ਵੀ ਪਹਿਲੀ ਵਾਰ ਦਿੱਤੇ ਗਏ। ਐਸ਼ਵਰਿਆ ਰਾਏ ਤੇ ਸ਼ਾਹਰੁਖ ਖਾਨ ਨੂੰ 'ਦਹਾਕੇ ਦੇ ਕਲਾਕਾਰ' ਐਲਾਨਿਆ ਗਿਆ। ਸਾਬਕਾ ਵਿਸ਼ਵ ਸੁੰਦਰੀ ਨੂੰ 'ਆਊਟ ਸਟੈਂਡਿੰਗ



ਰਿਤਿਕ ਰੋਸ਼ਨ ਐਵਾਰਡਾਂ ਨਾਲ

ਅਚੀਵਮੈਂਟ ਬਾਏ ਇੰਡੀਅਨ ਇਨ ਇੰਟਰਨੈਸ਼ਨਲ ਸਿਨੇਮਾ' ਐਵਾਰਡ ਵੀ ਦਿੱਤਾ ਗਿਆ।

ਲਗਾਨ ਨੂੰ 'ਦਹਾਕੇ ਦੀ ਸਰਵੋਤਮ ਫਿਲਮ' ਤੇ ਰਾਕੇਸ਼ ਰੌਸ਼ਨ ਨੂੰ 'ਦਹਾਕੇ ਦਾ ਸਰਵੋਤਮ ਡਾਇਰੈਕਟਰ' ਟਰਾਫੀਆਂ ਮਿਲੀਆਂ। ਵਾਤਾਵਰਣ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਦਿਆਂ, ਐਕਟਰ ਰਾਹੁਲ ਬੋਸ ਨੂੰ ਵਿਸ਼ੇਸ਼ ਪੁਰਸਕਾਰ ਦਿੱਤਾ ਗਿਆ।

ਸਿਤਾਰਿਆਂ ਦੀ ਚਮਕ ਦਮਕ ਵਾਲੇ ਇਸ ਵਿਲੱਖਣ ਪ੍ਰੋਗਰਾਮ ਦੌਰਾਨ 5 ਘੰਟਿਆਂ ਦੀ ਅੰਤਾਕਸ਼ਰੀ ਵੀ ਚੱਲੀ, ਜਿਸ 'ਚ ਅਮਿਤਾਭ ਬੱਚਨ ਨੇ 'ਮੇਰੇ ਪਾਸ ਆਓ ਮੇਰੇ ਦੋਸਤੋ' ਤੇ 'ਕਭੀ-ਕਭੀ' ਗੀਤ ਗਾਏ। ਰਿਤਿਕ ਰੌਸ਼ਨ, ਫਰਹਾਨ ਅਖ਼ਤਰ, ਪ੍ਰਿਅੰਕਾ ਚੋਪੜਾ, ਸੋਨਮ ਕਪੂਰ ਤੇ ਬਿਪਾਸ਼ਾ ਨੇ ਵੀ ਗੀਤ ਗਾਏ। ਐਸ਼ਵਰਿਆ ਤੇ ਅਭਿਸ਼ੇਕ ਨੇ ਨੱਚ ਕੇ ਸਭ ਨੂੰ ਕੀਲ ਲਿਆ। ਅਭਿਸ਼ੇਕ ਆਪਣੀਆਂ ਫ਼ਿਲਮਾਂ ਦੇ ਸਾਰੇ ਹਿੱਟ ਗੀਤਾਂ 'ਤੇ ਨੱਚਿਆ। ਅਮਿਤਾਭ ਬੱਚਨ ਹੱਥੋਂ ਆਇਫਾ ਲਾਈਫ ਟਾਈਮ ਅਚੀਵਮੈਂਟ ਪੁਰਸਕਾਰ ਲੈਂਦਿਆਂ ਭਾਵੁਕ ਹੋਏ ਬਾਲੀਵੁੱਡ ਦੇ ਪਹਿਲੇ ਸੁਪਰਸਟਾਰ ਰਾਜੇਸ਼ ਖੰਨਾ ਨੇ ਕਿਹਾ, "ਥੈਂਕਯੂ ਬਾਬੂ ਮੋਸ਼ੇ....।"

ਦਰਸ਼ਕਾਂ ਨੇ ਖੜ੍ਹੇ ਹੋ ਕੇ ਉਹਦੇ ਲਈ ਤਾੜੀਆਂ ਮਾਰੀਆਂ। ਅਮਿਤਾਭ ਬੱਚਨ ਨੇ ਰਾਜੇਸ਼ ਖੰਨਾ ਦੇ ਮੁੱਢਲੇ ਤੇ ਜਲੌਅ ਭਰੇ ਦਿਨਾਂ ਦਾ ਜ਼ਿਕਰ ਕੀਤਾ ਤੇ ਦੱਸਿਆ ਕਿ ਜਿੱਥੋਂ ਉਹਦੀ ਕਾਰ ਲੰਘਦੀ ਸੀ, ਔਰਤਾਂ ਉਥੋਂ ਉਡਦੀ ਧੂੜ ਨੂੰ ਮੱਥੇ 'ਤੇ ਲਾਉਂਦੀਆਂ ਸਨ। ਸ਼ਬਦ 'ਸੁਪਰ ਸਟਾਰ' ਰਾਜੇਸ਼ ਖੰਨਾ ਲਈ ਪਹਿਲੀ ਵਾਰ ਵਰਤਿਆ ਗਿਆ ਸੀ।

# ਜ਼ੀ ਟੀ ਵੀ ਵਲੋਂ ਦੋ ਨਵੇਂ ਸੀਰੀਅਲ 'ਪਵਿਤਰ ਰਿਸ਼ਤਾ' ਅਤੇ 'ਆਪ ਕੀ ਅੰਤਰਾ' ਸ਼ੁਰੂ

**ਡੈਲਸ, ਟੈਕਸਸ:** ਜ਼ੀ ਟੀ ਵੀ ਨੇ ਆਪਣੇ ਅਮਰੀਕੀ ਦਰਸ਼ਕਾਂ ਲਈ ਦੋ ਨਵੇਂ ਧਮਾਕੇਦਾਰ ਟੈਲੀਵਿਜ਼ਨ ਸ਼ੋਅ 'ਪਵਿਤਰ ਰਿਸ਼ਤਾ' ਅਤੇ 'ਆਪ ਕੀ ਅੰਤਰਾ' ਸ਼ੁਰੂ ਕੀਤੇ ਹਨ। ਦੋਹਾਂ ਹੀ ਸੀਰੀਅਲਾਂ ਵਿਚ ਪਿਆਰ ਨੂੰ ਔਖੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰਦੇ ਦਿਖਾਇਆ ਗਿਆ ਹੈ। ਜ਼ੀ ਟੀ ਵੀ ਨੇ ਅਜੋਕੇ ਜ਼ਮਾਨੇ ਦੇ ਲੋਕਾਂ ਨੂੰ ਛੂੰਹਦੇ ਵਿਸ਼ੇ ਲੈ ਕੇ ਲੜੀਵਾਰ ਸ਼ੋਅ ਤਿਆਰ ਕਰਨ ਦੀ ਆਪਣੀ ਨੀਤੀ ਉਤੇ ਚਲਦਿਆਂ ਪਿਛਲੇ ਸਮੇਂ ਵਿਚ ਛੋਟੀ ਬਹੂ, ਅਗਲੇ ਜਨਮ ਮੋਹਿ ਬਿਟੀਆ ਹੀ ਕੀਜ਼ੋ, ਘਰ ਘਰ ਮੇਂ ਅਤੇ ਡਾਂਸ ਇੰਡੀਆ ਡਾਂਸ ਵਰਗੇ ਸੀਰੀਅਲ ਆਰੰਭੇ ਹਨ ਜਿਨ੍ਹਾਂ ਨੂੰ ਦਰਸ਼ਕਾਂ ਦੀ ਬੇਹਿਸਾਬ ਮਾਨਤਾ ਮਿਲੀ ਹੈ। ਇਸੇ ਦੌਰਾਨ ਦਰਸ਼ਕਾਂ ਨੇ 'ਸਾਤ ਫੇਰੇ' ਅਤੇ 'ਦੁਲਹਨ' ਜਿਹੇ ਪ੍ਰੋਗਰਾਮਾਂ ਦੇ ਬੜੇ ਦਿਲਚਸਪ ਅੰਤਲੇ ਪੜਾਅ ਵੀ ਵੇਖੇ ਹਨ। ਇਹ ਦੋਵੇਂ ਨਵੇਂ ਸ਼ੋਅ 'ਪਵਿਤਰ ਰਿਸ਼ਤਾ' ਅਤੇ 'ਆਪ ਕੀ ਅੰਤਰਾ' ਭਾਰਤ ਵਿਚ ਪਹਿਲਾਂ ਹੀ ਰੇਟਿੰਗ ਚਾਰਟਾਂ ਉਤੇ ਕਾਫੀ ਉਤੇ ਚੜ੍ਹ ਗਏ ਹਨ।

'ਪਵਿਤਰ ਰਿਸ਼ਤਾ' ਇਕ ਮੱਧਵਰਗੀ ਮਰਾਠੀ ਪਰਿਵਾਰ ਦੀ ਅਨਪੜ੍ਹ ਪਰ ਬੜੀ ਮਿਹਨਤੀ ਕੁੜੀ ਦੀ ਕਹਾਣੀ ਹੈ ਜੋ ਆਪਣੀ ਮਾਂ ਦੀਆਂ ਇਛਾਵਾਂ ਦੇ ਉਲਟ ਆਪਣੇ ਦਿਲ ਤੋਂ ਮਜਬੂਰ ਹੋ ਇਕ ਗਰਾਜ ਮਾਲਕ ਨਾਲ ਪਿਆਰ ਪਾ ਲੈਂਦੀ ਹੈ। ਇਹ ਸੀਰੀਅਲ ਇਸ ਕਹਾਣੀ ਦੁਆਲੇ ਘੁੰਮਦਾ ਹੈ ਕਿ ਇਕ ਪਾਸੇ ਧੀ ਹੈ ਜੋ ਆਪਣੀ ਮਾਂ ਨਾਲ ਬੇਹੱਦ ਪਿਆਰ ਕਰਦੀ ਹੈ ਪਰ ਆਪਣਾ ਪਿਆਰ ਵੀ ਕਾਇਮ ਰਖਣਾ ਚਾਹੁੰਦੀ ਹੈ ਅਤੇ ਦੂਜੇ ਪਾਸੇ ਮਾਂ ਹੈ ਜੋ ਆਪਣੀ ਮਮਤਾ ਵਸ ਆਪਣੀ ਧੀ ਲਈ ਵਧੀਆ ਤੋਂ ਵਧੀਆ ਵਰ ਲਭਣਾ ਚਾਹੁੰਦੀ ਹੈ। ਕਹਾਣੀ ਮਾਂ ਅਤੇ ਧੀ ਦੇ ਗੁੰਝਲਦਾਰ ਰਿਸ਼ਤੇ ਦੁਆਲੇ ਘੁੰਮਦੀ ਹੈ।

'ਆਪ ਕੀ ਅੰਤਰਾ' ਸੀਰੀਅਲ ਇਕ ਪੰਜ ਸਾਲਾ ਮਾਂ ਮਹਿਟਰ ਬੱਚੀ ਦੁਆਲੇ ਘੁੰਮਦਾ ਹੈ ਜੋ ਮਾਂ ਦੀ ਅਚਾਨਕ ਮੌਤ ਬਾਅਦ ਇਕ ਅਜਿਹੇ ਪਰਿਵਾਰ ਵਿਚ ਆਪਣੇ ਪਿਤਾ ਪਾਸ ਪਲਦੀ ਹੈ ਜਿਸਨੂੰ ਉਹ ਜਾਣਦੀ ਨਹੀਂ। ਇਨ੍ਹਾਂ ਮੰਦਭਾਗੇ ਹਾਲਾਤ ਵਿਚ ਵੀ ਦਰਸ਼ਕ ਇਕ ਮਾਸੂਮ ਬੱਚੀ ਦੀਆਂ ਨਜ਼ਰਾਂ ਵਿਚ ਦੀ ਹਿੰਸਾ, ਧੋਖਾ-ਧੜੀ ਅਤੇ ਭੇਦ-ਭਾਵ ਭਰੇ ਸੰਸਾਰ ਨੂੰ ਦੇਖ ਪਾਉਂਦੇ ਹਨ। ਦੋਵੇਂ ਸ਼ੋਅ ਮਾਪਿਆਂ ਤੇ ਬੱਚਿਆਂ ਵਿਚਾਲੇ ਰਿਸ਼ਤਿਆਂ ਦੇ ਆਨੰਦ ਅਤੇ ਮੁਸ਼ਕਿਲਾਂ ਦੀ ਗੱਲ ਕਰਦੇ ਹਨ। 'ਆਪ ਕੀ ਅੰਤਰਾ' ਹਰ ਸੋਮਵਾਰ ਤੋਂ ਸ਼ੁਕਰਵਾਰ ਤਕ ਈਸਟਰਨ ਟਾਈਮ ਮੁਤਾਬਕ 9 ਵਜੇ ਰਾਤ ਦੇਖਿਆ ਜਾ ਸਕਦਾ ਹੈ। 'ਪਵਿਤਰ ਰਿਸ਼ਤਾ' ਹਰ ਐਤਵਾਰ ਤੋਂ ਬੁਧਵਾਰ ਤਕ ਈਸਟਰਨ ਟਾਈਮ ਮੁਤਾਬਕ ਰਾਤ 9.30 ਵਜੇ ਦੇਖਿਆ ਜਾ ਸਕਦਾ ਹੈ।

# ਪ੍ਰਦੇਸੋਂ ਘਰ ਮੁੜ ਆ ਸੱਜਣਾ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

***ਕੈਦ ਕੀ ਹੈ? ਜਿਹੜੀ ਉਡੀਕ ਕੈਦੀ ਨੂੰ ਜੇਲ੍ਹ ਵਿਚ ਰਹਿ ਕੇ ਬਾਹਰ ਆਉਣ ਤੱਕ ਕੀਤੀ ਜਾਂਦੀ ਹੈ, ਉਹੀ ਸਜ਼ਾ ਹੈ ਤੇ ਉਹੀ ਕੈਦ। ਕੈਦੀ ਨੂੰ ਸਜ਼ਾ ਤੋਂ ਘੱਟ ਵਧੇਰੇ ਡਰ ਇਸ ਕਰਕੇ ਲਗਦਾ ਹੈ ਕਿ ਉਹ ਚਾਰ ਦੀਵਾਰੀ ਤੋਂ ਬਾਹਰ ਨਹੀਂ ਨਿਕਲ ਸਕਦਾ ਤੇ ਉਸ ਲਈ ਆਜ਼ਾਦੀ ਗੁਲਾਮੀ ਵਿਚ ਬਦਲ ਜਾਂਦੀ ਹੈ। ਸਰਹੱਦ 'ਤੇ ਲੜਨ ਵਾਲੇ ਫੌਜੀ ਨੂੰ ਤੇ ਵਿਆਹ ਕਰਵਾਉਣ ਵਾਲੇ ਬੰਦੇ ਨੂੰ ਸਲਾਹ ਸੋਚ ਸਮਝ ਕੇ ਦੇਣੀ ਚਾਹੀਦੀ ਹੈ, ਕਿਉਂਕਿ ਦੋਹਾਂ ਨੂੰ ਹੀ ਜ਼ਿੰਦਗੀ ਦਾ ਸੰਘਰਸ਼ ਪੈਰ-ਪੈਰ 'ਤੇ ਕਰਨਾ ਪੈਣਾ ਹੈ। 'ਰਗ ਰਗ ਵਿਚ ਤੂੰ ਹੀ ਸਾਹ ਵਿਚ ਸਾਹ ਵੇ, ਤੇਰੀਆਂ ਕਮਾਈਆਂ ਦਾ ਸਾਨੂੰ ਕੋਈ ਚਾਅ ਵੇ... ਹੌਕਿਆਂ 'ਚ ਲੰਘੇ ਹਰ ਜ਼ਿੰਦਗੀ ਦਾ ਪਲ ਵੇ-ਝੂਠਿਆ ਵੇ ਦੱਸੀਂ ਤੇਰਾ ਆਉਣਾ ਕਦੋਂ ਕੱਲ ਵੇ...।' ਪ੍ਰਦੇਸੋਂ ਆਉਣ ਦੇ ਲਾਰੇ ਲਾਉਣ ਵਾਲਿਆਂ ਦੀਆਂ ਪਤਨੀਆਂ ਤੱਕਲੇ ਵਾਂਗ ਲੰਬੇ ਹਾਉਕਿਆਂ ਦੇ ਤੰਦ ਕੱਢਦੀਆਂ ਹਨ, ਭੈਣਾਂ ਬੰਦੀ ਛੋੜ ਭਰਾਵਾਂ ਦੀ ਉਡੀਕ ਵਿਚ ਰੱਖੜੀ ਦੇ ਧਾਗੇ ਹਿੱਕ ਨਾਲ ਲਾਈ ਫਿਰਦੀਆਂ ਹਨ। ਪ੍ਰਦੇਸ ਜਾ ਕੇ ਪ੍ਰਦੇਸੀ ਦਾ ਖਿਤਾਬ ਆਪਣੇ-ਆਪ ਮਿਲ ਜਾਂਦਾ ਹੈ, ਪਰ ਝੱਖੜਾਂ 'ਚ ਉਖੜੇ ਹੋਏ ਤੰਬੂਆਂ ਹੇਠ ਜੀਵਨ ਬਸਰ ਕਰਨਾ ਸੁਖਾਲਾ ਕੌਣ ਕਹਿ ਸਕਦਾ ਹੈ। ਕਈ ਘਰ ਤਾਂ ਮੁੜੇ ਨਹੀਂ, ਪਰ ਪਤਨੀਆਂ 'ਤੇ ਚਰਿੱਤਰ ਦੇ ਇਲਜ਼ਾਮ ਲਾਉਣ ਲੱਗੇ। ਪਰ ਉਹ ਇਹ ਨਹੀਂ ਜਾਣਦੇ ਕਿ ਇਮਾਨਦਾਰੀ ਨਾਲ ਤਾਸ਼ ਉਹੀ ਖੇਡ ਸਕਦਾ ਹੈ, ਜਿਹਦੇ ਕੋਲ ਬਾਦਸ਼ਾਹ ਤੇ ਬੇਗਮ ਦੇ ਨਾਲ ਚਾਰੇ ਯੱਕੇ ਵੀ ਹੋਣ। ਜਲਵੇ ਵਿਖਾਉਣੇ ਹੁਸਨ ਦੀ ਆਦਤ ਹੁੰਦੀ ਐ, ਦੁੱਖ ਦੇਖਣੇ ਤੇ ਦਰਦ ਹੰਢਾਉਣੇ ਪ੍ਰਦੇਸੀਆਂ ਤੇ ਪ੍ਰਦੇਸਣਾਂ ਦਾ ਸੁਭਾਅ ਹੁੰਦਾ ਹੈ। ਬਾਂਦਰ ਸ਼ੀਸ਼ਾ ਵੇਖ ਕੇ ਖੁਸ਼ ਹੁੰਦਾ ਹੈ, ਪਰ ਬੰਦੇ ਨੂੰ ਜੇ ਸ਼ੀਸ਼ੇ 'ਚੋਂ ਬਾਂਦਰ ਦਿਸੇ ਤਾਂ ਉਹ ਉਬਲ ਜਾਂਦਾ ਹੈ। ਪਿਆਰ ਸਾਵਧਾਨੀ ਦੇ ਬਖੀਏ ਉਧੇੜ ਦਿੰਦਾ ਹੈ, ਵਿਛੋੜਾ ਸਰੀਰ ਤੇ ਜ਼ਿੰਦਗੀ ਦੋਹਾਂ ਨੂੰ ਖੋਰਾ ਲਾ ਦਿੰਦਾ ਹੈ। ਧਨ ਨਾਲ ਕਿਸੇ ਦੀ ਸੰਤੁਸ਼ਟੀ ਨਹੀਂ ਹੋਈ, ਇਸੇ ਲਈ ਜਿਨ੍ਹਾਂ ਨੇ ਸਾਹਾਂ ਦੀ ਸਾਥਣ ਨੂੰ ਪੈਸੇ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਹੀ ਕਿਹਾ 'ਤੇਰੀ ਦੋ ਟਕਿਆਂ ਦੀ ਨੌਕਰੀ ਮੇਰਾ ਲੱਖਾਂ ਦਾ ਸਾਵਣ ਜਾਏ...।' ਖੈਰ! ਪ੍ਰਦੇਸੀਆਂ ਦੇ ਕੁਝ ਦੁੱਖਾਂ 'ਤੇ ਫਹੇ ਰੱਖ ਕੇ ਫੂਕਾਂ ਮਾਰਦੇ ਆ...।***

ਜ਼ਿੰਦਗੀ ਦੀ ਲੰਬਾਈ ਨੂੰ ਸਾਲਾਂ ਵਿਚ ਮਾਪਿਆ ਜਾਂਦਾ ਹੈ, ਪਰ ਅਸੀਂ ਜਿਊਂਦੇ ਦਿਨਾਂ ਵਿਚ ਜਾਂ ਪਲਾਂ ਵਿਚ ਹੁੰਦੇ ਹਾਂ। ਇਸੇ ਕਰਕੇ ਕਈ ਵਾਰ ਪਲ ਪਲ ਮਰਨਾ ਪੈਂਦਾ ਹੈ ਤੇ ਕਈ ਵਾਰ ਇਹ ਕਹਿਣਾ ਪੈਂਦਾ ਹੈ 'ਪਲ ਪਲ ਮੌਤ ਹੁੰਦੀ ਜ਼ਿੰਦਗੀ ਜੁਦਾਈਆਂ ਦੀ', ਵਿਛੋੜੇ ਦਾ ਦਰਦ ਉਦੋਂ ਹੋਰ ਵੀ ਅਸਿਹ ਹੁੰਦਾ ਹੈ, ਜਦੋਂ ਮਿਲਣ ਦੀ ਕੋਈ ਮਿਥ ਨਾ ਰਹੇ। ਇਸੇ ਲਈ ਵਿਯੋਗ ਤੇ ਵਿਛੋੜੇ ਵਿਚ ਤੜਪਦੀਆਂ ਪ੍ਰਦੇਸੀਆਂ ਦੀਆਂ ਪਤਨੀਆਂ ਖ਼ਰਬੂਜੇ ਤੋਂ ਕਰੇਲਾ ਬਣ ਜਾਂਦੀਆਂ ਹਨ। ਸਿਆਣੇ ਕਹਿੰਦੇ ਨੇ 'ਪ੍ਰਦੇਸ ਤਾਂ ਕੰਧ ਓਹਲੇ ਵੀ ਹੁੰਦਾ ਹੈ' ਤੇ ਜੇ ਫਿਰ ਹੱਦਾਂ ਸਰਹੱਦਾਂ ਟੱਪ ਜਾਵੇ ਤਾਂ 'ਲੱਗੀਆਂ ਦੇ ਦੁੱਖ ਚੰਦਰੇ, ਜੀਹਨੂੰ ਲੱਗ ਜਾਏ ਜਾਣਦਾ ਸੋਈ' ਕਹਿਣਾ ਪੈਂਦਾ ਹੈ।

ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿਚ ਵਸੇ ਤੇ ਵਿਦੇਸ਼ਾਂ ਵਿਚ ਮਿਹਨਤ ਨਾਲ ਪਿਛਲਿਆਂ ਦੇ ਭਾਗ ਵੀ ਬਦਲੇ ਤੇ ਆਪਣਾ ਗੁਜਾਰਾ ਵੀ ਸੌਖਾ ਕਰ ਲਿਆ। ਮਕਾਨਾਂ ਤੋਂ ਕੋਠੀਆਂ ਬਣਾ ਲਈਆਂ ਤੇ ਸਾਈਕਲਾਂ ਤੋਂ ਕਾਰਾਂ ਦਾ ਸਫਰ ਆਰੰਭ ਹੋ ਗਿਆ। ਇਕ ਫਿਲਾਸਫਰ ਦਾ ਕਥਨ ਦੇਖੋ ਕਿ ਇਕ ਵਾਰ ਦੋ ਮਿੱਤਰਾਂ ਦਾ ਸ਼ੇਰ ਨਾਲ ਸਾਹਮਣਾ ਹੋ ਗਿਆ। ਪਹਿਲਾ ਕਹਿੰਦਾ 'ਇਹ ਵੀ ਰੱਬ ਦਾ ਭਾਣਾ ਹੈ ਮੰਨਣਾ ਹੀ ਪਵੇਗਾ।' ਦੂਜਾ ਕਹਿਣ ਲੱਗਾ ਰੱਬ ਨੇ ਲੱਤਾਂ ਦਿੱਤੀਆਂ ਹਨ ਚੱਲ ਦੌੜ ਪੈਂਦੇ ਆਂ ਜਾਨ ਬਚਾ ਲਵਾਂਗੇ, 'ਰੱਬ ਤੋਂ ਕੋਈ ਹੋਰ ਵੱਡਾ ਕੰਮ ਲੈ ਲਵਾਂਗੇ।' ਅਸਲ ਵਿਚ ਪ੍ਰਦੇਸਾਂ ਵਿਚ ਖੁਸ਼ਹਾਲੀ ਮਾਪਣ ਦੇ ਨਾਲ-ਨਾਲ ਜਿਨ੍ਹਾਂ ਦੇ ਦੁਖੜੇ ਪਹਾੜ ਜਿੱਡੇ ਬਣ ਗਏ ਹਨ, ਉਨ੍ਹਾਂ ਨੂੰ ਵੀ ਸਾਹਮਣਾ ਕਿਸੇ ਖੂੰਖਾਰ ਸ਼ੇਰ ਨਾਲੋਂ ਘੱਟ ਨਹੀਂ ਕਰਨਾ ਪੈ ਰਿਹਾ।

ਇਸ ਗੱਲ ਨੂੰ ਤਾਂ ਅਸੀਂ ਸਾਰੇ ਮੰਨਦੇ ਹਾਂ ਕਿ 'ਕੈਦਾਂ ਉਮਰਾਂ ਦੀਆਂ ਕੰਤ ਜਿਨ੍ਹਾਂ ਦੇ ਪ੍ਰਦੇਸੀ।' ਪ੍ਰਦੇਸੀ ਕਮਾਈ ਕਰਨ ਗਏ ਪੁੱਤ ਦੀ ਕਮਾਈ ਦੇ ਚਾਅ ਨਾਲੋਂ ਉਡੀਕ ਵਿਚ ਮਾਂ ਤੇ ਪਤਨੀ ਦੋਵੇਂ ਸੁਕ ਕੇ ਤੀਲਾ ਹੋ ਜਾਂਦੀਆਂ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਜਾਂ ਵਿਆਖਿਆ, ਕਿਸੇ ਪ੍ਰਦੇਸੀ ਦੀ ਪਤਨੀ ਤੋਂ ਕਰਵਾ ਕੇ ਵੇਖਿਓ ਕਿ-

ਪੰਛੀਆ ਪ੍ਰਦੇਸੀਆ ਵੇ ਉੱਡ-ਪੁੱਡ ਜਾਣਿਆ
ਏਨੀਆਂ ਪ੍ਰੀਤਾਂ ਨਾ ਜਤਾ
ਖੌਰੇ ਕਿਹੜੇ ਵੇਲੇ ਮਾਰ ਜਾਏਂਗਾ ਉਡਾਰੀਆਂ
ਲੁੱਟ ਲਏਂਗਾ ਜ਼ਿੰਦਗੀ ਦੇ ਚਾਅ...।

ਸੰਨ 1997 ਵਿਚ ਮੈਂ ਯੂਰਪ ਦੇ ਛੇ ਦੇਸ਼ਾਂ ਵਿਚ ਇਕ ਮਹੀਨਾ ਗੁਜ਼ਾਰਿਆ। ਇਕੱਲਤਾ ਵਿਚ ਜ਼ਿੰਦਗੀ ਜਿਉਂ ਰਹੇ ਪੰਜਾਬੀਆਂ ਦੇ ਕਮਰਿਆਂ ਵਿਚ ਸਾਰਾ ਸਾਰਾ ਦਿਨ ਇੰਦਰਜੀਤ ਨਿੱਕੂ ਦਾ ਇਕ ਗੀਤ ਹੀ ਵੱਜਦਾ ਰਹਿੰਦਾ ਸੀ-

ਪ੍ਰਦੇਸੋਂ ਘਰ ਮੁੜ ਆ ਸੱਜਣਾਂ
ਨਸੀਬੋ ਚੇਤੇ ਕਰਦੀ ਆ...

ਇਸ ਗੀਤ ਵਿਚ ਨਸੀਬੋ ਦੇ ਦਰਦ ਦੀ ਡੂੰਘੀ ਚੀਸ ਸੀ, ਪਰ ਪਤਾ ਨਹੀਂ ਕਿੰਨੀਆਂ ਕੁ ਅਜਿਹੀਆਂ ਨਸੀਬੋ ਜਿਹੀਆਂ ਕੰਤ ਦੀ ਉਡੀਕ ਵਿਚ ਹਾੜ੍ਹੇ ਕੱਢ ਰਹੀਆਂ ਹਨ। ਅਸਲ ਵਿਚ ਪ੍ਰਦੇਸਾਂ ਵਲ ਪੈਰ ਪੁੱਟਣਾ ਤਾਂ ਸੌਖਾ ਹੁੰਦਾ ਹੈ, ਪਰ ਪਿਛਾਂਹ ਪਰਤਣਾ ਬਹੁਤ ਔਖਾ ਹੈ। ਸੁਰਜੀਤ ਪਾਤਰ ਦੀਆਂ ਸਤਰਾਂ ਹਨ;

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੇ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ...

ਸੱਚ ਹੈ ਕਿ ਕਈਆਂ ਨੂੰ ਸਰਹੱਦਾਂ ਦੀ ਲਕੀਰ ਟੱਪਣੀ ਏਨੀ ਔਖੀ ਹੋ ਗਈ ਕਿ ਉਨ੍ਹਾਂ ਨੇ ਸਣੇ ਮਾਂ-ਬਾਪ ਦੇ ਦਰਜਨਾਂ ਭੈਣ ਭਾਈ ਹੋਣੀ ਦੇ ਗਲ ਲਗਦੇ ਸੁਣੇ, ਪਰ ਮੂੰਹ ਕਿਸੇ ਦਾ ਵੀ ਨਹੀਂ ਵੇਖਿਆ। ਕਈ ਉਦੋਂ ਘਰੋਂ ਤੁਰੇ, ਜਦੋਂ ਉਨ੍ਹਾਂ ਦੀਆਂ ਵਹੁਟੀਆਂ ਦੇ ਕਲੀਰੇ ਵੀ ਨਹੀਂ ਲੱਥੇ ਸਨ ਤੇ ਘਰ ਉਦੋਂ ਪਰਤੇ ਜਦੋਂ ਅੱਖਾਂ 'ਤੇ ਐਨਕਾਂ ਲੱਗ ਗਈਆਂ ਤੇ ਮੂੰਹ ਵਿਚਲੇ ਦੰਦ ਕਰੇਲੇ ਦੇ ਬੀਆਂ ਵਰਗੇ ਬਣ ਗਏ। ਇਨ੍ਹਾਂ ਵਿਚਾਰੀਆਂ ਨੇ ਜਵਾਨੀ ਬੁਢਾਪੇ ਦੇ ਗਲ ਲੱਗ ਕੇ ਜਾਂ ਕੱਲੇ-ਕਹਿਰੇ ਪੁੱਤ ਨੂੰ ਜਵਾਨ ਹੁੰਦਿਆਂ ਵੇਖ ਕੇ ਨਰਕ ਵਾਂਗ ਗੁਜਾਰੀ।

ਹਾਲ ਹੀ ਵਿਚ ਵਾਪਰੀ ਇਕ ਘਟਨਾ ਨੇ, ਜਿਨ੍ਹਾਂ ਨੇ ਸੁਣੀ ਐ, ਉਨ੍ਹਾਂ ਨੂੰ ਝਾੜ-ਝੰਬ ਸੁੱਟਿਆ ਹੈ ਤੇ ਜਿਹੜੇ ਸੁਣਨਗੇ, ਉਹ ਇਸ ਦਾ ਬਾਕੀਆਂ ਵਾਂਗ ਕੋਈ ਹੱਲ ਨਹੀਂ ਲੱਭ ਸਕਣਗੇ।

ਪੰਜਾਬ ਤੋਂ ਇਕ ਗੱਭਰੂ ਕਰਨੈਲ ਸਿੰਘ ਪ੍ਰਦੇਸ, ਯਾਨਿ ਕਿ ਯੂਰਪ ਜਾਣ ਦੇ ਚੱਕਰ ਵਿਚ ਲੱਖਾਂ ਰੁਪਏ ਏਜੰਟਾਂ ਦੀ ਝੋਲੀ ਪਾ ਕੇ ਗਲਤ ਜਹਾਜ਼ੇ ਚੜ੍ਹਾ ਦਿੱਤਾ ਗਿਆ। ਧੱਕੇ-ਠੇਡੇ ਖਾਂਦਾ, ਜੇਲ੍ਹਾਂ ਕੱਟਦਾ, ਲਿਬਨਾਨ ਤਾਂ ਜਾ ਵੜਿਆ, ਪਰ ਅਜਿਹੇ ਲੋਕਾਂ ਦੀ ਸੰਗਤ ਵਿਚ ਫਸ ਗਿਆ, ਜੋ 'ਡਰੱਗ ਮਾਫੀਆ' ਦੇ ਮੈਂਬਰ ਸਨ। ਬਾਪੂ ਸਿਰ ਚੜ੍ਹਿਆ ਮਣਾਂਮੂੰਹੀ ਕਰਜ਼ਾ ਛੇਤੀ ਲਾਹੁਣ ਦੇ ਚੱਕਰ ਵਿਚ ਇਸ ਧੰਦੇ ਵਿਚ ਗਲਤਾਨ ਹੋ ਗਿਆ। ਸ਼ਰੀਫਾਂ ਨੂੰ ਚੋਰਾਂ ਦੀਆਂ ਬੈਠਕਾਂ ਭਾਉਂਦੀਆਂ ਕਿਥੇ ਹਨ ਤੇ ਛੇਆਂ ਕੁ ਮਹੀਨਿਆਂ ਪਿੱਛੋਂ ਪੁਲਿਸ ਦੇ ਹੱਥ ਲੱਗ ਗਿਆ। ਲਿਬਨਾਨੀ ਕਾਨੂੰਨ ਮੁਤਾਬਕ ਗੋਲੀ ਤਾਂ ਨਹੀਂ ਵੱਜੀ, ਪਰ ਦਸ ਸਾਲ ਲਈ ਜੇਲ੍ਹ ਡੱਕਿਆ ਗਿਆ। ਘਰਦਿਆਂ ਨੂੰ ਇਹ ਤਾਂ ਸਬਰ ਸੀ ਕਿ ਪੁੱਤ ਲਿਬਨਾਨ 'ਚ ਹੈ, ਪਰ ਸਜ਼ਾ ਦਾ ਪਤਾ ਨਾ ਲੱਗਾ। ਸੰਪਰਕ ਟੁੱਟ ਗਏ। ਮਾਂ-ਬਾਪ ਨੇ ਅੱਠ ਸਾਲ ਉਡੀਕ ਕਰਨ ਪਿਛੋਂ ਮਰਿਆ ਖਪਿਆ ਸਮਝ ਕੇ ਉਹਦੀ ਵਹੁਟੀ ਸੁਖਵਿੰਦਰ ਛੋਟੇ ਹਰਜੀਤ ਦੇ ਬਿਠਾ ਦਿੱਤੀ। ਕਰਨੈਲ ਦੇ ਵੀ ਇਕ ਪੁੱਤਰ ਨੇ ਜਨਮ ਲਿਆ ਸੀ। ਪਰ ਸੁਖਵਿੰਦਰ ਦੇ ਨਾਂਹ-ਨਾਂਹ ਕਰਨ ਦੇ ਬਾਵਜੂਦ ਉਹਨੂੰ ਦਿਹਾੜੀਦਾਰ ਹਰਜੀਤ ਦੀ ਬੀਵੀ ਬਣਨਾ ਪੈ ਗਿਆ। ਖੁਸ਼ਹਾਲ ਜ਼ਿੰਦਗੀ ਦੇ ਸੁਪਨੇ ਚੌਰਾਹੇ 'ਚ ਖਿਲਰ ਗਏ। ਉਧਰ ਕਰਨੈਲ ਦਸ ਸਾਲਾਂ ਦੀ ਥਾਂ ਜਦੋਂ ਗਿਆਰਾਂ ਸਾਲ ਜੇਲ੍ਹ ਕੱਟਣ ਉਪਰੰਤ ਰਿਹਾ ਹੋਇਆ ਤਾਂ ਇਮੀਗ੍ਰੇਸ਼ਨ ਨੇ ਜੇਲ੍ਹ ਤੋਂ ਸਿੱਧਾ ਜਹਾਜ਼ ਵਿਚ ਲਿਜਾ ਬਿਠਾਇਆ। ਬਦਕਿਸਮਤ ਕਰਨੈਲ ਸਿੰਘ ਜਦੋਂ ਘਰ ਪੁੱਜਾ ਤਾਂ ਵਿਹੜੇ 'ਚ ਖੇਡਦੇ ਤਿੰਨ ਜੁਆਕਾਂ ਨੂੰ ਵੇਖ ਕੇ ਹੈਰਾਨ ਰਹਿ ਗਿਆ। ਬਾਪੂ ਪਿਛੋਂ ਮੌਤ ਦੇ ਗਲ ਜਾ ਲੱਗਾ ਸੀ ਤੇ ਬੁੱਢੀ ਮਾਂ ਨੂੰ ਪੁੱਤ ਦੇ ਘਰ ਆਉਣ ਦਾ ਚਾਅ ਤਾਂ ਚੜ੍ਹਿਆ, ਪਰ ਸੁਖਵਿੰਦਰ ਵਲ ਵੇਖ ਕੇ ਧਾਹਾਂ ਨਿਕਲ ਗਈਆਂ ਕਿ ਹੁਣ ਕਰਨੈਲ ਦਾ ਕੀ ਬਣੇਗਾ? ਸੁਖਵਿੰਦਰ ਕੀਹਦੀ ਬਣੇਗੀ? ਸਾਹ ਨਾਲ ਸਾਹ ਭਰਦੀ ਸੁਖਵਿੰਦਰ ਨੇ ਅੱਖਾਂ ਨਾ ਮਿਲਾਈਆਂ ਤੇ ਕਰਨੈਲ ਇਹ ਸਦਮਾ ਨਾ ਸਹਾਰਦਿਆਂ ਉਨ੍ਹੀਂ ਪੈਰੀਂ ਘਰੋਂ ਨਿਕਲ ਗਿਆ ਤੇ ਦੋ ਸਾਲ ਹੋ ਚੱਲੇ ਨੇ ਉਹਦੀ ਕੋਈ ਉੱਘ ਸੁੱਘ ਨਹੀਂ। ਆਰਥਿਕ ਖੁਸ਼ਹਾਲੀ ਮਗਰ ਭੱਜਾ ਇਹ ਪਰਿਵਾਰ ਨਰਕ ਦਾ ਅੱਡਾ ਬਣਾ ਦਿੱਤਾ ਗਿਆ ਹੈ।

ਲੰਡਨ 'ਚ ਰਹਿੰਦਿਆਂ ਮੈਂ 'ਦੇਸ-ਪ੍ਰਦੇਸ' ਅਖ਼ਬਾਰ ਲਈ ਇਕ ਹਫਤਾਵਾਰੀ ਕਾਲਮ ਲਿਖਦਾ ਸੀ, 'ਪੰਜਾਬ ਕਿਸ ਮੋੜ 'ਤੇ।' ਅਮਰੀਕਾ ਵਾਂਗ ਉਥੇ ਵੀ ਮੇਰੇ ਪੜ੍ਹਨ ਵਾਲਿਆਂ ਦੀ ਗਿਣਤੀ ਤੇ ਪ੍ਰਸ਼ੰਸਕਾਂ ਦਾ ਕਾਫਲਾ ਵੱਡਾ ਸੀ। ਇਕ ਦਿਨ ਮੇਰੇ ਇਕ ਪ੍ਰਸ਼ੰਸਕ ਨੇ ਸਾਊਥਾਲ ਤੋਂ ਫੋਨ ਕੀਤਾ ਕਿ ਤੁਸੀਂ ਦੁਪਹਿਰ ਦਾ ਖਾਣਾ ਸਾਡੇ ਘਰ ਖਾ ਸਕਦੇ ਹੋ? ਮੈਂ ਹਾਂ ਕਰ ਦਿੱਤੀ। ਘਰੇ ਗਿਆ ਤਾਂ ਚਾਹ-ਪਾਣੀ ਉਪਰੰਤ ਇਕ ਕਾਲਾ ਮੁੰਡਾ ਤੇ ਉਹਦੀ ਧੀ ਚੁਪ ਚੁਪੀਤੇ ਪੌੜੀਆਂ ਚੜ੍ਹ ਗਏ। ਬਾਪ ਦਾ ਗੁੱਸੇ 'ਚ ਰੰਗ ਲਾਲ ਹੋਇਆ, ਪਰ ਪਰਿਵਾਰਕ ਮਸਲਿਆਂ 'ਤੇ ਪਰਦਾ ਪਾਉਂਦਿਆਂ ਉਸ ਨੇ ਗੱਲ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕੀਤੀ।

'ਤੁਹਾਡੇ ਕਿੰਨੇ ਬੱਚੇ ਨੇ?' ਮੈਂ ਇਹ ਸਹਿਜ ਸੁਭਾਅ ਸਵਾਲ ਤਾਂ ਉਹਨੂੰ ਕਰ ਬੈਠਾ, ਪਰ ਪਛਤਾਇਆ ਬਹੁਤ। ਉਸ ਵਿਚਾਰੇ ਬਜ਼ੁਰਗਾਂ ਵਰਗੇ ਸ਼ਖਸ ਦੀ ਹਾਲਤ ਹੋਰ ਵੀ ਪਤਲੀ ਹੋ ਗਈ। ਭਰੇ ਗਲੇ ਨਾਲ ਕਹਿਣ ਲੱਗਾ, 'ਬਹੁਤ ਸਾਰੇ ਲੋਕ ਵਲੈਤ ਵੇਖਣ ਆਏ ਸੀ, ਪਰ ਮੁੜ ਕੇ ਨਹੀਂ ਗਏ ਤੇ ਮੈਂ ਵੀ ਉਨ੍ਹਾਂ 'ਚੋਂ ਇਕ ਹਾਂ, ਜਿਹੜੇ ਕਮਾਈਆਂ ਕਰਨ ਆਏ, ਪਰ ਹੱਥੀਂ ਉੱਜੜ ਗਏ।'

'ਗੱਲ ਕੀ ਹੋਈ?'

"ਪਿਛਲੇ ਸਾਲ ਮੇਰੀ ਪਤਨੀ ਔਲਾਦ ਦੀ ਸਤਾਈ ਹੋਈ ਇੰਡੀਆ ਚਲੇ ਗਈ ਤੇ ਉਹਨੂੰ ਵਾਪਸ ਆਉਣ ਦਾ ਹੁਕਮ ਨਾ ਹੋਇਆ, ਉਥੇ ਹੀ ਗਮਾਂ ਵਿਚ ਡੁੱਬੀ ਰੱਬ ਨੂੰ ਪਿਆਰੀ ਹੋ ਗਈ।" ਉਹਦੀਆਂ ਅੱਖਾਂ 'ਚੋਂ ਮੋਟੇ ਮੋਟੇ ਅੱਥਰੂ ਵਹਿ ਰਹੇ ਸਨ। ਗੱਲ ਅੱਗੇ ਤੋਰਦਿਆਂ ਉਹ ਕਹਿਣ ਲੱਗਾ "ਮੇਰੇ ਦੋ ਪੁੱਤ ਤੇ ਦੋ ਧੀਆਂ ਹਨ, ਪਰ ਨਿਕਲੇ ਸਾਰੇ ਕੁੱਤੇ ਦੇ ਹੱਡ। ਵੱਡੇ ਨੇ ਸੁਰਾਨਾਮੀ ਕੁੜੀ ਨਾਲ ਵਿਆਹ ਕਰਵਾ ਲਿਆ ਤੇ ਛੋਟਾ ਕਾਲੀ ਨਾਲ ਵਿਆਹ ਕਰਵਾ ਕੇ ਪਤਾ ਨਹੀਂ ਜਿਊਂਦਾ ਕਿ ਮਰ ਗਿਆ। ਦਸ ਸਾਲ ਹੋ ਗਏ ਨੇ ਉਹਦਾ ਮੂੰਹ ਨਹੀਂ ਦੇਖਿਆ। ਛੋਟੀ ਕੁੜੀ ਨੇ ਗੋਰੇ ਨਾਲ ਵਿਆਹ ਕਰਵਾ ਲਿਆ ਹੈ। ਮਾਂ ਨੇ ਬਥੇਰਾ ਕਿਹਾ ਕਿ ਪੰਜਾਬ ਤੋਂ ਕੋਈ ਚੰਗਾ ਮੁੰਡਾ ਲੱਭ ਕੇ ਲੈ ਆਉਨੇ ਆਂ, ਪਰ ਪਿਉ ਦੀ ਧੀ ਨੇ ਇਕ ਨਾ ਮੰਨੀ। ਆਹ ਜਿਹੜੀ ਚੁੜੇਲ ਕਾਲੇ ਨੂੰ ਉਪਰ ਲੈ ਕੇ ਚੜ੍ਹੀ ਆ ਛੇ ਮਹੀਨੇ ਹੋ ਗਏ ਮੇਰੇ ਨਾਲ ਕਲਾਮ ਕੀਤੀ ਨੂੰ। ਭਲਾ ਸਾਡੇ ਪਿੰਡਾਂ 'ਚ ਇਹ ਜੁਅਰਤ ਧੀ ਦੀ ਹੋ ਸਕਦੀ ਹੈ ਕਿ ਘਰੇ ਹੀ ਕਿਸੇ ਓਪਰੇ ਮਰਦ ਨੂੰ ਲਿਆ ਕੇ ਖੇਹ ਉਡਾਵੇ। ਦੋਹਾਂ ਦਾ ਗਾਟਾ ਨਾ ਲਾਹ ਦਈਏ, ਪਰ ਇਥੇ ਅਸੀਂ ਅਸਮਰਥ ਹਾਂ, ਇਨ੍ਹਾਂ ਵੱਲਜਿਆਂ ਨੂੰ ਕਹਿ ਕੁਝ ਨਹੀਂ ਸਕਦੇ।

ਆਹ ਘਰ ਜਿਹੜਾ ਫਰੀ ਹੋਇਆ ਪਿਐ ਤਿੰਨ ਲੱਖ ਪੌਂਡ ਦਾ ਹੈ। ਹੁਣ ਸੋਚਦਾ ਹਾਂ ਇਸ ਗੰਦੀ ਔਲਾਦ ਨੂੰ ਦੇਣ ਨਾਲੋਂ ਵੇਚ ਕੇ ਵਾਪਸ ਪੰਜਾਬ ਚਲੇ ਜਾਵਾਂ ਤੇ ਮੋਟਰ 'ਤੇ ਹੀ ਚਾਰ ਖਣ ਪਾ ਕੇ ਜ਼ਿੰਦਗੀ ਦੇ ਆਖਰੀ ਸਾਹ ਸੌਖੇ ਲੈ ਲਵਾਂ।"

...ਤੇ ਉਹ ਅਣਖੀ ਧੀ ਪਤਾ ਨੀ ਸਾਰਾ ਕੁਝ ਕਿਵੇਂ ਸੁਣਦੀ ਰਹੀ। ਭਰੀ ਪੀਤੀ ਉਤਰੀ ਤੇ ਚੀਕ ਚੀਕ ਕੇ ਕਹਿਣ ਲੱਗੀ, "ਨੋ ਬਾਰਕਿੰਗ ਡੈਡ ਤੁਸੀਂ ਲੋਕ ਅਨਪੜ੍ਹ, ਕਮੀਨੇ ਰਹੇ, ਤੁਹਾਡੇ 'ਤੇ ਤਾਂ ਹੀ ਅੰਗਰੇਜ਼ ਰਾਜ ਕਰਦੇ ਰਹੇ, ਤੁਸੀਂ ਆਜ਼ਾਦੀ ਦੇ ਯੋਗ ਹੀ ਨਹੀਂ ਸੀ। ਤੁਹਾਨੂੰ ਕੀ ਪਤੈ ਕਿ ਜਵਾਨੀ ਦਾ ਫਨ ਕਿਵੇਂ ਕਰੀਦੈ। ਲਿਸਨ...ਆਪਣੇ ਮਿੱਤਰਾਂ ਦੋਸਤਾਂ ਨੂੰ ਘਰ ਨਾ ਲੈ ਕੇ ਆਇਆ ਕਰੋ, ਜੇ ਇਹੀ ਕੁਝ ਕਰਨੈ। ਇਨ੍ਹਾਂ ਨੂੰ ਸਿੱਧੇ ਪੱਬ 'ਚ ਲੈ ਜਾਇਆ ਕਰੋ।"

ਬਾਪ ਦੀ ਜ਼ੁਬਾਨ ਤਾਲੂ ਦੇ ਨਾਲ ਜਾ ਲੱਗੀ ਸੀ ਤੇ ਮੈਨੂੰ ਵੀ ਇਉਂ ਲਗਦਾ ਸੀ ਕਿ ਇਸ ਪੰਜਾਬ ਦੀ ਧੀ ਨੇ ਮੇਰੇ ਸਿਰ 'ਚ ਵੀ ਡਾਂਗ ਨਹੀਂ, ਗੰਡਾਸਾ ਕੱਢ ਕੇ ਮਾਰ ਦਿੱਤਾ ਹੋਵੇ। ਰੋਟੀ ਖਾਧੀ ਤਾਂ ਸੀ, ਪਰ ਬੁਰਕੀਆਂ ਮੂੰਹ 'ਚ ਫੁੱਲਦੀਆਂ ਰਹੀਆਂ ਤੇ ਉਹਨੇ ਉਦਾਸ ਮਨ ਨਾਲ ਇਕ ਕਮੀਜ਼, ਪੰਜਾਹ ਪੌਂਡ ਤੇ ਇਕ ਸੋਨੇ ਦੀ ਮੁੰਦਰੀ ਮੇਰੇ ਨਾਂਹ ਨਾਂਹ ਕਰਦਿਆਂ ਵੀ ਮੇਰੇ ਹੱਥ ਫੜਾ ਦਿੱਤੀਆਂ ਤੇ ਭਰੇ ਗਲੇ ਨਾਲ ਕਹਿਣ ਲੱਗਾ, ਭੁੱਲ-ਚੁੱਕ ਮੁਆਫ। ਮੇਰੀ ਤਾਂ ਰਜੋਂ ਲਹਿੰਦੀ ਐ, ਮੈਂ ਤਾਂ ਦਿਨੇ ਰਾਤ ਮਰਦੈਂ ਪਰ ਥੋਡੀ ਇਨਸਲਟ ਮੇਰੀ ਰਹਿੰਦੀ ਜ਼ਿੰਦਗੀ ਵਿਚ ਇਕ ਸੱਲ੍ਹ ਹੀ ਨਹੀਂ ਬਣੀ ਰਹੇਗੀ, ਸਗੋਂ ਇਹ ਨਾਸੂਰ ਸ਼ਾਇਦ ਆਖਰੀ ਸਾਹ ਤੱਕ ਠੀਕ ਨਾ ਹੋਵੇ।

ਕਈ ਬੰਦਿਆਂ ਦੀ ਸ਼ਖਸੀਅਤ ਦਾ ਪ੍ਰਭਾਵ ਅਜਿਹਾ ਹੁੰਦਾ ਹੈ ਕਿ ਉਨ੍ਹਾਂ ਨੂੰ ਵੇਖ ਕੇ ਜਾਂ ਤਾਂ ਨਿੱਛ ਆ ਜਾਂਦੀ ਹੈ ਜਾਂ ਉਬਾਸੀਆਂ ਆਉਣ ਲੱਗ ਪੈਂਦੀਆਂ ਹਨ ਤੇ ਕੁਝ ਲੋਕ ਅਜਿਹੇ ਟੱਕਰਦੇ ਹਨ ਕਿ ਤਕਲੀਫ ਉਨ੍ਹਾਂ ਨੂੰ ਹੁੰਦੀ ਢਿੱਡ ਤੁਹਾਡਾ ਦੁੱਖਣ ਲੱਗ ਪੈਂਦਾ ਹੈ। ਬੈਲਜੀਅਮ ਦੇ ਹਾਸਲਟ ਸ਼ਹਿਰ ਵਿਚ ਸੱਠਾਂ ਨੂੰ ਢੁੱਕੇ ਇਕ ਪੰਜਾਬੀ ਦਾ ਦਰਦ ਮੈਨੂੰ ਜਦੋਂ ਵੀ ਚੇਤੇ ਆਉਂਦਾ ਹੈ ਤਾਂ ਸੱਚੀਂ ਪੀੜ ਵਧ ਜਾਂਦੀ ਹੈ। ਉਹਨੇ ਪੱਕੇ ਹੋਣ ਦੇ ਚੱਕਰ ਵਿਚ ਇਕ ਪੁਰਤਗਾਲਣ ਨਾਲ ਵਿਆਹ ਕਰਵਾਇਆ। ਅੱਠ ਸਾਲ ਹੋ ਗਏ ਨਾਲ ਰਹਿੰਦੇ ਨੂੰ, ਲੁੱਟ ਕੇ ਖਾ ਲਿਆ, ਹਾਲੇ ਤੀਕਰ ਕੋਈ ਪੇਪਰ ਨਹੀਂ ਬਣ ਸਕਿਆ। ਖੁੱਡੇ ਜਿੱਡੇ ਮਕਾਨ 'ਚ ਤਿੰਨ ਜਣੇ ਰਹਿੰਦੇ ਨੇ। ਯਾਨਿ ਕਿ ਇਕ ਉਸ ਔਰਤ ਦੀ ਧੀ ਹੈ। ਇਕ ਵਾਰ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਦੋਹਾਂ ਲਈ ਖਾਣਾ ਬਣਾ ਰਿਹਾ ਸੀ। ਆਂਹਦਾ 'ਆਉਣ ਹੀ ਵਾਲੀਆਂ ਨੇ ਜੇ ਖਾਣਾ ਤਿਆਰ ਨਾ ਹੋਵੇ ਤਾਂ ਕੁੱਤੇ ਵਾਂਗ ਝਿੜਕੇ ਮਾਰਦੀਆਂ ਨੇ।' ਤਦ ਤੱਕ ਕੁੜੀ ਘਰੇ ਆਣ ਵੜੀ, ਜੋ ਗਰਭਵਤੀ ਸੀ ਤੇ ਮਹੀਨੇ ਦੋ ਮਹੀਨੇ ਤੱਕ ਮਾਂ ਬਣਨ ਵਾਲੀ ਲਗਦੀ ਸੀ।

'ਇਹ ਵੀ ਨਾਲ ਹੀ ਰਹਿੰਦੀ ਐ? ਮੈਂ ਹੌਲੀ ਦੇਣੀ ਪੁੱਛਿਆ।

'ਹੋਰ, ਇਹਦਾ ਖਰਚ ਵੀ ਨਾਲ ਹੀ ਚੱਕਣਾ ਪੈਂਦਾ।'

'ਇਹ ਘਰਵਾਲੇ ਕੋਲ ਨੀ ਜਾਂਦੀ? ਜੀਹਦਾ ਜੁਆਕ ਹੋਣ ਵਾਲੈ?'

'ਜੇ ਪਤਾ ਹੋਵੇ ਕੀਹਦੈ ਤਾਂ ਜਾਵੇ। ਦੋਵੇਂ ਚੜੇਲਾਂ ਚਿੰਬੜੀਆਂ ਹੋਈਆਂ ਨੇ। ਮੇਰੀ ਮਿਹਨਤ ਦੀ ਕਮਾਈ ਖਾ ਲਈ ਐ। ਧੇਲਾ ਨੀ ਘਰੇ ਭੇਜ ਹੁੰਦਾ। ਦਿਨ ਰਾਤ ਟੁੱਟ ਟੁੱਟ ਮਰਦਾਂ। ਹਾਲੇ ਪਤਾ ਨ੍ਹੀਂ ਕਦੋਂ ਕੋਈ ਕਾਗਜ਼ ਪੱਤਰ ਬਣੇਗਾ?' ਬੱਚੇ ਬੀਵੀ ਰੁਲ ਰਹੇ ਨੇ ਤੇ ਉਹ ਗੋਡਿਆਂ 'ਚ ਮੂੰਹ ਦੇ ਕੇ ਜਨਾਨੀਆਂ ਵਾਂਗ ਰੋਣ ਲੱਗ ਪਿਆ। ਸੱਚੀਂ ਹੀ ਪਿਛੇ ਪਤਨੀਆਂ ਦੀ ਚੀਸ ਨਿਕਲਦੀ ਹੋਵੇਗੀ 'ਵੇ ਰੱਖ ਲਿਆ ਮੇਮਾਂ ਨੇ, ਵਿਹੁ ਖਾ ਕੇ ਮਰ ਜਾਵਾਂ।'

ਅਮਰੀਕਾ 'ਚ ਕਈ ਗਰੀਨ ਕਾਰਡ ਉਡੀਕਦਿਆਂ ਬੁੱਢੇ ਹੋ ਗਏ ਨੇ। ਤੀਹ ਤੀਹ ਸਾਲ ਹੋ ਗਏ ਨੇ ਘਰ ਦਾ ਤੇ ਟੱਬਰ ਦਾ ਮੂੰਹ ਵੇਖਿਆਂ। ਕਈਆਂ ਨੇ ਦਾਰੂ ਨਾਲ ਇਸ਼ਕ ਕਰ ਲਿਐ। ਕਈਆਂ ਨੇ ਪਿੱਛੇ ਤਾਂ ਡਾਲਰਾਂ ਨਾਲ ਘਰ ਭਰ ਦਿੱਤੇ ਨੇ, ਪਤਨੀਆਂ ਨੂੰ ਜਿਉਂਦੇ ਜੀਅ ਵਿਧਵਾਵਾਂ ਬਣਾ ਦਿੱਤਾ ਹੈ, ਪੈਸੇ ਦੀ ਸਰਗੀ ਹੋਣ ਦੇ ਬਾਵਜੂਦ ਬੱਚਿਆਂ ਨੂੰ ਘਰ ਯਤੀਮਾਂ ਦੇ ਆਸ਼ਰਮ ਵਰਗਾ ਲਗਦਾ ਹੈ। ਕਈਆਂ ਨੇ ਆਪਣੇ ਬੱਚਿਆਂ ਨੂੰ ਖੇਡਦਿਆਂ ਛੱਡਿਆ ਸੀ, ਪਰ ਹੁਣ ਉਨ੍ਹਾਂ ਦੇ ਬੱਚੇ ਬੱਚਿਆਂ ਵਾਲੇ ਹੋ ਗਏ ਨੇ। ਪ੍ਰਦੇਸਾਂ ਦਾ ਦਰਦ ਇਨ੍ਹਾਂ ਨੂੰ ਪੁੱਛ ਕੇ ਵੇਖੋ ਕਿਵੇਂ ਹਾਉਕਿਆਂ ਹਾਵਿਆਂ ਦੇ ਤੰਦ ਪੈ ਰਹੇ ਨੇ।

ਅਸੀਂ ਖਾਣ-ਕਮਾਉਣ ਪ੍ਰਦੇਸ ਆਏ, ਪਰ ਕਦੇ ਸੋਚਿਆ ਅਗਲੀਆਂ ਦੋ ਪੀੜ੍ਹੀਆਂ ਤੋਂ ਬਾਅਦ ਸਭ ਕੁਝ ਜਾਂਦਾ ਲਗਣੈ। ਗੋਰਿਆਂ ਨੂੰ ਤੁਹਾਨੂੰ ਨਾਗਰਿਕਤਾ ਦੇਣ ਵਿਚ ਇਸ ਕਰਕੇ ਉਜਰ ਨਹੀਂ ਕਿਉਂਕਿ ਉਨ੍ਹਾਂ ਨੂੰ ਪਤੈ ਕਿ ਤੀਜੀ ਪੀੜ੍ਹੀ ਸਭਿਆਚਾਰ, ਇਖਲਾਕ, ਵਿਰਸਾ ਸਭ ਕੁਝ ਭੁੱਲ ਕੇ ਉਨ੍ਹਾਂ 'ਚ ਰਲ ਜਾਵੇਗੀ। ਪਰ ਹਾਲੇ ਤੱਕ ਜਿਹੜੇ ਘਰ ਤਾਂ ਛੱਡ ਆਏ ਸੀ ਘਾਟ ਦੇ ਵੀ ਨਹੀਂ ਬਣੇ, ਉਨ੍ਹਾਂ ਦੀਆਂ ਪਤਨੀਆਂ ਲੱਖ ਚੂਰੀਆਂ ਕੁੱਟ ਕੇ ਬਨੇਰਿਆਂ 'ਤੇ ਸੁੱਟਣ, ਪਰ ਫੇਰ ਵੀ ਕਹਿਣਾ ਇਹ ਪੈਂਦਾ, ਕਿਤੇ ਸਾਡੇ ਵੀ ਬਨੇਰੇ ਉਤੇ ਬੋਲ ਵੇ, ਨਿੱਤ ਬੋਲਦੈਂ ਗਵਾਂਢੀਆਂ ਦੇ ਕਾਂਵਾਂ...।


## ਬੇ-ਏਰੀਆ ਸਪੋਰਟਸ ਕਲੱਬ, ਕੈਲੇਫੋਰਨੀਆ

### ਸੂਚਨਾ

**ਬੇ-ਏਰੀਆ ਸਪੋਰਟਸ ਕਲੱਬ ਵਲੋਂ ਸਮੂਹ ਸਪੋਰਟਸ ਕਲੱਬਾਂ ਅਤੇ ਖਿਡਾਰੀਆਂ ਦੀ ਜਾਣਕਾਰੀ ਲਈ ਇਹ ਇਤਲਾਹ ਦਿੱਤੀ ਜਾਂਦੀ ਹੈ ਕਿ ਕਿਸੇ ਵੀ ਮੈਚ ਲਈ ਇਸ ਕਲੱਬ ਦੇ ਖਿਡਾਰੀਆਂ ਬਾਰੇ ਜਾਣਕਾਰੀ ਚਾਹੀਦੀ ਹੋਵੇ ਜਾਂ ਟੀਮ ਨੂੰ ਸੱਦਾ-ਪੱਤਰ ਦੇਣਾ ਹੋਵੇ ਜਾਂ ਵਿਚਾਰ-ਵਟਾਂਦਰਾ ਕਰਨਾ ਹੋਵੇ ਜਾਂ ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਦੇਸ਼ ਵਿਚ ਹੋ ਰਹੇ ਮੈਚ ਲਈ ਇਸ ਕਲੱਬ ਦਾ ਖਿਡਾਰੀ ਚਾਹੀਦਾ ਹੋਵੇ ਤਾਂ ਬੇ-ਏਰੀਆ ਸਪੋਰਟਸ ਕਲੱਬ ਦੀ ਕਬੱਡੀ ਟੀਮ ਦੇ ਕਪਤਾਨ, ਜੋ ਇਸ ਦੇ ਮੈਨੇਜਰ ਵੀ ਹਨ, ਸ੍ਰੀ ਤੀਰਥ ਸਿੰਘ ਗਾਖਲ ਨਾਲ ਉਨ੍ਹਾਂ ਦੇ ਫੋਨ ਨੰਬਰ 209-277-1661 ਉਤੇ ਸਿੱਧਾ ਸੰਪਰਕ ਕੀਤਾ ਜਾਵੇ।**

**ਇਸ ਕਲੱਬ ਦੇ ਕਿਸੇ ਵੀ ਖਿਡਾਰੀ ਨਾਲ ਸਿੱਧਿਆਂ ਗੱਲ ਕਰਨਾ ਯੋਗ ਨਹੀਂ ਹੈ ਕਿਉਂਕਿ ਸਾਰੇ ਖਿਡਾਰੀ ਇਸ ਕਲੱਬ ਦੇ ਨਾਲ ਅੰਡਰ ਕੰਟਰੈਕਟ ਹਨ ਅਤੇ ਕਲੱਬ ਦੀ ਇਜਾਜ਼ਤ ਤੋਂ ਬਿਨਾ ਕਿਸੇ ਹੋਰ ਲਈ ਨਹੀਂ ਖੇਡ ਸਕਦੇ। ਸ੍ਰੀ ਤੀਰਥ ਸਿੰਘ ਗਾਖਲ ਹੀ ਇਕੋ ਇਕ ਅਧਿਕਾਰਤ ਵਿਅਕਤੀ ਹਨ। ਬੇ-ਏਰੀਆ ਸਪੋਰਟਸ ਕਲੱਬ ਨਾਲ ਕੋਈ ਵੀ ਧਿਰ ਜਾਂ ਖਿਡਾਰੀ ਗੱਲ ਕਰ ਸਕਦੀ ਹੈ। ਹੋਰ ਵੀ ਖੁਸ਼ੀ ਅਤੇ ਮਾਣ ਦੀ ਗੱਲ ਇਹ ਹੈ ਕਿ ਸ੍ਰੀ ਤੀਰਥ ਸਿੰਘ ਗਾਖਲ 2009 ਹੀ ਨਹੀਂ ਭਵਿੱਖ ਵਿਚ ਵੀ ਬੇ-ਏਰੀਆ ਸਪੋਰਟਸ ਕਲੱਬ ਨਾਲ ਹਮੇਸ਼ਾ ਲਈ ਜੁੜੇ ਰਹਿਣਗੇ।**

**ਬਲਜੀਤ ਸਿੰਘ ਸੰਧੂ**
**ਫੋਨ:510-760-9141**

**ਬਲਜੋਗ ਸਿੰਘ ਸੰਧੂ**
**ਫੋਨ:707-334-7762**

# ਕਈ ਵੱਡੇ ਸੰਗੀਤਕਾਰ ਭਾਈ ਸਮੁੰਦ ਸਿੰਘ ਨੂੰ ਉਸਤਾਦ ਮੰਨਦੇ ਸਨ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਹਰਜਾਪ ਸਿੰਘ ਔਜਲਾ**

ਜਲਦੀ ਹੀ ਉਨ੍ਹਾਂ ਨੂੰ ਆਪੋ-ਆਪਣੀ ਕੈਟੇਗਰੀ ਵਿਚ ''ਏ ਕਲਾਸ'' ਗੁਰਮਤਿ ਸੰਗੀਤ ਗਾਇਕ ਦਾ ਦਰਜਾ ਦਿੱਤਾ ਗਿਆ। ਇਨ੍ਹਾਂ ਦੋਨਾਂ ਰਾਗੀਆਂ ਦਾ ਆਪੋ-ਆਪਣਾ ਵਿਲੱਖਣ ਗਾਇਨ ਢੰਗ ਸੀ। ਭਾਈ ਸੰਤਾ ਸਿੰਘ ਉੱਚੀ ਸੁਰ ਵਿਚ ਗਾਉਂਦੇ ਸਨ ਅਤੇ ਉਹ ਇਸ ਤਕਨੀਕ ਦੇ ਮਾਹਿਰ ਸਨ। ਪਰ ਭਾਈ ਸਮੁੰਦ ਸਿੰਘ ਬਹੁਤਾ ਸਹਿਜ ਸੁਰ ਵਿਚ,ਪਰ ਕਦੀ ਕਦੀ ਉੱਚੀ ਸੁਰ ਵਿਚ ਸ਼ਬਦ ਪੇਸ਼ ਕਰਦੇ ਸਨ। ਭਾਈ ਸੰਤਾ ਸਿੰਘ ਪ੍ਰਮੁੱਖ ਤੌਰ 'ਤੇ 'ਕੇਹਰਵਾ ਤਾਲ' ਵਿਚ ਗਾਉਂਦੇ ਸਨ ਅਤੇ ਬਹੁਤ ਹੀ ਸ਼ਾਇਸ਼ਤਾ ਆਵਾਜ਼ 'ਤੇ ਜ਼ੋਰ ਦਿੰਦੇ ਸਨ। ਪਰ ਭਾਈ ਸਮੁੰਦ ਸਿੰਘ ਬਹੁਤੀਆਂ ਉਹ ਤਾਲਾਂ ਵਰਤਦੇ ਸਨ, ਜਿਹੜੀਆਂ ਸਮਕਾਲੀ ਅਤੇ ਪੁਰਾਣਏ ਪ੍ਰਮੁੱਖ ਸੰਗੀਤਕਾਰਾਂ ਵਲੋਂ ਵਰਤੀਆਂ ਜਾਂਦੀਆਂ ਸਨ। ਭਾਈ ਸਮੁੰਦ ਸਿੰਘ ਨੇ ਆਪਣੀ ਲੰਮੇ ਸਮੇਂ ਦੀ ਰਿਆਜ਼ ਨਾਲ ਇਸ ਕਿਸਮ ਦੀ ਕਮਾਲ ਦੀ 'ਮੁਰਕੀ' ਆਪਣੀ ਆਵਾਜ਼ ਵਿਚ ਪੈਦਾ ਕਰ ਲਈ ਸੀ ਜਿਸ ਨਾਲ ਉਹ ਬਹੁਤ ਹੀ ਔਖੇ ਸ਼ਬਦਾਂ ਨੂੰ ਵੀ ਸਹਿਜ ਨਾਲ ਪੇਸ਼ ਕਰ ਜਾਂਦੇ ਸਨ। ਬਹੁਤ ਸਾਰੇ ਸੰਗੀਤਕਾਰਾਂ ਨੇ ਉਨ੍ਹਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਕਾਪੀ ਨਹੀਂ ਸੀ ਕੀਤਾ ਜਾ ਸਕਦਾ। ਆਲ ਇੰਡੀਆ ਰੇਡੀਓ ਲਾਹੌਰ ਵਿਖੇ ਭਾਈ ਸਮੁੰਦ ਸਿੰਘ ਸੰਗੀਤ ਦੇ ਖੇਤਰ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਸੰਪਰਕ ਵਿਚ ਆਏ, ਜਿਨ੍ਹਾਂ ਵਿਚ ਬੜੇ ਗੁਲਾਮ ਅਲੀ ਖ਼ਾਨ, ਵਿਨਾਇਕ ਰਾਓ ਪਟਵਰਧਨ, ਦਲੀਪ ਸਿੰਘ ਬੇਦੀ (ਪਿੱਛੋਂ ਦਲੀਪ ਚੰਦਰ ਬੇਦੀ), ਬਰਕਤ ਅਲੀ ਖ਼ਾਨ, ਦੀਨ ਮੁਹੰਮਦ, ਕੱਲੂਣ ਖਾਨ, ਹਰੀਸ਼ ਚੰਦਰ ਬਾਲੀ ਅਤੇ ਮਾਸਟਰ ਰਤਨ ਸ਼ਾਮਲ ਸਨ। ਪੇਸ਼ਾਕਾਰੀ ਦੌਰਾਨ ਅਤੇ ਬਾਅਦ ਵਿਚ ਉਹ ਇਕ ਦੂਜੇ ਨਾਲ ਬਹੁਤ ਕੁਝ ਸਾਂਝਾ ਕਰਦੇ। ਉਨ੍ਹਾਂ ਵਿਚੋਂ ਕੋਈ ਵੀ ਇਕ ਦੂਜੇ ਨੂੰ ਕਲਾਸੀਕਲ ਸੰਗੀਤ ਦੇ ਸੂਖਮ ਨੁਕਤਿਆਂ ਸਬੰਧੀ ਸਵਾਲ ਕਰਨੋ ਝਿਜਕਦਾ ਨਹੀਂ ਸੀ। ਕਈ ਵਾਰ ਇਹ ਬਹਿਸਾਂ ਗਰਮੀ ਵੀ ਖਾ ਜਾਂਦੀਆਂ। ਪਰ ਜਲਦੀ ਹੀ ਉਹ ਆਪਣੇ ਮੱਤਭੇਦ ਮਿਟਾ ਕੇ ਸਹਿਜ ਹੋ ਜਾਂਦੇ। ਇਸ ਸਮੇਂ ਦੌਰਾਨ ਭਾਈ ਸਮੁੰਦ ਸਿੰਘ ਹਰ ਮਹੀਨੇ ਨਨਕਾਣਾ ਸਾਹਿਬ ਅਤੇ ਲਾਹੌਰ ਵਿਚਕਾਰ ਆਉਂਦੇ ਜਾਂਦੇ ਰਹੇ। ਇਸ ਤੋਂ ਇਲਾਵਾ ਉਨ੍ਹਾਂ ਦੀ ਲਾਹੌਰ ਅਤੇ ਅੰਮ੍ਰਿਤਸਰ ਵਿਚਕਾਰ ਵੀ ਆਉਣੀ ਜਾਣੀ ਰਹੀ।

ਭਾਈ ਸੁਧ ਸਿੰਘ ਅਤੇ ਪ੍ਰਧਾਨ ਸਿੰਘ ਵੀ ਪਿੱਛੋਂ ਰੇਡੀਓ ਗਾਇਕ ਦੇ ਰੂਪ ਵਿਚ ਮਨਜ਼ੂਰ ਹੋ ਗਏ ਸਨ। ਸਥਾਨਕ ਕਲਾਕਾਰ ਭਾਈ ਬੁੱਧ ਸਿੰਘ ਤਾਨ ਜੋ ਕਿ ਇਕੱਲਿਆਂ ਰੂਪ ਵਿਚ ਸ਼ਬਦ ਕੀਰਤਨ ਪੇਸ਼ ਕਰਿਆ ਕਰਦੇ ਸਨ, ਸਿਰਫ ਇਕੋ ਇਕ ਰੇਡੀਓ ਕਲਾਕਾਰ ਵਜੋਂ ਮਨਜ਼ੂਰ ਹੋਏ ਸਨ। ਜਦੋਂ ਵੀ ਭਾਈ ਸਮੁੰਦ ਸਿੰਘ ਦੀ ਆਵਾਜ਼ ਰੇਡੀਓ ਉੱਪਰ ਸੁਣੀ ਜਾਂਦੀ ਸੀ ਤਾਂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਸ਼ਾਮ ਦੀ ਸੰਗਤ ਕਾਫੀ ਜ਼ਿਆਦਾ ਵਧ ਜਾਂਦੀ ਸੀ। ਗੁਰਬਾਣੀ ਸਰੋਤਿਆਂ ਵਿਚ ਬਹੁਤ ਸਾਰੇ ਮੁਸਲਿਮ, ਹਿੰਦੂ ਅਤੇ ਇਸਾਈ ਵੀ ਸ਼ਾਮਲ ਹੁੰਦੇ ਸਨ। ਮਿਊਜ਼ਿਕ ਡਾਇਰੈਕਟਰ ਵਿਨੋਦ, ਜੋ ਕਿ ਕ੍ਰਿਸਚੀਅਨ ਸਨ, ਗੁਰਦੁਆਰਾ ਡੇਹਰਾ ਸਾਹਿਬ ਵਿਖੇ ਅਕਸਰ ਹੀ ਭਾਈ ਸਮੁੰਦ ਸਿੰਘ ਨੂੰ ਸੁਣਨ ਜਾਇਆ ਕਰਦੇ ਸਨ। ਸਮਾਂ ਸੀਮਾਂ ਦਾ ਧਿਆਨ ਰੱਖਦਿਆਂ ਆਲ ਇੰਡੀਆ ਰੇਡੀਓ ਲਾਹੌਰ ਗਾਏ ਜਾਣ ਵਾਲੇ ਸ਼ਬਦ ਦਾ ਸਮਾਂ ਤੈਅ ਕਰ ਦਿੰਦਾ ਸੀ। ਰਿਹਰਸਲ ਦੇ ਸਮੇਂ ਹਰ ਇਕ ਤੁਕ ਭਾਈ ਸਮੁੰਦ ਸਿੰਘ ਨੇ ਘੱਟੋ-ਘੱਟ ਇਕ ਵਾਰ ਜ਼ਰੂਰ ਗਾਉਣੀ ਹੁੰਦੀ ਸੀ। ਜੇ ਸਮੁੱਚਾ ਸ਼ਬਦ ਦਿੱਤੇ ਗਏ ਸਮੇਂ ਦੇ ਅੰਦਰ ਅੰਦਰ ਸੰਪੂਰਨ ਨਾ ਹੁੰਦਾ ਤਾਂ ਭਾਈ ਸਮੁੰਦ ਸਿੰਘ ਜੀ ਉਨ੍ਹਾਂ ਨੂੰ ਰੇਡੀਓ 'ਤੇ ਗਾਉਣੋ ਇਨਕਾਰ ਕਰ ਦਿਆ ਕਰਦੇ ਸਨ। ਇਹ ਉਨ੍ਹਾਂ ਦੇ ਅਸੂਲ ਅਨੁਸਾਰ ਨਹੀਂ ਸੀ ਕਿ ਕਿਸੇ ਸ਼ਬਦ ਦਾ ਕੋਈ ਹਿੱਸਾ ਬਿਨਾ ਗਾਇਆਂ ਹੀ ਛੱਡ ਦਿੱਤਾ ਜਾਵੇ। ਉਨ੍ਹਾਂ ਦੇ ਸਖ਼ਤ ਗੁਰਮਤਿ ਅਸੂਲ ਉਨ੍ਹਾਂ ਦੀ ਤਾਕਤ ਸਨ ਅਤੇ ਆਲ ਇੰਡੀਆ ਰੇਡੀਓ ਦੇ ਅਧਿਕਾਰੀਆਂ ਨੇ ਕਦੀ ਵੀ ਉਨ੍ਹਾਂ ਨੂੰ ਨਜ਼ਰਅੰਦਾਜ਼ ਨਾ ਕੀਤਾ।

ਆਲ ਇੰਡੀਆ ਰੇਡੀਓ ਉਪਰ ਸ਼ਬਦ ਗਾਇਨ ਸਮੇਂ ਭਾਈ ਸਮੁੰਦ ਸਿੰਘ ਸ਼ਬਦ ਕੀਰਤਨ ਨੂੰ ਸਮਾਂ ਸੀਮਾ ਦੇ ਅੰਦਰ ਗਾਉਣ ਦੀ ਕੋਸ਼ਿਸ਼ ਕਰਿਆ ਕਰਦੇ ਸਨ। ਪਰ ਜਦੋਂ ਉਹ ਕਿਸੇ ਦੇ ਘਰ ਜਾਂ ਗੁਰਦੁਆਰੇ ਵਿਖੇ ਗੁਰਬਾਣੀ ਦਾ ਕੀਰਤਨ ਕਰਦੇ ਤਾਂ ਉਹ ਇਨ੍ਹਾਂ ਇਲਾਹੀ ਸ਼ਬਦਾਂ ਨਾਲ ਜ਼ਿਆਦਾ ਨਿਆਂ ਕਰਿਆ ਕਰਦੇ ਸਨ। ਕੀਰਤਨ ਸਮੇਂ ਉਹ ਕਥਾ ਕਰਨੀ ਪਸੰਦ ਨਹੀਂ ਸਨ ਕਰਦੇ। ਪੰਜਾਬੀ ਦੇ ਮਸ਼ਹੂਰ ਕਵੀ ਭਾਈ ਵੀਰ ਸਿੰਘ ਕੀਰਤਨੀਆਂ ਵਲੋਂ ਕਥਾ ਕੀਤੇ ਜਾਣ ਦਾ ਬਹੁਤ ਵਿਰੋਧ ਕਰਿਆ ਕਰਦੇ ਸਨ। ਭਾਈ ਵੀਰ ਸਿੰਘ ਦਾ ਵਿਸ਼ਵਾਸ ਸੀ ਕਿ ਕਥਾ ਦਾ ਖੇਤਰ ਕਥਾਕਾਰਾਂ ਕੋਲ ਹੀ ਹੋਣਾ ਚਾਹੀਦਾ ਹੈ ਅਤੇ ਕਥਾਕਾਰਾਂ ਨੂੰ ਸ਼ਬਦ ਗਾਇਨ ਦਾ ਖੇਤਰ ਕੀਰਤਨੀਆਂ ਲਈ ਛੱਡ ਦੇਣਾ ਚਾਹੀਦਾ ਹੈ। ਕੀਰਤਨੀਏ ਹੀ ਸ਼ਬਦ ਕੀਰਤਨ ਵਧੇਰੇ ਸਹਿਜ ਅਤੇ ਪ੍ਰਬੀਨਤਾ ਨਾਲ ਕਰ ਸਕਦੇ ਹਨ। ਭਾਈ ਸਮੁੰਦ ਸਿੰਘ ਹਮੇਸ਼ਾ ਹੀ ਭਾਈ ਵੀਰ ਸਿੰਘ ਦੀ ਇਸ ਸਲਾਹ ਨਾਲ ਸਹਿਮਤ ਰਹੇ।

ਉੱਤਰ ਭਾਰਤੀ ਕਲਾਸੀਕਲ ਮਿਊਜ਼ਿਕ ਵਿਚ ਠੁਮਰੀ ਅਰਧ ਕਲਾਸੀਕਲ ਰਾਗ ਹੈ। ਇਸ ਨੇ ਆਪਣਾ ਮੁਕੰਮਲ ਰੂਪ 19ਵੀਂ ਸਦੀ ਦੇ ਮਧਲੇ ਦਹਾਕਿਆਂ ਵਿਚ ਧਾਰਿਆ। ਠੁਮਰੀ ਪਿਆਰ, ਸਮਰਪਣ ਅਤੇ ਪਿਆਰੇ ਤੋਂ ਵਿਛੋੜੇ ਦੀ ਬਿਰਹੋਂ ਦੇ ਭਾਵਾਂ ਨੂੰ ਬੜੀ ਹੀ ਅਸਰਦਾਰ ਢੰਗ ਨਾਲ ਪ੍ਰਵਾਹਿਤ ਕਰਦੀ ਹੈ। ਗੁਰਬਾਣੀ ਵਿਚ ਇਹੋ ਜਿਹੇ ਬਹੁਤ ਸਾਰੇ ਸ਼ਬਦ ਹਨ, ਜਿਹੜੇ ਇਸ ਕਿਸਮ ਦੀਆਂ ਭਾਵਨਾਵਾਂ ਪ੍ਰਗਟ ਕਰਦੇ ਹਨ। ਫਰਕ ਸਿਰਫ ਏਨਾ ਹੈ ਕਿ ਗੁਰਬਾਣੀ ਦਾ ਪ੍ਰੇਮ ਅਤੇ ਸਮਰਪਣ ਗੁਰੂ ਅਤੇ ਪ੍ਰਮਾਤਮਾ ਵਲ ਸੇਧਤ ਹੈ। ਠੁਮਰੀ ਪੰਜਾਬ ਵਿਚ 20ਵੀਂ ਸਦੀ ਦੇ ਦੂਜੇ ਦਹਾਕੇ ਤੱਕ ਪ੍ਰਚਲਿਤ ਨਹੀਂ ਸੀ। ਅਸਲ ਵਿਚ ਭਾਈ ਸਮੁੰਦ ਸਿੰਘ ਦੇ ਬਹੁਤ ਹੀ ਚੰਗੇ ਦੋਸਤ ਬੜੇ ਗੁਲਾਮ ਅਲੀ ਖਾਂ ਨੇ 1930-40 ਦੇ ਦਹਾਕੇ ਦੌਰਾਨ ਠੁਮਰੀ ਨੂੰ ਪੰਜਾਬ ਵਿਚ ਮੁਕੰਮਲ ਰੂਪ ਦਿੱਤਾ। ਉਨ੍ਹਾਂ ਨੇ ਆਪਣੀ ਸਭ ਤੋਂ ਵਧੀਆ ਠੁਮਰੀ 1940 ਦੇ ਦਹਾਕੇ ਵਿਚ ਗਾਈ। ਭਾਈ ਸਮੁੰਦ ਸਿੰਘ ਜਿਨ੍ਹਾਂ ਨੇ ਅੰਮ੍ਰਿਤਸਰ ਦੇ ਇੰਦੂ ਬਾਲਾ ਤੋਂ ਲੈ ਕੇ ਬਿਹਾਰ ਦੇ ਕਮਲਾ ਝਾਰੀਆ, ਬਰਕਤ ਅਲੀ ਖਾਂ, ਬੜੇ ਗੁਲਾਮ ਅਲੀ ਖਾਂ ਅਤੇ ਹੋਰਾਂ ਦੀ ਠੁਮਰੀ ਨੂੰ ਧਿਆਨ ਨਾਲ ਸੁਣਿਆ, ਖ਼ੁਦ ਆਪਣੀ ''ਸ਼ਬਦ ਗਾਇਨ ਠੁਮਰੀ ਅੰਗ'' ਦਾ ਵਿਕਾਸ ਕਰਦਿਆਂ ਇਸ ਰਾਗ ਵਿਚ ਸ਼ਬਦ ਗਾਇਨ ਪਰੰਪਰਾ ਸ਼ੁਰੂ ਕੀਤੀ। ਉਨ੍ਹਾਂ ਦੀ ਇਸ ਸ਼ੁਰੂਆਤ ਨੂੰ ਸਿੱਖਾਂ ਨੇ ਵੱਡੀ ਪੱਧਰ 'ਤੇ ਸਵੀਕਾਰ ਕੀਤਾ। ਕੁਝ ਇਸ ਕਿਸਮ ਦੇ ਸ਼ਬਦ ਅਸਲੀਅਤ ਵਿਚ ਆਲ ਇੰਡੀਆ ਰੇਡੀਓ ਲਾਹੌਰ ਉੱਪਰ ਗਾਏ ਗਏ। ਉਨ੍ਹਾਂ ਦਿਨਾਂ ਵਿਚ ਆਲ ਇੰਡੀਆ ਰੇਡੀਓ ਵਲੋਂ, ਰੇਡੀਓ ਪ੍ਰੋਗਰਾਮਾਂ ਦੀ ਟੇਪ ਰਿਕਾਰਡਿੰਗ ਤੇ ਟ੍ਰਾਂਸਕ੍ਰਿਪਟ ਨਹੀਂ ਸੀ ਰੱਖੀ ਜਾਂਦੀ। ਇਨ੍ਹਾਂ ਕਾਰਨਾਂ ਕਰਕੇ 30ਵਿਆਂ ਅਤੇ 40ਵਿਆਂ ਦੇ ਇਹ ਸ਼ਬਦ ਗਾਇਨ ਹੁਣ ਸਰੋਤਿਆਂ ਲਈ ਉਪਲਬਧ ਨਹੀਂ ਹਨ। ਜਲੰਧਰ ਵਾਸੀ ਭਾਈ ਗੁਰਮੀਤ ਸਿੰਘ ਸ਼ਾਮ ਨੇ ਠੁਮਰੀ ਨੂੰ ਹੁਣ ਸ਼ਬਦ ਗਾਇਨ ਲਈ ਅਪਣਾਇਆ ਹੈ ਅਤੇ ਸਿੱਖ ਭਾਈਚਾਰੇ ਨੇ ਇਸ ਨੂੰ ਵਿਆਪਕ ਪੱਧਰ 'ਤੇ ਸਵੀਕਾਰ ਕੀਤਾ ਹੈ। 1947 ਵਿਚ ਭਾਰਤ ਪਾਕਿਸਤਾਨ ਦੀ ਵੰਡ ਵੇਲੇ ਹੋਏ ਖ਼ੂਨ ਖਰਾਬੇ ਸਮੇਂ ਭਾਈ ਸਮੁੰਦ ਸਿੰਘ ਨੂੰ ਆਪਣੇ ਪੁਰਖਿਆਂ ਦਾ ਘਰ ਛੱਡ ਕੇ ਸਿੱਖਾਂ ਲਈ ਪਵਿੱਤਰ ਸ਼ਹਿਰ ਅੰਮ੍ਰਿਤਸਰ ਆ ਕੇ ਵਸਣਾ ਪਿਆ। ਅਜਿਹਾ ਫੈਸਲਾ ਲੈਣਾ ਕਾਫੀ ਮੁਸ਼ਕਿਲ ਸੀ, ਜਦੋਂ ਤੁਸੀਂ ਆਪਣੀ ਸਾਰੀ ਜ਼ਿੰਦਗੀ ਆਪਣੇ ਧਰਮ ਦੇ ਮੋਢੀ ਦੇ ਜਨਮ ਅਸਥਾਨ ਉੱਪਰ ਬਿਤਾਈ ਹੋਵੇ। ਵੰਡ ਤੋਂ ਇਕਦਮ ਬਾਅਦ ਪੂਰਬੀ ਅਤੇ ਪੱਛਮੀ ਪੰਜਾਬ ਬਣਨ ਪਿੱਛੋਂ ਭਾਈ ਸਮੁੰਦ ਸਿੰਘ ਨੇ ਆਪਣੇ ਆਪ ਨੂੰ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਸੰਭਾਲੀ। ਉਨ੍ਹਾਂ ਦੇ ਇਕ ਹੋਰ ਬਹੁਤ ਹੀ ਕਾਬਲ ਸਮਕਾਲੀ ਭਾਈ ਚਾਂਦ (ਰਬਾਬੀ ਮੁਸਲਿਮ ਕੀਰਤਨੀਏ) ਹਾਲੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨੀ ਕਰਦੇ ਸਨ ਅਤੇ ਵੰਡ ਕਾਰਨ ਪਾਕਿਸਤਾਨ ਜਾਣ ਲਈ ਤਿਆਰ ਬੈਠੇ ਸਨ। ਪਾਕਿਸਤਾਨ ਜਾਣ ਤੋਂ ਬਾਅਦ ਭਾਈ ਚਾਂਦ ਅਲੱਗ ਥਲੱਗ ਪੈ ਗਏ ਅਤੇ ਪਾਕਿਸਤਾਨ ਵਿਚ ਉਨ੍ਹਾਂ ਨੂੰ ਬਹੁਤਾ ਮਾਣ-ਸਨਮਾਨ ਨਾ ਮਿਲਿਆ ਅਤੇ ਉਹ ਆਪਣੇ ਹਾਲਾਤ ਨਾਲ ਸਮਝੌਤਾ ਵੀ ਨਾ ਕਰ ਸਕੇ। ਕੁਝ ਹੀ ਸਾਲਾਂ ਵਿਚ ਉਨ੍ਹਾਂ ਵਿੱਤੀ ਔਖ ਅਤੇ ਨਿਰਾਸ਼ਾ ਕਾਰਨ ਆਤਮ ਹੱਤਿਆ ਕਰ ਲਈ।

ਅਗਲੇ ਕੁਝ ਸਾਲਾਂ ਵਿਚ ਹੀ ਭਾਈ ਸਮੁੰਦ ਸਿੰਘ ਨੇ ਲੁਧਿਆਣੇ ਰਹਿਣਾ ਸ਼ੁਰੂ ਕੀਤਾ ਅਤੇ ਆਪਣੇ ਆਪ ਨੂੰ ਫ੍ਰੀਲਾਂਸ ਕੀਰਤਨੀਏ ਵਜੋਂ ਸਥਾਪਤ ਕਰ ਲਿਆ। ਆਪਣੀ ਬਾਕੀ ਸਾਰੀ ਜ਼ਿੰਦਗੀ ਭਾਈ ਸਮੁੰਦ ਸਿੰਘ ਲੁਧਿਆਣਾ ਵਿਚ ਹੀ ਰਹੇ। ਜਦੋਂ 1948 ਵਿਚ ਨਵਾਂ ਰੇਡੀਓ ਸਟੇਸ਼ਨ ਅੰਮ੍ਰਿਤਸਰ ਜਲੰਧਰ ਸਥਾਪਤ ਕੀਤਾ ਗਿਆ ਤਾਂ ਭਾਈ ਸਮੁੰਦ ਸਿੰਘ ਏ-ਕਲਾਸ ਗੁਰਬਾਣੀ ਗਾਇਕ ਵਜੋਂ ਸਵੀਕਾਰ ਕੀਤੇ ਗਏ।

ਇਸ ਰੇਡੀਓ ਸਟੇਸ਼ਨ ਦਾ ਬਹੁਤਾ ਸਟਾਫ ਲਾਹੌਰ ਤੋਂ ਹਿਜ਼ਰਤ ਕਰਕੇ ਹੀ ਇਥੇ ਆਇਆ ਸੀ ਅਤੇ ਲਾਹੌਰ ਰੇਡੀਓ ਸਟੇਸ਼ਨ ਵਿਚ ਪਹਿਲਾਂ ਹੀ ਸੇਵਾਵਾਂ ਨਿਭਾਅ ਚੁੱਕਾ ਸੀ। ਇਸ ਨਵੇਂ ਰੇਡੀਓ ਸਟੇਸ਼ਨ ਵਿਖੇ ਲਾਇਲਪੁਰ ਅਤੇ ਗੁਜਰਾਂਵਾਲਾ ਤੋਂ ਰਿਫਿਊਜੀ ਬਣ ਕੇ ਆਏ ਸ. ਜੋਧ ਸਿੰਘ ਨੇ ਪ੍ਰੋਗਰਾਮ ਪ੍ਰੋਡਿਊਸਰ ਵਜੋਂ ਸੇਵਾ ਸੰਭਾਲੀ। ਇਸ ਰੇਡੀਓ ਸਟੇਸ਼ਨ ਉੱਪਰ ਭਾਈ ਸਮੁੰਦ ਸਿੰਘ ਬਹੁਤ ਮਾਣੇ ਸਤਿਕਾਰੇ ਧਾਰਮਿਕ ਸ਼ਬਦ ਗਾਇਕ ਸਨ। ਕਦੀ-ਕਦੀ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਲਖਨਊ ਅਤੇ ਦਿੱਲੀ ਤੋਂ ਵੀ ਆਪਣਾ ਸ਼ਬਦ ਗਾਇਨ ਪੇਸ਼ ਕੀਤਾ। ਦਿੱਲੀ ਸਟੇਸ਼ਨ ਉੱਪਰ ਆਪਣਾ ਪ੍ਰੋਗਰਾਮ ਪੇਸ਼ ਕਰਦਿਆਂ ਉਨ੍ਹਾਂ ਉੱਪਰ ਕਲਾਸੀਕਲ ਮਿਊਜ਼ਿਕ ਦੇ ਮਾਹਿਰ ਵਿਅਕਤੀਆਂ ਦੀ ਨਜ਼ਰ ਪਈ। ਉਨ੍ਹਾਂ ਦੀ ਸਿਫਾਰਸ਼ ਨਾਲ ਭਾਈ ਸਮੁੰਦ ਸਿੰਘ ਨੇ ਸ਼ਨਿਚਰਵਾਰ ਦੀ ਸ਼ਾਮ ਨੂੰ ਸਪਤਾਹਿਕ ਅਖਿਲ ਭਾਰਤੀ ਕਲਾਸੀਕਲ ਮਿਊਜ਼ਿਕ ਦੇ ਪ੍ਰੋਗਰਾਮ ਵਿਚ ਡੇਢ ਘੰਟਾ ਲੰਮਾ ਇਕ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ। ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਰਿਕਾਰਡ ਸਰੋਤੇ ਹਾਜ਼ਰ ਹੋਏ ਸਨ।

ਉਨ੍ਹਾਂ ਨੇ ਇਹ ਪ੍ਰੋਗਰਾਮ ਏਨੀ ਖ਼ੂਬਸੂਰਤੀ ਅਤੇ ਏਨੀ ਆਸਾਨੀ ਨਾਲ ਪੇਸ਼ ਕੀਤਾ ਕਿ ਪ੍ਰੋਗਰਾਮ ਤੋਂ ਬਾਅਦ ਸਾਰਿਆਂ ਨੇ ਜਿਵੇਂ ਉਨ੍ਹਾਂ ਨੂੰ ਹੱਥਾਂ ਉੱਪਰ ਚੁੱਕ ਲਿਆ। ਇਸ ਤੋਂ ਪਿੱਛੋਂ ਉਨ੍ਹਾਂ ਨੇ ਆਲ ਇੰਡੀਆ ਰੇਡੀਓ ਦਿੱਲੀ ਅਤੇ ਖੇਤਰੀ ਸਟੇਸ਼ਨਾਂ ਉੱਪਰ ਲਗਾਤਾਰ ਆਪਣੇ ਆਪ ਨੂੰ ਪੇਸ਼ ਕਰਨਾ ਸ਼ੁਰੂ ਕੀਤਾ।

ਸਿੱਖਾਂ ਦੀ ਪ੍ਰਮੁੱਖ ਜਥੇਬੰਦੀ,ਚੀਫ ਖਾਲਸਾ ਦੀਵਾਨ, ਜਿਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਬੁਹਤ ਸਾਰੀਆਂ ਹੋਰ ਸਿੱਖ ਸੰਸਥਾਵਾਂ ਸਥਾਪਤ ਕੀਤੀਆਂ, ਨਾ ਸਿਰਫ ਅੰਮ੍ਰਿਤਸਰ ਵਿਚ ਸਗੋਂ ਭਾਰਤ ਦੇ ਹੋਰ ਵੱਡੇ ਸ਼ਹਿਰਾਂ ਵਿਚ ਵੀ ਸਿੱਖ ਐਜੂਕੇਸ਼ਨਲ ਕਾਨਫਰੰਸਿਸ ਜਥੇਬੰਦ ਕਰਿਆ ਕਰਦੀ ਸੀ। ਭਾਈ ਸਮੁੰਦ ਸਿੰਘ ਇਨ੍ਹਾਂ ਕਾਨਫਰੰਸਾਂ ਲਈ ਆਦਰਯੋਗ ਪ੍ਰਾਹੁਣੇ ਹੁੰਦੇ ਸਨ ਅਤੇ ਅਧਿਕਾਰਤ ਰੂਪ ਵਿਚ ਕੀਰਤਨੀਏ ਵੀ।

*ਵੰਡ ਤੋਂ ਇਕਦਮ ਬਾਅਦ ਪੂਰਬੀ ਅਤੇ ਪੱਛਮੀ ਪੰਜਾਬ ਬਣਨ ਪਿੱਛੋਂ ਭਾਈ ਸਮੁੰਦ ਸਿੰਘ ਨੇ ਆਪਣੇ ਆਪ ਨੂੰ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਸੰਭਾਲੀ। ਉਨ੍ਹਾਂ ਦੇ ਇਕ ਹੋਰ ਬਹੁਤ ਹੀ ਕਾਬਲ ਸਮਕਾਲੀ ਭਾਈ ਚਾਂਦ (ਰਬਾਬੀ ਮੁਸਲਿਮ ਕੀਰਤਨੀਏ) ਹਾਲੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨੀ ਕਰਦੇ ਸਨ ਅਤੇ ਵੰਡ ਕਾਰਨ ਪਾਕਿਸਤਾਨ ਜਾਣ ਲਈ ਤਿਆਰ ਬੈਠੇ ਸਨ। ਪਾਕਿਸਤਾਨ ਜਾਣ ਤੋਂ ਬਾਅਦ ਭਾਈ ਚਾਂਦ ਅਲੱਗ ਥਲੱਗ ਪੈ ਗਏ ਅਤੇ ਪਾਕਿਸਤਾਨ ਵਿਚ ਉਨ੍ਹਾਂ ਨੂੰ ਬਹੁਤਾ ਮਾਣ-ਸਨਮਾਨ ਨਾ ਮਿਲਿਆ । ਉਹ ਆਪਣੇ ਹਾਲਾਤ ਨਾਲ ਸਮਝੌਤਾ ਵੀ ਨਾ ਕਰ ਸਕੇ। ਕੁਝ ਹੀ ਸਾਲਾਂ ਵਿਚ ਉਨ੍ਹਾਂ ਵਿੱਤੀ ਔਖ ਅਤੇ ਨਿਰਾਸ਼ਾ ਕਾਰਨ ਆਤਮ ਹੱਤਿਆ ਕਰ ਲਈ। ਅਗਲੇ ਕੁਝ ਸਾਲਾਂ ਵਿਚ ਹੀ ਭਾਈ ਸਮੁੰਦ ਸਿੰਘ ਨੇ ਲੁਧਿਆਣੇ ਰਹਿਣਾ ਸ਼ੁਰੂ ਕੀਤਾ ਅਤੇ ਆਪਣੇ ਆਪ ਨੂੰ ਫ੍ਰੀਲਾਂਸ ਕੀਰਤਨੀਏ ਵਜੋਂ ਸਥਾਪਤ ਕਰ ਲਿਆ। ਆਪਣੀ ਬਾਕੀ ਸਾਰੀ ਜ਼ਿੰਦਗੀ ਭਾਈ ਸਮੁੰਦ ਸਿੰਘ ਲੁਧਿਆਣਾ ਵਿਚ ਹੀ ਰਹੇ। ਜਦੋਂ 1948 ਵਿਚ ਨਵਾਂ ਰੇਡੀਓ ਸਟੇਸ਼ਨ ਅੰਮ੍ਰਿਤਸਰ ਜਲੰਧਰ ਸਥਾਪਤ ਕੀਤਾ ਗਿਆ ਤਾਂ ਭਾਈ ਸਮੁੰਦ ਸਿੰਘ ਏ-ਕਲਾਸ ਗੁਰਬਾਣੀ ਗਾਇਕ ਵਜੋਂ ਸਵੀਕਾਰ ਕੀਤੇ ਗਏ।*



ਭਾਈ ਸਮੁੰਦ ਸਿੰਘ ਜੀ

1969 ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸ਼ਤਾਬਦੀ ਸਮਾਰੋਹਾਂ ਵਿਚ ਪੰਜ ਲੰਮੇਂ ਪਲੇਇੰਗ ਰਿਕਾਰਡ ਪਬਲਿਸ਼ ਕੀਤੇ ਗਏ। ਭਾਈ ਸਮੁੰਦ ਸਿੰਘ ਇਨ੍ਹਾਂ ਰਿਕਾਰਡਾਂ ਵਿਚ ਪ੍ਰਮੁੱਖ ਗਾਇਕ ਵਜੋਂ ਉਭਰੇ। ਨਨਕਾਣਾ ਸਾਹਿਬ ਵਿਚ ਸੇਵਾ ਨਿਭਾਉਂਦਿਆਂ ਅਤੇ ਲਾਹੌਰ ਰੇਡੀਓ ਸਟੇਸ਼ਨ 'ਤੇ ਸ਼ਬਦ ਗਾਇਨ ਪੇਸ਼ ਕਰਦਿਆਂ ਭਾਈ ਸਮੁੰਦ ਸਿੰਘ ਆਪਣੇ ਗ੍ਰਾਮੋਫੋਨ ਡਿਸਕ ਦੇ ਸ਼ਬਦ ਕੀਰਤਨ ਨੂੰ ਕੱਟਣ ਨਹੀਂ ਦਿਆ ਕਰਦੇ ਸਨ। 1960ਵਿਆਂ ਵਿਚ ਉਨ੍ਹਾਂ ਦੀ ਆਵਾਜ਼ ਵਿਚ 33 ਆਰ.ਪੀ.ਐਮ. ਪਲੇਇੰਗ ਰਿਕਾਰਡਜ਼ ਬਣਾਏ ਗਏ। ਕੁਝ ਆਲ ਇੰਡੀਆ ਰੇਡੀਓ ਵਿਚ ਪੇਸ਼ ਕੀਤੇ ਗਏ ਉਨ੍ਹਾਂ ਦੇ ਕੀਰਤਨ ਵੀ ਪ੍ਰੋਫੈਸ਼ਨਲ ਤੇਜ਼ ਗਤੀ ਵਾਲੀਆਂ ਟੇਪਾਂ ਵਿਚ ਰਿਕਾਰਡ ਕੀਤੇ ਗਏ ਸਨ।

60ਵਿਆਂ ਦੇ ਦੌਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਿਊਜ਼ਿਕ ਦੇ ਹੈੱਡ ਆਫ ਦਿ ਡਿਪਾਰਟਮੈਂਟ ਪ੍ਰੋ. ਤਾਰਨ ਸਿੰਘ ਐਮ.ਏ., ਪੀ.ਐਚ.ਡੀ. ਨੇ ਸਿੱਖ ਧਾਰਮਿਕ ਗਾਇਕੀ ਦੇ ਮਹਾਨ ਪੁਰਸ਼ਾਂ ਦੀ ਆਵਾਜ਼ ਵਿਚ ਸ਼ਬਦ ਕੀਰਤਨ ਨੂੰ ਗੁਰਬਾਣੀ ਦੇ ਅਸਲ ਰਾਗਾਂ ਵਿਚ ਰਿਕਾਰਡ ਕਰਨ ਦਾ ਹੰਭਲਾ ਆਰੰਭਿਆ। ਉਹ 1966 ਵਿਚ ਭਾਈ ਸੰਤਾ ਸਿੰਘ ਜੀ ਦੀ 62 ਸਾਲ ਦੀ ਉਮਰ ਵਿਚ ਹੋਈ ਅਣਕਿਆਸੀ ਮੌਤ ਤੋਂ ਕਾਫੀ ਘਬਰਾ ਗਏ ਸਨ। ਉਸ ਸਮੇਂ ਦੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੋਂ ਇਜਾਜ਼ਤ ਲੈਣ ਪਿੱਛੋਂ ਉਨ੍ਹਾਂ ਨੇ ਇਹ ਪ੍ਰਾਜੈਕਟ ਸ਼ੁਰੂ ਕੀਤਾ। ਪਹਿਲੇ ਪ੍ਰਮੁੱਖ ਰਾਗੀ ਜਿਨ੍ਹਾਂ ਦੀ ਆਵਾਜ਼ ਵਿਚ ਉਨ੍ਹਾਂ ਅਸਲੀ ਰਾਗਾਂ ਵਿਚ ਗੁਰਬਾਣੀ ਗਾਇਨ ਰਿਕਾਰਡ ਕਰਨ ਦੀ ਕੋਸ਼ਿਸ਼ ਕੀਤੀ, ਭਾਈ ਸਮੁੰਦ ਸਿੰਘ ਉਨ੍ਹਾਂ ਵਿਚੋਂ ਇਕ ਸਨ। ਅਜਿਹੇ ਹੋਰ ਰਾਗੀਆਂ ਵਿਚ ਭਾਈ ਧਰਮ ਸਿੰਘ ਜ਼ਖ਼ਮੀ ਵੀ ਮੌਜੂਦ ਸਨ।

ਭਾਈ ਸਮੁੰਦ ਸਿੰਘ ਨੇ ਆਪਣੀ ਆਵਾਜ਼ ਵਿਚ ਕਈ ਸ਼ਬਦ ਰਿਕਾਰਡ ਕਰਵਾਏ। ਪਿੱਛੋਂ ਭਾਈ ਸਮੁੰਦ ਸਿੰਘ ਨੇ ਸੁਝਾਅ ਪੇਸ਼ ਕੀਤਾ ਕਿ ਮਰਹੂਮ ਭਾਈ ਜਵਾਲਾ ਸਿੰਘ ਜੀ ਸੁਲਤਾਨਪੁਰ ਲੋਧੀ ਦੇ ਪੁੱਤਰ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਗੁਰਮਤਿ ਸੰਗੀਤ ਦੀਆਂ ਪੁਰਾਣੀਆਂ ਧਰੂਪਦ ਅਤੇ ਧ੍ਰਮਰ ਧਾਰਾ ਦੇ ਪ੍ਰਮੁੱਖ ਸ਼ਬਦ ਗਾਇਕ ਹਨ। ਜਿਨ੍ਹਾਂ ਨੂੰ ਸਾਂਭ ਕੇ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਇਸ ਸੁਝਾਅ ਉੱਪਰ ਪ੍ਰੋ. ਤਾਰਨ ਸਿੰਘ ਨੇ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੂੰ ਅਸਲੀ ਗੁਰਬਾਣੀ ਸੰਗੀਤ ਵਿਚ ਸ਼ਬਦ ਕੀਰਤਨ ਰਿਕਾਰਡ ਕਰਨ ਦੀ ਬੇਨਤੀ ਕੀਤੀ। ਉਹ ਉਸ ਸਮੇਂ ਦਿੱਲੀ ਦੇ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਸ਼ਬਦ ਗਾਇਨ ਕਰਦੇ ਸਨ। ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਤਾਨਪੁਰਾ ਦੀ ਮਦਦ ਨਾਲ ਅਸਲੀ ਗੁਰਬਾਣੀ ਸੰਗੀਤ ਵਿਚ ਸ਼ਬਦ ਰਿਕਾਰਡ ਕਰਵਾਏ। ਜਿਥੋਂ ਤੱਕ ਮੇਰਾ ਗਿਆਨ ਹੈ, ਹੁਣ ਯੂਨੀਵਰਸਿਟੀ ਕੋਲ ਨਾ ਤਾਂ ਭਾਈ ਸਮੁੰਦ ਸਿੰਘ ਦੀ ਆਵਾਜ਼ ਵਿਚ ਰਿਕਾਰਡ ਕੀਤੇ ਗਏ ਸ਼ਬਦ ਮੌਜੂਦ ਹਨ ਅਤੇ ਨਾ ਹੀ ਭਾਈ ਅਵਤਾਰ ਸਿੰਘ ਅਤੇ ਗੁਰਚਰਨ ਸਿੰਘ ਦੀ ਆਵਾਜ਼ ਵਿਚ। ਅਸੀਂ ਵੇਖ ਸਕਦੇ ਹਾਂ ਕਿ ਸਾਡੀਆਂ ਯੂਨੀਵਰਸਿਟੀਆਂ ਦਾ ਹਾਲ ਕਿਹੋ ਜਿਹਾ ਹੈ।

ਸੋਹਣ ਸਿੰਘ ਮੀਸ਼ਾ ਪੰਜਾਬੀ ਦਾ ਸ਼ਾਨਦਾਰ ਕਵੀ ਅਤੇ ਅਕੈਡਮੀਸ਼ੀਅਨ ਸੀ। ਉਸ ਨੇ ਆਲ ਇੰਡੀਆ ਰੇਡੀਓ ਜਲੰਧਰ ਵਿਖੇ ਵੱਖ-ਵੱਖ ਅਹੁਦਿਆਂ ਉੱਪਰ ਕੰਮ ਕੀਤਾ। ਉਹ ਕਿਸੇ ਸਮੇਂ ਇਸ ਸਟੇਸ਼ਨ ਦਾ ਦੂਜੇ ਨੰਬਰ ਦਾ ਅਫਸਰ ਬਣ ਗਿਆ ਸੀ। ਉਹ ਭਾਵੇਂ ਬਹੁਤ ਜਿਊਂਦਾ ਜਾਗਦਾ ਇਨਸਾਨ ਸੀ, ਪਰ ਜ਼ੁਬਾਨ ਦਾ ਬਹੁਤ ਸਪੱਸ਼ਟ ਬਿਆਨ ਵੀ ਸੀ। ਉਸ ਨੇ ਮੈਨੂੰ ਦੱਸਿਆ ਕਿ ਉਹ ਕਿਸੇ ਵੀ ਧਰਮ ਨੂੰ ਚੱਜ ਦੀ ਨਿਗ੍ਹਾ ਨਾਲ ਨਹੀਂ ਵੇਖਦਾ, ਪਰ ਜਦੋਂ ਭਾਈ ਸਮੁੰਦ ਸਿੰਘ ਸ਼ਬਦ ਗਾਇਨ ਪੇਸ਼ ਕਰਦੇ ਸਨ, ਉਹ ਅਨੰਦ ਅਤੇ ਰੋਮਾਂਸ ਦੀ ਇਕ ਨਵੀਂ ਹੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦਾ ਹੈ, ਜਿਹੜਾ ਕਿਸੇ ਹੋਰ ਗਾਇਕ ਦੇ ਗਾਉਂਦਿਆਂ ਇੰਝ ਨਹੀਂ ਸੀ ਵਾਪਰਦਾ। ਉਹ ਆਖਣ ਲੱਗਾ ਕਿ ਜੇ ਭਾਈ ਸਮੁੰਦ ਸਿੰਘ ਗਜ਼ਲ ਗਾਇਕ ਹੁੰਦੇ ਤਾਂ ਉਹ ਉਨ੍ਹਾਂ ਲਈ ਬਹੁਤ ਹੀ ਖ਼ੂਬਸੂਰਤ ਗ਼ਜ਼ਲਾਂ ਲਿਖ ਸਕਦਾ ਸੀ। ਇਸ ਦੌਰਾਨ ਮੈਂ ਉਸ ਨੂੰ ਦੱਸਿਆ ਕਿ ਇਹ ਵਿਚਾਰ ਭਾਈ ਸਮੁੰਦ ਸਿੰਘ ਨਾਲ ਸਾਂਝੇ ਨਾ ਕਰਨਾ। ਭਾਈ ਸਾਹਿਬ ਡੂੰਘੇ ਰੂਪ ਵਿਚ ਧਾਰਮਿਕ ਆਦਮੀ ਹਨ। ਇਹ ਵਿਚਾਰ ਸੁਣ ਕੇ ਉਨ੍ਹਾਂ ਦੇ ਦਿਲ ਨੂੰ ਦੁੱਖ ਪਹੁੰਚੇਗਾ। ਮੇਰੇ ਏਨਾ ਕਹਿਣ ਉੱਪਰ ਮੀਸ਼ਾ ਨੇ ਇਕ ਭੇਦਭਰੀ ਮੁਸਕਾਨ ਦਿੱਤੀ ਅਤੇ ਮੇਰੇ ਨਾਲ ਸਹਿਮਤੀ ਪ੍ਰਗਟ ਕੀਤੀ। ਪਾਕਿਸਤਾਨੀ ਮੁਸਲਮਾਨ ਜਿਨ੍ਹਾਂ ਨੇ ਭਾਈ ਸਮੁੰਦ ਸਿੰਘ ਨੂੰ ਵੰਡ ਤੋਂ ਪਹਿਲਾਂ ਸੁਣਿਆ ਸੀ, ਉਹ ਵੰਡ ਤੋਂ ਪਿੱਛੋਂ ਵੀ ਆਲ ਇੰਡੀਆ ਰੇਡੀਓ ਜਲੰਧਰ ਵਲੋਂ ਪੇਸ਼ ਕੀਤੇ ਜਾਂਦੇ ਭਾਈ ਸਮੁੰਦ ਸਿੰਘ ਦੇ ਸ਼ਬਦ ਗਾਇਨ ਨੂੰ ਬੜੇ ਆਦਰ ਨਾਲ ਸੁਣਦੇ ਰਹੇ। ਸ. ਜੋਧ ਸਿੰਘ ਅਨੁਸਾਰ ਆਲ ਇੰਡੀਆ ਰੇਡੀਓ ਜਲੰਧਰ ਨੂੰ ਸੈਂਕੜੇ ਪੱਤਰ ਹਰ ਸਾਲ ਪਾਕਿਸਤਾਨ ਤੋਂ ਮਿਲਦੇ ਰਹੇ। ਭਾਈ ਸਮੁੰਦ ਸਿੰਘ ਦੇ ਲੱਖਾਂ ਪ੍ਰਸ਼ੰਸਕਾਂ ਵਿਚੋਂ ਕੁਝ ਬਹੁਤ ਮਹਾਨ ਵਿਅਕਤੀ ਵੀ ਸਨ। ਗ਼ਜ਼ਲ ਗਾਇਕ ਬੜੇ ਗੁਲਾਮ ਅਲੀ ਖਾਂ ਉਨ੍ਹਾਂ ਦੇ ਦੋਸਤ ਅਤੇ ਆਲ ਇੰਡੀਆ ਰੇਡੀਓ ਲਾਹੌਰ ਵਿਖੇ ਉਨ੍ਹਾਂ ਦੇ ਕੁਲੀਗ ਵੀ ਰਹੇ। ਇਥੇ ਇਕੋ ਹੀ ਸੁਰ ਸੀ ਜਿਸ ਵਿਚ ਦੋਨੋ ਗਾਇਕ ਗਾਉਂਦੇ ਸਨ। ਭਾਈ ਸਮੁੰਦ ਸਿੰਘ ਨੇ ਕੁਝ ਸ਼ਬਦ 'ਮੁਲਤਾਨੀ ਕਾਫੀ' ਗਾਈ ਜਾਣ ਵਾਲੀ ਸਦੀਆਂ ਪੁਰਾਣੀ ਲੋਕ ਸੁਰ ਵਿਚ ਗਏ। ਇਹ ਸੁਰ ਪੰਜਾਬ ਦੀ ਮੁਲਤਾਨ ਡਵੀਜ਼ਨ ਦੀ ਵਿਸ਼ੇਸ਼ਤਾ ਹੈ। ਇਹ ਗੁਰੂ ਨਾਨਕ ਜੀ ਦੇ ਵੇਲਿਆਂ ਜਿੰਨੀ ਪੁਰਾਣੀ ਹੋ ਸਕਦੀ ਹੈ। ਇਹ ਲੋਕ ਸੁਰ ਸੀ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਵੀ ਇਹ ਸੁਰ ਗੁਰਬਾਣੀ ਗਾਇਨ ਲਈ ਵਰਤੀ ਜਾਂਦੀ ਸੀ। ਬੜੇ ਗੁਲਾਮ ਅਲੀ ਖ਼ਾਂ ਨੇ ਇਹ ਸੁਰ ਭਾਈ ਸਮੁੰਦ ਸਿੰਘ ਤੋਂ ਸੁਣੀ ਅਤੇ ਇਸ ਨੂੰ ਕਾਫੀ ਗਾਉਣ ਲਈ ਅਪਣਾਇਆ। ਪਿੱਛੋਂ ਬੜੇ ਗੁਲਾਮ ਅਲੀ ਖ਼ਾਂ ਨੇ ਇਹ ਸੁਰ ਆਲ ਇੰਡੀਆ ਰੇਡੀਓ ਜਲੰਧਰ ਤੋਂ ਗਾਈ। ਸ. ਜੋਧ ਸਿੰਘ ਅਨੁਸਾਰ ਜਾਣਿਆ-ਪਛਾਣਿਆ ਕਵਾਲੀ ਗਾਇਕ ਰਹਿਮਤ ਕਵਾਲ ਭਾਈ ਸਮੁੰਦ ਸਿੰਘ ਜੀ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ। ਕਪੂਰਥਲਾ ਦਾ ਜੰਮਿਆ-ਪਲ਼ਿਆ ਪਾਕਿਸਤਾਨੀ ਪੰਜਾਬੀ ਲੋਕ ਗਾਇਕ ਤੁਫਾਲੀ ਨਿਆਜ਼ੀ, ਕਪੂਰਥਲਾ ਦਾ ਹੀ ਇਕ ਹੋਰ ਜੰਮ-ਪਲ ਅਤੇ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਆਫ ਲਾਹੌਰ ਦੇ ਸੰਗੀਤ ਵਿਭਾਗ ਦਾ ਮੁਖੀ ਗੁਲਾਮ ਹਸਨ ਸ਼ਗਨ ਵੀ ਭਾਈ ਸਮੁੰਦ ਸਿੰਘ ਜੀ ਦੇ ਵੱਡੇ ਪ੍ਰਸ਼ੰਸਕ ਸਨ।

ਜਦੋਂ ਮੇਰੀ ਡਿਊਟੀ ਪਟਿਆਲਾ ਵਿਚ ਸੀ ਤਾਂ ਮੈਂ ਆਗਰਾ ਘਰਾਨਾ ਦੇ ਪ੍ਰੋ. ਸੋਹਨ ਸਿੰਘ ਨੂੰ ਕਈ ਵਾਰ ਮਿਲਿਆ। ਉਹ ਸਮੁੰਦ ਸਿੰਘ ਦੇ ਬਹੁਤ ਵੱਡੇ ਪ੍ਰਸ਼ੰਸਕ ਸਨ। ਪ੍ਰੋ. ਸੋਹਨ ਸਿੰਘ ਇਸ ਕਰਕੇ ਵੀ ਭਾਈ ਸਮੁੰਦ ਸਿੰਘ ਨੂੰ ਪਸੰਦ ਕਰਦੇ ਸਨ ਕਿਉਂਕਿ ਉਹ ਸ਼ਬਦ ਗਾਇਨ ਦੇ ਸਮੇਂ ਗੁਰਬਾਣੀ ਸ਼ਬਦ ਦੇ ਮਾਮਲੇ ਵਿਚ ਕੋਈ ਸਮਝੌਤਾ ਨਹੀਂ ਸੀ ਕਰਦੇ। ਪ੍ਰੋ. ਸੋਹਨ ਸਿੰਘ ਨੇ ਵੀ ਕੁਝ ਸ਼ਬਦ ਗਾਏ ਸਨ ਅਤੇ ਉਹ ਸਿੱਖ ਸੰਗੀਤ ਦਾ ਮਾਸਟਰ ਪੀਸ ਹਨ। ਮਸ਼ਹੂਰ ਸੰਗੀਤ ਨਿਰਦੇਸ਼ਕ ਮਹਿੰਦਰ ਸਿੰਘ ਸਰਨਾ ਨੇ ਮੈਨੂੰ ਦੱਸਿਆ ਕਿ ਉਹ ਆਪਣਾ ਸੰਗੀਤਕ ਨਿਰਦੇਸ਼ਨ ਦਾ ਕੈਰੀਅਰ ਭਾਈ ਸਮੁੰਦ ਸਿੰਘ ਦੀ ਦੇਣ ਹੈ।

ਉਨ੍ਹਾਂ ਦੱਸਿਆ ਕਿ ਜਦੋਂ ਉਹ ਹਾਲੇ ਬਚਪਨ ਵਿਚ ਹੀ ਸਨ, ਉਨ੍ਹਾਂ ਦੇ ਪਿਤਾ ਲਾਇਲਪੁਰ ਵਿਖੇ ਪ੍ਰੋਸੀਕਿਊਟਿੰਗ ਇੰਸਪੈਕਟਰ ਵਜੋਂ ਨਿਯੁਕਤ ਸਨ। ਉਥੇ ਉਨ੍ਹਾਂ ਨੂੰ ਭਾਈ ਨੰਦ ਸਿੰਘ ਦੇ ਬਜ਼ੁਰਗ ਸੰਤ ਸੁਜਾਨ ਸਿੰਘ ਨੇ ਕਲਾਸੀਕਲ ਸੰਗੀਤ ਵਲ ਪ੍ਰੇਰਿਆ। ਪਿੱਛੋਂ ਉਨ੍ਹਾਂ ਦੇ ਪਿਤਾ ਦੀ ਸ਼ੇਖ਼ੂਪੁਰਾ ਵਿਖੇ ਬਦਲੀ ਹੋ ਗਈ। ਉਥੇ ਉਹ ਨਨਕਾਣਾ ਸਾਹਿਬ ਵਿਖੇ ਭਾਈ ਸਮੁੰਦ ਸਿੰਘ ਜੀ ਦੇ ਸੰਪਰਕ ਵਿਚ ਆਏ। ਇਥੇ ਹੀ ਸ. ਮਹਿੰਦਰ ਸਿੰਘ ਸਰਨਾ ਭਾਈ ਸਮੁੰਦ ਸਿੰਘ ਦੇ ਸ਼ਗਿਰਦ ਬਣ ਗਏ। ਭਾਈ ਸਮੁੰਦ ਸਿੰਘ ਨੇ ਉਨ੍ਹਾਂ ਨੂੰ ਬਹੁਤ ਸਾਰੇ ਆਮ ਵਰਤੇ ਜਾਂਦੇ ਕਲਾਸੀਕਲ ਰਾਗਾਂ ਦੀ ਮੁੱਢਲੀ ਸਿੱਖਿਆ ਦਿੱਤੀ। ਪਿੱਛੋਂ ਬਾਲੀਵੁੱਡ ਦੇ ਵੱਡੇ ਸੰਗੀਤ ਨਿਰਦੇਸ਼ਕ ਬਣਨ ਵੇਲੇ ਭਾਈ ਸਮੁੰਦ ਸਿੰਘ ਵਲੋਂ ਦਿੱਤੀ ਗਈ ਇਹ ਸਿੱਖਿਆ ਉਨ੍ਹਾਂ ਲਈ ਤਕੜੀ ਬੁਨਿਆਦ ਬਣ ਗਈ। ਆਪਣੀ ਹਰੇਕ ਲੁਧਿਆਣਾ ਫੇਰੀ ਵੇਲੇ ਸ. ਮਹਿੰਦਰ ਸਿੰਘ ਸਰਨਾ ਹਮੇਸ਼ਾ ਭਾਈ ਸਮੁੰਦ ਸਿੰਘ ਨੂੰ ਬੜੇ ਆਦਰਯੋਗ ਢੰਗ ਨਾਲ ਮਿਲਿਆ ਕਰਦੇ ਸਨ।

*(ਬਾਕੀ ਅਗਲੇ ਅੰਕ 'ਚ)*

***1968 ਸਾਲ ਦੇ ਅਖੀਰਲੇ ਮਹੀਨਿਆਂ ਵਿਚ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਆਪਣੀ ਇਕ ਮੀਟਿੰਗ ਵਿਚ ਇਕ ਫੈਸਲੇ ਰਾਹੀਂ ਸਾਡੇ ਗਾਈਡ ਬਦਲ ਦਿੱਤੇ ਤੇ ਇਸ ਬਾਰੇ ਸਾਨੂੰ ਇੱਕ ਚਿੱਠੀ ਰਾਹੀਂ ਇਤਲਾਹ ਦੇ ਦਿੱਤੀ। ਚਿੱਠੀ ਪੜ੍ਹਕੇ ਮੈਂ ਪ੍ਰੇਸ਼ਾਨ ਹੋ ਗਿਆ। ਹੁਣ ਮੇਰੇ ਗਾਈਡ ਪ੍ਰਿੰ. ਪ੍ਰੀਤਮ ਸਿੰਘ ਬਣਾਏ ਗਏ ਸਨ। ਉਹ ਪੰਜਾਬੀ ਦੇ ਸਿਰਕੱਢ ਖੋਜੀ ਤੇ ਆਲੋਚਕ ਸਨ। ਕਈ ਦਿਨ ਮੈਂ ਪ੍ਰੇਸ਼ਾਨ ਰਿਹਾ। ਹੁਣ ਮੇਰੇ ਪਹਿਲੇ ਲਿਖੇ ਲਿਖਾਏ ਦਾ ਕੀ ਬਣੇਗਾ? ਪ੍ਰਿੰਸੀਪਲ ਸਾਹਿਬ ਨੂੰ ਆਪਣੇ ਕੀਤੇ ਕੰਮ ਨਾਲ ਸੰਤੁਸ਼ਟ ਕਰਨਾ ਸੌਖਾ ਨਹੀਂ ਸੀ। ਕੀ ਕਰਾਂਗਾ? ਬਾਕੀ ਦੇ ਤਿੰਨ ਪਰਚੇ ਵੀ ਤਿਆਰ ਕਰਨੇ ਸਨ। ਅਪ੍ਰੈਲ 1968 ਦਾ ਇਮਤਿਹਾਨ ਨੇੜੇ ਆਈ ਜਾ ਰਿਹਾ ਸੀ। ਅਖ਼ੀਰ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਦੀ ਫਰੀਦਕੋਟ ਤੋਂ ਚਿੱਠੀ ਆਈ ਕਿ ਖੋਜ-ਨਿਬੰਧ ਸੰਬੰਧੀ ਮੈਨੂੰ ਆ ਕੇ ਮਿਲ। ਡਰਦਾ-ਡਰਦਾ ਮੈਂ ਉਨ੍ਹਾਂ ਕੋਲ ਗਿਆ। ਨਾਲ ਆਪਣੀ ਖੇਹ-ਸਵਾਹ ਜੋ ਲਿਖੀ ਸੀ ਲੈ ਗਿਆ। ਵੇਖਣ ਉੱਤੇ ਉਹ ਹੈਰਾਨ ਵੀ ਹੋਏ ਤੇ ਗੁੱਸੇ ਵੀ। ਕਹਿਣ ਲੱਗੇ, ''ਇਹ ਡਾ. ਹਰਨਾਮ ਸਿੰਘ ਸ਼ਾਨ ਵਾਲੀ ਕਹਾਣੀ ਦਾ ਖਹਿੜਾ ਛੱਡ। ਸ਼ਾਨ ਤਾਂ ਕਹਿੰਦਾ ਹੈ ਕਿ ਬਾਬਾ ਨਾਨਕ ਪਹਿਲਾ ਸਾਹਿਤ ਆਲੋਚਕ ਸੀ ਤੇ ਪੰਜਾਬੀ ਵਿਚ ਆਲੋਚਨਾ ਦੀ ਉਮਰ 500 ਸਾਲ ਹੈ। ਬੇੜਾ ਗਰਕ! ਕੰਨ ਖੋਲ੍ਹ ਕੇ ਸੁਣ ਲੈ। ਪੰਜਾਬੀ ਵਿਚ ਆਲੋਚਨਾ ਦਾ ਪ੍ਰਵੇਸ਼ ਪੱਛਮੀ ਸੰਪਰਕ ਦਾ ਸਿੱਟਾ ਹੈ। ਆਪਾਂ ਏਥੋਂ ਗੱਲ ਸ਼ੁਰੂ ਕਰਨੀ ਹੈ।'' ਸੁਣ ਕੇ ਮੇਰੇ ਕਪਾਟ ਖੁੱਲ ਗਏ।***

# ਬਹੁਤ ਉਚ ਪਾਏ ਦੇ ਵਿਦਿਆਦਾਨੀ ਸਨ ਪ੍ਰਿੰ. ਪ੍ਰੀਤਮ ਸਿੰਘ

ਸੰਨ-ਸੰਤਾਲੀ ਦੇ ਝੱਖੜਾਂ ਦੇ ਝੰਬੇ ਅਸੀਂ ਅੜਤਲਾਂ ਤੇ ਸਹਾਰੇ ਲੱਭਦੇ, ਹਾਲੀ ਪੈਰਾਂ ਭਾਰ ਨਹੀਂ ਸੀ ਖਲੋਤੇ। 1951 ਦਾ ਸਿਆਲ ਤੇ ਮੈਟ੍ਰਿਕ ਦਾ ਇਮਤਿਹਾਨ ਸਿਰ 'ਤੇ ਖਲੋਤਾ ਸੀ। ਕੋਲ ਨਾ ਲੈਂਪ, ਨਾ ਬਿਜਲੀ ਤੇ ਨਾ ਮਿੱਟੀ ਦਾ ਤੇਲ, ਹਾਂ ਸਰ੍ਹੋਂ ਦਾ ਤੇਲ ਤੇ ਮਿੱਟੀ ਦੇ ਦੀਵੇ। ਨਾ ਦੀਵਟ, ਨਾ ਕੋਈ ਮੇਜ਼ ਤੇ ਸਟੂਲ, ਦੋ-ਚਾਰ ਜਮਾਤੀਆਂ ਨੇ ਸਲਾਹ ਬਣਾਈ ਕਿ ਹੋਰ ਨਹੀਂ ਤਾਂ ਕਿਤੇ ਚਾਰ ਜਣੇ ਰਲ ਕੇ ਇਕੱਠੇ ਹੀ ਪੜ੍ਹ ਲਿਆ ਕਰੀਏ। ਦਸਵੀਂ ਵਿਚ ਸਾਡੇ ਨਾਲ ਬੰਡਾਲੇ (ਅੰਮ੍ਰਿਤਸਰ) ਪਿੰਡ ਵਿਚ ਇਕ ਭਾਈਆਂ ਅਥਵਾ ਗ੍ਰੰਥੀਆਂ ਦਾ ਮੁੰਡਾ ਪੜ੍ਹਦਾ ਸੀ। ਉਨ੍ਹਾਂ ਕੋਲ ਪੁਰਾਣੇ ਗੁਰਦੁਆਰੇ ਦੇ ਕਮਰੇ ਵਿਹਲੇ ਪਏ ਸਨ। ਇਕ ਕਮਰੇ ਨੂੰ ਸਾਫ਼ ਕਰਕੇ ਅਸੀਂ ਜਾ ਚਾਨਣ ਦੀ ਜੋਤ ਜਗਾਈ। ਦੋ-ਚਾਰ ਦਿਨਾਂ ਬਾਅਦ ਆਲੇ ਤੇ ਪਰਛੱਤੀਆਂ ਉੱਤੇ ਪਏ ਘੱਟੇ-ਮਿੱਟੀ ਨਾਲ ਭਰੇ ਬਸਤਿਆਂ ਉੱਤੇ ਨਜ਼ਰ ਪਈ। ਫੋਲਾ-ਫਾਲੀ ਦੀ ਆਦਤ ਤਾਂ ਬਚਪਨ ਤੋਂ ਹੀ ਸੀ। ਮੌਕਾ ਵੇਖ ਮੈਂ ਗ੍ਰੰਥੀ ਦੇ ਮੁੰਡੇ ਨਾਲ ਗੱਲ ਕੀਤੀ।

ਕਹਿਣ ਲੱਗਾ, ''ਕੁਝ ਗੁਟਕੇ ਤੇ ਹੱਥ ਦੀਆਂ ਲਿਖੀਆਂ ਕੁਝ ਪੁਰਾਣੀਆਂ ਪੋਥੀਆਂ ਹਨ। ਅਸਾਂ ਤਾਂ ਕਦੇ ਫੋਲ ਕੇ ਵੇਖੀਆਂ ਨਹੀਂ।'' ਮੇਰੀ

## ਸਫ਼ਰ ਜ਼ਿੰਦਗੀ ਦਾ

ਉਤਸੁਕਤਾ ਹੋਰ ਵਧ ਗਈ। ਬਸਤਾ ਲਾਹਿਆ, ਫੋਲਿਆ, ਹੱਥਾਂ ਨਾਲ ਲਿਖੇ ਗੁਰਬਾਣੀ ਦੇ ਪੁਰਾਣੇ ਗੁਟਕੇ। ਮੈਂ ਤੇ ਦੁਰਲੱਭ ਪੋਥੀਆਂ ਪਹਿਲੀ ਵਾਰ ਵੇਖੀਆਂ ਸਨ, ਵੇਖ ਕੇ ਹੈਰਾਨ ਹੋਇਆ। ਝੰਮ-ਝੰਮ ਕਰਦੇ ਕਾਲੇ ਅੱਖਰ, ਲਿਖਣ ਵਾਲਿਆਂ ਤੋਂ ਕੁਰਬਾਨ ਜਾਣ ਨੂੰ ਜੀ ਕਰੇ।

ਮੈਂ ਉਹਨਾਂ ਵਿਚੋਂ ਇੱਕ ਕਿਤਾਬ ਕੱਢੀ। ਟਾਈਟਲ ਪਾਟਿਆ ਹੋਇਆ ਸੀ। ਪਰ ਅੰਦਰੋਂ ਪਤਾ ਲੱਗ ਜਾਂਦਾ ਸੀ ਕਿ ਕਿਤਾਬ ਸ਼ਰਧਾ ਰਾਮ ਫਿਲੌਰੀ ਦੀ ਲਿਖੀ, ''ਸਿੱਖਾਂ ਦੇ ਰਾਜ ਦੀ ਵਿਥਿਆ'' ਸੀ। ਪੜ੍ਹਨ ਦੇ ਪੱਜ ਮੈਂ ਘਰ ਲੈ ਗਿਆ ਤੇ ਫਿਰ ਨਹੀਂ ਮੋੜੀ। ਕੀ ਪਤਾ ਸੀ ਕਿ ਦੋ ਚਾਰ ਸਾਲਾਂ ਬਾਅਦ ਇਹੀ ਕਿਤਾਬ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਨਾਲ ਪੱਕਾ ਸੰਪਰਕ ਜੋੜਨ ਦਾ ਵਸੀਲਾ ਬਣੇਗੀ।

ਰਣਧੀਰ ਕਾਲਜ ਕਪੂਰਥਲੇ ਵਿਚ 1954-55 ਦਾ ਸਾਲ ਤੇ ਮੇਰਾ ਬੀ.ਏ. ਦਾ ਆਖਰੀ ਵਰ੍ਹਾ। ਪਟਿਆਲੇ ਤੋਂ ਇੱਕ ਪ੍ਰੋਫੈਸਰ ਦਰਸ਼ਨ ਸਿੰਘ ਨਵਾਂ-ਨਵਾਂ ਸਾਡੇ ਕਾਲਜ ਆ ਲੱਗਾ ਸੀ। ਉਸ ਨਾਲ ਸੰਪਰਕ ਜੁੜਿਆ ਤਾਂ ਉਹ ਕਹਿਣ ਲੱਗਾ, ''ਕਿਸੇ ਪਿੰਡ ਜਾਂ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਕੋਈ ਕਿਤਾਬ ਹੋਣ ਦੀ ਦੱਸ ਪਵੇ ਤਾਂ ਮੈਨੂੰ ਦੱਸਿਓ, ਆਪਾਂ ਇਕੱਠੇ ਹੀ ਸਾਰੇ ਜਣੇ ਜਾ ਕੇ ਫੋਲਾ-ਫਾਲੀ ਕਰਾਂਗੇ।'' ਮੈਂ ਉਹਨਾਂ ਨੂੰ ਦੱਸਿਆ ਕਿ ਮੇਰੇ ਕੋਲ ਇੱਕ ਪੁਰਾਣੀ ਕਿਤਾਬ ਪਈ ਹੈ। ਪ੍ਰੋ. ਦਰਸ਼ਨ ਸਿੰਘ ਕਹਿਣ ਲੱਗੇ, ''ਲਿਆ ਕੇ ਮੈਨੂੰ ਵਿਖਾ।''

ਵੇਖਣ ਉੱਤੇ ਆਖਣ ਲੱਗੇ, ''ਇਹ ਬੜੀ ਕੀਮਤੀ ਦੇ ਦੁਰਲੱਭ ਕਿਤਾਬ ਹੈ। ਪ੍ਰਿੰ. ਪ੍ਰੀਤਮ ਸਿੰਘ ਪਟਿਆਲੇ ਵਾਲੇ ਇਸ ਲੇਖਕ ਬਾਰੇ ਖੋਜ ਕਰ ਰਹੇ ਹਨ। ਉਹਨਾਂ ਨੇ ਇਸ ਬਾਰੇ 'ਪੰਜਾਬੀ ਦੁਨੀਆਂ' ਪੱਤ੍ਰਿਕਾ ਵਿਚ ਇਕ ਇਸ਼ਤਿਹਾਰ ਵੀ ਛਪਵਾਇਆ ਹੈ। ਤੁਸੀਂ ਇਹ ਕਾਪੀ ਡਾਕ ਰਾਹੀਂ ਉਹਨਾਂ ਨੂੰ ਭੇਜ ਦਿਓ।''

ਗੱਲ ਮੰਨਣ ਵਾਲੀ ਸੀ। ਮੇਰੇ ਕੋਲ ਪਈ ਇਹ ਕਿਤਾਬ ਕਿਸ ਕੰਮ ਆਉਣੀ ਸੀ? ਪ੍ਰਿੰਸੀਪਲ ਸਾਹਿਬ ਦਾ ਸਿਰਨਾਵਾਂ ਲੈ ਕੇ ਮੈਂ ਇਹ ਕਾਪੀ ਪਟਿਆਲੇ ਉਹਨਾਂ ਦੇ ਘਰ ਦੇ ਪਤੇ ਉੱਤੇ ਭੇਜ ਦਿੱਤੀ। ਥੋੜ੍ਹੇ ਦਿਨਾਂ ਬਾਅਦ ਉਹਨਾਂ ਦਾ ਧੰਨਵਾਦ ਦਾ ਖ਼ਤ ਆਇਆ। ਵੱਡੇ ਲੇਖਕ ਦਾ ਇੱਕ ਵਿਦਿਆਰਥੀ ਨੂੰ ਲਿਖਿਆ ਖ਼ਤ। ਮੈਂ ਪ੍ਰੋ. ਦਰਸ਼ਨ ਸਿੰਘ ਤੇ ਹੋਰਨਾਂ ਹਮਜਮਾਤੀਆਂ ਨੂੰ ਵਿਖਾਇਆ। ਸਾਰੇ ਹੈਰਾਨ ਤੇ ਖੁਸ਼, ਤੇ ਇੰਝ ਪਹਿਲੀ ਵਾਰ ਪ੍ਰਿੰਸੀਪਲ ਸਾਹਿਬ ਨਾਲ ਮੇਰਾ ਸੰਪਰਕ ਜੁੜਿਆ ਤੇ ਐਸਾ ਜੁੜਿਆ ਕਿ ਮੁੜ ਨਾ ਟੁੱਟਾ। ਔਖੇ ਵੇਲੇ ਜਾਂ ਲੋੜ ਪੈਣ ਉੱਤੇ ਮੈਂ ਉਹਨਾਂ ਨੂੰ ਖ਼ਤ ਲਿਖਦਾ ਤੇ ਉਹ ਬੜੀ ਬਕਾਇਦਗੀ ਨਾਲ ਉਸ ਦਾ ਉੱਤਰ ਦਿੰਦੇ। ਛੇਤੀ ਹੀ ''ਸਿੱਖਾਂ ਦੇ ਰਾਜ ਦੀ ਵਿਥਿਆ'' ਪੁਸਤਕ ਪ੍ਰੋ. ਮੋਹਨ ਸਿੰਘ ਦੇ ਹਿੰਦ ਪਬਲਿਸ਼ਰਜ਼ ਵਲੋਂ ਛਪ ਕੇ ਆ ਗਈ। ਪ੍ਰੋ. ਪ੍ਰੀਤਮ ਸਿੰਘ ਹੁਰਾਂ ਨੇ ਇੱਕ ਕਾਪੀ ਮੈਨੂੰ ਵੀ ਭੇਜੀ। ਉਸਦੀ ਭੂਮਿਕਾ ਵਿਚ ਉਹਨਾਂ ਨੇ ਲਿਖਿਆ ਸੀ- ''ਇਸ ਸਦੀ ਦੇ ਪਹਿਲੇ ਦਹਾਕੇ ਦੀ ਇਕ ਹੋਰ ਛਾਪ, ਕਰੀਬ-ਕਰੀਬ ਇਸੇ ਟਾਈਪ ਦੀ, ਮੈਨੂੰ ਸ. ਹਰਭਜਨ ਸਿੰਘ ਹੁੰਦਲ ਨੇ ਅਪਾਰ ਕ੍ਰਿਪਾ ਕਰਕੇ, ਸੁਲਤਾਨਪੁਰ ਲੋਧੀ ਤੋਂ ਭੇਜੀ ਹੈ।''

ਇਹ ਕਿਤਾਬ 1956 ਵਿਚ ਛਪੀ ਸੀ ਤੇ ਅਭਿਆਸ ਵਜੋਂ ਮੈਂ ਇਸ ਦਾ ਸੰਖੇਪ ਜਿਹਾ ਤੇ ਰਵਾਇਤੀ ਭਾਂਤ ਦਾ ਇਕ ਰੀਵਿਊ ਪੰਜ-ਦਰਿਆ ਲਈ ਕੀਤਾ ਸੀ।

ਇਹ ਸੀ ਬਹਾਨਾ ਜਿਸ ਸਦਕਾ ਮੇਰਾ ਸੰਪਰਕ ਪ੍ਰੋ. ਪ੍ਰੀਤਮ ਹੋਰਾਂ ਨਾਲ ਜੁੜ ਗਿਆ।

ਇਹ ਮੇਰੇ ਲੇਖਕ ਬਣਨ ਦੇ ਅਭਿਆਸੀ ਵਰ੍ਹੇ ਸਨ। ਮੈਂ ਕੀ ਬਣਨਾ ਸੀ, ਇਸਦਾ ਵੀ ਮੈਨੂੰ ਕੋਈ ਪਤਾ ਨਹੀਂ ਸੀ, ਪਰ ਮੈਂ ਕੁਝ ਲਿਖਣਾ, ਕੁਝ ਪੜ੍ਹਨਾ ਚਾਹੁੰਦਾ ਸਾਂ। ਪ੍ਰਿੰਸੀਪਲ ਸਾਹਿਬ ਮੇਰੇ ਪ੍ਰੇਰਨਾ-ਸ੍ਰੋਤ ਸਨ। ਮੈਨੂੰ ਅਚੇਤ ਹੀ ਫ਼ਖ਼ਰ ਜਿਹਾ ਸੀ ਕਿ ਸ. ਪ੍ਰੀਤਮ ਸਿੰਘ ਹੋਰਾਂ ਦਾ ਮੇਰੇ ਸਿਰ ਉੱਤੇ ਹੱਥ ਸੀ।

ਪੰਜਾਂ ਸਾਲਾਂ ਬਾਅਦ ਉਹ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀ ਚੋਣ ਲੜਦੇ ਤਾਂ ਸਾਨੂੰ ਸੁਨੇਹਾ ਆ ਜਾਂਦਾ ਕਿ 'ਭਾਈ' ਮੈਂ ਨਵੇਂ ਫਾਰਮ ਭੇਜ ਰਿਹਾ ਹਾਂ। ਨਵੇਂ ਵੋਟਾਂ ਦੇ ਫਾਰਮ ਭਰੋ ਤੇ ਪੁਰਾਣਿਆਂ ਦੇ ਰਹਿੰਦੇ ਬਕਾਏ ਉਗਰਾਹ ਕੇ ਮੈਨੂੰ ਭੇਜੋ। ਸੁਨੇਹਾ ਮਿਲਣ ਤੇ ਸਾਨੂੰ ਚਾਅ ਚੜ੍ਹ ਜਾਂਦਾ। ਉਹ ਹਰ ਚੋਣ ਜਿੱਤ ਜਾਂਦੇ ਅਤੇ ਅਸੀਂ ਖੁਸ਼ੀ ਵਿਚ ਫੁੱਲੇ ਨਾ ਸਮਾਉਂਦੇ।


1968 ਦਾ ਸਾਲ। ਸੁਰਿੰਦਰ ਗਿੱਲ ਪ੍ਰਾਈਵੇਟ ਬੀ.ਏ. ਮੁਕੰਮਲ ਕਰਨ ਤੋਂ ਬਾਅਦ ਐਮ.ਏ. ਪੰਜਾਬੀ ਕਰਨ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਜਾ ਦਾਖਲ ਹੋਇਆ। ਉਸਨੇ ਮੈਨੂੰ ਵੀ ਪ੍ਰੇਰਿਆ ਕਿ ਮੈਂ ਉਸਦੇ ਨਾਲ ਹੀ ਪ੍ਰਾਈਵੇਟ ਐਮ.ਏ. ਦਾ ਫਾਰਮ ਭਰ ਦੇਵਾਂ। ਉਸਦੀ ਸਲਾਹ ਨਾਲ ਮੈਂ ਫਾਰਮ ਭਰ ਦਿੱਤਾ ਤੇ ਇਮਤਿਹਾਨ ਦੀ ਤਿਆਰੀ ਕਰਨ ਲੱਗਾ। ਉਹਨੀਂ ਦਿਨੀਂ ਐਮ.ਏ. ਦੇ ਦੂਸਰੇ ਸਾਲ ਵਿਚ ਚੌਥੇ ਪਰਚੇ ਲਈ ਥੀਸਿਸ ਲਿਖ ਕੇ ਪੇਸ਼ ਕਰਨ ਦੀ ਛੋਟ ਸੀ ਤੇ ਵਿਦਿਆਰਥੀ ਨੂੰ ਚੌਥਾ ਪਰਚਾ ਨਹੀਂ ਸੀ ਦੇਣਾ ਪੈਂਦਾ। ਅਸਾਂ ਦੋਹਾਂ ਨੇ ਥੀਸਿਸ ਲਿਖਣ ਦੀ ਸਲਾਹ ਬਣਾਈ। ਸਾਡੇ ਗਾਈਡ ਪ੍ਰੋ. ਮੋਹਨ ਸਿੰਘ ਜੌਹਲ ਸਨ, ਜੋ ਖਾਲਸਾ ਕਾਲਜ ਜਲੰਧਰ ਹੀ ਪੜ੍ਹਾਉਂਦੇ ਸਨ। ਉਹਨਾਂ ਦੀ ਸਲਾਹ ਨਾਲ ਮੈਂ ਆਪਣੇ ਖੋਜ-ਨਿਬੰਧ ਲਈ ''ਪੰਜਾਬੀ ਆਲੋਚਨਾ ਦਾ ਮੁਲਾਂਕਣ'' ਵਿਸ਼ਾ ਚੁਣ ਲਿਆ। ਮੈਂ ਕਿਉਂਕਿ ਕਵਿਤਾ ਦੇ ਨਾਲ-ਨਾਲ ਆਲੋਚਨਾ ਵਿਚ ਵੀ ਰੁਚੀ ਰੱਖਦਾ ਸੀ, ਇਸ ਲਈ ਪ੍ਰੋ. ਜੌਹਲ ਨੇ ਇਹ ਵਿਸ਼ਾ ਚੁਣਨ ਲਈ ਉਤਸ਼ਾਹਿਤ ਕੀਤਾ।

ਸਪੱਸ਼ਟ ਹੈ ਕਿ ਇਤਨਾ ਗੰਭੀਰ ਵਿਸ਼ਾ ਨਜਿੱਠਣਾ ਮੇਰੀ ਸਮਰੱਥਾ ਤੋਂ ਬਾਹਰ ਸੀ। ਆਲੋਚਨਾ ਦੀ ਆਲੋਚਨਾ ਕਰਨਾ ਇੱਕ ਵਿਦਿਆਰਥੀ ਲਈ ਨਿਸ਼ਚੇ ਹੀ ਬਹੁਤ ਕਠਿਨ ਕਾਰਜ ਸੀ। ਇਸ ਵਿਚ ਖੋਜ ਤੇ ਆਲੋਚਨਾ, ਦੋ ਖੇਤਰ ਰਲਦੇ ਸਨ ਤੇ ਮੈਂ ਤੇ ਸਿਰਫ ਇਮਤਿਹਾਨ ਹੀ ਪਾਸ ਕਰਨ ਆਇਆ ਸੀ।

ਅਸਲ ਵਿਚ ਮੈਂ ਇਹ ਵਿਸ਼ਾ ਰੱਖ ਕੇ ਬੁਰੀ ਤਰ੍ਹਾਂ ਫਸ ਗਿਆ ਸੀ। ਹੁਣ ਵਿਸ਼ਾ ਬਦਲਣ ਦਾ ਮੌਕਾ ਵੀ ਲੰਘ ਚੁੱਕਾ ਸੀ। ਇਸ ਵਿਸ਼ੇ ਲਈ ਮੇਰੇ ਗਾਈਡ ਪ੍ਰੋ. ਜੌਹਲ ਨੂੰ ਵੀ ਅਗਵਾਈ ਕਰਨ ਦਾ ਕੋਈ ਖ਼ਾਸ ਤਜ਼ਰਬਾ ਨਹੀਂ ਸੀ। ਉਹਨਾਂ ਨੇ ਮੈਨੂੰ ਡਾ. ਹਰਨਾਮ ਸਿੰਘ ਸ਼ਾਨ ਦੀ ਯੂਨੀਵਰਸਿਟੀ ਵਿਚ

**ਹਰਭਜਨ ਸਿੰਘ ਹੁੰਦਲ**

ਲੱਗੀ ਇੱਕ ਪਾਠ-ਪੁਸਤਕ ''ਪੰਜਾਬੀ ਪਰਖ-ਪੜਚੋਲ'' ਦੀ ਦੱਸ ਪਾਈ। ਇਸ ਪੁਸਤਕ ਦੀ ਭੂਮਿਕਾ ਵਿਚ ਡਾ. ਸ਼ਾਨ ਨੇ ਲਿਖਿਆ ਸੀ ਕਿ ਪੰਜਾਬੀ ਆਲੋਚਨਾ ਦਾ ਮੋਢੀ ਗੁਰੂ ਨਾਨਕ ਹੈ। ਉਹਨਾਂ ਨੇ ਗੁਰੂ ਨਾਨਕ ਸਾਹਿਬ ਦੀਆਂ ਧਾਰਮਿਕ ਟੂਕਾਂ ਨੂੰ ਆਲੋਚਨਾ ਮੰਨ ਕੇ ਗਲਤ ਸਿਧਾਂਤ ਪੇਸ਼ ਕਰ ਦਿੱਤਾ ਸੀ। ਪ੍ਰੋ. ਜੌਹਲ ਸਾਹਿਬ ਨੇ ਮੈਨੂੰ ਕਿਹਾ ਕਿ ਤੁਸੀਂ ਏਸੇ ਹੀ ਲੇਖ ਦਾ ਜ਼ਰਾ ਵਿਸਥਾਰ ਕਰ ਦਿਓ ਤੇ ਕਿੱਸਾ-ਕਾਰਾਂ ਦੀਆਂ ਆਪਣੇ


ਪ੍ਰਿੰ. ਪ੍ਰੀਤਮ ਸਿੰਘ

ਸਮਕਾਲੀ ਜਾਂ ਪੂਰਬ-ਕਾਲੀ ਕਵੀਆਂ ਬਾਰੇ ਕੀਤੀਆਂ ਪ੍ਰਸ਼ੰਸਾਮਈ ਤੁਕਾਂ ਦੀ ਵਿਆਖਿਆ ਕਰੀ ਜਾਓ। ਪਰ ਸਾਰੀ ਪਹੁੰਚ ਹੀ ਗਲਤ ਸੀ, ਜਿਸਦਾ ਨਾ ਮੈਨੂੰ ਤੇ ਨਾ ਹੀ ਮੇਰੇ ਗਾਈਡ ਨੂੰ ਪਤਾ ਸੀ।

1968 ਸਾਲ ਦੇ ਅਖੀਰਲੇ ਮਹੀਨਿਆਂ ਵਿਚ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਆਪਣੀ ਇਕ ਮੀਟਿੰਗ ਵਿਚ ਇਕ ਫੈਸਲੇ ਰਾਹੀਂ ਸਾਡੇ ਗਾਈਡ ਬਦਲ ਦਿੱਤੇ ਤੇ ਇਸ ਬਾਰੇ ਸਾਨੂੰ ਇੱਕ ਚਿੱਠੀ ਰਾਹੀਂ ਇਤਲਾਹ ਦੇ ਦਿੱਤੀ।

ਚਿੱਠੀ ਪੜ੍ਹਕੇ ਮੈਂ ਪ੍ਰੇਸ਼ਾਨ ਹੋ ਗਿਆ। ਹੁਣ ਮੇਰੇ ਗਾਈਡ ਪ੍ਰਿੰ. ਪ੍ਰੀਤਮ ਸਿੰਘ ਬਣਾਏ ਗਏ ਸਨ। ਉਹ ਪੰਜਾਬੀ ਦੇ ਸਿਰਕੱਢ ਖੋਜੀ ਤੇ ਆਲੋਚਕ ਸਨ। ਕਈ ਦਿਨ ਮੈਂ ਪ੍ਰੇਸ਼ਾਨ ਰਿਹਾ। ਹੁਣ ਮੇਰੇ ਪਹਿਲੇ ਲਿਖੇ ਲਿਖਾਏ ਦਾ ਕੀ ਬਣੇਗਾ? ਪ੍ਰਿੰਸੀਪਲ ਸਾਹਿਬ ਨੂੰ ਆਪਣੇ ਕੀਤੇ ਕੰਮ ਨਾਲ ਸੰਤੁਸ਼ਟ ਕਰਨਾ ਸੌਖਾ ਨਹੀਂ ਸੀ। ਕੀ ਕਰਾਂਗਾ? ਬਾਕੀ ਦੇ ਤਿੰਨ ਪਰਚੇ ਵੀ ਤਿਆਰ ਕਰਨੇ ਸਨ। ਅਪ੍ਰੈਲ 1968 ਦਾ ਇਮਤਿਹਾਨ ਨੇੜੇ ਆਈ ਜਾ ਰਿਹਾ ਸੀ। ਅਖ਼ੀਰ ਪ੍ਰਿੰ. ਪ੍ਰੀਤਮ ਸਿੰਘ ਹੋਰਾਂ ਦੀ ਫਰੀਦਕੋਟ ਤੋਂ ਚਿੱਠੀ ਆਈ ਕਿ ਖੋਜ-ਨਿਬੰਧ ਸੰਬੰਧੀ ਮੈਨੂੰ ਆ ਕੇ ਮਿਲ। ਡਰਦਾ-ਡਰਦਾ ਮੈਂ ਉਨ੍ਹਾਂ ਕੋਲ ਗਿਆ। ਨਾਲ ਆਪਣੀ ਖੇਹ-ਸਵਾਹ ਜੋ ਲਿਖੀ ਸੀ ਲੈ ਗਿਆ। ਵੇਖਣ ਉੱਤੇ ਉਹ ਹੈਰਾਨ ਵੀ ਹੋਏ ਤੇ ਗੁੱਸੇ ਵੀ। ਕਹਿਣ ਲੱਗੇ, ''ਇਹ ਡਾ. ਹਰਨਾਮ ਸਿੰਘ ਸ਼ਾਨ ਵਾਲੀ ਕਹਾਣੀ ਦਾ ਖਹਿੜਾ ਛੱਡ। ਸ਼ਾਨ ਤਾਂ ਕਹਿੰਦਾ ਹੈ ਕਿ ਬਾਬਾ ਨਾਨਕ ਪਹਿਲਾ ਸਾਹਿਤ ਆਲੋਚਕ ਸੀ ਤੇ ਪੰਜਾਬੀ ਵਿਚ ਆਲੋਚਨਾ ਦੀ ਉਮਰ 500 ਸਾਲ ਹੈ। ਬੇੜਾ ਗਰਕ! ਕੰਨ ਖੋਲ੍ਹ ਕੇ ਸੁਣ ਲੈ। ਪੰਜਾਬੀ ਵਿਚ ਆਲੋਚਨਾ ਦਾ ਪ੍ਰਵੇਸ਼ ਪੱਛਮੀ ਸੰਪਰਕ ਦਾ ਸਿੱਟਾ ਹੈ। ਆਪਾਂ ਏਥੋਂ ਗੱਲ ਸ਼ੁਰੂ ਕਰਨੀ ਹੈ।'' ਸੁਣ ਕੇ ਮੇਰੇ ਕਪਾਟ ਖੁੱਲ ਗਏ।

''ਲਿਆ ਤੇਰੇ ਸਨਾਪਸਿਜ਼ ਬਣਾ ਦਿਆਂ।'' ਉਹਨਾਂ ਸਾਰਾ ਕੁਝ ਆਰੰਭ ਤੋਂ ਅੰਤ ਤੱਕ ਕਾਂਡਾਂ ਵਿਚ ਵੰਡ ਕੇ ਦਿੱਤਾ ਤੇ ਕਿਹਾ, ''ਜਾ ਘਰ ਜਾ ਕੇ ਸਾਰਾ ਕੁਝ ਦੁਬਾਰਾ ਲਿਖ ਕੇ ਲਿਆ।''

ਘਰ ਨੂੰ ਵਾਪਸ ਮੁੜਦਿਆਂ ਮੈਂ ਸੋਚਦਾ ਆਇਆ ਕਿ ''ਬੱਚੂ ਹੁਣ ਪਤਾ ਲੱਗੂ ਕਿ ਆਲੋਚਨਾ ਤੇ ਖੋਜ ਕਿਸ ਬਲਾ ਦਾ ਨਾਮ ਹੈ। ਤੂੰ ਵੀ ਤਿੜ ਕੇ-ਔਖਾ ਵਿਸ਼ਾ ਚੁਣ ਲਿਆ ਸੀ। ਹੁਣ ਜਦੋਂ ਪ੍ਰਿੰਸੀਪਲ ਸਾਹਿਬ ਦੇ ਵੇਲਣੇ ਵਿਚ ਦੀ ਨਿਕਲੇਂਗਾ ਤਾਂ ਹੱਡਾਂ ਦੇ ਕੜਾਕੇ ਨਿਕਲਣਗੇ।''। ਮੈਨੂੰ ਬਚਪਨ ਵਿਚ ਕਮਾਦ ਪੀੜਦੇ ਗੰਨਿਆਂ ਦਾ ਚੇਤਾ ਆਇਆ। ਗੰਨੇ-ਭਾਵੇਂ ਕਿੰਨੇ ਵਿੰਗੇ ਤੇ ਮੋਟੇ ਹੁੰਦੇ ਸੀ, ਇਕ ਵਾਰ ਧੱਕ ਕੇ ਦੋਹਾਂ ਵੇਲਣਿਆਂ ਦੇ ਮੂੰਹ ਅੱਗੇ ਧੱਕ ਕੇ ਦੇ ਦਿਓ, ਸਾਰੇ ਵਲ ਵਿੰਗ ਨਿਕਲ ਜਾਂਦੇ ਸਨ।

ਮੇਰਾ ਹਾਲ ਵੀ ਇਹੋ ਜਿਹਾ ਹੋਇਆ ਪਿਆ ਸੀ। ਘਰ ਆ ਕੇ ਦੁਬਾਰਾ ਲਿਖਣਾ ਸ਼ੁਰੂ ਕੀਤਾ।

ਉਹਨਾਂ ਦਿਨਾਂ ਵਿਚ ਨਾ ਟੈਲੀਫੋਨ ਹੁੰਦਾ ਸੀ ਤੇ ਨਾ ਪਿੰਡਾਂ ਵਿਚ ਬਿਜਲੀ। ਅੱਧੀ-ਅੱਧੀ ਰਾਤ ਤੀਕ ਮੈਂ ਰੋਜ਼ ਇੱਕ ਕਾਂਡ ਲਿਖ ਕੇ ਬਾਰਾਂ ਵਜੇ ਰਾਤ ਨੂੰ ਸੌਂਦਾ। ਨੀਂਦ ਆਉਂਦੀ ਵੀ ਕਿੱਦਾਂ। ਪਰ ਮੈਂ ਲਿਖਣ ਨੂੰ ਤਕੜਾ ਸੀ। ਪੰਦਰਾਂ ਵੀਹ ਦਿਨਾਂ ਬਾਅਦ ਮੈਂ ਸਾਰਾ ਕੁਝ ਆਪਣੇ ਵਲੋਂ ਮੁਕੰਮਲ ਕਰ, ਦੁਬਾਰਾ ਜਾ ਫਰੀਦਕੋਟ ਪ੍ਰਿੰਸੀਪਲ ਸਾਹਿਬ ਦੇ ਪੇਸ਼ ਹੋਇਆ। ਡਰਦਾ, ਕੰਬਦਾ। ਕਹਿਣ ਲੱਗੇ, ''ਚੱਲ ਪਹਿਲਾਂ ਰੋਟੀ ਖਾਈਏ। ਫਿਰ ਦੇਖਾਂਗੇ ਤੂੰ ਕੀ ਕੜ੍ਹੀ ਘੋਲੀ ਹੈ।''

''ਕੜ੍ਹੀ ਘੋਲੀ'' ਮੁਹਾਵਰਾ ਸੁਣਕੇ ਮੇਰੇ ਕੰਨ ਖੜ੍ਹੇ ਹੋ ਗਏ। ਮੈਂ ਸੋਚਿਆ, ਹੁਣ ਪਤਾ ਲੱਗੂ। ਡਰਦੇ ਡਰਦੇ ਮੈਂ ਉਹਨਾਂ ਦੇ ਖਾਣ-ਕਮਰੇ ਵਿਚ ਰੋਟੀ ਉਂਗਲ-ਨਿੰਗਲ ਕੀਤੀ। ਵਿਹਲੇ ਹੋ ਕੇ ਉਹਨਾਂ ਮੇਰੇ ਕੰਮ ਤੇ ਝਾਤੀ ਮਾਰੀ।

ਆਖਣ ਲੱਗੇ, ''ਹਾਲੀਂ ਹੋਰ ਮਿਹਨਤ ਦੀ ਲੋੜ ਹੈ।'' ਵਿਚੋਂ ਵਿਚੋਂ ਟੋਟਕੇ ਸੁਣੇ ਤੇ ਨਾਲ-ਨਾਲ ਟਿੱਪਣੀ ਵੀ ਕਰ ਗਏ। ਮੈਂ ਉਹਨਾਂ ਦਾ ਬੋਲਿਆ ਹਰ ਸ਼ਬਦ ਨਾਲੋਂ-ਨਾਲ ਲਿਖੀ ਗਿਆ। ਕਹਿਣ ਲੱਗੇ, ''ਫਲਾਣੀ-ਫਲਾਣੀ ਕਿਤਾਬ ਪੜ੍ਹ। ਤੇ ਮੇਰੇ ਦੱਸੇ ਅਨੁਸਾਰ ਸਾਰਾ ਕੁਝ ਦੁਬਾਰਾ ਲਿਖ ਕੇ ਲਿਆ।''

ਜੀ-ਭਿਆਣਾ ਹੋ ਮੈਂ ਵਾਪਿਸ ਘਰ ਪਰਤਿਆ ਤੇ ਸਾਰਾ ਕੁਝ ਦੁਬਾਰਾ ਲਿਖਣ ਬੈਠ ਗਿਆ। ਉਤੋਂ ਇਮਤਿਹਾਨ ਨੇੜੇ ਆ ਰਿਹਾ ਸੀ। ਬਾਕੀ ਦੇ ਤਿੰਨ ਪਰਚੇ ਵੀ ਤਿਆਰ ਕਰਨੇ ਸਨ। ਸਭ ਤੋਂ ਵਧ ਡਰ ਮੈਨੂੰ ਭਾਸ਼ਾ-ਵਿਗਿਆਨ ਤੋਂ ਆਉਂਦਾ ਸੀ। ਇਸ ਪਰਚੇ ਵਿਚ ਗੱਪਾਂ ਨਹੀਂ ਚੱਲਦੀਆਂ। ਠੋਸ ਗੱਲ ਕਰਨੀ ਪੈਂਦੀ ਹੈ।

ਮੈਂ ਟੀਚਾ ਮਿੱਥ ਲਿਆ ਕਿ ਹਰ ਰੋਜ਼ ਪ੍ਰਿੰਸੀਪਲ ਸਾਹਿਬ ਦੇ ਦੱਸੇ ਅਨੁਸਾਰ, ਇੱਕ ਲੇਖ ਸੋਧ ਕੇ, ਫਿਰ ਰਾਤ ਨੂੰ ਸੌਣਾ ਹੈ। ਕੰਮ ਮੁਕਾ, ਮੈਂ ਫਿਰ ਜਾ ਪੇਸ਼ ਹੋਇਆ। ਕਹਿਣ ਲੱਗੇ।

''ਮੈਨੂੰ ਇਹ ਸਾਰਾ ਕੁਝ ਦੇ ਜਾ। ਸਾਡੇ ਕਾਲਜ ਵਿਚ ਕੁਝ ਦਿਨਾਂ ਤਾਈਂ ਪੰਜਾਬ ਦਾ ਗਵਰਨਰ ਦੌਰੇ ਤੇ ਆ ਰਿਹਾ ਹੈ। ਮੈਂ ਹਾਲੀਂ ਰੁਝਿਆ ਹੋਇਆ ਹਾਂ। ਦੌਰੇ ਤੋਂ ਬਾਅਦ ਤੇਰਾ ਕੰਮ ਚੈੱਕ ਕਰਾਂਗਾ। ਹੁਣ ਤੂੰ ਘਰ ਚਲਾ ਜਾ।''

ਸੁਣ ਕੇ ਸੁੱਖ ਦਾ ਸਾਹ ਆਇਆ। ਉਹਨੀਂ ਦਿਨੀਂ ਫਰੀਦਕੋਟ ਕਾਲਜ ਵਿਚ ਪੰਜਾਬੀ ਵਿਭਾਗ ਵਿਚ ਪ੍ਰੋ. ਕਰਮਜੀਤ ਸਿੰਘ (ਸਵਰਗੀ) ਕੰਮ ਕਰਦੇ ਹੁੰਦੇ ਸਨ। ਮੇਰੇ ਉਹ ਕਵੀ ਵਜੋਂ ਕੁਝ-ਕੁਝ ਜਾਣੂ ਸਨ। ਮੈਂ ਉਹਨਾਂ ਨੂੰ ਕਿਹਾ ਕਿ ਕਿਸੇ ਤਰ੍ਹਾਂ ਪ੍ਰਿੰਸੀਪਲ ਸਾਹਿਬ ਨਾਲ, ਮੇਰੇ ਖੋਜ-ਨਿਬੰਧ ਬਾਰੇ ਗੱਲ ਚਲਾਵੀਂ ਤੇ ਦੱਸੀਂ ਕਿ ਸਲਾਨਾ ਪ੍ਰੀਖਿਆ ਨੇੜੇ ਆਣ ਢੁੱਕੀ ਹੈ। ਬਾਕੀ ਤਿੰਨ ਪਰਚੇ ਵੀ ਤਿਆਰ ਕਰਨੇ ਹਨ। ਕਿਸੇ ਤਰ੍ਹਾਂ ਹੁਣ ਮੈਨੂੰ ਦੁਬਾਰਾ ਸੋਧਣ ਲਈ ਨਾ ਕਹਿਣ।''

ਉਹ ਕਹਿਣ ਲੱਗੇ, ''ਯਾਰ ਖੋਜ-ਪੜਚੋਲ ਦੇ ਮਾਮਲੇ ਵਿਚ ਉਹ ਕਿਸੇ ਦਾ ਕਦੀ ਲਿਹਾਜ਼ ਨਹੀਂ ਕਰਦੇ। ਕਿਸੇ ਢੰਗ ਨਾਲ ਸ਼ਾਮ ਨੂੰ ਇਕੱਠੇ ਸੈਰ ਕਰਦੇ ਸਮੇਂ ਗੱਲ ਕਰਾਂਗਾ।''

ਪ੍ਰਿੰਸੀਪਲ ਸਾਹਿਬ ਗਵਰਨਰ ਦੇ ਦੌਰੇ ਤੋਂ ਵਿਹਲੇ ਹੋਏ ਤਾਂ ਉਹਨਾਂ ਨੂੰ ਮੇਰੇ ਕੰਮ ਦਾ ਚੇਤਾ ਆਇਆ। ਉਹਨਾਂ ਨੂੰ ਮੇਰੇ ਕੰਮ ਤੇ ਤਸੱਲੀ ਨਹੀਂ ਸੀ ਹੋਈ। ਸੋ ਦੁਬਾਰਾ ਜਾਣਾ ਪਿਆ। ਮਿਲਣ ਉੱਤੇ ਕਹਿਣ ਲੱਗੇ, ''ਅਜੇ ਹੋਰ ਮਿਹਨਤ ਤੇ ਸੋਧ ਦੀ ਲੋੜ ਹੈ। ਜੋ ਕਿਤਾਬਾਂ ਮੈਂ ਪੜ੍ਹਨ ਲਈ ਤਜਵੀਜ਼ ਕੀਤੀਆਂ ਸਨ, ਤੂੰ ਉਹਨਾ ਵਿਚੋਂ ਕੋਈ ਵੀ ਨਹੀਂ ਪੜ੍ਹੀ। ਜੇ ਤੂੰ ਇਸ ਔਖੇ ਪਰ ਅਣਛੋਹੇ ਵਿਸ਼ੇ ਉੱਤੇ ਹੋਰ ਡੂੰਘਾ ਅਧਿਐਨ ਕਰ ਲਵੇਂ ਤਾਂ ਇਹ ਇਕ ਪ੍ਰਮਾਣਿਕ ਖੋਜ ਨਿਬੰਧ ਬਣ ਜਾਵੇਗਾ, ਇੱਕ ਸੰਦਰਭ-ਗ੍ਰੰਥ। ਆਉਣ ਵਾਲੇ ਲੇਖਕ ਇਸ ਦਾ ਹਵਾਲਾ ਦਿਆ ਕਰਨਗੇ।''

ਮੈਂ ਕੀ ਆਖਦਾ। ਨਿਰਾਸ਼ ਹੋਇਆ ਖਰੜਾ ਕੱਛੇ ਮਾਰ ਵਾਪਸ ਫੱਤੂ ਚੱਕ ਪਰਤ ਆਇਆ। ਗਿੱਲ ਪੁੱਛਣ ਲੱਗਾ, ''ਕੀ ਕਿਹਾ ਪ੍ਰੀਤਮ ਸਿੰਘ ਹੋਰਾਂ ਨੇ?'' ਮੈਂ ਕੀ ਦੱਸਦਾ, ਹੱਸਦੇ ਹੋਏ ਮੇਰੇ ਮੂੰਹੋਂ ਨਿਕਲ ਗਿਆ, ''ਉਹ ਆਖਦੇ ਨੇ ਤੈਨੂੰ ਇਸ ਵਿਸ਼ੇ ਉੱਤੇ ਪੀ.ਐਚ.ਡੀ. ਕਰਵਾਉਣੀ ਹੈ।''

ਰਾਹ ਵਿਚ ਆਉਂਦੇ ਮੈਂ ਜਲੰਧਰ ਦੇ ਕਾਫੀ ਹਾਊਸ ਦਮ ਮਾਰਨ ਲਈ ਅਟਕਿਆ। ਉੱਥੇ ਰਿਜਨਲ ਸੈਂਟਰ ਦੇ ਆਲੋਚਕ ਤੇ ਵਿਦਵਾਨ ਡਾ. ਅਮਰਜੀਤ ਸਿੰਘ ਗੋਰਕੀ ਮਿਲੇ। ਮੈਂ ਉਹਨਾਂ ਨੂੰ ਆਪਣਾ ਦੁੱਖ ਦੱਸਿਆ। ਕਹਿਣ ਲੱਗੇ, ''ਇੰਝ ਕਰ, ਸਾਰੇ ਲੇਖਾਂ ਦੇ ਪਹਿਲੇ ਸਫ਼ੇ ਸੋਧ ਕੇ ਲਿਖ ਦੇ ਤੇ ਬਾਕੀ ਦੇ ਉਸ ਤਰ੍ਹਾਂ ਰਹਿਣ ਦੇ।''

ਮੈਨੂੰ ਉਸਦੀ ਤਜਵੀਜ਼ ਠੀਕ ਲੱਗੀ। ਘਰ ਆ ਕੇ ਮੈਂ ਇੰਝ ਹੀ ਕੀਤਾ ਤੇ ਹਫ਼ਤੇ ਬਾਅਦ ਫਿਰ ਫਰੀਦਕੋਟ ਜਾ ਪ੍ਰਿੰਸੀਪਲ ਸਾਹਿਬ ਦੀ ਬੈੱਲ ਖੜਕਾਈ। ਨਾਲ ਹੀ ਨੇੜੇ ਆ ਰਹੇ ਇਮਤਿਹਾਨ ਦੀ ਤਿਆਰੀ ਦੀ ਮੁਸ਼ਕਿਲ ਵੀ ਦਬਵੇਂ ਜਿਹੇ ਲਹਿਜ਼ੇ ਵਿਚ ਦੱਸੀ। ਸ਼ਾਇਦ ਡਾ. ਕਰਮਜੀਤ ਸਿੰਘ ਹੋਰਾਂ ਵੀ ਮੇਰੇ ਬਾਰੇ ਗੱਲ ਕੀਤੀ ਹੋਵੇਗੀ। ਉਹਨਾਂ ਨੇ ਮੇਰੇ ਕੀਤੇ ਕੰਮ ਦੀ ਹਾਮੀ ਭਰ ਦਿੱਤੀ ਤੇ ਮੇਰੇ ਤੇ ਦਿਆਲ ਹੁੰਦੇ ਹੋਏ ਖੋਜ-ਨਿਬੰਧ ਦੀ ਭੂਮਿਕਾ ਵੀ ਖ਼ੁਦ ਲਿਖਵਾ ਦਿੱਤੀ। ਮੇਰੇ ਸਿਰ ਤੋਂ ਮਣਾ-ਮੂੰਹੀਂ ਭਾਰ ਲਹਿ ਗਿਆ ਤੇ ਮੈਂ ਸੁਰਖ਼ਰੂ ਅਨੁਭਵ ਕੀਤਾ। ਘਰ ਨੂੰ ਵਾਪਸ ਪਰਤਦੇ ਹੋਏ ਮੈਨੂੰ ਇੰਝ ਪ੍ਰਤੀਤ ਹੋਇਆ, ਜਿਵੇਂ ਮੈਂ ਹਵਾ ਵਿਚ ਉੱਡਦਾ ਜਾ ਰਿਹਾ ਹੋਵਾਂ।ਘਰ ਆ ਕੇ ਸੁਰਿੰਦਰ ਗਿੱਲ ਤੇ ਪਰਿਵਾਰ ਨੂੰ ਦੱਸਿਆ।ਖੋਜ-ਨਿਬੰਧ ਟਾਈਪ ਕਰਨ ਲਈ ਦੇ ਦਿੱਤਾ। ਜਿਲਦ ਬੰਨ੍ਹਵਾ ਕੇ ਚਾਰ ਕਾਪੀਆਂ, ਯੂਨੀਵਰਸਿਟੀ ਨੂੰ ਵਕਤ ਸਿਰ ਭੇਜ ਦਿੱਤੀਆਂ ਤੇ ਵਿਹਲਾ ਹੋ ਕੇ ਦੂਸਰੇ ਪਰਚਿਆਂ ਦੀ ਤਿਆਰੀ ਕਰਨ ਲੱਗਾ। ਖੋਜ-ਨਿਬੰਧ ਦੇ ਪਰਚੇ ਤੇ ਚੰਗੇ ਨੰਬਰ ਲੱਗ ਗਏ ਤੇ ਮੇਰੀ ਐਮ.ਏ. ਮੁਕੰਮਲ ਹੋ ਗਈ। ਇਹ ਨਿਬੰਧ ਉੱਤੇ ਨਜ਼ਰ ਮਾਰਨ ਲਈ ਪ੍ਰਿੰ. ਸੰਤ ਸਿੰਘ ਸੇਖੋਂ ਨੇ ਜੰਡਿਆਲੇ ਕਾਲਜ ਹੁੰਦੇ ਹੋਏ ਇਹ ਮੰਗਵਾਇਆ। ਮੈਨੂੰ ਖੁਸ਼ੀ ਹੋਈ। ਉੱਥੇ ਕਿਤੇ ਮਿਲਣ ਲਈ ਜੀਵਨ ਸਿੰਘ ਲਾਹੌਰ ਬੁੱਕ ਸ਼ਾਪ ਵਾਲਾ ਸੇਖੋਂ ਸਾਹਿਬ ਕੋਲ ਆਇਆ ਤੇ ਉਹਨਾਂ ਕੋਲੋਂ ਇਹ ਥੀਸਿਸ ਚੁੱਕ ਕੇ ਲੈ ਗਿਆ। ਜਾਂਦਿਆਂ ਹੀ ਉਸ ਛਾਪ ਦਿੱਤਾ ਤੇ ਮੈਨੂੰ ਰਜ਼ਾਮੰਦੀ ਲਈ ਲੁਧਿਆਣਾ ਸੱਦਿਆ। ਕਿਤਾਬ ਛਾਪ ਕੇ ਉਹ ਹਰ ਸਾਲ ਮੈਨੂੰ ਸੌ-ਪੰਜਾਹ ਰੁਪਏ ਰਾਇਲਟੀ ਵੀ ਦੇ ਦਿੰਦਾ।

(ਬਾਕੀ ਅਗਲੇ ਅੰਕ 'ਚ)

# ਇਕ ਹੋਰ ਸਵੇਰ

## ਕਹਾਣੀ

ਆਪਣੀ ਕੁਰਸੀ 'ਤੇ ਬੈਠੀ ਮੈਂ ਕੁਝ ਸੋਚ ਰਹੀ ਸੀ ਕਿ ਇੰਨੇ ਨੂੰ ਚਪੜਾਸੀ ਆ ਕੇ ਕਹਿਣ ਲੱਗਾ, "ਮੈਡਮ, ਕੋਈ ਜਸਵੀਰ ਸਿੰਘ ਤੁਹਾਨੂੰ ਮਿਲਣਾ ਚਾਹੁੰਦੇ ਹਨ।" ਇਕ ਪਲ ਲਈ ਮੈਂ ਇਉਂ ਰੁਕ ਗਈ, ਜਿਵੇਂ ਦੁਨੀਆ ਵਿਚ ਇਕੋ ਹੀ ਜਸਵੀਰ ਸਿੰਘ ਹੋਵੇ। ਇਸ ਨਾਂ ਨੇ ਮੈਨੂੰ ਪਿਛਲੀ ਜ਼ਿੰਦਗੀ ਨਾਲ ਜਿਵੇਂ ਜੋੜ ਹੀ ਨਹੀਂ ਝੰਜੋੜ ਵੀ ਦਿੱਤਾ ਹੋਵੇ। ਮੈਂ ਚਪੜਾਸੀ ਨੂੰ ਕਿਹਾ ਕਿ ਅੰਦਰ ਭੇਜ ਦੇ। ਪਰ ਇਹ ਕੀ...ਇਹ ਤਾਂ ਉਹੀ ਜਸਬੀਰ ਸੀ। ਮੈਂ ਇਉਂ ਦਿਖਾਵਾ ਕੀਤਾ, ਜਿਵੇਂ ਪਛਾਣਿਆ ਨਾ ਹੋਵੇ। ਉਸ ਨੇ ਕਿਹਾ, "ਕੁਲਜੀਤ, ਕੀ ਹਾਲ ਹੈ? ਪਛਾਣਿਆ ਨਹੀਂ...?"...ਮੈਂ ਕਿਹਾ, "ਤੈਨੂੰ ਕਿਵੇਂ ਭੁੱਲ ਸਕਦੀ ਹਾਂ, ਪਰ ਕੁਲਜੀਤ ਦਾ ਖ਼ਿਆਲ ਕਿਵੇਂ ਆਇਆ?" ਕਹਿਣ ਲੱਗਾ, "ਕੰਮ ਸੀ।"...ਮੈਂ ਕਿਹਾ, "ਮਤਲਬ ਤੂੰ ਅੱਜ ਕੁਲਜੀਤ ਨੂੰ ਮਿਲਣ ਨਹੀਂ ਆਇਆ, ਉਸ ਦੀ ਕੁਰਸੀ ਨੂੰ ਮਿਲਣ ਆਇਆ ਏਂ।" ਜਸਵੀਰ ਚੌਂਕ ਗਿਆ। ਜਿਵੇਂ ਉਹਨੂੰ ਲੱਗਿਆ ਹੋਵੇ ਕਿ ਇਹ ਉਹ ਕੁਲਜੀਤ ਨਹੀਂ। ਉਸ ਨੇ ਦੱਸਿਆ ਕਿ ਅਮਰੀਕਾ ਦਾ ਵੀਜ਼ਾ ਸਿਰਫ ਸਾਲ ਦਾ ਹੀ ਲੱਗਾ ਸੀ। ਉਸ ਨੇ ਉੱਥੇ ਪੈਟਰੋਲ ਪੰਪ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਹ ਚੋਰੀ ਰਹਿੰਦਾ ਹੈ। ਇਸ ਲਈ ਉਸ ਨੂੰ ਵਾਪਸ ਭੇਜ ਦਿੱਤਾ ਗਿਆ, ਹੁਣ ਉਹ ਕਿਸੇ ਹੋਰ ਦੇਸ਼ ਵੀ ਨਹੀਂ ਜਾ ਸਕਦਾ। ਇਥੇ ਆ ਕੇ ਦੇਖਿਆ ਤਾਂ ਉਸ ਨੂੰ ਅਮਰੀਕਾ ਭੇਜਣ ਲਈ ਗਹਿਣੇ ਰੱਖੀ ਜ਼ਮੀਨ ਦੇ ਪੈਸੇ ਵੀ ਪੂਰੇ ਨਹੀਂ ਸੀ ਹੋਏ। ਹੁਣ ਉਸ ਦੀ ਜ਼ਮੀਨ 'ਤੇ ਕਬਜ਼ਾ ਹੋਇਆ ਹੈ, ਜਿਸ ਨੂੰ ਛੁਡਵਾਉਣ ਲਈ ਪੁਲਿਸ ਵੀ ਵੱਡੀ ਰਕਮ ਦੀ ਮਦਦ ਮੰਗਦੀ ਹੈ, ਜੋ ਉਹ ਨਹੀਂ ਦੇ ਸਕਦਾ। ਉਸ ਨੇ ਇਹ ਵੀ ਦੱਸਿਆ ਕਿ ਜਦੋਂ ਉਸ ਨੂੰ ਪਤਾ ਲੱਗਾ ਕਿ ਕੁਲਜੀਤ ਉਸ ਦੀ ਮਦਦ ਕਰ ਸਕਦੀ ਹੈ ਤਾਂ ਉਸ ਨੂੰ ਆਸ ਦੀ ਕਿਰਨ ਦਿਸੀ।

ਮੈਂ ਕਹਿ ਦਿੱਤਾ ਕਿ ਜ਼ਮੀਨ ਦੇ ਕਾਗਜ਼ ਲੈ ਕੇ ਕੱਲ੍ਹ ਆਉਣਾ ਜੇ ਹੋ ਸਕੇਗਾ ਮੈਂ ਮਦਦ ਕਰਨ ਦੀ ਕੋਸ਼ਿਸ਼ ਕਰਾਂਗੀ। ਉਸ ਦੇ ਜਾਣ ਤੋਂ ਬਾਅਦ ਦਾ ਦਿਨ ਇਕ ਬੇਚੈਨੀ ਵਿਚ ਲੰਘਿਆ। ਸ਼ਾਮੀ ਘਰ ਪਹੁੰਚੀ ਤਾਂ ਮੇਰੇ ਪਤੀ ਸੁਖਵਿੰਦਰ ਮੈਨੂੰ ਪੁੱਛਣ ਲੱਗੇ, "ਕੁਲਜੀਤ, ਕੀ ਹੋਇਆ? ਤੂੰ ਉਦਾਸ ਲੱਗਦੀ ਏਂ।" ਮੈਂ ਜਵਾਬ ਦਿੱਤਾ, "ਕੁਝ ਨਹੀਂ, ਅੱਜ ਕੁਝ ਜ਼ਿਆਦਾ ਥੱਕ ਗਈ ਹਾਂ।" ਮੈਂ ਆਪਣੀ ਨੌਕਰਾਣੀ ਨੂੰ ਚਾਹ ਬਣਾਉਣ ਲਈ ਕਿਹਾ ਤਾਂ ਸੁਖਵਿੰਦਰ ਕਹਿਣ ਲੱਗੇ, "ਮੈਂ ਚਾਹ ਬਣਾ ਕੇ ਲਿਆਉਂਦਾ ਹਾਂ, ਇਕੱਠੇ ਬੈਠ ਕੇ ਪੀਵਾਂਗੇ।" ਮੇਰੇ ਪਤੀ ਸੁਖਵਿੰਦਰ ਬਹੁਤ ਵਧੀਆ ਸੁਭਾਅ ਦੇ ਮਾਲਕ ਨੇ। ਉਹਨਾਂ ਦੀ ਗੱਲ ਸੁਣ ਕੇ ਮੈਂ ਖਿੜ ਉੱਠੀ। ਉਹ ਡਾਕਟਰ ਨੇ ਅਤੇ ਆਪਣਾ ਹਸਪਤਾਲ ਵੀ ਹੈ। ਅੱਜ ਪਤਾ ਨਹੀਂ ਕਿਵੇਂ ਉਹ ਘਰ ਮਿਲੇ, ਨਹੀਂ ਤਾਂ ਆਪਣੇ ਹੀ ਕੰਮ ਵਿਚ ਰੁੱਝੇ ਰਹਿੰਦੇ ਨੇ। ਉਹ ਆਪਣਾ ਜ਼ਿਆਦਾ ਵਕਤ ਆਪਣੇ ਮਰੀਜ਼ਾਂ ਨਾਲ ਹੀ ਬਿਤਾਉਂਦੇ ਨੇ। ਉਹ ਚਾਹ ਬਣਾ ਕੇ ਲਿਆਏ, ਆਪਾਂ ਖ਼ੂਬ ਗੱਪਾਂ ਮਾਰੀਆਂ, ਹੁਣ ਤੱਕ ਮੇਰਾ ਮੂਡ ਠੀਕ ਹੋ ਗਿਆ ਸੀ।

ਉਹਨਾਂ ਨੇ ਦੱਸਿਆ ਕਿ ਰਾਤੀਂ ਕੋਈ ਅਪਰੇਸ਼ਨ ਹੈ, ਜਿਸ ਲਈ ਉਹ ਦੇਰ ਨਾਲ ਆਉਣਗੇ। ਰਾਤ ਦੀ ਰੋਟੀ ਖਾ ਕੇ ਉਹ ਚਲੇ ਗਏ ਤੇ ਮੈਂ ਸੌਣ ਲਈ ਆਪਣੇ ਕਮਰੇ ਵਲ ਨੂੰ ਹੋਈ। ਕੱਪੜੇ ਬਦਲ ਕੇ ਬਿਸਤਰ 'ਤੇ ਲੇਟੀ ਤਾਂ ਫਿਰ ਜਸਵੀਰ ਨਾਂ ਦਾ ਖਿਆਲ ਮੇਰੇ ਦਿਮਾਗ ਵਿਚ ਆ ਗਿਆ। ਲੇਟੇ-ਲੇਟੇ ਮੈਂ ਆਪਣੇ ਕਾਲਜ ਦੇ ਦਿਨ ਯਾਦ ਕਰਨ ਲੱਗੀ। ਜਦੋਂ ਮੈਂ ਬੀ. ਕਾਮ ਕਰ ਰਹੀ ਸੀ।

ਮੈਨੂੰ ਅੱਜ ਵੀ ਯਾਦ ਹੈ, ਜਦੋਂ ਮੈਂ ਕਾਲਜ ਵਿਚ ਦਾਖਲਾ ਲੈਣ ਗਈ ਤਾਂ ਫੀਸ ਜਮ੍ਹਾਂ ਕਰਾਉਣ ਲੱਗੇ ਪਹਿਲੀ ਵਾਰੀ ਮੈਂ ਜਸਵੀਰ ਨੂੰ ਮਿਲੀ ਸੀ, ਕਲਰਕਾਂ ਨਾਲ ਜਾਣ-ਪਛਾਣ ਹੋਣ ਕਰਕੇ ਉਸ ਨੇ ਹੀ ਮੇਰੀ ਫੀਸ ਜਮ੍ਹਾ ਕਰਵਾ ਦਿੱਤੀ ਸੀ, ਕਿਉਂਕਿ ਭੀੜ ਕਾਫੀ ਸੀ। ਦੇਖਣ ਨੂੰ ਥੋੜ੍ਹਾ ਠੀਕ-ਠਾਕ ਪਰ ਛੇ ਫੁੱਟ ਦਾ ਗੱਭਰੂ, ਆਪਣੀ ਵੱਖਰੀ ਗੈਟਅਪ ਕਰਕੇ ਦਿਲਖਿਚਵਾਂ ਲੱਗ ਰਿਹਾ ਸੀ। ਮੈਂ ਪੂਰੇ ਕਾਲਜ ਦੀਆਂ ਸੋਹਣੀਆਂ ਗਿਣੀਆਂ ਜਾਣ ਵਾਲੀਆਂ ਕੁੜੀਆਂ 'ਚੋਂ ਇਕ ਸੀ।

ਜਸਵੀਰ ਬੀ.ਏ. ਸਾਲ ਤਿੰਨ ਦਾ ਵਿਦਿਆਰਥੀ ਸੀ, ਉਸ ਦੇ ਦੋਸਤ ਕਾਫੀ ਘੱਟ ਸਨ, ਪਰ ਉਹ ਕੁੜੀਆਂ ਨੂੰ ਘੱਟ ਹੀ ਬੁਲਾਉਂਦਾ ਸੀ। ਅਸੀਂ ਕਲਾਸਾਂ ਲਾਉਂਦੇ, ਕੈਂਟੀਨ ਜਾਂਦੇ, ਇਧਰ-ਉਧਰ ਜਾਂਦਿਆਂ ਕਿਤੇ ਦੇਖਣਾ ਤਾਂ ਉਸ ਨੇ ਜ਼ਰੂਰ ਬੁਲਾਉਣਾ। ਪਤਾ ਨਹੀਂ ਕੀ ਅਤੇ ਕਦੋਂ ਹੋਇਆ ਕਿ ਮੈਂ ਉਸ ਦੀ ਸਾਰਿਆਂ ਤੋਂ ਦੂਰ ਦੂਰ ਰਹਿਣ ਦੀ ਆਦਤ 'ਤੇ ਮਰ ਮਿਟੀ। ਮੈਨੂੰ ਉਹ ਚੰਗਾ ਲੱਗਣ ਲੱਗਾ ਅਤੇ ਉਸ ਨੂੰ ਮਿਲਣਾ, ਬੁਲਾਉਣਾ ਵੀ ਚੰਗਾ ਲੱਗਣ ਲੱਗਾ ਸੀ। ਇਕ ਦਿਨ ਅਚਾਨਕ ਉਸ ਨੇ ਮੇਰੇ ਕੋਲੋਂ ਮੇਰੇ ਘਰ ਦਾ ਫੋਨ ਨੰਬਰ ਮੰਗਿਆ ਅਤੇ ਮੈਂ ਬਿਨਾਂ ਰੋਕ ਟੋਕ ਉਸ ਨੂੰ ਆਪਣਾ ਟੈਲੀਫੋਨ ਨੰਬਰ ਦੇ ਦਿੱਤਾ। ਪਹਿਲਾਂ ਪਹਿਲਾਂ ਦੋ ਚਾਰ ਦਿਨ ਛੱਡ ਕੇ ਫਿਰ ਰੋਜ਼ ਹੀ ਅਸੀਂ ਇਕ ਦੂਜੇ ਨਾਲ ਗੱਲਾਂ ਕਰਨ ਲੱਗੇ।

ਗੱਲਾਂ ਗੱਲਾਂ ਵਿਚ ਅਸੀਂ ਇਕ ਦੂਜੇ ਨੂੰ ਕਾਫੀ ਜਾਣਨ ਲੱਗੇ ਜਾਂ ਸ਼ਾਇਦ ਮੇਰੇ ਮਨ ਦਾ ਧੋਖਾ ਸੀ, ਬੱਸ ਇਕ ਦੂਜੇ ਨਾਲ ਗੱਲ ਕੀਤਿਆਂ ਬਿਨਾਂ ਰਹਿ ਨਾ ਹੋਣਾ। ਅਸੀਂ ਇਕ ਦੂਜੇ ਦੇ ਚੰਗੇ ਦੋਸਤ ਬਣ ਗਏ ਕਿ ਦਿਨ ਵਿਚ ਛਿੱਕ ਵੀ ਆਉਣੀ, ਅਸੀਂ ਇਕ ਦੂਜੇ ਨੂੰ ਦੱਸਣੀ। ਇਕ ਦਿਨ ਉਸ ਨੇ ਮੈਨੂੰ ਕਿਹਾ, "ਕੁਲਜੀਤ, ਫਿਲਮ ਵੇਖਣ ਚੱਲੀਏ?" ਮੈਨੂੰ ਤਾਂ ਪਤਾ ਨਹੀਂ ਕੀ ਹੁੰਦਾ ਕਿ ਉਸ ਨੂੰ 'ਨਾਂਹ' ਕਹਿਣ ਨੂੰ ਦਿਲ ਨਾ ਕਰਦਾ। ਅਸੀਂ ਕਾਲਜ ਤੋਂ ਕਲਾਸਾਂ ਛੱਡ ਕੇ ਫਿਲਮ ਦੇਖਣ ਗਏ। ਉਥੇ ਵੀ ਥਿਏਟਰ 'ਚ ਬੈਠ ਕੇ ਅਸੀਂ ਗੱਲਾਂ ਕਰਦੇ ਰਹੇ। ਫਿਰ ਸ਼ਾਇਦ ਅਸੀਂ ਦੋਵੇਂ, ਜਾਂ ਫਿਰ ਮੈਂ ਉਸ ਨੂੰ ਪਿਆਰ ਕਰਨ ਲੱਗੀ ਸੀ। ਇਕ ਵਾਰ ਫਿਰ ਅਸੀਂ ਫਿਲਮ ਦੇਖਣ ਗਏ। ਕਾਫੀ ਪੁਰਾਣੀ ਫਿਲਮ ਲੱਗੀ ਹੋਣ ਕਾਰਨ ਕੋਈ ਟਾਵਾਂ-ਟਾਵਾਂ ਹੀ ਫਿਲਮ ਦੇਖਣ ਆਇਆ ਸੀ। ਜਾਂ ਫਿਰ ਇਹ ਕਹਿ ਲਵੋ ਕਿ ਸਿਰਫ ਆਸ਼ਿਕ ਜੋੜੀਆਂ ਉਹ ਵੀ ਗਿਣਕੇ ਅੱਠ ਦਸ ਕੁ ਹੀ ਆਈਆਂ ਸਨ। ਅਸੀਂ ਦੋਵੇਂ ਸਭ ਤੋਂ ਉਪਰਲੀਆਂ ਸੀਟਾਂ 'ਤੇ ਬੈਠੇ ਸੀ।


ਜਸਵੀਰ ਤੋਂ ਅੱਜ ਪਹਿਲੀ ਵਾਰ ਮੈਨੂੰ ਘਬਰਾਹਟ ਹੋ ਰਹੀ ਸੀ। ਉਸ ਨੇ ਹੌਲੀ ਜਿਹੇ ਮੇਰੇ ਕੰਨ 'ਚ ਕਿਹਾ, "ਮੈਂ ਕੁਝ ਕਹਿਣਾ ਹੈ.." ਮੈਂ ਕਿਹਾ, "ਕਹੋ, ਮੈਂ ਸੁਣ ਰਹੀ ਹਾਂ।" ਤੇ ਅਚਾਨਕ ਉਸ ਨੇ ਮੇਰਾ ਹੱਥ ਫੜਿਆ ਤੇ ਮੈਨੂੰ ਖਿੱਚ ਕੇ ਆਪਣੇ ਗਲ ਨਾਲ ਲਾ ਲਿਆ। ਕਹਿੰਦਾ, "ਮੈਂ ਤੇਰੇ ਤੋਂ ਬਿਨਾਂ ਨਹੀਂ ਰਹਿ ਸਕਦਾ।" ਸ਼ਾਇਦ ਮੈਂ ਵੀ ਇਸੇ ਇੰਤਜ਼ਾਰ ਵਿਚ ਸੀ। ਉਸ ਦੀ ਇਹ ਛੂਹਣ ਮੈਨੂੰ ਪਾਗਲ ਕਰ ਰਹੀ ਸੀ। ਮੇਰਾ ਜਿਵੇਂ ਵਕਤ ਰੁਕ ਗਿਆ ਹੋਵੇ। ਮੈਂ ਘਰ ਗਈ, ਕਰਾਂ ਜੋ ਮਰਜ਼ੀ, ਪਰ ਧਿਆਨ ਉਹਦੀਆਂ ਬਾਹਾਂ 'ਚ, ਧਿਆਨ ਉਸ ਦਿਆਂ ਸਾਹਾਂ 'ਚ। ਮੈਂ ਅਗਲੇ ਦਿਨ ਕਾਲਜ ਗਈ ਤਾਂ ਜਸਵੀਰ ਨਾਲ ਅੱਖਾਂ ਨਾ ਮਿਲਾਈਆਂ ਜਾਣ। ਗੱਲ ਵਧਦੀ ਵਧਦੀ ਇਥੋਂ ਤੱਕ ਆ ਪਹੁੰਚੇ ਕਿ ਜਸਵੀਰ ਮੇਰੇ ਨਾਲ ਜਿਸਮਾਨੀ ਸਬੰਧ ਬਣਾਉਣ ਦਾ ਜ਼ੋਰ ਪਾਉਣ ਲੱਗਾ। ਮੈਂ ਇਨਕਾਰ ਕਰ ਦਿੱਤਾ ਕਿ ਇਹ ਪਿਆਰ ਨਹੀਂ, ਹਵਸ ਹੈ।

ਬਸ ਇਨਕਾਰ ਦੀ ਦੇਰ ਸੀ ਕਿ ਉਸ ਨੇ ਮੈਨੂੰ ਬੁਲਾਉਣਾ ਛੱਡ ਦਿੱਤਾ, ਫੋਨ ਵੀ ਨਾ ਕਰਨਾ। ਪੇਪਰਾਂ ਦੇ ਦਿਨ ਆ ਗਏ ਸੀ, ਮੇਰਾ ਖਿਆਲ ਪੜ੍ਹਾਈ 'ਚ ਨਾ ਲੱਗਣਾ। ਕਾਲਜ 'ਚ ਛੁੱਟੀਆਂ ਹੋ ਗਈਆਂ ਸਨ, ਇਸ ਲਈ ਜਸਵੀਰ ਨੂੰ ਦੇਖਣਾ ਵੀ ਨਸੀਬ ਨਾ ਹੋਣਾ। ਕਦੇ ਮੈਨੂੰ ਜਸਵੀਰ ਉੱਤੇ ਕਦੇ ਆਪਣੇ ਆਪ 'ਤੇ ਗੁੱਸਾ ਆਉਂਦਾ। ਫੋਨ ਕਰਨਾ ਤਾਂ ਫੋਨ 'ਤੇ ਵੀ ਨਾ ਮਿਲਣਾ। ਇਕ ਦਿਨ ਫੋਨ ਉਸ ਨੇ ਚੁੱਕਿਆ। ਮੈਂ ਕਿਹਾ, "ਕੀ ਗੱਲ ਹੈ, ਬੁਲਾਉਂਦਾ ਕਿਉਂ ਨਹੀਂ ਮੈਨੂੰ, ਇਸ ਲਈ ਕਿ ਮੈਂ ਇਨਕਾਰ ਕਰ ਦਿੱਤਾ, ਤੂੰ ਦੂਰ-ਦੂਰ ਰਹਿਣ ਲੱਗਾ। ਮੈਂ ਤੈਨੂੰ ਇਨਾ ਪਿਆਰ ਕਰਦੀ ਹਾਂ, ਪਰ ਤੂੰ ਕਦਰ ਨਹੀਂ ਕਰਦਾ। ਬਸ ਇਹੀ ਚਾਹੀਦਾ ਸੀ ਮੇਰੇ ਤੋਂ, ਤੂੰ ਵੀ ਆਮ ਮੁੰਡਿਆਂ ਵਰਗਾ ਹੀ ਏਂ ਜੋ ਰੂਹ ਦੇ ਪਿਆਰ ਨੂੰ ਨਹੀਂ ਸਮਝਦਾ, ਮੈਂ ਤੈਨੂੰ ਕਿੰਨਾ ਖਾਸ ਸਮਝਦੀ ਸਾਂ...।"

ਮੇਰੀ ਗੱਲ ਹਾਲੇ ਪੂਰੀ ਨਹੀਂ ਸੀ ਹੋਈ ਕਿ ਉਸਨੇ ਵਿਚ ਹੀ ਕੱਟਦਿਆਂ ਕਿਹਾ, "ਹਾਂ...ਨਹੀਂ ਸਮਝਦਾ ਰੂਹ ਦੇ ਪਿਆਰ ਨੂੰ ਮੈਂ....ਮੈਂ ਵੀ ਆਮ ਹਾਂ ਖਾਸ ਨਹੀਂ, ਪਰ ਤੂੰ ਤੇ ਸਮਝਦੀ ਏਂ ਰੂਹ ਦੇ ਪਿਆਰ ਨੂੰ, ਕਰ ਸਕਦੀ ਨੀ ਮੇਰੇ ਲਈ ਕੁਝ।" ਇੰਨਾ ਕਹਿੰਦਿਆਂ ਉਸ ਨੇ ਫੋਨ ਕੱਟ ਦਿੱਤਾ। ਮੈਂ ਸਾਰੀ ਰਾਤ ਸੋਚਦੀ ਰਹੀ ਕਿ ਪਿਆਰ ਤਾਂ ਮੈਂ ਬਹੁਤ ਕਰਦੀ ਹਾਂ, ਪਰ ਕਰ ਨੀ ਸਕਦੀ ਕੁਝ, ਇਹ ਕਿਹੋ ਜਿਹਾ ਇਲਜ਼ਾਮ ਹੈ। ਆਪਣੇ ਆਪ ਨੂੰ ਪੁੱਛਿਆ, "ਕੁਲਜੀਤ, ਅੱਜ ਦੀ ਦੁਨੀਆ ਦਾ ਪਿਆਰ ਇਹੋ ਹੈ, ਸ਼ਾਇਦ ਇਹ ਇਮਤਿਹਾਨ ਤੈਨੂੰ ਦੇਣਾ ਪਵੇਗਾ। ਅੱਲ੍ਹੜ ਉਮਰ ਦਾ ਜਾਦੂ ਕਿ ਕੁਝ ਕਰਨ ਤੋਂ ਡਰ ਨਹੀਂ ਸੀ ਲੱਗਦਾ। ਅਗਲੇ ਦਿਨ ਮੈਂ ਜਸਵੀਰ ਨੂੰ ਫੋਨ ਕੀਤਾ ਅਤੇ ਆਖ ਦਿੱਤਾ ਕਿ ਜੇ ਇਹੋ ਮੇਰੇ ਪਿਆਰ ਦਾ ਇਮਤਿਹਾਨ ਹੈ ਹਾਂ ਦੱਸ ਕਿੱਥੇ ਆਵਾਂ ਤੇਰੇ ਲਈ, ਕੁਝ ਕਰਨ ਲਈ।

ਪਤਾ ਨਹੀਂ ਕੀ ਹੋਇਆ, ਜਸਵੀਰ ਨੇ ਆਪਣੀ ਹਵਸ ਨੂੰ ਪਿਆਰ ਦੇ ਇਮਤਿਹਾਨ ਦਾ ਨਾਂ ਦੇ ਦਿੱਤਾ ਅਤੇ ਮਾਫੀ ਮੰਗ ਲਈ। ਇਹ ਸਭ ਸੁਣ ਕੇ ਮੈਂ ਜ਼ਿਆਦਾ ਹੀ ਖੁਸ਼ ਹੋ ਗਈ, ਜਿਵੇਂ ਮੈਂ ਜਿੱਤ ਗਈ ਹੋਵਾਂ। ਅਸੀਂ ਆਪਣੇ-ਆਪਣੇ ਪੇਪਰ ਪਾਏ ਤੇ ਫਿਰ ਛੁੱਟੀਆਂ। ਜਸਵੀਰ ਅੱਗੇ ਪੜ੍ਹਨਾ ਨਹੀਂ ਸੀ ਚਾਹੁੰਦਾ, ਉਹ ਤਾਂ ਅਮਰੀਕਾ ਜਾਣਾ ਚਾਹੁੰਦਾ ਸੀ। ਪਿਤਾ ਉਸ ਦੇ ਸੀ ਨਹੀਂ, ਮੰਮੀ ਨੂੰ ਮਨਾ ਲਿਆ, ਜੋ ਥੋੜ੍ਹੀ ਬਹੁਤ ਜ਼ਮੀਨ ਸੀ, ਉਹ ਗਹਿਣੇ ਰੱਖ ਕੇ ਉਸ ਨੇ ਵੀਜ਼ੇ ਦਾ ਇੰਤਜ਼ਾਮ ਕੀਤਾ। ਇਕ ਦਿਨ ਉਸ ਨੇ ਕਿਹਾ, "ਕੁਲਜੀਤ ਘਰ ਆਜਾ, ਨਾਲ ਹੀ ਮੰਮੀ ਮਿਲ ਲੈਣਗੇ ਤੈਨੂੰ।"

ਮੈਂ ਖੁਸ਼ੀ ਨਾਲ ਘਰ ਬਹਾਨਾ ਬਣਾਇਆ ਤੇ ਜਸਵੀਰ ਦੇ ਘਰ ਚਲੀ ਗਈ। ਘਰ ਵਿਚ ਜਸਵੀਰ ਇਕੱਲਾ ਸੀ। ਮੈਂ ਪੁੱਛਿਆ, "ਮੰਮੀ ਕਿੱਥੇ ਹੈ?" ਜਵਾਬ ਮਿਲਿਆ, "ਉਹ ਜ਼ਰਾ ਕਿਤੇ ਗਏ ਨੇ, ਹੁਣ ਹੀ ਆ ਜਾਣਗੇ, ਚੱਲ ਆਪਾਂ ਮੇਰੇ ਕਮਰੇ 'ਚ ਚੱਲ ਕੇ ਬੈਠਦੇ ਹਾਂ।" ਮੈਂ ਬੇਵਕੂਫ ਉਸਦੀ ਗੱਲ ਨਾ ਸਮਝੀ। ਭਾਵਨਾਵਾਂ 'ਚ ਬਹਿ ਗਈ, ਉਹ ਦਿਨ ਸਾਡੇ ਵਿਚਕਾਰ ਇਕ ਹੋਰ ਰਿਸ਼ਤਾ ਬਣ ਗਿਆ। ਜਸਵੀਰ ਇਸ ਨਵੇਂ ਰਿਸ਼ਤੇ ਵਿਚ ਇੰਨਾ ਗੁਆਚਿਆ ਕਿ ਮੇਰੀ ਰੂਹ ਦਾ ਰਿਸ਼ਤਾ ਕਿਤੇ ਗੁਆਚ ਗਿਆ। ਇਕ ਵਾਰ ਫਿਰ ਉਸ ਨੇ ਆਪਣੀ ਚਾਲ ਦੁਹਰਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਦ੍ਰਿੜ੍ਹਤਾ ਤੋਂ ਕੰਮ ਲਿਆ ਤੇ ਕਿਹਾ, "ਜੋ ਵੀ ਹੋਵੇਗਾ ਵਿਆਹ ਤੋਂ ਬਾਅਦ, ਮੈਂ ਆਪਣੇ ਪਿਆਰ ਦਾ ਇਮਤਿਹਾਨ ਦੇ ਚੁੱਕੀ ਹਾਂ।" ਮੈਂ ਉਸ 'ਤੇ ਕਾਫੀ ਜ਼ੋਰ ਪਾਇਆ ਕਿ ਅਮਰੀਕਾ ਜਾਣ ਤੋਂ ਪਹਿਲਾਂ ਸਾਡਾ ਵਿਆਹ ਹੋ ਜਾਵੇ, ਪਰ ਜਸਵੀਰ ਤਾਂ ਅਮਰੀਕਾ ਦੇ ਵੀਜ਼ੇ ਵਿਚ ਗੁਆਚ ਗਿਆ ਸੀ। ਮੈਂ ਰੋ-ਰੋ ਪਾਗਲ ਹੋ ਗਈ ਸੀ। ਪਰ ਉਸ ਨੇ ਰੋਜ਼ ਫੋਨ ਕਰਨ ਦਾ ਵਾਅਦਾ ਕੀਤਾ।



ਉਹ ਚਲਾ ਗਿਆ, ਪਰ ਕੁਝ ਮਹੀਨੇ ਲਗਾਤਾਰ ਫੋਨ ਆਉਂਦਾ ਰਿਹਾ, ਫਿਰ ਉਸ ਦਾ ਧਿਆਨ ਘਟਣ ਲੱਗਾ। ਫੋਨ ਨਾ ਆਉਣਾ ਤਾਂ ਮੈਂ ਪ੍ਰੇਸ਼ਾਨ ਹੋ ਜਾਣਾ। ਆਪਣੇ ਆਪ ਨੂੰ ਵੀ ਸਮਝਾਉਣਾ ਕਿ ਬਿਜ਼ੀ ਹੈ ਉਹ, ਭੁੱਲਿਆ ਥੋੜ੍ਹਾ ਹੈ। ਬੀ. ਕਾਮ

**ਅਮ੍ਰਿਤ ਪਾਲ ਕੌਰ**

ਵੀ ਹੋ ਚੁੱਕੀ ਸੀ, ਮੈਂ ਇਸ ਸੁਪਨੇ ਦੇ ਸਹਾਰੇ ਜੀ ਰਹੀ ਸੀ ਕਿ ਜਸਵੀਰ ਆਵੇਗਾ ਤਾਂ ਆਪਾਂ ਵਿਆਹ ਕਰਵਾਵਾਂਗੇ। ਪਰ ਜਸਵੀਰ ਨੇ ਕਿੱਥੋਂ ਆਉਣਾ ਸੀ। ਇਧਰ ਮੇਰੀ ਬੀ. ਕਾਮ ਵੀ ਖਤਮ, ਮਤਲਬ ਗਰੈਜੂਏਟ ਹੋ ਗਈ।

ਘਰ ਦੇ ਵਰ ਲੱਭਣ ਲੱਗੇ। ਚੰਗੇ-ਚੰਗੇ ਰਿਸ਼ਤੇ ਬਿਨਾਂ ਕਿਸੇ ਵਜ੍ਹਾ ਤੋਂ ਠੁਕਰਾ ਦਿੰਦੀ। ਸੋਹਣੀ ਵੀ ਸੀ, ਪੜ੍ਹੀ ਵੀ ਗਈ ਸੀ। ਘਰ ਦੇ ਸੋਚਦੇ ਜਿਥੇ ਕੁੜੀ ਖੁਸ਼ ਉੱਥੇ ਉਹ ਵੀ ਖੁਸ਼। ਇਕਲੌਤੀ ਔਲਾਦ ਜੋ ਸੀ ਉਹਨਾਂ ਦੀ, ਉਹਨਾਂ ਲਈ ਤਾਂ ਧੀ ਵੀ ਮੈਂ ਤੇ ਪੁੱਤ ਵੀ ਮੈਂ। ਮੇਰੇ ਬਾਪੂ ਜੀ ਮੈਨੂੰ ਬਹੁਤ ਜ਼ਿਆਦਾ ਸਮਝਦਾਰ ਸਮਝਦੇ ਤੇ ਹਰ ਥਾਂ ਮੇਰੀਆਂ ਤਾਰੀਫਾਂ ਕਰਦੇ, ਮੇਰਾ ਪੁੱਤਰ ਏਦਾਂ, ਮੇਰਾ ਪੁੱਤਰ ਓਦਾਂ। ਬਸ ਸਮਝੋ ਰਾਣੀ ਬਣਾ ਕੇ ਰੱਖਿਆ ਸੀ। ਮੈਂ ਜਸਵੀਰ ਨੂੰ ਕਿਹਾ, "ਹੁਣ ਹੋਰ ਇੰਤਜ਼ਾਰ ਨਹੀਂ ਹੁੰਦਾ, ਮੈਂ ਥੱਕ ਗਈ ਹਾਂ।" ਜਸਵੀਰ ਨੇ ਵੀ ਜਿਵੇਂ ਤੰਗ ਆ ਕੇ ਕਹਿ ਹੀ ਦਿੱਤਾ ਕਿ ਉਹ ਵੀ ਤੰਗ ਆ ਗਿਆ ਹੈ। ਕਹਿੰਦਾ, "ਕੁਲਜੀਤ, ਮੈਂ ਤੇਰੇ ਲਈ ਅਮਰੀਕਾ ਛੱਡ ਕੇ ਨਹੀਂ ਆ ਸਕਦਾ, ਇਸ ਲਈ ਤੂੰ ਜਿੱਥੇ ਘਰ ਦੇ ਕਹਿੰਦੇ ਉਥੇ ਵਿਆਹ ਕਰਵਾ ਲੈ।"

ਮੇਰੇ ਪੈਰੋਂ ਹੇਠ ਜਿਵੇਂ ਜ਼ਮੀਨ ਨਿਕਲ ਗਈ। ਸਦਮੇ ਨਾਲ ਬਿਮਾਰ ਹੋ ਗਈ, ਅੰਦਰੋਂ ਅੰਦਰੀ ਰੋਂਦੀ ਰਹਿੰਦੀ, ਪਰ ਕਿਸੇ ਨੂੰ ਕੁਝ ਨਾ ਦੱਸਦੀ। ਦੱਸਦੀ ਵੀ ਕੀ ਮੈਂ ਤਾਂ ਆਪਣੇ ਆਪ ਨੂੰ ਬਰਬਾਦ ਨਜ਼ਰ ਆ ਰਹੀ ਸੀ। ਰੋਣਾ ਮੁੱਕਦਾ ਹੀ ਨਹੀਂ ਸੀ, ਪਰ ਇਹ ਤਾਂ ਰੂਹ ਦਾ ਦੁੱਖ ਸੀ, ਇੰਨੀ ਜਲਦੀ ਫੱਟ ਤਾਂ ਕਿੱਥੇ ਭਰਨੇ ਸਨ। ਗਿਲਾ ਵੀ ਉਸ ਨਾਲ ਕੀ ਕਰਦੀ, ਰੱਬ ਜਿੰਨਾ ਮਾਣ ਕਰਦੀ ਸੀ ਉਸ 'ਤੇ। ਪੰਜ ਛੇ ਕੁ ਮਹੀਨੇ ਬੀਤ ਗਏ, ਵਾਰ-ਵਾਰ ਇਕੋ ਗੱਲ ਯਾਦ ਕਰਕੇ ਮੇਰਾ ਹਾਲ ਪਾਗਲਾਂ ਵਾਲਾ ਹੋ ਗਿਆ ਸੀ।

ਇਹ ਗੱਲ ਮੈਨੂੰ ਪ੍ਰੇਸ਼ਾਨ ਜ਼ਿਆਦਾ ਕਰਦੀ ਸੀ ਕਿ ਸਿਰਫ ਅਮਰੀਕਾ ਰਹਿਣ ਲਈ ਮੈਨੂੰ ਛੱਡ ਦਿੱਤਾ। ਗੁੱਸੇ ਵਿਚ ਕਹਿ ਲਵੋ ਜਾਂ ਹੋਸ਼ ਆ ਗਈ ਸੀ, ਮੈਂ ਫੈਸਲਾ ਲਿਆ ਕਿ ਮੈਂ ਆਪਣਾ ਵਕਤ ਇਉਂ ਨਹੀਂ ਬਿਤਾਵਾਂਗੀ, ਮੈਂ ਆਪਣਾ ਕੈਰੀਅਰ ਬਣਾ ਲਵਾਂ, ਇਹ ਜਸਵੀਰ ਵਰਗੇ ਤਾਂ ਮੇਰੇ ਅੱਗੇ ਪਿੱਛੇ ਘੁੰਮਣਗੇ। ਮੈਂ ਆਪਣੇ ਪਿਤਾ ਤੋਂ ਵਕਤ ਲਿਆ ਕਿ ਮੈਂ ਅਜੇ ਵਿਆਹ ਨਹੀਂ ਕਰਵਾਉਣਾ ਆਪਣਾ ਕੈਰੀਅਰ ਬਣਾਉਣਾ ਹੈ। ਪਿਤਾ ਜੀ ਬਹੁਤ ਪਿਆਰ ਕਰਦੇ ਸਨ, ਇਸ ਲਈ ਨਾਂਹ ਨਾ ਕਰ ਸਕੇ। ਮਾਤਾ ਜੀ ਨੇ ਕਿਹਾ, "ਕਿਉਂ ਇਸ ਦੀਆਂ ਗੱਲਾਂ 'ਚ ਆ ਰਹੇ ਹੋ, ਉਮਰ ਲੰਘ ਜਾਊ ਵਿਆਹ ਦੀ।" ਪਿਤਾ ਜੀ ਨੇ ਕਿਹਾ, "ਚੱਲ ਛੱਡ, ਕਿਹੜਾ ਬੁੱਢੀ ਹੋ ਗਈ ਹੈ, ਇਕ ਸਾਲ ਦੀ ਤਾਂ ਗੱਲ ਹੈ।"

ਮੈਂ ਆਪਣਾ ਦੁੱਖ ਭੁਲਾਉਣ ਲਈ ਪੜ੍ਹਨਾ ਹੀ ਬਿਹਤਰ ਤਰੀਕਾ ਸਮਝਿਆ। ਪਿਤਾ ਜੀ ਦੇ ਪਿੱਛੇ ਪੈ ਕੇ ਆਈ.ਏ.ਐਸ. ਦੀ ਕੋਚਿੰਗ ਲੈਣ ਲੱਗ ਪਈ। ਬਸ ਫਿਰ ਕੀ ਪਿੱਛੇ ਮੁੜ ਕੇ ਨਹੀਂ ਦੇਖਿਆ। ਮਿਹਨਤ ਰੰਗ ਲਿਆਈ। ਆਈ.ਏ.ਐਸ. ਕਰ ਗਈ। ਪਿਤਾ ਜੀ ਮਾਣ ਨਾਲ ਫੁੱਲੇ ਫਿਰਦੇ। ਪੋਸਟਿੰਗ ਘਰ ਤੋਂ ਦੂਰ ਸੀ, ਇਸ ਲਈ ਮਾਤਾ ਪਿਤਾ ਵੀ ਨਾਲ ਹੀ ਚਲੇ ਗਏ। ਉਥੇ ਉਹਨਾਂ ਨੂੰ ਸੁਖਵਿੰਦਰ ਪਸੰਦ ਆ ਗਿਆ, ਉਹ ਹੈ ਵੀ ਬਹੁਤ ਨੇਕ। ਵਿਆਹ ਹੋ ਗਿਆ ਤਾਂ ਮਾਤਾ ਪਿਤਾ ਵਾਪਸ ਆਪਣੇ ਘਰ ਆ ਗਏ। ਅੱਜ ਉਹੀ ਜਸਵੀਰ ਮੇਰੇ ਕੋਲ ਚੱਲ ਕੇ ਆਇਆ ਸੀ। ਦਿਲ ਤਾਂ ਉਸਨੂੰ ਬਦ ਦੁਆਵਾਂ ਦਿੰਦਾ ਸੀ, ਪਰ ਰੱਬ ਦੀ ਮਰਜ਼ੀ ਜਸਵੀਰ ਵਰਗੇ ਮੇਰੇ ਅੱਗੇ ਪਿੱਛੇ ਫਿਰਦੇ ਨੇ। ਉਦਾਸੀ ਇਕ ਸਕੂਨ 'ਚ ਬਦਲ ਗਈ।

ਸਕੂਨ ਇਸ ਗੱਲ ਦਾ ਨਹੀਂ ਕਿ ਜਸਵੀਰ ਦੁਖੀ ਹੈ, ਇਸ ਗੱਲ ਦਾ ਸੀ ਕਿ ਉਹ ਮੇਰੇ ਕੋਲ ਮਦਦ ਮੰਗਣ ਆਇਆ ਸੀ। ਘਰ ਦੀ ਬੈੱਲ ਵੱਜੀ ਤਾਂ ਸੁਖਵਿੰਦਰ ਆਏ ਸੀ। ਕਹਿਣ ਲੱਗੇ, "ਸੁੱਤੀ ਨਹੀਂ, ਨੀਂਦ ਨੀ ਆਈ।" ਮੈਂ ਕਿਹਾ, "ਤੁਹਾਡੇ ਬਿਨਾਂ ਨੀਂਦ ਨਹੀਂ ਆਈ। ਇਸ ਲਈ ਇੰਤਜ਼ਾਰ ਕਰ ਰਹੀ ਸੀ।" ਉਹ ਬਹੁਤ ਖੁਸ਼ ਹੋਏ।

ਕੱਪੜੇ ਬਦਲ ਕੇ ਆਏ ਤਾਂ ਮੈਨੂੰ ਆਪਣੀਆਂ ਬਾਹਾਂ 'ਚ ਲੈ ਕੇ ਕਹਿੰਦੇ, "ਚੱਲ ਸੌਂ ਜਾਂ, ਸਵੇਰੇ ਫਿਰ ਉੱਠਣਾ ਹੈ, ਥੱਕ ਜਾਂਦੀ ਹੋਵੇਂਗੀ।" ਮੈਂ ਸੁਖਵਿੰਦਰ ਦੀਆਂ ਬਾਹਾਂ ਵਿਚ ਸਕੂਨ ਨਾਲ ਸੌਣ ਦੀ ਕੋਸ਼ਿਸ਼ ਕਰ ਰਹੀ ਸੀ। ਸੋਚਿਆ ਇਕ ਬੰਦੇ ਦੇ ਜਾਣ ਨਾਲ ਜ਼ਿੰਦਗੀ ਖਤਮ ਨਹੀਂ ਹੁੰਦੀ ਨਾ ਹੀ ਰੁਕਦੀ ਹੈ। ਬਲਕਿ ਹੋਰ ਵੀ ਬਿਹਤਰ ਬਣਾਈ ਜਾ ਸਕਦੀ ਹੈ। ਬਸ ਫਿਰ ਪਤਾ ਨਹੀਂ ਲੱਗਿਆ ਕਿ ਕਦੋਂ ਸਵੇਰ ਹੋ ਗਈ, ਮੇਰੀ ਜ਼ਿੰਦਗੀ ਦੀ ਇਕ ਹੋਰ ਸਵੇਰ...।

# ਪੰਜਾਬ ਦੀ ਰਾਜਨੀਤਕ ਦਿਸ਼ਾ ਵੀ ਬਦਲ ਸਕਦੈ ਸੰਤ ਰਾਮਾਨੰਦ ਦਾ ਕਤਲ


**ਐਸ.ਅਸ਼ੋਕ.ਭੌਰਾ**

ਪੰਜਾਬੀ ਦੀ ਇਕ ਲੋਕ ਬੋਲੀ ਹੈ 'ਬਾਣੀਏ ਨੇ ਜੱਟ ਢਾਹ ਲਿਆ ਉੱਤੇ ਪਏ ਦਾ ਕਾਲਜਾ ਧੜਕੇ।' ਜੇ ਇਸ ਬੋਲੀ ਦੇ ਵਿਆਖਿਆ ਵਿਸ਼ਲੇਸ਼ਣ ਵਿਚ ਜਾਣਾ ਹੋਵੇ ਤਾਂ ਸੱਚਾਈ ਇਹ ਹੈ ਕਿ ਸਰੀਰਕ ਤੌਰ 'ਤੇ ਬਾਣੀਆ ਜੱਟ ਨੂੰ ਢਾਹ ਨਹੀਂ ਸਕਦਾ ਸੀ ਪਰ ਉਸ ਨੇ ਵਹੀ ਖਾਤਿਆਂ ਰਾਹੀਂ ਕਰਜ਼ੇ ਦੇ ਬੋਝ ਹੇਠ ਹਮੇਸ਼ਾ ਮਾਨਸਿਕ ਤੌਰ 'ਤੇ ਜੱਟ ਨੂੰ ਢਾਈ ਰੱਖਿਆ ਸੀ। ਪਰ ਜਦੋਂ ਤੱਕ ਬਾਣੀਆ ਜੱਟ ਨੂੰ ਕਰਜ਼ਾ ਦਿੰਦਾ ਸੀ, ਜੱਟ ਨੇ ਕਦੇ ਆਤਮਹੱਤਿਆ ਨਹੀਂ ਕੀਤੀ ਸੀ। ਸਗੋਂ ਜੇ ਕਦੇ ਫਸਲ ਖਰਾਬ ਜਾਂ ਬਰਬਾਦ ਵੀ ਹੋ ਜਾਵੇ ਤਾਂ ਉਹ ਹੋਰ ਰਕਮ ਉਧਾਰੀ ਵੀ ਦੇ ਦਿੰਦਾ ਸੀ ਤੇ ਕਰਜ਼ੇ ਦੀ ਸਾਰੀ ਵਸੂਲੀ ਹਾੜ੍ਹੀ ਸਾਉਣੀ ਕਰਨੀ ਹੁੰਦੀ ਹੈ। ਬਾਣੀਆ ਜੇ ਆੜ੍ਹਤ ਕਰਦਾ ਸੀ ਤਾਂ ਉਹ ਜੱਟ ਨੂੰ ਖਾਦ, ਬੀਜ ਦੇ ਰੂਪ ਵਿਚ ਮਦਦ ਦਿੰਦਾ। ਇਸ ਨਾਲ ਸੂਦ ਜਿਸ ਕੰਮ ਲਈ ਲਿਆ ਜਾਂਦਾ ਸੀ ਉਸੇ ਲਈ ਵਰਤਿਆ ਜਾਂਦਾ ਸੀ। ਪਰ ਜਦੋਂ ਦੇ ਬੈਂਕਾਂ ਕਰਜ਼ੇ ਦੇਣ ਲੱਗੀਆਂ ਹਨ, ਐਨ. ਆਰ. ਆਈ. ਜ਼ਿਮੀਦਾਰ ਜੱਟਾਂ ਨੇ ਫਾਇਨਾਂਸ ਕੰਪਨੀਆਂ ਖੋਲ੍ਹ ਕੇ ਜ਼ਮੀਨ ਲਿਖਾ ਕੇ ਕਰਜ਼ਾ ਦੇਣਾ ਸ਼ੁਰੂ ਕੀਤਾ ਹੈ, ਜਦੋਂ ਦਾ ਜੱਟ ਆੜ੍ਹਤੀਆ ਬਣਿਆ ਹੈ, ਉਸਨੂੰ ਪਤੈ ਕਿ ਜ਼ਮੀਨ 'ਤੇ ਕਿਵੇਂ ਕਬਜ਼ਾ ਕਰਨਾ ਹੈ। ਜਦੋਂ ਇਹ ਧਮਕੀਆਂ ਮਿਲਣ ਲੱਗ ਪੈਣ ਕਰਜ਼ਾ ਮੋੜਨਾ ਨਹੀਂ... ਤੇਰੀ ...ਚੁੱਕ ਲਿਆਵਾਂਗੇ, ਬੈਂਕਾਂ ਵਾਲੇ ਪੁਲਿਸ ਭੇਜਣ ਲੱਗ ਪਏ ਨੇ, ਉਦੋਂ ਦਾ ਜ਼ਿਮੀਦਾਰ ਜਾਂ ਜੱਟ ਕਰਜ਼ਾ ਨਾ ਮੋੜ ਹੋਣ ਕਰਕੇ ਫਾਹੇ ਲੈਣ ਲੱਗ ਪਿਆ ਹੈ। ਜਦੋਂ ਕਰਜ਼ਾ ਚੁੱਕ ਕੇ ਧੀਆਂ ਦੇ ਵਿਆਹ ਫੋਕੀ ਸ਼ੋਹਰਤ ਲਈ ਮੈਰਿਜ ਪੈਲੇਸਾਂ ਵਿਚ ਹੋਣ ਲੱਗੇ ਹਨ, ਪੁੱਤ ਮੋਟਰ ਸਾਈਕਲਾਂ ਜਾਂ ਕਾਰਾਂ ਤੇ ਵਿਹਲੜ ਘੁੰਮਦੇ ਨੇ, ਭਈਏ ਖੇਤੀ-ਬਾੜੀ ਵੇਖਦੇ ਨੇ, ਕਰਜ਼ੇ ਨਾਲ ਪੁੱਤ ਨੂੰ ਵਿਦੇਸ਼ ਭੇਜਣ ਲਈ ਏਜੰਟ ਨੇ ਠਗ ਲਿਆ ਹੈ, ਫਿਰ ਕਿਸ਼ਤਾਂ ਕਿਥੋਂ ਮੋੜ ਹੋਣਗੀਆਂ ਤੇ ਸਥਿਤੀ ਫਿਰ ਫਾਹਾ ਲੈ ਕੇ ਮਰਨ ਵਾਲੀ ਬਣਦੀ ਹੈ। ਸਰਕਾਰਾਂ ਪੰਜਾਹ ਹਜ਼ਾਰ, ਲੱਖ ਰੁਪਏ ਦੀ ਮਦਦ ਵੀ ਦੇ ਦੇਣ ਇਹਦੇ ਨਾਲ ਫਾਹਾ ਲੈਣ ਦੀ ਪ੍ਰਵਿਰਤੀ ਨਹੀਂ ਰੁਕੇਗੀ। ਲੋੜ ਕਾਰਨਾਂ ਨੂੰ ਜਾਨਣ ਤੇ ਉਨ੍ਹਾਂ ਨੂੰ ਹੱਲ ਕਰਨ ਦੀ ਹੈ।

ਇਵੇਂ ਪੰਜਾਬ ਵਿਚ ਫੈਲੇ ਡੇਰਾਵਾਦ ਪ੍ਰਤੀ ਆਏ ਦਿਨ ਆਪੋ-ਆਪਣੀ ਤੂਤੀ ਬੋਲੀ ਜਾ ਰਹੀ ਹੈ। ਸਿਰਸੇ ਵਾਲੇ ਡੇਰੇ ਪਿਛੇ ਇਕ ਵਾਰ ਪੰਜਾਬ ਮਹਾਂਭਾਰਤ ਵਾਂਗ ਫਸਣ ਤੇ ਤਬਾਹ ਹੋਣ ਲੱਗਾ ਸੀ, ਡੇਰਿਆਂ ਤੋਂ ਰਾਜਨੀਤਕ ਲੋਕ ਵੋਟਾਂ ਮੰਗਣ ਲਈ ਝੋਲੀਆਂ ਅੱਡੀ ਖੜ੍ਹੇ ਹਨ, ਇਹ ਡੇਰਾਵਾਦ ਕਿਉਂ ਹੋਂਦ ਵਿਚ ਆਇਆ? ਕਿਵੇਂ ਹੋਂਦ ਵਿਚ ਆਇਆ? ਇਸਨੂੰ ਜਾਨਣ ਵਲ ਕਿਸੇ ਦੀ ਨਜ਼ਰ ਨਹੀਂ ਘੁੰਮਦੀ।

ਪੰਜਾਬ ਵਿਚ ਮਨੂੰਵਾਦੀ ਸੋਚ ਤੇ ਅਖੌਤੀ ਹਿੰਦੂ ਨੀਤੀ ਜਾਤ-ਪਾਤ ਵਿਚ ਮਨੁੱਖਤਾ ਵੰਡ ਕੇ ਉੱਚੇ-ਨੀਵੇਂ ਹੋਣ ਦੀ ਪ੍ਰੰਪਰਾ 'ਚ ਫਸੀ ਰਹੀ ਹੈ। ਜੇ ਪੰਜਾਬ ਵਿਚ ਕਾਫੀ ਹੱਦ ਤੱਕ ਇਹ ਜਾਤੀ ਵੰਡ ਘਟ ਗਈ ਹੈ ਤਾਂ ਸਮੁੱਚੇ ਦੇਸ਼ ਨੂੰ ਇੱਕੋ ਰਾਹੇ ਨਹੀਂ ਲੰਘਾਇਆ ਜਾ ਸਕਦਾ। ਯੂ.ਪੀ., ਬਿਹਾਰ, ਮੱਧ-ਪ੍ਰਦੇਸ਼ ਤੇ ਭਾਰਤ ਦੇ ਹੋਰ ਦੱਖਣੀ ਰਾਜਾਂ ਵਿਚ ਜਾਤ-ਪਾਤ ਦਾ ਕੋਹੜ ਹਾਲੇ ਵੀ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ। ਇਨ੍ਹਾਂ ਸੂਬਿਆਂ ਵਿਚ ਮਾਵਾਂ ਹਾਲੇ ਵੀ ਸੁੱਤੇ ਪਏ ਬੱਚੇ ਦੇ ਮੂੰਹ 'ਤੇ ਚੁਪੇੜ ਮਾਰ ਕੇ ਉਠਾਉਂਦੀਆਂ ਹਨ ਕਿ ਉੱਠ ਸਲਾਮ ਕਰਕੇ ਆ...ਸਾਹਿਬ ਘੋੜੀ ਤੇ ਲੰਘ ਰਹੇ ਹਨ। ਇਥੇ ਨੀਵੀਆਂ ਥਾਵਾਂ 'ਤੇ ਵਸੇ ਲੋਕਾਂ ਲਈ ਹਾਲੇ ਵੀ ਆਜ਼ਾਦੀ ਦੇ ਕੋਈ ਅਰਥ ਨਹੀਂ ਤੇ ਨਾ ਹੀ ਇਹ ਪਤੈ ਕਿ ਉਨ੍ਹਾਂ ਨੂੰ ਵੀ ਕੋਈ ਸੰਵਿਧਾਨਕ ਹੱਕ ਹੈ? ਠਾਕਰਾਂ ਦੀ ਸਤਾਈ ਫੂਲਨ ਦੇਵੀ ਨੇ ਰਫਲ ਚੁੱਕੀ ਤੇ ਫਿਰ ਐਮ.ਪੀ. ਬਣ ਕੇ ਵੀ ਜੋ ਹਸ਼ਰ ਉਹਦਾ ਹੋਇਆ ਉਹ ਕਿਸੇ ਤੋਂ ਗੁੱਝਾ ਨਹੀਂ।

ਸਿੱਖ ਧਰਮ ਵਿਚ ਗੁਰੂ ਸਾਹਿਬਾਨ ਨੇ 'ਸੰਗਤ ਤੇ ਪੰਗਤ' ਦੀ ਪ੍ਰਥਾ ਉਚ-ਨੀਚ 'ਤੇ ਭਿੰਨ ਭੇਦ ਦੇ ਫਰਕ ਨੂੰ ਮਿਟਾਉਣ, ਜਾਤ ਪ੍ਰਥਾ ਖਤਮ ਕਰਨ ਦੀ ਸੋਚ ਨਾਲ ਚਲਾਈ ਸੀ। ਪਰ ਕੀ ਇਹ ਪ੍ਰਥਾ ਖਤਮ ਹੋ ਗਈ ਹੈ? ਜੇ ਰਾਮਗੜੀਏ ਸਿੱਖ, ਮਜ਼ਬੀ ਸਿੱਖ, ਕਬੀਰ ਪੰਥੀਏ ਵਰਗ ਵੰਡ ਵਿਚ ਸਿੱਖੀ ਵੰਡੀ ਗਈ ਹੈ ਤੇ ਦੁਨੀਆਂ ਭਰ ਵਿਚ ਰਾਮਗੜ੍ਹੀਆਂ ਦਾ ਗੁਰਦੁਆਰਾ, ਮਜ਼ਬੀ ਸਿੰਘਾਂ ਦਾ ਗੁਰਦੁਆਰਾ, ਨਾਮਧਾਰੀਆਂ ਦਾ ਗੁਰੂ ਘਰ, ਜੱਟਾਂ ਦੇ ਗਲਬੇ ਵਾਲੇ ਸਿੰਘ ਸਭਾ ਗੁਰਦੁਆਰੇ ਹਨ ਤਾਂ ਕਹਿ ਸਕਦੇ ਹਾਂ ਕਿ ਸਿੱਖ ਧਰਮ 'ਚੋਂ ਜਾਤ-ਪਾਤ ਦਾ ਭਿੰਨ ਭੇਦ ਮੁੱਕ ਗਿਆ ਹੈ? ਪਿੰਡ-ਪਿੰਡ ਵਿਚ ਜਾਤਾਂ 'ਤੇ ਆਧਾਰਤ ਗੁਰੂ ਘਰ ਹਨ। ਗੱਲ ਇਥੇ ਹੀ ਮੁਕਦੀ ਨਹੀਂ ਪਿੰਡਾਂ ਵਿਚ ਸ਼ਮਸ਼ਾਨ ਘਾਟ ਵੀ ਜਾਤੀ ਆਧਾਰਤ ਹਨ। ਕੀ ਮੁਰਦਿਆਂ ਦੀ ਵੀ ਕੋਈ ਜਾਤ ਹੁੰਦੀ ਹੈ? ਫਿਰ 'ਏਕ ਨੂਰ ਤੇ ਸਭ ਜੱਗ ਉਪਜਿਆਂ' ਵਾਲੀ ਗੱਲ ਦੇ ਕੀ ਅਰਥ ਹਨ? ਸ਼੍ਰੋਮਣੀ ਕਮੇਟੀ ਵਿਚ ਅਨੁਸੂਚਿਤ ਤੇ ਪਛੜੀਆਂ



ਸੰਤ ਰਾਮਾਨੰਦ

ਸ਼੍ਰੇਣੀਆਂ ਦੇ ਸਿੱਖਾਂ ਨੂੰ ਕਿੰਨੀ ਕੁ ਨੁਮਾਇੰਦਗੀ ਦਿੱਤੀ ਗਈ ਹੈ? ਸਗੋਂ ਮਜ਼ਬੀ ਜਾਂ ਰਾਮਦਾਸੀਏ ਸਿੱਖ ਕਹਿ ਕੇ ਵਰਗੀਕਰਨ ਕੀਤਾ ਜਾਂਦਾ ਹੈ।

ਬਹੁਤ ਸਾਰੇ ਗੁਰੂ ਘਰਾਂ ਵਿਚ ਹਾਲੇ ਵੀ ਗਰੀਬ-ਗੁਰਬਿਆਂ ਨੂੰ ਜੇ ਵੱਖਰਿਆਂ ਲੰਗਰ ਛਕਾਉਣ ਦੀ ਗੱਲ ਚੱਲ ਰਹੀ ਹੈ ਤਾਂ ਜਾਤ-ਪਾਤ ਦਾ ਸੋਸ਼ਣ ਕਰਵਾਉਣ ਵਾਲਿਆਂ ਦੀ ਮਾਨਸਿਕ ਸੰਤੁਸ਼ਟੀ ਕਿਵੇਂ ਹੋ ਸਕਦੀ ਹੈ? ਸੱਚਾਈ ਇਹ ਹੈ ਕਿ ਜੇ ਪੰਜਾਬ ਵਿਚ ਸਿੱਖ ਪੰਥ ਇਨ੍ਹਾਂ ਲੋਕਾਂ ਨੂੰ ਗਲੇ ਨਾਲ ਲਾ ਕੇ ਮਾਣ ਸਨਮਾਨ ਦਿੰਦਾ ਤਾਂ ਸ਼ਾਇਦ ਪੰਜਾਬ ਵਿਚ ਇਸ ਹੱਦ ਤੱਕ ਡੇਰਾਵਾਦ ਨਾ ਪਨਪਦਾ। ਚਾਹੇ ਰਾਧਾਸੁਆਮੀ ਦਾ ਡੇਰਾ ਹੈ, ਚਾਹੇ ਨਿਰੰਕਾਰੀ, ਚਾਹੇ ਸਿਰਸੇ ਵਾਲਾ- ਇਥੇ ਜਾਣ ਵਾਲੇ ਸੱਤ ਫੀਸਦੀ ਲੋਕ ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼੍ਰੇਣੀਆਂ 'ਚੋਂ ਹਨ। ਰਾਜਨੀਤਕ ਲੋਕਾਂ ਨੇ ਇਨ੍ਹਾਂ ਡੇਰਿਆਂ ਨੂੰ ਵੋਟਾਂ ਦੀ ਖਾਤਰ ਮਾਨਤਾ ਤੇ ਸਰਪ੍ਰਸਤੀ ਦਿੱਤੀ। ਅਸਲ ਵਿਚ ਪੱਖਪਾਤ ਦੀ ਮਾਨਸਿਕ ਅਤ੍ਰਿਪਤੀ ਤੇ ਅਸੰਤੁਸ਼ਟੀ ਦੀ ਭਾਵਨਾ 'ਚੋਂ ਡੇਰਾਵਾਦ ਪੈਦਾ ਹੋਇਆ। ਇਨ੍ਹਾਂ ਵਰਗਾਂ ਦੇ ਲੋਕ ਆਪੋ-ਆਪਣੇ ਧਰਮਾਂ ਤੇ ਮਜ਼ਬਾਂ ਦੇ ਪ੍ਰਸਾਰ ਤੇ ਪ੍ਰਚਾਰ ਲਈ ਆਪਣੇ ਸਾਧਨ ਆਪ ਜੁਟਾਉਣ ਲੱਗ ਪਏ।

ਜਿੱਥੋਂ ਤੱਕ ਸੱਚਖੰਡ ਡੇਰਾ ਬੱਲਾਂ ਦੀ ਗੱਲ ਹੈ ਸੰਤ ਗਰੀਬਦਾਸ ਅਤੇ ਸੰਤ ਸਰਬਣਦਾਸ ਤੋਂ ਪਿੱਛੋਂ ਸੰਤ ਨਿਰੰਜਣਦਾਸ ਅਤੇ ਸੰਤ ਰਾਮਾਨੰਦ ਨੇ ਗੱਦੀ ਸੰਭਾਲੀ ਤਾਂ ਲੋਕਾਂ ਦੇ ਮਨਾਂ ਵਿਚ ਅਜਿਹੀ ਜਾਗ੍ਰਤੀ ਜਾਗੀ ਕਿ ਭਾਵੇਂ ਡਾਕਟਰ ਅੰਬੇਦਕਰ ਨੇ ਸੰਵਿਧਾਨਕ ਤੌਰ 'ਤੇ ਉਨ੍ਹਾਂ ਨੂੰ ਬਰਾਬਰੀ ਦੇ ਅਧਿਕਾਰ ਦਿੱਤੇ ਪਰ ਇਨ੍ਹਾਂ ਸੰਤਾਂ ਨੇ ਕਿਸੇ ਵੀ ਧਰਮ ਵਿਰੁਧ ਕਦੇ ਕੋਈ ਸ਼ਬਦ ਨਾ ਬੋਲਿਆ ਤੇ ਆਧਰਮੀ ਕੌਮ ਵਿਚ ਕਾਂਸ਼ੀ ਵਿਚ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ 'ਤੇ ਮਹਾਨ ਗੁਰੂ ਘਰ ਸਥਾਪਤ ਕਰਨ ਦੇ ਨਾਲ ਦੁਨੀਆਂ ਭਰ ਵਿਚ ਗੁਰੂ ਰਵਿਦਾਸ ਮਿਸ਼ਨ ਨੂੰ ਪ੍ਰਫੁੱਲਤ ਕਰਨ, ਅੱਗੇ ਲਿਜਾਣ, ਕੌਮ ਨੂੰ ਤਰੱਕੀ ਦਾ ਰਾਹ ਵਿਖਾਉਣ ਦੇ ਅਹਿਮ ਕਾਰਜ ਕੀਤੇ। ਆਦਮਪੁਰ ਨੇੜੇ ਕਠਾਰ ਵਿਚ ਸਹੀ ਅਰਥਾਂ 'ਚ ਸਰਬ-ਧਰਮ ਲੋਕਾਂ ਲਈ ਚੈਰੀਟੇਬਲ ਹਸਪਤਾਲ ਚਲਾਉਣਾ, ਵਿਦਿਅਕ ਸੰਸਥਾਵਾਂ ਚਲਾਉਣੀਆਂ ਤੇ ਕਾਂਸ਼ੀ ਤੱਕ ਹਰ ਸਾਲ ਵਿਸ਼ੇਸ਼ ਰੇਲ ਗੱਡੀ ਰਾਹੀਂ ਲੋਕਾਂ ਨੂੰ ਲੈ ਕੇ ਸਮੁੱਚੇ ਭਾਰਤ 'ਚ ਇਕ ਜਾਗ੍ਰਤੀ ਲਹਿਰ ਪੈਦਾ ਕਰ ਦਿੱਤੀ।

ਯੂਰਪ ਦੇ ਇਕ ਹੋਰ ਮੁਲਕ ਵਿਚ ਜਿਹੜੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਝ ਵਰ੍ਹੇ ਪਹਿਲਾਂ ਮੱਥਾ ਟਿਕਾਉਣ ਦੀ ਘਟਨਾ ਦਾ ਹਵਾਲਾ ਦਿੱਤਾ ਜਾਂਦਾ ਹੈ, ਉਹਦੇ ਬਾਰੇ ਇਹ ਕਹਾਂਗਾ ਕਿ ਮੈਂ ਵੀ ਉਸ ਥਾਂ 'ਤੇ ਹਾਜ਼ਿਰ ਸਾਂ। ਜਦੋਂ ਉਥੋਂ ਦੀ ਇਕ ਅਖ਼ਬਾਰ ਨੇ ਪਹਿਲੇ ਸਫੇ 'ਤੇ ਮੱਥਾ ਟਿਕਾਉਣ ਵਾਲੀਆਂ ਫੋਟੋਆਂ ਛਾਪੀਆਂ। ਫੋਟੋਆਂ ਖਿੱਚਣ ਵਾਲੇ ਫੋਟੋਗ੍ਰਾਫਰ ਦਾ ਨਾਂ ਨਹੀਂ ਛਾਪਿਆ ਸੀ ਪਰ ਮੈਂ ਉਸਨੂੰ ਜਾਣਦਾ ਸਾਂ। ਅਸਲ ਵਿਚ ਕਹਾਣੀ ਇਹ ਸੀ ਕਿ ਇਕ ਦੋ ਬਜ਼ੁਰਗ ਬੀਬੀਆਂ ਨੇ ਅਜਿਹਾ ਕਰ ਦਿੱਤਾ, ਸਮੁੱਚੀ ਸੰਗਤ ਨੇ ਨਹੀਂ। ਉਹੀ ਫੋਟੋਆਂ ਨੂੰ ਆਧਾਰ ਬਣਾ ਲਿਆ ਗਿਆ। ਉਹ ਸ਼ਰਾਰਤੀ ਫੋਟੋਗ੍ਰਾਫਰ ਸਿਰਫ ਇਸੇ ਕੰਮ ਲਈ ਆਇਆ ਸੀ। ਹਾਲਾਤ ਕਈ ਵਾਰ ਇਹ ਕੁਦਰਤੀ ਬਣਦੇ ਹਨ ਕਿ ਕੁਝ ਅਗਿਆਨਵਾਨ ਲੋਕ ਅਜਿਹਾ ਕਰ ਜਾਂਦੇ ਹਨ। ਜਿੱਥੋਂ ਤੱਕ ਮੈਂ ਦੋਹਾਂ ਸੰਤਾਂ ਨੂੰ ਜਾਣਦਾ ਹਾਂ ਉਨ੍ਹਾਂ ਦੀ ਅਜਿਹੀ ਮਨਸ਼ਾ ਨਹੀਂ ਹੁੰਦੀ ਸੀ।

ਵਿਆਨਾ ਵਿਚਲੀ ਘਟਨਾ ਨੇ ਜੇ ਪੰਜਾਬ ਵਿਚ ਅੱਗ ਲਾਈ ਹੈ ਤਾਂ ਇਹ ਕਦਾਚਿਤ ਉਚਿਤ ਨਹੀਂ। ਘੁੱਗ ਵਸਦੇ ਤੇ ਇਤਫਾਕ ਨਾਲ ਰਹਿੰਦੇ ਲੋਕਾਂ ਲਈ ਇਹ ਮੰਦਭਾਗੀ ਤੇ ਨਿੰਦਣਯੋਗ ਕਾਰਵਾਈ ਹੈ। ਪਰ ਇਹਦੇ ਬਾਰੇ ਰਾਜ ਸਭਾ ਮੈਂਬਰ ਤੇ ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਤੇ ਬਸਮੋ ਮੁਖੀ ਸਤਨਾਮ ਕੈਂਥ ਨਾਲ ਮੈਂ ਲਗਾਤਾਰ ਗੱਲਬਾਤ ਕਰਦਾ ਰਿਹਾ ਹਾਂ। ਦੋਹਾਂ ਨੇ ਇਨ੍ਹਾਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਪਰ ਤੱਥ ਇਹ ਦੱਸਦੇ ਹਨ ਕਿ ਜਦੋਂ ਸੰਤ ਰਾਮਾਨੰਦ ਦੇ ਗੋਲੀ ਨਾਲ ਮਰਨ ਦੀ ਖ਼ਬਰ ਪਹੁੰਚੀ ਤਾਂ ਰਵਿਦਾਸ ਭਾਈਚਾਰੇ ਨਾਲ ਸਬੰਧਿਤ ਲੋਕ ਆਪੇ ਤੋਂ ਬਾਹਰ ਹੋ ਗਏ, ਉਨ੍ਹਾਂ ਨੇ ਇਸ ਹਮਲੇ ਨੂੰ ਕੌਮ 'ਤੇ ਹਮਲਾ ਕਿਹਾ ਤੇ ਉਨ੍ਹਾਂ ਦੇ ਧਾਰਮਿਕ ਮਿਸ਼ਨ ਨੂੰ ਜ਼ਖ਼ਮੀ ਕਰਨਾ ਸਮਝਿਆ। ਫਿਰ ਚਾਹੇ ਉਹ ਰਾਧਾ ਸੁਆਮੀ ਸੀ ਜਾਂ ਕੋਈ ਹੋਰ ਸੜਕਾਂ 'ਤੇ ਨਿਕਲ ਤੁਰਿਆ। ਕਾਰਨ ਇਹ ਵੀ ਸੀ ਕਿ ਦੁਆਬੇ 'ਚ ਖਾੜਕੂ ਲਹਿਰ ਦੌਰਾਨ 5 ਇਸੇ ਜਾਤੀ ਨਾਲ ਸਬੰਧਤ ਸੰਤ ਸੁਭਾਅ ਰਾਜਨੀਤਕ ਲੋਕਾਂ ਦਾ ਕਤਲ ਵੀ ਲੋਕਾਂ ਨੂੰ ਨਹੀਂ ਭੁੱਲਿਆ ਸੀ।

ਕਈ ਵਾਰ ਅਜਿਹਾ ਹੁੰਦਾ ਹੈ ਕਿ ਕੁਝ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਉਪਰੰਤ ਨਾਲ ਕੀਰਤਨ ਜਾ ਕਥਾ ਕਰਦੇ ਭਾਈ ਮੂਹਰੇ ਵੀ ਰੁਪਿਆ ਚੜ੍ਹਾ ਕੇ ਮੱਥਾ ਟੇਕ ਜਾਂਦੇ ਹਨ। ਹੋ ਸਕਦੈ ਇਵੇਂ ਕਦੇ ਸੰਤ ਨਿਰੰਜਣ ਦਾਸ ਤੇ ਸੰਤ ਰਾਮਾਨੰਦ ਦੀ ਹਜ਼ੂਰੀ ਵਿਚ ਵੀ ਹੋ ਗਿਆ ਹੋਵੇ ਪਰ ਕੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਜਿਹਾ ਹੋਣਾ ਕਦਾਚਿਤ ਉਚਿਤ ਹੈ? ਹਾਂ ਜੇ ਇਹ ਮਸਲਾ ਅਕਾਲ ਤਖਤ ਤੱਕ ਪਹੁੰਚਿਆ ਸੀ ਤਾਂ ਦੋਹਾਂ ਸੰਤਾਂ ਨੂੰ ਉਥੇ ਬੁਲਾ ਕੇ ਸਪਸ਼ਟੀਕਰਣ ਦੇਣ ਲਈ ਮੌਕਾ ਦਿੱਤਾ ਜਾਣਾ ਚਾਹੀਦਾ ਸੀ, ਜੇ ਅਜਿਹਾ ਨਹੀਂ ਹੋਇਆ ਤਾਂ ਕੀ ਸੰਤਾਂ 'ਤੇ ਗੋਲੀਆਂ ਚਲਾਉਣ ਵਾਲੇ ਅਕਾਲ ਤੱਖਤ ਤੋਂ ਵੀ ਉੱਪਰ ਹਨ?

ਹਰਿਆਣੇ ਦੇ ਇਕ ਸੰਤਾਂ ਤੇ ਲੱਗੇ ਸੰਗੀਨ ਦੋਸ਼ਾਂ ਤੋਂ ਬਾਅਦ ਕੀ ਗੋਲੀ ਮਾਰੀ ਗਈ ਹੈ? ਦੁਆਬੇ ਦੇ ਇਕ ਸੰਤ ਨੇ ਬਲਾਤਕਾਰ ਦੇ ਦੋਸ਼ ਵਿਚ ਸਜ਼ਾ ਕੱਟੀ ਹੈ,ਕੀ ਉਹਦੇ ਵੀ ਗੋਲੀ ਮਾਰੀ ਗਈ ਹੈ? ਕਈ ਉਦਾਹਰਣਾਂ ਨੇ। ਲੋਕ ਇਹ ਪੁੱਛਦੇ ਹਨ ਕਿ ਸੰਤ ਰਾਮਾਨੰਦ ਤੇ ਸੰਤ ਨਿਰੰਜਣ ਦਾਸ ਦੇ ਗੋਲੀਆਂ ਇਸ ਕਰਕੇ ਮਾਰੀਆਂ ਗਈਆਂ ਕਿ ਉਹ ਰਵਿਦਾਸ ਭਾਈਚਾਰੇ 'ਚੋਂ ਸਨ?

ਤੱਲਣ ਜਦੋਂ ਕੁਰੂਕਸ਼ੇਤਰ ਬਣਿਆ ਤਾਂ ਹਰ ਕੋਈ ਜਾਣਦੈ ਜਦੋਂ ਦੋ ਜਾਤਾਂ ਵਿਚ ਖੂਨ-ਖਰਾਬਾ ਹੋਇਆ ਤੇ ਹੁਣ ਵੀ ਇਥੇ ਹੀ ਪਹਿਲੀ ਮੀਟਿੰਗ ਰਵਿਦਾਸ ਭਾਈਚਾਰੇ ਖਿਲਾਫ ਹੋਈ ਤੇ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਲੋਕਾਂ ਨੂੰ ਮੁਆਵਜਾ ਦੇਣ ਤੇ ਮੁਕੱਦਮੇ ਵਾਪਿਸ ਲੈਣ ਵਿਰੁਧ ਚਿਤਾਵਨੀ ਦਾ ਮਾਹੌਲ ਕਿਉਂ ਬਣਿਐ? ਕਿਉਂਕਿ ਪੁਰਾਣੀ ਨਫ਼ਰਤ ਹਾਲੇ ਮੁੱਕੀ ਨਹੀਂ।

ਵਿਚਾਰਨ ਤੇ ਵੇਖਣ ਵਾਲੀ ਗੱਲ ਇਹ ਹੈ ਕਿ ਭਾਵੇਂ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਅੰਬਿਕਾ ਸੋਨੀ, ਮਾਇਆਵਤੀ ਸੰਤ ਰਾਮਾ ਨੰਦ ਦੇ ਸੰਸਕਾਰ ਸਮੇਂ ਹੋਰਨਾਂ ਅਨੇਕਾਂ ਰਾਜਨੀਤਕ ਲੋਕਾਂ ਸਮੇਤ ਹਾਜ਼ਿਰ ਸਨ। ਕੀ ਉਹ ਪੰਜਾਬ 'ਚ ਹੋਈ ਤਬਾਹੀ ਤੇ ਸੰਤ ਰਾਮਾਨੰਦ ਦੇ ਕਤਲ 'ਤੇ ਅੱਥਰੂ ਵਹਾਉਣ ਗਏ ਸਨ? ਨਹੀਂ ਰੌਲਾ ਸਾਰਾ ਵੋਟਾਂ ਦਾ ਹੈ। ਪੰਜਾਬ ਵਿਚ ਇਸ ਭਾਈਚਾਰੇ ਦੇ ਲੋਕਾਂ ਨਾਲ ਗੱਲਬਾਤ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਅੱਗ ਦਬੀ ਹੈ, ਬੁਝੀ ਨਹੀਂ ਤੇ ਇਹਦਾ ਲੜਾਈ-ਝਗੜੇ ਦੇ ਰੂਪ ਵਿਚ ਵਿਖਾਵਾ ਹੁਣ ਹੋਣ ਦੀ ਆਸ ਨਹੀਂ ਤੇ ਜਿਨ੍ਹਾਂ ਲੋਕਾਂ ਦੀਆਂ ਵੋਟਾਂ 'ਤੇ ਕਾਂਗਰਸੀ ਤੇ ਅਕਾਲੀ ਕੱਛਾਂ ਵਜਾਉਂਦੇ ਸਨ, ਉਹ ਹੱਥੋਂ ਨਿਕਲਣ ਦੀ ਆਸ ਹੈ ਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਨਤੀਜੇ ਹੋਰ ਵੀ ਹੋ ਸਕਦੇ ਹਨ, ਜਿਸਦਾ ਸਿੱਧਾ ਲਾਭ ਬਸਪਾ ਨੂੰ ਹੋ ਸਕਦੈ। ਕਰੀਮਪੁਰੀ ਦੇ ਕਹਿਣ ਅਨੁਸਾਰ ਡਾਂਗ ਸਿਰ 'ਚ ਮਾਰਨ ਦੀ ਲੋੜ ਨਹੀਂ ਹੁੰਦੀ, ਡਾਂਗ ਨੂੰ ਸੰਮ ਰਾਜਨੀਤਕ ਤਾਕਤ ਦੇ ਲਾਉਣੇ ਚਾਹਦੇ ਹਨ।

## ਚੁਰਾਸੀ ਦੀਆਂ ਕੌੜੀਆਂ ਯਾਦਾਂ ਨੇ, ਰੂਹ ਦੀਆਂ ਕੁਝ ਫਰਿਆਦਾਂ ਨੇ

ਇਹ ਦਰਦ ਨਹੀਂ ਨਿੱਜੀ ਦੁੱਖ ਦਾ,
ਫਿਰ ਵੀ ਨਾ ਦਰਦ ਪਰਾਇਆ ਹੈ।
ਇਹਦੀ ਸਾਂਝ ਹੈ ਗੁੱਝੀਆਂ ਪੀੜਾਂ ਸੰਗ,
ਇਹ ਦਰਦ ਕੋਈ ਹਮਸਾਇਆ ਹੈ।
ਇਸ ਦਰਦ ਨੇ ਨੀਂਦ ਉਡਾਈ ਹੈ,
ਇਸ ਦਰਦ ਨੇ ਰੂਹ ਤੜਪਾਈ ਹੈ,
ਇਹ ਦਰਦ ਹੈ ਚੜ੍ਹਿਆ ਤਾਪ ਜਿਵੇਂ,
ਹਿਕਮਤ ਦੀ ਸਮਝ ਨਾ ਆਇਆ ਹੈ।
ਇਸ ਦਰਦ ਨੂੰ ਆਪੇ ਘੋਖਿਆ ਹੈ,
ਇਸ ਦਰਦ ਨੂੰ ਆਪੇ ਸਮਝਿਆ ਹੈ,
ਇਹ ਦਰਦ ਸਮਾਜੀ ਪੀੜਾਂ ਦਾ,
ਇਹਨੂੰ ਰੂਹ ਨੇ ਗੁਪਤ ਹੰਢਾਇਆ ਹੈ।
ਇਹ ਦਰਦ ਹੈ ਰੋਂਦੀਆਂ ਭੈਣਾਂ ਦਾ,
ਕਈ ਵਿਧਵਾਵਾਂ ਦੇ ਵੈਣਾਂ ਦਾ,
ਕੁੱਖਾਂ ਨੂੰ ਪਿਟਦੀਆਂ ਮਾਵਾਂ ਦਾ,
ਅੱਥਰੂ ਵਰਸਾਉਂਦੇ ਨੈਣਾਂ ਦਾ।
ਇਹ ਦਰਦ ਅਣਗਿਣਤ ਭਰਾਵਾਂ ਦਾ,
ਮੋਢਿਓਂ ਭੱਜੀਆਂ ਬਾਹਵਾਂ ਦਾ,
ਬਾਪਾਂ ਦੀਆਂ ਟੁੱਟੀਆਂ ਲਾਠੀਆਂ ਦਾ,
ਬੱਚਿਆਂ ਦੇ ਉਖੜੇ ਸਾਹਵਾਂ ਦਾ।

ਇਹ ਦਰਦ ਹੈ ਸ਼ਾਮ ਦੁਪਹਿਰਾਂ ਦਾ,
ਦਿਨ ਰਾਤ ਵਰਤਦੇ ਕਹਿਰਾਂ ਦਾ,
ਲੱਕੜਾਂ ਵਾਂਗ ਰੁੜ੍ਹਦੀਆਂ ਲਾਸ਼ਾਂ ਦਾ,
ਦਰਿਆਵਾਂ ਦਾ ਤੇ ਨਹਿਰਾਂ ਦਾ।
ਇਹ ਦਰਦ ਹੈ ਰਸਤਿਆਂ ਰਾਹਾਂ ਦਾ;
ਸਭ ਕਾਰਿਆਂ ਦਾ, ਸਭ ਢਾਹਾਂ ਦਾ,
ਬੱਸਾਂ ਵਿਚ ਵਰ੍ਹਦੀਆਂ ਗੋਲੀਆਂ ਦਾ,
ਸਫਰਾਂ ਦੀਆਂ ਕਤਲਗਾਹਾਂ ਦਾ।
ਇਹ ਦਰਦ ਗਿਆਨਾਂ ਵਾਲਿਆਂ ਦਾ;
ਕਾਲਜਾਂ ਤੇ ਵਿਦਿਆਲਿਆਂ ਦਾ,
ਵਿੱਦਿਆ ਦੇ ਘੋਰ ਅਪਮਾਨਾਂ ਦਾ,
ਸਕੂਲਾਂ ਨੂੰ ਲਗਦੇ ਤਾਲਿਆਂ ਦਾ।
ਦਿੱਤਾ ਦਰਦ ਹੈ ਮਾਰੂ ਥਾਣਿਆਂ ਦਾ,
ਦਰਿੰਦਗੀ ਦੇ ਮੰਦ-ਟਿਕਾਣਿਆਂ ਦਾ,
ਅਣਸਹਿ ਜ਼ੁਲਮਾਂ ਤੇ ਤਸੀਹਿਆਂ ਦਾ,
ਸਹਿਕਦੇ ਜੀਅ-ਭਿਆਣਿਆਂ ਦਾ।

ਇਹ ਦਰਦ ਕਾਨੂੰਨ ਬੇਦਰਦੀ ਦਾ;
ਬੇ-ਵਰਦੀ, ਕਦੇ ਬਾ-ਵਰਦੀ ਦਾ,
ਹਰ ਇਕ ਹੀ ਮੁਕਾਬਲੇ ਫਰਜ਼ੀ ਦਾ,
ਅਣਭੋਲ਼ ਜਵਾਨੀ ਮਰਦੀ ਦਾ।
ਇਹ ਦਰਦ ਸਿਆਸਤਾਂ ਮਾੜੀਆਂ ਦਾ,
ਪ੍ਰਸ਼ਤਾਂ ਕਈ ਉਜਾੜੀਆਂ ਦਾ,
ਕੋਹ ਕੋਹ ਕੇ ਜਵਾਨੀਆਂ ਮਾਰੀਆਂ ਦਾ,
ਲਾਵਾਰਸ ਲਾਸ਼ਾਂ ਸਾੜੀਆਂ ਦਾ।
ਇਹ ਦਰਦ ਹੈ ਖ਼ੂਨੀ ਕਾਰਿਆਂ ਦਾ,
ਘਰੋਂ ਕੱਢ ਕੇ ਬੇਦੋਸ਼ਿਆਂ ਮਾਰਿਆਂ ਦਾ,
ਕਿਸੇ ਆਮ-ਖ਼ਾਸ ਦਾ ਦਰਦ ਨਹੀਂ,
ਇਹ ਦਰਦ ਪੰਜਾਬੀਆਂ ਸਾਰਿਆਂ ਦਾ।
ਇਹ ਦਰਦ ਹੈ ਕੋਹੀਆਂ ਸਧਰਾਂ ਦਾ,
ਆਪਾ ਟੁੱਕ ਟੁੱਕ ਰੋਂਦੇ ਅਧਰਾਂ ਦਾ,
ਜਿੰਦਾਂ ਮਜ਼ਲੂਮ ਵਿਛੋੜੀਆਂ ਦਾ,
ਕਈ ਲਹੂ-ਗੁਰਦਾਏ ਉਧਰਾਂ ਦਾ।
ਇਹ ਦਰਦ ਹੈ ਖ਼ੂਨੀ ਸਿਆਸਤ ਦਾ,
ਦੂਰ-ਦ੍ਰਿਸ਼ਟੀ ਦੀ ਹਿਰਾਸਤ ਦਾ,
ਪੈਰਾਂ ਵਿਚ ਰੋਲ਼ ਮਧੋਲ਼ੀ ਗਈ,
ਸਦਭਾਵਨਾ ਦੀ ਵਿਰਾਸਤ ਦਾ।
ਦਰਦ ਹੈ ਘੇਰਿਆਂ ਪਾਇਆਂ ਦਾ,
ਹਰਿਮੰਦਰ 'ਤੇ ਕਾਲ਼ੇ ਸਾਇਆਂ ਦਾ,
ਦਿਨ-ਦੀਵੀਂ ਵਰਤੇ ਭਾਣਿਆਂ ਦਾ,
ਬਾਰੂਦਾਂ ਨਾਲ ਉਡਾਇਆਂ ਦਾ।

ਇਹ ਦਰਦ ਦੁਵੱਲੀ ਗੋਲੀਆਂ ਦਾ,
ਖ਼ੂਨਾਂ ਸੰਗ ਖੇਡੀਆਂ ਹੋਲੀਆਂ ਦਾ।
ਏਧਰ ਤੇ ਓਧਰ ਮਰਦਿਆਂ ਦਾ,
ਗਏ ਮੌਤ ਦੇ ਰਾਹ ਹਮਜੋਲੀਆਂ ਦਾ।
ਇਹ ਦਰਦ ਹੈ ਕਲਸਾਂ ਢਹਿੰਦਿਆਂ ਦਾ,
ਲਹੂ ਦੇ ਪਰਨਾਲ਼ੇ ਵਹਿੰਦਿਆਂ ਦਾ,
ਜ਼ਿੰਦਗੀ ਦੇ ਜਹਾਜ਼ਾਂ ਖਹਿੰਦਿਆਂ ਦਾ,
ਵਿਚ ਕਾਲ-ਸਮੁੰਦਰ ਬਹਿੰਦਿਆਂ ਦਾ।
ਇਹ ਦਰਦ ਹੈ ਤਖ਼ਤਾਂ ਢਾਹਿਆਂ ਦਾ,
ਤੋਪਾਂ ਦੇ ਨਾਲ ਉਡਾਇਆਂ ਦਾ,
ਹਰਿਮੰਦਰ ਦੇ ਅਪਮਾਨਾਂ ਦਾ,
ਮਾਰੂ-ਸਾਕਿਆਂ ਸਭ ਵਰਤਾਇਆਂ ਦਾ।

ਇਹ ਦਰਦ ਵਲੂੰਧਰੇ ਧਰਮਾਂ ਦਾ,
ਲਥਪਥ ਹੋਈ ਪਰਿਕਰਮਾ ਦਾ,
ਅਪਣੱਤ ਦੇ ਝੂਠੇ ਦਾਵ੍ਹਿਆਂ ਦਾ,
ਸਹਿਚਾਰ ਦੇ ਟੁੱਟਦੇ ਭਰਮਾਂ ਦਾ।
ਇਹ ਦੁੱਖ ਕੁਰਲਾਉਂਦੇ ਕਰਮੀਆਂ ਦਾ,
ਹਾਲੋਂ-ਬੇਹਾਲ ਧਰਮੀਆਂ ਦਾ,
ਜ਼ਿਹਨੀ ਵਧਦੀਆਂ ਗਰਮੀਆਂ ਦਾ,
ਹਿਰਦੇ 'ਚੋਂ ਗਾਇਬ ਨਰਮੀਆਂ ਦਾ।
ਇਹ ਦਰਦ ਸਹਿਕਦੇ ਸਵਾਸਾਂ ਦਾ,
ਜੀਵਨ ਦੀਆਂ ਟੁਟਦੀਆਂ ਆਸਾਂ ਦਾ.
ਹੋ ਗਏ ਬਰਬਾਦ ਵਿਰਸਿਆਂ ਦਾ,
ਸੜ ਗਏ ਅਨਮੋਲ ਇਤਿਹਾਸਾਂ ਦਾ।
ਇਹ ਦਰਦ ਹੈ 'ਡਿਗਦੇ ਰੁੱਖਾਂ' ਦਾ,
ਉੱਚੇ ਅੰਬਰੋਂ ਗਿਰੇ 'ਮਨੁੱਖਾਂ' ਦਾ,
ਇਤਿਹਾਸ ਦੇ ਮੰਗੇ ਜੁਆਬਾਂ ਦਾ,
'ਰੁੱਖਾਂ ਦੀਆਂ ਰੋਂਦੀਆਂ ਕੁੱਖਾਂ' ਦਾ।
ਇਹ ਦਰਦ ਹੈ 'ਧਰਤੀ ਹਿਲਦੀ' ਦਾ,
ਕਾਂਬੇ ਵਿਚ ਸਿਆਸਤ ਮਿਲਦੀ ਦਾ,
ਮਿਥ ਕੇ ਉਕਸਾਏ ਉਪੱਦਰਾਂ ਦਾ,
ਬਦਲਿਆਂ ਦੀ ਭਾਵਨਾ ਦਿਲ ਦੀ ਦਾ।
ਇਹ ਦਰਦ ਹੈ ਅੱਤਿਆਚਾਰਾਂ ਦਾ,
ਬੇਦੋਸ਼ਿਆਂ ਸਿਰ ਮਾਰੂ ਵਾਰਾਂ ਦਾ,
ਅਣਭੋਲ਼ਾਂ ਉੱਪਰ ਹਮਲਿਆਂ ਦਾ,
ਵਹਿਸ਼ੀ ਕਾਤਲਾਨਾ ਮਾਰਾਂ ਦਾ।

ਇਹ ਦਰਦ ਹੈ ਲਗਦੀਆਂ ਅੱਗਾਂ ਦਾ,
ਮੁਤੱਸਬੀ ਕਾਤਿਲ ਪਿਛਲੱਗਾਂ ਦਾ,
ਗਲ਼ੀਂ ਟਾਇਰ ਪਾ ਪਾ ਸਾੜਿਆਂ ਦਾ,
ਚੌਰਸਤੀਂ ਸੜਦੀਆਂ ਪੱਗਾਂ ਦਾ।
ਦਰਦ ਇਹ ਖ਼ੂਨੀ ਕਾਰਿਆਂ ਦਾ,
ਘਰਾਂ ਅੰਦਰੋਂ ਫੜ੍ਹ ਫੜ੍ਹ ਮਾਰਿਆਂ ਦਾ,
ਕੋਹੇ ਗਏ ਮਾਸੂਮ ਬੱਚਿਆਂ ਦਾ,
ਨਿੱਕਿਆਂ ਤੇ ਵੱਡਿਆਂ ਸਾਰਿਆਂ ਦਾ।
ਇਹ ਦਰਦ ਹੈ ਇਜ਼ਤਾਂ ਲੁੱਟੀਆਂ ਦਾ,
ਗੁੱਤਾਂ ਤੇ ਮੀਢੀਆਂ ਪੁੱਟੀਆਂ ਦਾ,
ਸ਼ੈਤਾਨੀਅਤ ਦੇ ਨੰਗੇ ਨਾਚਾਂ ਦਾ,
ਕਈ ਕੋਮਲ ਕਲੀਆਂ ਝਰੁੱਟੀਆਂ ਦਾ।

ਇਹ ਦਰਦ ਹੈ ਲੜਦੇ ਸੁਆਸਾਂ ਦਾ,
ਨਹੁੰਆਂ ਤੋਂ ਟੁੱਟਦੇ ਮਾਸਾਂ ਦਾ,
ਹੋਏ ਮੁਨਕਰ ਪਰਉਪਕਾਰਾਂ ਤੋਂ,
ਅਕ੍ਰਿਤਘਣਤਾ ਦੇ ਇਤਿਹਾਸਾਂ ਦਾ।
ਇਹ ਦਰਦ ਹੈ ਪਿੰਡਾਂ-ਸ਼ਹਿਰਾਂ ਦਾ,
ਸਭਿਅਤਾ ਦੇ ਢਲਦੇ ਪਹਿਰਾਂ ਦਾ,
ਹਨੇਰੇ ਦੀਆਂ ਚੜ੍ਹੀਆਂ ਗਹਿਰਾਂ ਦਾ,
ਚਾਨਣ ਤੋਂ ਡਰਦੀਆਂ ਸਹਿਰਾਂ ਦਾ।
ਇਹ ਦਰਦ ਦਿਲਾਂ ਨਾਸ਼ਾਦਾਂ ਦਾ;
ਹੂਕਾਂ, ਕੂਕਾਂ, ਫਰਿਆਦਾਂ ਦਾ;
ਟੁਟਦੇ ਹੋਏ ਭਰਾਤਰੀ ਭਾਵਾਂ ਦਾ,
ਨਿਤ ਵਧਦੇ ਹੋਏ ਫਸਾਦਾਂ ਦਾ।

ਇਹ ਦਰਦ ਦੁਖੀ ਹਰ ਆਤਮਾ ਦਾ,
ਧਰਮ ਦੇ ਹਰ ਧਰਮਾਤਮਾ ਦਾ,
ਕਾਰੇ ਵੇਖ ਜਨੂੰਨੀ ਬੰਦਿਆਂ ਦੇ,
ਪ੍ਰਕੋਪੀ ਹੋਏ ਪਰਮਾਤਮਾ ਦਾ।
ਇਸ ਦਰਦ ਨੇ ਪਾਈ ਹਯਾਤੀ ਹੈ,
ਇਹ ਸੁਲਗਦੀ ਅੱਗ-ਚੁਆਤੀ ਹੈ,
ਇਹ ਪਸਰਿਆ ਹੋ ਕਰਾਮਾਤੀ ਹੈ,
ਇਹਦੀ ਸ਼ਫ਼ਾ ਜਾਪੇ ਅਗਿਆਤੀ ਹੈ।
ਦਰਦ ਹੈ ਜ਼ਖ਼ਮਾਂ ਗਹਿਰਿਆਂ ਦਾ,
ਸਹਿਚਾਰ ਦੇ ਪਾਣੀਆਂ ਠਹਿਰਿਆਂ ਦਾ,
ਵਧਦੀਆਂ ਬੇਵਿਸ਼ਵਾਸੀਆਂ ਦਾ,
ਬੇਇਨਸਾਫ਼ੀ-ਗ੍ਰਸਤ ਕਟਹਿਰਿਆਂ ਦਾ।
ਇਹ ਦਰਦ ਨਹੀਂ ਤਕਦੀਰਾਂ ਦਾ,
ਨਾ ਹੀ ਹੱਥਾਂ ਦੀਆਂ ਲਕੀਰਾਂ ਦਾ,
ਇਹ ਦਰਦ ਸਿਆਸੀ ਤੀਰਾਂ ਦਾ,
ਇਹ ਤਾਂ ਮਸਲਾ ਹੈ ਤਦਬੀਰਾਂ ਦਾ।
ਇਸ ਦਰਦ 'ਤੇ ਭਾਰੂ ਕੌਣ ਬਣੇ,
ਇਸ ਦਰਦ ਦਾ ਦਾਰੂ ਕੌਣ ਬਣੇ?
ਇਸ ਕਾਲ ਲਈ ਮਾਰੂ ਕੌਣ ਬਣੇ,
ਫਿਰ ਪੁਰਖ ਜੁਝਾਰੂ ਕੌਣ ਬਣੇ?

**ਪ੍ਰੋਫੈਸਰ ਸੁਖਚੈਨ ਸਿੰਘ**
*ਅਗਜ਼ੈਕਟਿਵ ਡਾਇਰੈਕਟਰ,*
*ਸਿੱਖ ਨੈਸ਼ਨਲ ਸੈਂਟਰ, ਹਿਊਸਟਨ*

# ਜ਼ਖ਼ਮੀ ਦਰਿਆ

**ਲੜੀਵਾਰ ਨਾਵਲ**

**ਕਰਮਜੀਤ ਸਿੰਘ ਕੁੱਸਾ**

**ਭਾਗ – 1**

"ਕਿੱਥੇ...?"

"ਤੇਰੇ ਨਾਨਕੀਂ।" ਕਹਿ ਕੇ ਉਹ ਮਿੰਨਾ ਜਿਹਾ ਹੱਸਿਆ।

'ਬੱਸ...ਉਦੋਂ ਕਹਿੰਦਾ ਸੀ ਜਾਣ ਨੀ ਦੇਣਾ।

"ਦੇਖਦੇ ਆਂ, ਅਜੇ ਕਿਹੜਾ ਦਿਨ ਛਿਪ ਗਿਆ" ਕੁਲਵੰਤ ਨੇ ਉਤਾਂਹ ਨਜ਼ਰ ਮਾਰ ਕੇ ਵੇਖਿਆ, ਸੂਰਜ ਨਿਘਾਸ ਭਰੀ ਤਪਸ਼ ਨਾਲ ਨਹਿਰ ਦੇ ਸਿਰ ਉੱਤੇ ਚਮਕ ਰਿਹਾ ਸੀ, ਪਾਣੀ ਦੀਆਂ ਲਹਿਰਾਂ ਸੂਰਜ ਦੀ ਰੋਸ਼ਨੀ ਨਾਲ ਚਾਂਦੀ ਵੰਨੀ ਭਾਅ ਮਾਰ ਰਹੀਆਂ ਸਨ।

"ਅਜੇ ਐਥੇ ਈ ਹੋਰ ਬੈਠ ਲੈਨੇ ਆਂ!"

"ਐਥੇ ਤਾਂ ਚੌਤੀ ਸੌ ਲਗੌੜ ਲੰਘਦੀ ਐ।"

"ਲਗੌੜ ਨੂੰ ਸੁਪਨਾ ਆਉਂਦਾ ਬਈ ਅਸੀਂ ਕੌਣ ਆਂ!"

ਇਸ ਵਾਰ ਕੁਲਵੰਤ ਉਹਦੇ ਵਲ ਅੱਖਾਂ ਵਿਚ ਏਨੀ ਭਿੱਜੀ ਲਿਸ਼ਕ ਭਰ ਕੇ ਝਾਕਿਆ, ਪੰਮੀ ਨੂੰ ਆਪਣੀਆਂ ਨਾੜਾਂ ਵਿਚ ਗਰਮ ਲਹੂ ਥਿਰਕਦਾ ਮਹਿਸੂਸ ਹੋਇਆ, ਬਰਾੜ ਮੋਟਰ ਸਾਈਕਲ ਕੋਲ ਨੂੰ ਹੋਇਆ, ਉਸ ਨੂੰ ਐਸੀ ਮਹਿਕ ਚੜ੍ਹੀ ਕਿ ਉਸ ਉਹਨੂੰ ਫੇਰ ਜੱਫੀ ਪਾ ਲਈ, ਸਾਹਾਂ ਦੀ ਸੁਗੰਧ ਏਨੀ ਚੜ੍ਹਾਈ ਵਿਚ ਸੀ ਕਿ ਉਹਨਾਂ ਨੂੰ ਆਲਾ ਦੁਆਲਾ ਵਿਸਰ ਗਿਆ। ਅਚਾਨਕ ਉਹ ਵੱਖ ਹੋ ਗਏ, ਕੁਲਵੰਤ ਚੋਰਾਂ ਵਾਂਗ ਆਸੇ ਪਾਸੇ ਝਾਕਿਆ, ਨਿੱਕੀਆਂ ਨਿੱਕੀਆਂ ਆਵਾਜ਼ਾਂ ਪਰਿਉਂ ਆ ਰਹੀਆਂ ਸਨ, ਵਾਹਵਾ ਦੂਰ ਛੋਟੇ ਛੋਟੇ ਮੁੰਡੇ ਮਾਲ ਲਈ ਫਿਰਦੇ ਸਨ, ਕੁਲਵੰਤ ਨੇ ਪੰਮੀ ਕੋਲ ਆ ਕੇ ਆਖਿਆ, "ਕਿਉਂ ਚੱਲੀਏ?"

ਮੋਟਰ ਸਾਈਕਲ ਸਟਾਰਟ ਕਰਕੇ ਉਹ ਸਿੱਧਾ ਭਜਾ ਤੁਰਿਆ, ਪਟੜੀ ਮਾੜੀ-ਮੋਟੀ ਆਵਾਜਾਈ ਤੋਂ ਬਿਨਾ ਸੁੰਨੀ ਪਈ ਸੀ, ਸੱਜੀ ਬੰਨੀ ਦੇ ਖਤਾਨਾਂ ਵਿਚ ਉੱਗੀਆਂ ਟਾਹਲੀਆਂ ਅਤੇ ਹੋਰ ਝਾੜ-ਬੂਟ ਹਵਾ ਨਾਲ ਸਰ ਸਰ ਹੋ ਰਿਹਾ ਸੀ। ਅੱਗੇ ਇਕ ਸੜਕ ਆਈ, ਜਿਹੜੀ ਪਿੰਡਾਂ ਵਿਚ ਦੀ ਜਗਰਾਵਾਂ ਜਾ ਲੱਗਦੀ ਸੀ। ਉਧਰ ਨੂੰ ਮੋੜਨ ਲਈ ਮੋਟਰ ਸਾਈਕਲ ਹੌਲੀ ਵੀ ਕੀਤਾ, ਪਰ ਫਿਰ ਮਨ ਵਿਚ ਆਇਆ, ਇਹ ਸੜਕ 'ਤੇ ਤਾਂ ਪਿੰਡ ਈ ਪਿੰਡ ਹਨ। ਕਾਫੀ ਵਾਟ ਤੈਅ ਕਰਕੇ ਸੰਘਣੇ ਰੁੱਖਾਂ ਦੀ ਝਿੰਗੀ ਕੋਲ ਮੋਟਰ ਸਾਈਕਲ ਰੋਕਦਿਆਂ ਉਸ ਹੱਸ ਕੇ ਆਖਿਆ, "ਓ ਲੈ, ਨਾਨਕੇ ਤਾਂ ਤੇਰੇ ਆਪਾਂ ਲੰਘ ਈ ਚੱਲੇ ਸੀ।"

ਪੰਮੀ 'ਹੂੰਹ' ਕਰਕੇ ਹੱਸੀ। ਸੂਰਜ ਅਜੇ ਵੀ ਸਿਖਰ ਚਮਕੀ ਜਾਂਦਾ ਸੀ, ਬਰਾੜ ਨੇ ਚਿੱਤ ਵਿਚ ਗਾਲ ਕੱਢਦਿਆਂ ਹੌਲੀ ਆਖਿਆ, "ਸੂਰਜ ਮੇਰਾ ਸਾਲਾ, ਅੱਜ ਦੁਸ਼ਮਣ ਈ ਬਣ ਗਿਐ ਲੱਗਦੈ!"

"ਕਿਉਂ...?" ਪੰਮੀ ਨੇ ਹੌਲੀ ਜਿਹੀ ਪੁੱਛਿਆ।

"ਲੁਧਿਆਣੇ ਨਾ ਚੱਲੀਏ, ਨਾਲੇ ਉਥੋਂ ਕਰੈਕ ਫੜ੍ਹ ਲਿਆਵਾਂਗੇ?"

ਕੁਲਵੰਤ ਨੇ ਆਪਣਾ ਸਰੀਰ ਮਗਰ ਨੂੰ ਰਿਸਕਾਉਂਦਿਆਂ ਉਸ ਨਾਲ ਘਸਾਉਂਦਿਆਂ ਹੱਸ ਕੇ ਆਖਿਆ, "ਕੈਨੇਡਾ ਵਾਲਿਆਂ ਨਾਲ ਕੋਈ ਫਿਲਮ ਈ ਵੇਖ ਲਾਂਗੇ।"

"ਉਸ ਗੁਰਗਾਬੀ ਦੀ ਅੱਡੀ ਨਾਲ ਕਿੱਕ ਮਾਰੀ, ਅਗਲੀ ਗੱਲ ਮੋਟਰ ਸਾਈਕਲ ਦੇ ਖੜਕੇ ਵਿਚ ਨਾ ਸੁਣੀ। ਲੁਧਿਆਣੇ ਪਹੁੰਚ ਕੇ ਉਸ ਕਰੈਕ ਫੜ੍ਹ ਕੇ ਝੋਲੀ ਵਿਚ ਰੱਖ ਲਈ। ਫਿਲਮ ਸ਼ੁਰੂ ਹੋਣ ਵਿਚ ਹਾਲੇ ਘੰਟਾ ਬਾਕੀ ਸੀ। ਉਹ ਚੌੜੇ ਬਾਜ਼ਾਰ ਵਿਚ ਗੇੜੇ ਦੇਣ ਲੱਗ ਪਏ।

"ਦੇਖ ਲੋਕ ਆਪਣੇ ਵਲ ਕਿਵੇਂ ਵੇਂਹਦੇ ਐ। ਆਖਦੇ ਹੋਣਗੇ, ਮੁੰਡਾ ਪਤਾਸੇ ਵਰਗੀ ਕੁੜੀ ਪੱਟੀ ਫਿਰਦੈ।"

"ਪੰਮੀ ਬੁੱਲ੍ਹ ਮੀਟ ਕੇ ਅੱਖਾਂ ਵਿਚ ਹੱਸੀ।

"ਇਹ ਵੀ ਤਾਂ ਆਖ ਸਕਦੇ ਐ, ਕਿਹੋ ਜਿਹੀ ਸੁਹਣੀ ਜੋੜੀ ਐ।"

"ਫੇਰ ਤਾਂ ਅੱਜ ਮੈਂ ਰੱਬ ਦਾ ਸ਼ਰੀਕ ਹੋਇਆ!"

ਫਿਲਮ ਵੇਖਦਿਆਂ ਉਹਨਾਂ ਨੂੰ ਦਿਨ ਛਿਪਣ ਵਾਲਾ ਹੋ ਗਿਆ, ਭਾਵੇਂ ਸੂਰਜ ਅਤੇ ਪੱਛਮ ਦੇ ਨਿੱਕੇ ਨਿੱਕੇ ਬੱਦਲਾਂ ਵਿਚ ਹਠ ਜਿਹਾ ਕਰੀ ਖਲੋਤਾ ਸੀ। ਤੁਰਨ ਤੋਂ ਪਹਿਲਾਂ ਕੁਲਵੰਤ ਨੇ ਫਿਰ ਪੰਮੀ ਨੂੰ ਜਾਣ ਕੇ ਛੇੜਿਆ, "ਫੇਰ ਹੁਣ ਤੇਰੇ ਨਾਨਕੀਂ ਚੱਲੀਏ?"

"ਚੱਲੋ!"

"ਕਿਤੇ ਤੇਰੇ ਮਾਮੇ ਦੇ ਪੁੱਤ ਮੇਰਾ ਚਕਰ-ਚੂੰਡਾ ਨਾ ਕਰ ਦੇਣ!"

"ਬੱਸ ਏਨਾ ਈ ਦਿਲ ਐ!"

"ਦਿਲ ਨੂੰ ਕੀ ਕਰੀਏ, ਇਹੀ ਕਾਰੇ ਕਰਾਉਂਦੈ!'

"ਫੇਰ ਸਿੱਧਾ ਹੋ ਕੇ ਮੱਥਾ ਲਾ।"

"ਜੇ ਨਾ ਜਾਈਏ।"

"ਇਹ ਤਾਂ ਥੋਡੀ ਮਰਜ਼ੀ ਐ।"

"ਪੰਮੀ ਨੂੰ ਮੋਟਰ ਸਾਈਕਲ ਕੋਲ ਖੜਾ ਕੇ, ਆਪ ਉਹ ਹੱਸਦਾ ਹੱਸਦਾ ਅੰਗ੍ਰੇਜ਼ੀ ਸ਼ਰਾਬ ਦੀ ਦੁਕਾਨ ਕੋਲ ਚੱਲਿਆ ਗਿਆ, ਉਥੇ ਉਸ ਅਧੀਆ ਖਰੀਦ ਕੇ ਕੋਲ ਰੇਹੜੀ ਲਾਈ ਖਲੋਤੇ ਭਾਈ ਤੋਂ ਗਲਾਸ ਲੈ ਕੇ ਚੰਗਾ ਮੋਟਾ ਹਾੜਾ ਅੰਦਰ ਸੁੱਟ ਲਿਆ, ਬਾਕੀ ਬੱਚਦੀ ਉਸ ਲਫਾਫੇ ਵਿਚ ਪਾ ਕੇ ਝੋਲੀ ਵਿਚ ਰੱਖ ਦਿੱਤੀ, ਝੋਲੀ ਨੂੰ ਬੰਦ ਕਰਦਾ ਉਹ ਪੰਮੀ ਵਲ ਵੇਖ ਕੇ ਚਲਵੀਂ ਜਿਹੀ ਹਾਸੀ ਹੱਸਿਆ। "ਹੁਣ ਕਿੱਥੇ ਚੱਲੀਏ?"

"ਮੈਂ ਤਾਂ ਆਪਦੇ ਨਾਨਕੀਂ ਜਾਣੈ।"

"ਮੇਰਾ ਤਾਂ ਅੱਜ....।" ਕੁਲਵੰਤ ਉਹਦੇ ਵਲ ਝਾਕ ਕੇ ਚੁੱਪ ਕਰ ਗਿਆ।

ਸ਼ਰਾਬ ਨੇ ਸਰੂਰ ਜਿਹਾ ਕਰ ਦਿੱਤਾ ਸੀ, ਪੰਮੀ ਨੇ ਉਹਦੇ ਵਲ ਤੱਕਿਆ, ਉਸਦੀਆਂ ਭਰਵੀਆਂ ਮੁਸ਼ਕੀ ਗੱਲ੍ਹਾਂ ਵਿਚ ਲਾਲੀ ਝਲਕ ਰਹੀ ਸੀ। ਪਹਿਲਾਂ ਹੀ ਸ਼ਰਬਤੀ ਅੱਖਾਂ ਹੋਰ ਸੰਘਣੀਆਂ ਹੋ ਰਹੀਆਂ ਸਨ। ਪੰਮੀ ਨੇ ਇਕ ਦਫਾ ਉਹਦੇ ਵਲ ਫੇਰ ਦੇਖਿਆ, ਕੁਲਵੰਤ ਨੇ ਮੋਟਰ ਸਾਈਕਲ ਸਟਾਰਟ ਕਰਕੇ ਜੀ.ਟੀ. ਰੋਡ ਪਾ ਕੇ ਜਗਰਾਵਾਂ ਵਲ ਨੂੰ ਛੱਡ ਦਿੱਤਾ। ਜਗਰਾਵੀਂ ਪਹੁੰਚਦਿਆਂ ਪਹੁੰਚਦਿਆਂ ਪਤਲਾ ਜਿਹਾ ਹਨੇਰਾ ਪਸਰ ਗਿਆ ਸੀ। ਪਤਾ ਨਹੀਂ ਉਸ ਨੂੰ ਕੀ ਹੋਇਆ ਜਗਰਾਵਾਂ ਵਿਚ ਦੀ ਉਸ ਮੋਟਰ ਸਾਈਕਲ ਏਨਾ ਤੇਜ਼ ਲੰਘਾਇਆ, ਜਿਵੇਂ ਉਸਦੇ ਮਗਰ ਕੋਈ ਲੱਗਿਆ ਹੋਵੇ। ਨਾਨਕਸਰੋਂ ਉਸ ਕੋਕਰੀ ਵਿਚ ਦੀ ਹੁੰਦਿਆਂ ਮੋਟਰ ਸਾਈਕਲ ਖੇਤਾਂ ਵਿਚ ਲਿਆ ਖਲਾਰਿਆ।

"ਕਿੱਥੇ ਲੈ ਆਏ ਓ!"

"ਹੋਰ ਕਿੱਥੇ ਲਿਆਉਣਾ ਸੀ, ਤੇਰੇ ਨਾਨਕੇ ਐ!"

"ਮਖੌਲ ਛੱਡੋ!"

ਕੁਲਵੰਤ ਨੇ ਹਨੇਰੇ ਵਿਚ ਉਸ ਨੂੰ ਬਾਹਾਂ ਵਿਚ ਲੈਂਦਿਆਂ ਕਿਹਾ, "ਬੱਸ ਮਿੱਠੋ, ਆਹ ਮਾਫ ਕਰ ਦੇਹ, ਮਖਿਆ, ਫੇਰ ਕਿਹੜਾ ਆਪਾਂ ਮਿਲਣੈ।"

"ਮਾਫੀ ਕਾਹਦੀ, ਤੁਸੀਂ ਕੋਈ ਖੂਨ ਕਰ-ਤਾ!"

ਬਰਾੜ ਨੇ ਉਸ ਨੂੰ ਮੁੜ ਬਾਹਾਂ ਵਿਚ ਕਸ ਲਿਆ। ਰਾਤ ਠੰਢੀ ਹੋ ਗਈ ਸੀ, ਰੁਮਕਦੀ ਪੌਣ ਨਾਲ ਹਰੇ ਚਾਰੇ ਅਤੇ ਦੁੱਧ ਭਿੱਜੀ ਕਣਕ ਦੀ ਖੁਸ਼ਬੋ ਆ ਰਹੀ ਸੀ। ਕੁਲਵੰਤ ਨੇ ਪੰਮੀ ਦਾ ਚਿਹਰਾ ਪਲੋਸਦਿਆਂ, ਹੌਲੀ ਜਿਹੀ ਕਿਹਾ, "ਟੂੰਮਾਂ ਲਾਹ ਕੇ ਪਰਸ 'ਚ ਪਾ ਲੈ।"

ਆਪ ਉਹ ਦੋ ਤਿੰਨ ਖੇਤਾਂ ਦੀ ਵਿੱਥ ਉੱਤੇ ਬਣੇ ਕੋਠਿਆਂ ਵਲ ਵੇਖ ਰਿਹਾ ਸੀ, ਫਿਰ ਉਹਨਾਂ ਮੋਟਰ ਸਾਈਕਲ ਰੇੜ੍ਹ ਕੇ ਲਿਆਉਂਦਿਆਂ ਉਰੇ ਹੀ ਸਟੈਂਡ ਲਾ ਦਿੱਤਾ। ਪੰਮੀ ਨੂੰ ਉਥੇ ਹੀ ਰੁਕਣ ਲਈ ਆਖ ਕੇ, ਉਹ ਆਲਾ ਦੁਆਲਾ ਤਾੜਦਾ ਹੌਲੀ ਹੌਲੀ ਕੋਠਿਆਂ ਵਲ ਤੁਰਦਾ ਗਿਆ। ਪੰਮੀ ਹਨੇਰੇ ਵਿਚ ਓਪਰੀ ਥਾਂ ਜਾਣ ਕੇ ਘਬਰਾਈ ਖਲੋਤੀ ਸੀ। ਫਿਰ ਉਸ ਨੂੰ ਕੁਲਵੰਤ ਦਾ ਹਾਸਾ ਸੁਣਿਆ, ਜਿਹੜਾ ਕਿਸੇ ਨਾਲ ਗੱਲਾਂ ਕਰ ਰਿਹਾ ਸੀ।

"ਨਾਲ ਕੌਣ ਐ?"

ਪੰਮੀ ਨੇ ਸਿਰ ਉਗਾਸ ਕੇ ਕੰਨ ਖੜੇ ਕੀਤੇ, ਇਹ ਕਿਸੇ ਹੋਰ ਦੀ ਆਵਾਜ਼ ਸੀ।

"ਮੇਰੇ ਨਾਲ ਕੋਈ ਬੰਦਾ ਐ!"

ਇਸ ਦਫਾ ਬਰਾੜ ਦਾ ਬੋਲ ਸੁਣ ਕੇ ਪੰਮੀ ਦਾ ਨਿੱਕਾ ਜਿਹਾ ਹਾਸਾ ਨਿਕਲਿਆ।

"ਉਹਨੂੰ ਨਾਲ ਈ ਲੈ ਆਉਂਦਾ, ਉਥੇ ਕਾਹਨੂੰ ਖੜ੍ਹਾ ਆਇਐਂ ਅਗਲਾ ਕੀ ਸੋਚਦਾ ਹੋਊ, ਬਈ ਚੰਗੇ ਏਹਦੇ ਸਬੰਧੀ ਐ।"

ਪੰਮੀ ਨੇ ਹਨੇਰੇ ਵਿਚ ਅੱਖਾਂ ਫੈਲਾਉਂਦਿਆਂ ਕੰਨ ਖੜੇ ਕਰ ਲਏ।

"ਯਾਰ, ਉਸਦਾ ਕਤਲ ਕੀਤਾ ਹੋਇਐ। ਕਿਸੇ ਦੇ ਮੂੰਹ ਮੱਥੇ ਨਹੀਂ ਲੱਗਣਾ ਚਾਹੁੰਦਾ। ਤੂੰ ਇਉਂ ਕਰ, ਸਾਨੂੰ ਇਥੇ ਮੰਜੇ ਬਿਸਤਰੇ ਦਾ ਪ੍ਰਬੰਧ ਕਰ ਦੇਹ।"

"ਪ੍ਰਬੰਧ ਕਰਨ ਦੀ ਕੀ ਲੋੜ ਐ! ਸਭ ਕੁਸ਼ ਏਥੇ ਹੈਗੈ।"

ਬਰਾੜ ਕਾਹਲੇ ਕਾਹਲੇ ਕਦਮੀਂ ਪੰਮੀ ਕੋਲ ਆ ਗਿਆ, ਮੋਟਰ ਸਾਈਕਲ ਉਥੇ ਈ ਛੱਡਦਿਆਂ ਉਸ ਪੰਮੀ ਨੂੰ ਪਾਸੇ ਦੀ ਪਰਾਂਹ ਲੈ ਗਿਆ ਤੇ ਕਣਕ ਵਿਚੇ ਬਿਠਾ ਦਿੱਤਾ, ਆਪ ਉਹ ਬੰਦੇ ਕੋਲ ਚਲਾ ਗਿਆ, ਜਿਹੜਾ ਅਜੇ ਕੋਠੇ ਮੂਹਰੇ ਖਲੋਤਾ ਸੀ। ਕਣਕ ਵਿਚ ਬੈਠਿਆਂ ਹੀ ਉਸ ਮੋਟਰ ਸਾਈਕਲ ਦੇ ਚੱਲਣ ਦੀ ਆਵਾਜ਼ ਸੁਣੀ, ਫਿਰ ਗੇਅਰ ਵਿਚ ਪੈਂਦੇ ਮੋਟਰ ਸਾਈਕਲ ਦੀ ਆਵਾਜ਼ ਆਈ ਤੇ ਮਗਰੋਂ ਦੁੱਗ ਦੁੱਗ ਦੀ ਆਵਾਜ਼ ਡੂੰਘੇ ਵਿਚ ਉਤਰਦੀ ਗਈ। ਬਰਾੜ ਨੇ ਪੰਮੀ ਨੂੰ ਹਾਕ ਮਾਰ ਕੇ ਬਾਹਰ ਸੱਦ ਲਿਆ, ਉਸ ਹਨੇਰੇ ਵਿਚ ਹੀ ਚੁੰਨੀ ਸੂਤ ਕਰਦਿਆਂ ਐਵੇਂ ਮਿੱਠੀ ਜਿਹੀ ਖਿੱਝ ਨਾਲ ਆਖਿਆ, "ਕਿੱਧਰ, ਖੇਤਾਂ 'ਚ ਘੜੀਸੀ ਫਿਰਦੇ ਓ।"


"ਡਰ ਨਾ, ਇਹ ਤਾਂ ਆਪਣੇ ਸਹੁਰਿਆਂ ਦਾ ਖੇਤ ਐ!"

"ਨੀ ਮੈਂ ਮਰ ਜਾਂ।" ਪੰਮੀ ਨੇ ਆਪਣੇ ਦੋਵੇਂ ਹੱਥ 'ਵਾ ਵਿਚ ਉਲਾਰ ਕੇ ਜੋੜਦਿਆਂ ਆਖਿਆ, "ਜੇ ਪਤਾ ਲੱਗ ਗਿਆ, ਇਹ ਕੀ ਆਖਣਗੇ, ਨਾਲੇ ਤੇਰੀ 'ਉਹ' ਤੈਨੂੰ ਚੰਗੀ ਸ਼ਾਬਾਸ਼ੇ ਦੇਊ।"

"ਇਉਂ ਆਪਾਂ ਪਤਾ ਲੱਗਣ ਦਿੰਨੇ ਆਂ।"

"ਮੇਰਾ ਤਾਂ ਕੱਖ ਨ੍ਹੀਂ ਜਾਣਾ, ਤੇਰਾ ਰਹਿਣਾ ਕੱਖ ਨਹੀਂ।"

"ਤੂੰ ਚੁੱਪ ਕਰਕੇ ਅੰਦਰ ਮੰਜੇ 'ਤੇ ਬੈਠ। ਬਹੁਤੇ ਆਕੜਨਗੇ, ਕਹਿ ਦਿਆਂਗੇ, ਆਪਦੀ ਨੂੰ ਆਪਣੇ ਘਰੇ ਰੱਖੋ।" ਪੰਮੀ ਵਲ ਵਿੰਹਦਿਆਂ, ਮੱਧਮ ਜਿਹੇ ਦੀਵੇ ਦੀ ਰੋਸ਼ਨੀ ਵਿਚ, ਕੱਚ ਦਾ ਧਾਰੀਆਂ ਵਾਲਾ ਗਲਾਸ ਚੁੱਕਿਆ, ਔਲੂ ਦੇ ਨਾਲ ਰੱਖਿਆ ਅਧੀਆ ਗਲਾਸ ਵਿਚ ਉਲੱਦ ਕੇ ਖਾਲੀ ਕਰ ਦਿੱਤਾ। ਪੰਮੀ ਨੇ ਅੰਦਰ ਬੈਠਿਆਂ ਹੀ ਆਲੇ ਦੁਆਲੇ ਵੇਖਿਆ, ਕਮਰਾ ਕਾਫੀ ਲੰਬਾ-ਚੌੜਾ ਸੀ, ਇਕ ਪਾਸੇ ਰੇਹ ਦੀਆਂ ਬੋਰੀਆਂ ਜਿਹੀਆਂ ਪਈਆਂ ਬੋਰੀਆਂ ਵਿਚੋਂ ਗੰਧ ਆ ਰਹੀ ਸੀ। ਦੂਜੇ ਪਾਸੇ ਟਰੈਕਟਰ ਦੇ ਹਲ ਅਤੇ ਖੇਤੀ ਦਾ ਹੋਰ ਸੰਦ-ਵਲੇਵਾਂ ਪਿਆ ਹੋਇਆ ਸੀ। ਇਕ ਪਲ ਉਸ ਦੇ ਦਿਮਾਗ ਵਿਚ ਪਹਿਲੀ ਗੱਲ ਆਈ, ਤਾਂ ਉਸਦੀ ਗਦਰਾਈ ਦੇਹ ਝੁਣਝੁਣੀ ਖਾ ਗਈ। ਮੋਟਰ ਸਾਈਕਲ ਦੀ ਦੂਰੋਂ ਭਵਕ ਸੁਣੀ ਤਾਂ ਕਾਹਲੀ ਨਾਲ ਆ ਕੇ ਕੁਲਵੰਤ ਨੇ ਦੀਵਾ ਬੁਝਾ ਦਿੱਤਾ। ਪੰਮੀ ਬੋਲੀ, "ਹਏ, 'ਨ੍ਹੇਰਾ ਕਾਹਤੋਂ ਕਰ ਦਿੱਤਾ, ਮੈਨੂੰ ਤਾਂ ਡਰ ਆਉਂਦੈ।"



ਕੁਲਵੰਤ ਹਨੇਰੇ ਵਿਚ ਹਨੇਰਾ ਹੋਇਆ, ਖਿੜੀ ਹੋਈ ਆਵਾਜ਼ ਵਿਚ ਹੱਸਿਆ, "ਤੂੰ ਚੁੱਪ ਚਾਪ ਬੈਠੀ ਰਹੀਂ।"

ਜਿਉਂ ਜਿਉਂ ਮੋਟਰ ਸਾਈਕਲ ਨੇੜੇ ਸਰਕਦਾ ਆਇਆ, ਪੰਮੀ ਮੰਜੇ ਉੱਤੇ ਬੈਠੀ ਸੁੰਗੜਦੀ ਰਹੀ। ਥੋੜੇ ਜਿਹੇ ਚਿਰ ਮਗਰੋਂ ਮੋਟਰ ਸਾਈਕਲ ਨੇੜੇ ਆ ਕੇ ਬੰਦ ਹੋ ਗਿਆ। ਬਾਹਰੋਂ ਕੁਲਵੰਤ ਦਾ ਬੋਲ ਸੁਣਿਆ, "ਬੜੀ ਛੇਤੀ ਮੁੜਿਐਂ?"

"ਮੈਨੂੰ ਤਾਂ ਰਾਹ 'ਚ ਚੇਤਾ ਆਇਐ, ਮਖਿਆ ਦਾਰੂ ਤਾਂ ਦੇ ਕੇ ਨਹੀਂ ਆਇਆ, ਉਹ ਓਨਾ ਚਿਰ ਬੈਠਣਗੇ ਕਿਵੇਂ?"

"ਆਖ ਉਹ ਹਨੇਰੇ ਵਿਚ ਹੀ ਕੋਠੇ ਵਲ ਨੂੰ ਗਿਆ। ਬਰਾੜ ਦਾ ਦਿਲ ਧੜਕਿਆ, ਉਹ ਕੁਝ ਕਹਿਣ ਹੀ ਲੱਗਾ ਸੀ, ਮੇਵਾ ਅੰਦਰ ਹਨੇਰਾ ਵੇਖ ਕੇ ਬਾਰੀ ਕੋਲ ਜਾ ਕੇ ਬੋਲਿਆ, "ਦੀਵੇ ਨੂੰ ਕੀ ਹੋ ਗਿਐ?"

ਉਦੋਂ ਹੀ ਅੰਦਰੋਂ ਮਾੜੀਆਂ ਜਿਹੀਆਂ ਵੰਗਾਂ ਛਣਕ ਪਈਆਂ, ਮੇਵਾ ਤ੍ਰਬਕਿਆ, ਪਰ ਬਰਾੜ ਝੱਟ ਵਿਚ ਬੋਲਿਆ, "ਦੀਵਾ ਤਾਂ ਯਾਰ, ਮੈਥੋਂ ਈ ਬੁਝ ਗਿਆ।"

"ਲਿਆ ਫੇਰ ਲਾ ਦਿੰਨੇ ਆਂ।"

"ਨਹੀਂ, ਰਹਿਣ ਦੇਹ!" ਕੁਲਵੰਤ ਕਾਹਲੀ ਜਿਹੀ ਨਾਲ ਉਹਦੇ ਵਲ ਵਧਦਾ ਹੋਇਆ ਬੋਲਿਆ, ਪਰ ਮੇਵਾ ਅੰਦਰ ਵੜ ਚੁੱਕਾ ਸੀ। ਕੁਲਵੰਤ ਹਨੇਰੇ ਵਿਚ ਹੀ ਮੇਵੇ ਦੇ ਮਗਰ ਹੀ ਕੋਠੇ ਵਿਚ ਚਲਾ ਗਿਆ। ਉਸ ਫੇਰ ਮਲਵੀਂ ਜੀਭ ਨਾਲ ਦੀਵਾ ਨਾ ਜਗਾਉਣ ਬਾਰੇ ਆਖਿਆ। ਮੇਵੇ ਨੂੰ ਸੰਘਣੇ ਹਨੇਰੇ ਵਿਚ ਡੱਬੀ ਨਹੀਂ ਲੱਭ ਰਹੀ ਸੀ। ਜਦੋਂ ਕੁਲਵੰਤ ਨੂੰ ਪੱਕ ਹੋ ਗਿਆ, ਮੇਵਾ ਦੀਵਾ ਲਾਏ ਬਿਨਾ ਨਹੀਂ ਹਟਣ ਲੱਗਾ, ਤਦ ਉਹ ਹਨੇਰੇ ਵਿਚ ਹੀ ਅਟੇ-ਸਟੇ ਨਾਲ ਪੰਮੀ ਦੇ ਮੂਹਰੇ ਜਾ ਕੇ ਖੜਾ ਹੋ ਗਿਆ ਅਤੇ ਦਿਲ ਉਹਦਾ ਧੱਕ ਧੱਕ ਕਰ ਰਿਹਾ ਸੀ। ਜਦੋਂ ਹੀ ਡੱਬੀ ਮੇਵੇ ਦੇ ਹੱਥ ਆਈ, ਉਸ ਸੀਖ ਘਸਾਈ। ਪਤਾ ਨਹੀਂ, ਪੰਮੀ ਨੂੰ ਕੀ ਹੋਇਆ, ਉਸ ਦੀਆਂ ਵੰਗਾਂ ਸਹਿਜ ਸੁਭਾਅ ਫਿਰ ਛਣਕ ਪਈਆਂ, ਜਿਹੜੀਆਂ ਉਸ ਦੀਆਂ ਘੁੱਟ ਕੇ ਫੜੀਆਂ ਹੋਈਆਂ ਸਨ। ਇਸ ਵਾਰੀ ਮੇਵੇ ਦੇ ਕੰਨ ਵੀ ਚੁਕੰਨੇ ਹੋ ਗਏ। ਤੀਲੀ ਦੇ ਭੋਰਾ ਕੁ ਚਾਨਣ ਵਿਚ ਉਸ ਕੁਲਵੰਤ ਦੇ ਕੱਚੀ ਤਰੇਲੀ ਵਿਚ ਭਿੱਜੇ ਚਿਹਰੇ ਵਲ ਦੇਖਿਆ, ਤੀਲੀ ਮਾਮੂਲੀ ਜਿਹੀ ਲੋਅ ਕਰਕੇ ਬੁਝ ਗਈ। ਕੁਲਵੰਤ ਨੇ ਮੇਵੇ ਨੂੰ ਫੜ ਕੇ ਮੱਲੋ ਜੋਰੀ ਬਾਹਰ ਧੂੰਹਦਿਆਂ ਕਿਹਾ, "ਛੱਡ ਯਾਰ, ਦੀਵੇ ਨਾਲ ਆਪਾਂ ਮੋਤੀ ਪਰੋਣੇ ਐਂ।"

ਬਾਹਰ ਮੇਵਾ ਦੰਦੀਆਂ ਕੱਢਦਾ, ਛਾਪਲੇ ਜਿਹੇ ਹਨੇਰੇ ਵਿਚ ਬੋਲਿਆ, "ਏਸ ਬੰਦੇ ਨੇ ਕਤਲ ਕੀਤਾ ਐ?"

"ਓ ਚੁੱਪ, ਐਵੇਂ ਨਹੀਂ ਡੰਡ ਪਾਈਦੀ!" ਕੁਲਵੰਤ ਨੇ ਛੇਤੀ ਨਾਲ ਉਸ ਦੇ ਮੂੰਹ ਉੱਪਰ ਹੱਥ ਰੱਖਿਆ, ਮੇਵੇ ਦਾ ਢਿੱਡ ਹੱਸ ਰਿਹਾ ਸੀ, "ਜਾਹ ਸਾਲਾ ਵਹਿੜਕਿਆਂ ਦਾ, ਲਈ ਤੀਮੀਂ ਫਿਰਦੈ, ਕਹਿੰਦਾ ਬੰਦੇ ਦਾ ਕਤਲ ਕੀਤਾ ਹੋਇਐ!"

"ਐਵੇਂ ਕਿਉਂ ਯਾਰ, ਰੌਲਾ ਪਾਈ ਜਾਨੈਂ।" ਕੁਲਵੰਤ ਦੇ ਬੋਲ ਵਿਚ ਬੇਸ਼ਰਮ ਜਿਹਾ ਹਾਸਾ ਰਲਿਆ ਹੋਇਆ ਸੀ।

"ਮੈਂ ਤਾਂ ਹੱਸਦਾ ਆਂ, ਆਪਾਂ ਤਾਂ ਯਾਰ-ਮਿੱਤਰ ਦੀ ਚੂੰ ਨਹੀਂ ਕੱਢਦੇ, ਤੂੰ ਤਾਂ ਫੇਰ ਸਾਡਾ ਪ੍ਰਾਹੁਣਾ ਐਂ!"

"ਵੀਰਿਆ, ਘਰੇ ਨਾ ਦੱਸ ਦੇਈਂ!"

'ਲੈ, ਮੈਂ ਕਮਲਾਂ।' ਫਿਰ ਹੌਲੀ ਜਿਹੀ ਉਹਦੇ ਕੰਨ 'ਚ ਪੁੱਛਿਆ, 'ਕਿਵੇਂ ਐਂ? ਚਲਾਊ ਐ।'

"ਨਾ ਯਾਰ, ਇਹਦੇ ਨਾਲ ਤਾਂ ਆਪਣੀ ਦੁੱਧ ਚਿੱਟੀ ਸਾਂਝ ਐ।"

"ਫੇਰ ਦਰਸ਼ਨ ਤਾਂ ਕਰਾ ਦੇਹ।"

ਬਿੰਦ ਕੁ ਬਰਾੜ ਖੜਾ ਸੋਚਦਾ ਰਿਹਾ, ਫੇਰ ਅੰਦਰ ਜਾਂਦਾ ਉਸਨੂੰ ਹੱਥ ਦਾ ਇਸ਼ਾਰਾ ਕਰ ਗਿਆ।

ਚੁੱਪ ਵਾਹਵਾ ਚਿਰ ਤਣੀ ਰਹੀ, ਵਿਚ ਦੀ ਨਿੱਕਾ ਨਿੱਕਾ ਹਾਸਾ ਬਾਹਰ ਆ ਰਿਹਾ ਸੀ, ਮੇਵਾ ਖਲੋਤਾ ਹੀ ਖੁਸ਼ ਹੋ ਰਿਹਾ ਸੀ। ਫਿਰ ਬਾਰ ਵਿਚ ਅੰਦਰ ਚਾਨਣ ਚਮਕਿਆ, ਮਗਰੋਂ ਬਰਾੜ ਨੇ ਬਾਹਰ ਆ ਕੇ ਮੋਟਰ ਸਾਈਕਲ ਨੂੰ ਰੇੜ੍ਹ ਕੇ ਬੂਹੇ ਕੋਲ ਕਰਦਿਆਂ ਲਾਈਟਾਂ ਜਗਾ ਦਿੱਤੀਆਂ ਤੇ ਮੇਵੇ ਨੂੰ ਬਾਂਹ ਦਾ ਇਸ਼ਾਰਾ ਕਰ ਦਿੱਤਾ। ਜਦੋਂ ਮੇਵਾ ਪਿਛਲੇ ਪਹੀਏ ਕੋਲ ਆਇਆ, ਉਸ ਦੀਆਂ ਹੈਰਾਨੀ ਨਾਲ ਅੱਖਾਂ ਚੌੜੀਆਂ ਹੋ ਗਈਆਂ। ਇਸ ਤਰ੍ਹਾਂ ਦੀ ਰੂਪਵਤੀ ਉਸ ਨੇ ਕਦੇ ਵੇਖੀ ਹੀ ਨਹੀਂ ਸੀ। ਪਲ ਝੱਟ ਉਹ ਪੀਲੇ ਲਿਸ਼ਕਦੇ ਗਹਿਣਿਆਂ ਵਿਚ ਤੇਜ਼ ਲਾਈਟਾਂ ਨਾਲ ਲਾਈਟ ਬਣੀ ਹੋਈ ਸੀ। ਬਰਾੜ ਨੇ ਦੋ ਕੁ ਮਿੰਟ ਮਗਰੋਂ ਲਾਈਟਾਂ ਬੰਦ ਕਰਦਿਆਂ, ਮੇਵੇ ਦੇ ਮੋਢੇ ਉੱਤੇ ਪੋਲਾ ਜਿਹਾ ਹੱਥ ਰੱਖਿਆ,"ਕਿਉਂ! ਹੋ ਗੀ ਤਸੱਲੀ ਵੀਰਿਆ?"

"ਬਈ ਪ੍ਰਾਹੁਣਿਆ, ਤੇਰੀ ਮਾਰ 'ਤੇ ਰਸ਼ਕ ਆਉਂਦਾ ਐ!"

"ਮਾਰ ਨਾ ਆਖ, ਬਾਈ! ਇਹ ਤਾਂ ਮੇਰੀ ਜਾਨ ਐ ਜਾਨ! ਮਾਰ ਆਖ ਕੇ ਤਾਂ ਤੂੰ ਯਾਰ ਇਹਦਾ ਮੁੱਲ ਈ ਕੌਡੀਓਂ ਖੋਟਾ ਕਰ ਦਿੱਤਾ।" ਪਤਾ ਨਹੀਂ ਕਿਉਂ ਕੁਲਵੰਤ ਨੇ ਡੂੰਘਾ ਜਿਹਾ ਹਉਕਾ ਲਿਆ, ਜਿਹੜਾ ਹੌਲੀ ਹੌਲੀ ਬਾਹਰ ਨਿਕਲ ਗਿਆ। ਮੇਵਾ ਪੰਮੀ ਦੇ ਰੂਪ ਦੀਆਂ ਸਿਫਤਾਂ ਕਰਦਾ ਰਿਹਾ, ਜਦੋਂ ਉਹ ਰੋਟੀ ਲੈਣ ਤੁਰਿਆ, ਕੁਲਵੰਤ ਨੇ ਉਹਨੂੰ ਮੋਢਾ ਟੁੰਬ ਕੇ ਖੜਾ ਲਿਆ, "ਐਵੇਂ ਨਾ ਵੀਰਿਆ ਕਿਤੇ ਆਪਣੀ ਭੈਣ ਦੇ ਕੰਨੀਂ ਗੱਲ ਪਾ-ਦੀਂ!"

"ਯਾਰ, ਤੂੰ ਮੈਨੂੰ ਫੁੱਦੂ ਸਮਝਦੈਂ। ਗੱਲ ਕੰਨੀ ਪਾਉਣੀ ਤਾਂ ਉਂਈਂ-ਦੂਰ ਐ, ਜੇ ਉਹਨੂੰ ਪਤਾ ਵੀ ਲੱਗ ਗਿਆ, ਦੋ ਮਾਰੀਂ ਰਖਣੇ! ਕੁੜੀਆਂ ਦਾ ਕੀ ਹੁੰਦੈ, ਇਕੋ ਘੁਰਕੀ ਨਾਲ ਸੁਸਰੀ ਬਣ ਜਾਂਦੀਆਂ!"

ਮੋਟਰ ਸਾਈਕਲ ਦੀ ਨਿੱਕੀ ਨਿੱਕੀ ਆਵਾਜ਼ ਵਿਚ ਪੰਮੀ ਨੂੰ ਉਹਨਾਂ ਦਾ ਹਾਸਾ ਸੁਣਿਆ, ਉਸ ਬਾਹਰ ਸਿਰ ਉਗਾਸਦਿਆਂ ਝਾਤ ਮਾਰੀ, ਲੰਮਾ ਜਿਹਾ ਚਾਨਣ ਕਾਫੀ ਦੂਰ ਦੌੜਿਆ ਜਾਂਦਾ ਸੀ। ਕੁਲਵੰਤ ਉਹਦੇ ਕੋਲ ਆ ਗਿਆ, ਦੀਵੇ ਦੇ ਮੱਧਮ ਜਿਹੇ ਚਾਨਣ ਵਿਚ ਉਹ ਇਕ ਦੂਜੇ ਵਲ ਦੇਖ ਕੇ ਮੁਸਕਰਾ ਪਏ। ਉਦੋਂ ਹੀ ਮੋਟਰ ਦੀ ਬਾਹਰਲੀ ਬੱਤੀ ਜਗ ਪਈ, ਚਾਨਣ ਦੀਆਂ ਲਸਰਾਂ ਅੰਦਰ ਆ ਗਈਆਂ। ਬਰਾੜ ਨੇ ਬਾਹਾਂ ਫੈਲਾ ਕੇ ਪੰਮੀ ਨੂੰ ਕਲਾਵਾ ਭਰ ਕੇ ਚੁੱਕ ਲਿਆ, ਨਾਂਹ ਨੁੱਕਰ ਕਰਦੀ ਨੂੰ ਏਨੇ ਜ਼ੋਰ ਦੀ ਘੁਮਾਇਆ ਕਿ ਉਹ ਡਿੱਗਦੇ ਡਿੱਗਦੇ ਮੁਸ਼ਕਲ ਨਾਲ ਹੀ ਬਚੇ।

ਦੂਸਰੇ ਦਿਨ ਹੰਬੜਾਂ ਦੇ ਬਾਹਰਲੇ ਅੱਡੇ ਤੱਕ ਪਹੁੰਚਦਿਆਂ ਮਾਰਚ ਦਾ ਸੂਰਜ ਨਿੰਘਾ ਜਿਹਾ ਸੇਕ ਮਾਰਨ ਲੱਗ ਪਿਆ ਸੀ। ਅੱਡੇ ਵਿਚਲੀਆਂ ਦੋ ਚਾਰ ਦੁਕਾਨਾਂ ਕੋਲ ਦੀ ਉਹ ਫੁਰਰ ਕਰਦੇ ਅੱਗੇ ਜਾ ਕੇ ਸੰਘਣੀਆਂ ਟਾਹਲੀਆਂ ਕੋਲ ਜਾ ਕੇ ਰੁਕ ਗਏ, ਖਲੋਂਦਿਆਂ ਸਾਰ ਪੰਮੀ ਨੇ ਐਵੇਂ ਹੀ ਨਿਖਰੇ ਦਿਨ ਵਾਂਗੂੰ ਚਮਕਦੀ ਚੁੰਨੀ ਲੋਟ ਕਰਦਿਆਂ ਫਿਰ ਵੰਗਾਂ ਛਣਕਾਈਆਂ, ਤਾਂ ਮੁਸਕਰਾ ਕੇ ਝਾਕੀ, "ਫਿਰ ਹੁਣ ਘਰ ਨਹੀਂ ਜਾਣਾ!"

"ਜਾਣ ਨੂੰ ਮੇਰੀ ਤਾਂ ਢਿੱਲ ਨਹੀਂ, ਵੇਖ...ਲੈ।"

ਖੜਾਕ ਸੁਣ ਕੇ ਉਹ ਸੜਕ ਵਲ ਝਾਕੇ, ਟਰੈਕਟਰ ਉੱਤੇ ਬੈਠਾ ਸੱਜ-ਵਿਆਹਿਆ ਜੋੜਾ ਉਹਨਾਂ ਵਲ ਗੁੱਝਾ ਜਿਹਾ ਹੱਸਦਾ ਲੰਘ ਗਿਆ, ਉਹ ਦੋਵੇਂ ਇਕ ਦੂਜੇ ਵਲ ਝਾਕੇ, ਉਹਨਾਂ ਦਾ ਵੀ ਹਾਸਾ ਨਿਕਲ ਗਿਆ।

ਬਰਾੜ ਬੋਲਿਆ, "ਚੰਗਾ, ਜਾਵਾਂ ਫੇਰ ਮੈਂ?"

"ਨਹੀਂ ਰਹਿ ਪੈ, ਦੋ ਚਾਰ ਦਿਨ!"

ਉਹ ਦੋਵੇਂ ਉੱਚੀ ਉੱਚੀ ਹੱਸਣ ਲੱਗ ਪਏ। ਮੂਹਰਲਾ ਪਹੀਆ ਕੁਲਵੰਤ ਨੇ ਆਪਣੇ ਵਲ ਮੋੜਿਆ ਹੋਇਆ ਸੀ।

"ਕੈਨੇਡਾ ਜਾ ਕੇ, ਕਿਤੇ ਭੁੱਲ ਤਾਂ ਨਹੀਂ ਜਾਵੇਂਗੀ।"

ਪੰਮੀ ਨੇ ਬੁੱਲ੍ਹਾਂ ਨੂੰ ਅੰਦਰ ਵਲ ਮਾਮੂਲੀ ਜਿਹੇ ਖਿਚਦਿਆਂ, ਬਰਾੜ ਵਲ ਵੇਖਿਆ, ਉਸਦਾ ਚਿਹਰਾ ਪਲਾਂ ਵਿਚ ਉਦਾਸ ਹੋ ਗਿਆ ਜਾਪਿਆ। ਉਸ ਰੇਸ ਨੂੰ ਦਾਬ ਦਿੱਤੀ, 'ਚੰਗਾ' ਕਹਿੰਦਾ ਥਾਂ ਤੋਂ ਹੀ ਨੱਠ ਤੁਰਿਆ। ਮੋਟਰ ਸਾਈਕਲ ਮੁੜ ਸਿੱਧਾ ਹੋਇਆ, ਗੂੰਜਦੀਆਂ ਗੜਗੱਜਾਂ ਪੈਂਦਿਆਂ ਈ ਸੜਕ ਕਾਲੇ ਗਾੜੇ ਧੂੰਏਂ ਨਾਲ ਗਲੇਫੀ ਗਈ, ਬੱਸ-ਅੱਡੇ ਵਿਚ ਆਉਂਦਿਆਂ ਹੀ ਰੇਸ ਆਪਣੇ ਆਪ ਹੋਰ ਕਸੀ ਗਈ, ਸਵਾਰੀਆਂ ਇਕ ਦਮ ਝਾਕੀਆਂ, ਪਰ ਉਸਦਾ ਕਿਸੇ ਵਲ ਵੀ ਧਿਆਨ ਨਹੀਂ ਸੀ, ਹੁਣ ਉਸਨੂੰ ਘਰ ਪਹੁੰਚਣ ਦੀ ਚਿੰਤਾ ਸੀ ਤੇ ਮਨ ਵਿਚ ਅਨੇਕਾਂ ਖਿਆਲ ਗੇੜੇ-ਨੁਮਾ ਪਏ ਹੋਏ ਸਨ। "ਚਲ ਆਖ-ਦੂੰ ਮੇਵਾ ਮਿਲ ਪਿਆ ਸੀ। ਪਰ ਕਿਸ਼ਨਪੁਰਾ ਤਾਂ ਐਧਰ ਐ!...ਨਹੀਂ ਕਹਿ-ਦੂੰ ਬਈ ਮੋਟਰ ਸੈਕਲ ਪੈਂਚਰ ਹੋ ਗਿਆ ਸੀ। ਕਿੰਨੇ ਮੀਲ ਰੇੜ ਕੇ ਲਿਆਇਆ, ਰਾਹ 'ਚ ਰਾਤ ਕੱਟਣੀ ਪਈ!"

ਜਿੰਨੀ ਛੇਤ ਉਹਦੇ ਅੰਦਰ ਖਿਆਲ ਉਮੜਦੇ, ਓਨੀ ਤੇਜ਼ੀ ਨਾਲ ਮੋਟਰ ਸਾਈਕਲ ਦੀ ਗੂੰਜ ਹਵਾ ਵਿਚ ਕੰਬ ਰਹੀ ਸੀ, ਕਮੀਜ਼ ਹਵਾ ਦੇ ਫਰਾਟਿਆਂ ਨਾਲ ਉੱਡ ਉੱਡ ਉਸਦੇ ਸਰੀਰ ਨਾਲ ਲੱਗਦਾ ਤਾਂ ਉਸਨੂੰ ਅਜੀਬ ਜਿਹਾ ਸੁਆਦ ਚੜ੍ਹਦਾ ਪ੍ਰਤੀਤ ਹੁੰਦਾ। ਭੂੰਦੜੀ ਲੰਘ ਕੇ ਹਰਪਾਲ ਦੇ ਪਿੰਡ ਵਾਲੇ ਮੋੜ 'ਤੇ ਆਪਣੇ ਆਪ ਹੌਲੀ ਹੋ ਗਿਆ, ਪਰ ਮੱਲੋ ਮੱਲੀ ਉਹ ਤੋਂ ਪੰਜ ਸੱਤ ਕਰਮਾਂ ਅੱਗੇ ਲੰਘ ਗਿਆ, ਅੰਦਰ ਦੋ ਚਿੱਤੀ ਗੇੜੇ ਦੇਣ ਲੱਗ ਪਈ। "ਛਿੱਤਰ ਤਾਂ ਪੈਣੇ ਈ ਐ! ਦੋ ਵਧ ਪੈ ਜਾਣਗੇ।" ਸੋਚਦਿਆਂ ਉਸ ਮੋਟਰ ਸਾਈਕਲ ਭਜਾ ਲਿਆ, ਘਰ ਕੋਲ ਆ ਕੇ ਉਸ ਹਾਰਨ ਵਜਾਉਂਦਿਆਂ ਲੱਤ ਲਾਈ, ਵਿਹੜੇ ਵਿਚ ਫਿਰਦੇ ਇਕ ਬੱਚੇ ਤੇ ਭਾਰੇ ਸਰੀਰ ਵਾਲੇ ਬੰਦੇ ਨੂੰ ਵੇਖ ਕੇ ਉਹਨੇ ਆਪਣੇ ਮਨ ਵਿਚ ਅੰਦਾਜ਼ਾ ਲਾਇਆ, "ਪਾਲ ਦਾ ਬਾਪੂ ਜੀ ਹੋਊ?"

(ਅਗਲੇ ਸਫੇ 'ਤੇ ਜਾਰੀ)

# ਸ਼ਰਾਰਤੀ ਅਨਸਰਾਂ ਨੂੰ ਖਦੇੜਨ ਦੀ ਲੋੜ

**ਬਲਦੇਵ ਸੁੰਮਨ**

ਅੱਜ ਇਕੀਵੀਂ ਸਦੀ ਵਿਚ ਮਨੁੱਖਤਾ ਦੇ ਨਾਂ ਹੇਠ ਸਾਰੇ ਹੀ ਧਰਮ ਇਕ ਆਮ ਸਹਿਮਤੀ ਬਣਾ ਰਹੇ ਹਨ। ਦੁਨੀਆਂ ਅੰਦਰ ਪਿਛਲੇ ਕੁਝ ਦਹਾਕਿਆਂ ਤੋਂ ਬਹੁਤ ਵੱਡੀ ਤਬਦੀਲੀ ਆ ਰਹੀ ਹੈ ਬਰਾਬਰੀ ਦੀ, ਭਾਵੇਂ ਉਹ ਸਮਾਜਿਕ ਹੋਵੇ, ਧਾਰਮਿਕ ਹੋਵੇ ਜਾਂ ਰਾਜਸੀ। ਜਿਵੇਂ ਪਹਿਲੀ ਤੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਜਿਨ੍ਹਾਂ ਕੌਮਾਂ ਨੂੰ ਸੋਵੀਅਤ ਸੰਘ ਨੇ ਦਬਾ ਕੇ ਰੱਖਿਆ ਹੋਇਆ ਸੀ, ਉਹ ਅੱਜ ਆਜ਼ਾਦ ਹਨ। ਦੱਖਣੀ ਅਫਰੀਕਾ ਵਿਚ ਕਾਲੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਮਿਲ ਚੁੱਕੇ ਹਨ ਅਤੇ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਬਰਾਕ ਓਬਾਮਾ ਵਰਗਾ ਕਾਲੇ ਮੂਲ ਦਾ ਆਦਮੀ ਅਮਰੀਕਾ ਦਾ ਰਾਸ਼ਟਰਪਤੀ ਬਣ ਜਾਵੇਗਾ। ਇਹ ਸਭ ਚਮਤਕਾਰ ਤੋਂ ਘੱਟ ਨਹੀਂ। ਹਰ ਪਾਸੇ ਮਨੁੱਖਤਾ ਦੇ ਬਰਾਬਰ ਹੋਣ ਦੀ ਗੱਲ ਹੋ ਰਹੀ ਹੈ। ਭਾਰਤ ਵਿਚ ਵੀ ਹਿੰਦੂਵਾਦ ਅਤੇ ਜਾਤ-ਪਾਤ ਦਾ ਸਿਸਟਮ ਹੌਲੀ ਹੌਲੀ ਖ਼ਤਮ ਹੋ ਰਿਹਾ ਹੈ। ਇਸ ਦੇ ਨਾਲ ਹੀ ਸਿੱਖ ਧਰਮ ਹਿੰਦੂਵਾਦ ਅਤੇ ਜਾਤ-ਪਾਤ ਦੀ ਪ੍ਰਣਾਲੀ ਵਿਚ ਗਰਕ ਰਿਹਾ ਹੈ। ਇਸ ਦਾ ਸਭ ਤੋਂ ਵਧ ਨੁਕਸਾਨ ਅਤੇ ਖ਼ਤਰਾ ਖੁਦ ਸਿੱਖ ਧਰਮ ਨੂੰ ਹੀ ਹੈ, ਕਿਉਂਕਿ ਹਿੰਦੂਵਾਦ ਇਕ ਅਜਿਹਾ ਸੰਕਲਪ ਹੈ ਜੋ ਦੂਜੇ ਧਰਮਾਂ ਵਿਚ ਆਪਣੇ ਵਰਗਾ ਮਾਹੌਲ ਪੈਦਾ ਕਰਦਾ ਹੈ। ਫਿਰ ਹੌਲੀ ਹੌਲੀ ਉਸ ਨੂੰ ਆਪਣੇ ਵਿਚ ਸ਼ਾਮਲ ਕਰਕੇ ਦੂਜੇ ਧਰਮਾਂ ਨੂੰ ਆਪਣਾ ਹਿੱਸਾ ਬਣਾ ਕੇ ਖ਼ਤਮ ਕਰ ਦਿੰਦਾ ਹੈ। ਮਿਸਾਲ ਸਾਹਮਣੇ ਹੈ, ਜਿਵੇਂ ਬੁਧ ਧਰਮ ਅਤੇ ਜੈਨ ਧਰਮ ਕਿਸੇ ਸਮੇਂ ਭਾਰਤ ਵਿਚ ਪੂਰੀ ਸਿਖਰ 'ਤੇ ਸਨ, ਅੱਜ ਭਾਰਤ ਵਿਚੋਂ ਇਨ੍ਹਾਂ ਦਾ ਖਾਤਮਾ ਹਿੰਦੂਵਾਦ ਨੇ ਕੀਤਾ ਹੈ। ਜੇਕਰ ਸਿੱਖ ਧਰਮ ਅਤੇ ਹਿੰਦੂ ਧਰਮ ਵਿਚ ਕੋਈ ਫਰਕ ਹੀ ਨਹੀਂ ਰਹੇਗਾ, ਫਿਰ ਇਹ ਧਰਮ ਹੌਲੀ ਹੌਲੀ ਹਿੰਦੂ ਧਰਮ ਵਿਚ ਰਲ ਕੇ ਸਮਾਪਤ ਹੋ ਸਕਦਾ ਹੈ।

ਅੱਜ ਰਵਿਦਾਸ ਸਮਾਜ ਬਹੁਤ ਮੁਸ਼ਕਿਲ ਨਾਲ ਹਿੰਦੂ ਧਰਮ ਤੋਂ ਵੱਖ ਹੋਇਆ ਹੈ, ਅੱਜ ਇਹ ਸਮਾਜ ਸਿੱਖ ਧਰਮ ਦੇ ਨਾਂ 'ਤੇ ਜਾਂ ਕਿਸੇ ਵੀ ਹੋਰ ਕਾਰਨ ਦੁਬਾਰਾ ਜਾਤੀਵਾਦ ਦੇ ਸਿਸਟਮ ਨੂੰ ਆਪਣੇ ਗਲ ਵਿਚ ਪਾਉਣ ਲਈ ਕਿਸੇ ਵੀ ਕੀਮਤ 'ਤੇ ਤਿਆਰ ਨਹੀਂ। ਰਵਿਦਾਸ ਸਮਾਜ ਜਿਸ ਮੁਕਾਮ 'ਤੇ ਅੱਜ ਹੈ, ਉਸ ਨੂੰ ਇਥੇ ਤੱਕ ਪਹੁੰਚਣ ਲਈ ਬਹੁਤ ਕਸ਼ਟ ਝੱਲਣੇ ਪਏ ਹਨ। ਡਾ. ਅੰਬੇਡਕਰ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਇਹ ਸਾਬਤ ਕਰ ਦਿੱਤਾ ਕਿ ਅਸੀਂ ਹਿੰਦੂ ਨਹੀਂ ਅਤੇ ਗਾਂਧੀ ਸਾਡੀ ਨੁਮਾਇੰਦਗੀ ਨਹੀਂ ਕਰਦਾ। ਅਸੀਂ ਦਲਿਤ ਲੋਕ ਆਦਿਵਾਸੀ, ਹਿੰਦੂ, ਸਿੱਖ ਹਾਂ, ਕਿਸੇ ਹੋਰ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਸਾਨੂੰ ਹਜ਼ਾਰਾਂ ਸਾਲਾਂ ਤੋਂ ਦਬਾ ਕੇ ਰੱਖਿਆ ਗਿਆ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਬਰਾਬਰ ਦੇ ਹੱਕ ਦਿੱਤੇ ਜਾਣ।

ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਵਿਚ ਰਵਿਦਾਸ ਸਮਾਜ ਦੇ ਲੋਕਾਂ ਨੇ ਹੌਲੀ ਹੌਲੀ ਖੇਤ ਮਜ਼ਦੂਰੀ ਨੂੰ ਛੱਡਣਾ ਸ਼ੁਰੂ ਕਰ ਦਿੱਤਾ। ਆਪਣੇ ਛੋਟੇ ਮੋਟੇ ਕੰਮ ਕਾਰ ਜਿਵੇਂ ਦੁਕਾਨਾਂ, ਫ਼ੈਕਟਰੀਆਂ ਸਨਅਤਾਂ, ਢਾਬੇ, ਰੇਹੜੀਆਂ ਜਾਂ ਸ਼ਹਿਰ ਵਿਚ ਜਾ ਕੇ ਛੋਟੇ ਵਪਾਰ ਸ਼ੁਰੂ ਕਰ ਦਿੱਤੇ।

ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ 95 ਪ੍ਰਤੀਸ਼ਤ ਜੱਟ ਸਿੱਖ ਸਰਬਤ ਦਾ ਭਲਾ ਚਾਹੁੰਦੇ ਹਨ ਅਤੇ ਮੇਰੇ ਆਪਣੇ ਕਈ ਦੋਸਤ ਵੀ ਹਨ ਅਤੇ ਬਹੁਤ ਹੀ ਭਲੇ ਲੋਕ ਹਨ, ਪਰ ਬਾਕੀ 5 ਪ੍ਰਤੀਸ਼ਤ ਜੱਟ ਈਰਖਾਵਸ ਹੋ ਕੇ ਬਾਕੀ ਸਾਰੀ ਕੌਮ ਨੂੰ ਭੜਕਾਉਣ ਅਤੇ ਉਕਸਾਉਣ ਦਾ ਕੰਮ ਕਰਦੇ ਰਹੇ। ਉਨ੍ਹਾਂ ਲਈ ਇਹ ਸਹਾਰਨਾ ਮੁਸ਼ਕਿਲ ਸੀ ਕਿ ਜਿਨ੍ਹਾਂ ਲੋਕਾਂ ਦੇ ਖਾਣ ਦੇ ਬਰਤਨ ਅਸੀਂ ਜਾਨਵਰਾਂ ਵਾਂਗ ਵੱਖ ਰੱਖਦੇ ਸੀ, ਉਹ ਅੱਜ ਸਾਡੇ ਬਰਾਬਰ ਹੋ ਰਹੇ ਹਨ। ਉਹ ਲੋਕ ਜੋ ਖੇਤ ਮਜ਼ਦੂਰੀ ਕਰਦੇ ਸੀ, ਅੱਜ ਖੇਤਾਂ ਵਲ ਝਾਕਣ ਨੂੰ ਤਿਆਰ ਨਹੀਂ ਹਨ। ਇਹ ਗੱਲ ਵੱਖਰੀ ਹੈ ਕਿ ਅਮਰੀਕਾ ਵਰਗੇ ਦੇਸ਼ਾਂ ਵਿਚ ਜੱਟ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਖੇਤਾਂ ਵਿਚ ਦਿਹਾੜੀ 'ਤੇ ਜਾਂਦੇ ਹਨ ਅਤੇ ਇਥੇ ਰਵਿਦਾਸ ਸਮਾਜ ਦੇ ਲੋਕਾਂ ਵਿਚ ਇਹ ਰੁਝਾਨ



ਨਹੀਂ ਹੈ। ਉਨ੍ਹਾਂ ਦੀ ਸੋਚ ਬਦਲ ਚੁੱਕੀ ਹੈ ਅਤੇ ਉਹ ਸਮੇਂ ਨੂੰ ਪਛਾਣ ਰਹੇ ਹਨ ਕਿ ਖੇਤੀ ਦਾ ਮਸ਼ੀਨੀਕਰਨ ਹੋ ਰਿਹਾ ਹੈ ਤੇ ਇਸ ਵਿਚ ਕਿਰਤ ਦਾ ਕੋਈ ਭਵਿੱਖ ਨਹੀਂ ਹੈ।

ਉਸ ਤੋਂ ਬਾਅਦ ਜਦ ਅਰਬ ਦੇਸ਼ਾਂ ਵਿਚ ਰੁਜ਼ਗਾਰ ਦੇ ਮੌਕੇ ਖੁੱਲ੍ਹੇ ਤਾਂ ਰਵਿਦਾਸ ਸਮਾਜ ਦੇ ਲੋਕਾਂ ਨੇ ਸਭ ਤੋਂ ਪਹਿਲਾਂ ਇਸ ਦਾ ਫਾਇਦਾ ਉਠਾਇਆ। ਮਿਹਨਤ ਮਜ਼ਦੂਰੀ ਕਰਕੇ ਆਪਣੀ ਦਸ਼ਾ ਨੂੰ ਬਦਲਣਾ ਸ਼ੁਰੂ ਕੀਤਾ। ਜਦੋਂ ਜੱਟਾਂ ਨੇ ਦੇਖਿਆ ਇਹ ਲੋਕ ਬਾਹਰ ਜਾ ਕੇ ਆਪਣੀ ਕਾਇਆ ਕਲਪ ਕਰ ਰਹੇ ਹਨ ਤਾਂ ਇਹ ਵੀ ਬਾਹਰ ਜਾ ਕੇ ਮਜ਼ਦੂਰੀ ਕਰਨ ਲਈ ਭੱਜ ਪਏ। ਜਦ ਕੰਮ ਇਕ ਅਤੇ ਉਜਰਤ ਵੀ ਇਕ ਫਿਰ ਜਾਤ ਪਾਤ ਕਾਹਦੀ।

ਪਰ ਕਹਾਵਤ ਹੈ "ਜੱਟ ਅਤੇ ਝੋਟਾ ਨਹੀਓਂ ਵੈਰ ਛੱਡਦੇ"। 5 ਕੁ ਪ੍ਰਤੀਸ਼ਤ ਲੋਕਾਂ ਦੀ ਈਰਖਾ ਹੋਰ ਵਧ ਗਈ। ਇਹ ਇਸੇ ਦਾ ਹੀ ਨਤੀਜਾ ਸੀ ਕਿ ਅੱਤਿਵਾਦ ਦੌਰਾਨ ਖਾਲਿਸਤਾਨ ਦੇ ਨਾਂ ਹੇਠ ਸਭ ਤੋਂ ਵਧ ਘਾਣ ਦੁਆਬੇ ਅੰਦਰ ਦਲਿਤ ਲੀਡਰਾਂ ਦਾ ਹੋਇਆ। ਇਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਲੀਡਰ ਕਿਹੜੀ ਪਾਰਟੀ ਨਾਲ ਸਬੰਧਤ ਹੈ, ਬਸ ਸਾਰੀਆਂ ਪਾਰਟੀਆਂ ਦੇ ਦਲਿਤ ਲੀਡਰਾਂ ਨੂੰ ਦੁਆਬੇ ਵਿਚੋਂ ਖ਼ਤਮ ਕਰ ਦਿੱਤਾ। ਜਿਵੇਂ ਕਿ ਜਗਤ ਰਾਮ ਸੂਦ, ਬਲਵੰਤ ਸਰਹਾਲ, ਹਰਬੰਸ ਬੀਕਾ, ਪਿਆਰਾ ਰਾਮ ਧੰਨੋਵਾਲੀ, ਮਲਕੀਅਤ ਸਿੰਘ ਮੇਹਲੀ ਅਤੇ ਹੋਰ ਬਹੁਤ। ਇਹ ਲੋਕ ਖਾਲਿਸਤਾਨ ਦੇ ਨਾਂ 'ਤੇ ਰਵਿਦਾਸ ਸਮਾਜ ਦੇ ਲੋਕਾਂ ਨੂੰ ਮਾਰ ਮਾਰ ਕੇ ਆਪਣਾ ਗੁੱਸਾ ਕੱਢ ਰਹੇ ਸਨ। ਇਹ ਸਭ ਕੁਝ ਹੋਣ ਤੋਂ ਬਾਅਦ ਰਵਿਦਾਸ ਸਮਾਜ ਨੇ ਆਪਣੇ ਆਪ ਨੂੰ ਸਿੱਖ ਧਰਮ ਤੋਂ ਦੂਰ ਕਰ ਲਿਆ।

ਅੱਤਿਵਾਦ ਦਾ ਖ਼ਾਤਮਾ ਸਖ਼ਤੀ ਨਾਲ ਕੀਤਾ ਗਿਆ ਅਤੇ ਜੋ ਖਾੜਕੂ ਪੰਜਾਬ ਤੋਂ ਭੱਜ ਗਏ, ਉਨ੍ਹਾਂ ਨੇ ਅਮੀਰ ਦੇਸ਼ਾਂ ਵਿਚ ਰਾਜਸੀ ਸ਼ਰਨ ਲੈ ਲਈ। ਉਨ੍ਹਾਂ ਦੀ ਈਰਖਾ ਅਤੇ ਨਫ਼ਰਤ ਕਾਇਮ ਰਹੀ ਅਤੇ ਜ਼ਬਰਦਸਤੀ ਦੂਜੇ ਦੇਸ਼ਾਂ ਵਿਚਲੇ ਗੁਰਦੁਆਰਿਆਂ 'ਤੇ ਕਬਜ਼ੇ ਕਰਕੇ ਲੋਕਾਂ ਨੂੰ ਭੜਕਾਉਂਦੇ ਰਹੇ। ਇਸੇ ਨਫ਼ਰਤ ਦੇ ਵਸ ਹੋ ਕੇ ਉਨ੍ਹਾਂ ਅੱਤਿਵਾਦੀਆਂ ਨੇ ਸੰਤ ਰਾਮਾਨੰਦ ਜੀ ਦਾ ਕਤਲ ਕਰਨ ਦੀ ਸਾਜ਼ਿਸ਼ ਰਚੀ। ਇਸ ਦਾ ਅਸਰ ਜੋ ਪੰਜਾਬ ਵਿਚ ਹੋਇਆ, ਉਹ ਤਾਂ ਸਾਰਿਆਂ ਨੇ ਦੇਖਿਆ ਹੈ। ਰਵਿਦਾਸ ਸਮਾਜ ਸਿੱਖ ਧਰਮ ਤੋਂ ਹੋਰ ਦੂਰ ਹੋ ਗਿਆ ਅਤੇ ਇਹ ਵੀ ਦਸ ਦਿੱਤਾ ਕਿ ਸਾਡਾ ਜੱਟਵਾਦ ਨਾਲ ਕੋਈ ਤੁਅੱਲਕ ਨਹੀਂ, ਨਾ ਵੈਰ, ਨਾ ਦੋਸਤੀ। ਰਵਿਦਾਸ ਸਮਾਜ ਬਰਾਬਰੀ ਵਿਚ ਵਿਸ਼ਵਾਸ ਰੱਖਦਾ ਹੈ।

ਇਹ 5 ਪ੍ਰਤੀਸ਼ਤ ਰੂੜੀਵਾਦੀ ਚਾਹੁੰਦੇ ਵੀ ਇਹੀ ਸਨ, ਕਿਉਂਕਿ ਇਸੇ ਤਰ੍ਹਾਂ ਕਰਕੇ ਉਹ ਸਿੱਖ ਸੰਸਥਾਵਾਂ ਉੱਤੇ ਕਾਬਜ਼ ਰਹਿ ਸਕਦੇ ਹਨ ਅਤੇ ਆਪਣੀ ਮਰਜ਼ੀ ਨਾਲ ਦੁਰਵਰਤੋਂ ਕਰ ਸਕਦੇ ਹਨ। ਇਸ ਸਮੇਂ ਸਿੱਖ ਧਰਮ ਦੇ ਧਾਰਮਿਕ ਸੰਸਥਾਵਾਂ 'ਤੇ ਇਹ ਵਰਗ ਪੂਰੀ ਤਰ੍ਹਾਂ ਕਾਬਜ਼ ਹੈ ਅਤੇ ਇਸ ਨੂੰ ਰਾਜਸੀ ਲਾਭ ਲਈ ਵਰਤ ਵੀ ਰਿਹਾ ਹੈ। ਗੱਲ ਇਥੋਂ ਤੱਕ ਚਲੀ ਗਈ ਕਿ ਜਥੇਦਾਰ ਅਵਤਾਰ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਤਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਸਿੱਖ ਮੰਨਣ ਤੋਂ ਇਨਕਾਰ ਕਰ ਦਿੱਤਾ। ਸੋਚਣ ਵਾਲੀ ਗੱਲ ਇਹ ਹੈ ਕਿ ਜਿਥੇ ਪ੍ਰਧਾਨ ਮੰਤਰੀ ਦੀ ਇਹ ਹਾਲਤ ਹੋ ਗਈ ਹੈ, ਉਸ ਧਰਮ ਵਿਚ ਦਲਿਤ ਸਿੱਖਾਂ ਦੀ ਕੀ ਹਾਲਤ ਹੋਵੇਗੀ। ਨਾਲ ਹੀ ਦੱਸਣਯੋਗ ਹੈ ਕਿ ਔਖੇ ਸਮੇਂ ਸਿਰਫ ਇਕ ਦਲਿਤ ਸਿੱਖ ਦੀ ਹੀ ਜ਼ਮੀਰ ਜਾਗੀ ਤੇ ਸੁਖਦੇਵ ਸਿੰਘ ਲਿਬੜਾ ਨੇ ਮਨਮੋਹਨ ਸਿੰਘ ਦੀ ਹਮਾਇਤ ਕੀਤੀ। ਕਿਸੇ ਵੀ ਹੋਰ ਸਿੱਖ ਪਾਰਲੀਮੈਂਟ ਮੈਂਬਰ ਦੀ ਜ਼ਮੀਰ ਨਹੀਂ ਜਾਗੀ।

ਹੁਣੇ ਹੁਣੇ ਹੋਏ ਹਾਈਕੋਰਟ ਦੇ ਫੈਸਲੇ ਮੁਤਾਬਕ ਸਿੱਖ ਉਹੀ ਹੈ, ਜਿਸ ਨੇ ਕੇਸ ਅਤੇ ਦਾੜ੍ਹੀ ਪੂਰੀ ਰੱਖੀ ਹੋਈ ਹੈ। ਕੀ ਸ਼੍ਰੋਮਣੀ ਕਮੇਟੀ ਬਾਕੀ ਸਭ ਨੂੰ ਗੈਰ ਸਿੱਖ ਕਰਾਰ ਦੇ ਸਕਦੀ ਹੈ?

ਸਮੇਂ ਦਾ ਸਵਾਲ ਹੈ ਕਿ ਸਰਬੱਤ ਦਾ ਭਲਾ ਚਾਹੁਣ ਵਾਲਾ ਇਹ ਧਰਮ ਕੁਝ ਲੋਕਾਂ ਦੇ ਹੱਥਾਂ ਵਿਚ ਖੇਡਦਾ ਰਹੇਗਾ ਜਾਂ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਅਤੇ ਅਸੂਲਾਂ 'ਤੇ ਪਹਿਰਾ ਦੇ ਕੇ ਇਸ ਨੂੰ ਅਸਲੀ ਰੂਪ ਵਿਚ ਸਹੀ ਦਿਸ਼ਾ ਵਲ ਮੋੜੇਗਾ ਜਾਂ ਫਿਰ ਹਿੰਦੂ ਜਾਤੀਵਾਦ ਪ੍ਰਣਾਲੀ ਵਿਚ ਗ੍ਰਸਤ ਹੋ ਕੇ ਹਿੰਦੂਵਾਦ ਵਿਚ ਹੀ ਇਕ ਦਿਨ ਸਮਾ ਜਾਵੇਗਾ? ਇਸ ਪ੍ਰਣਾਲੀ ਮੁਤਾਬਕ ਜੱਟ ਤਾਂ ਸ਼ੂਦਰ ਹੀ ਹੈ। ਇਸ ਸਭ ਕੁਝ ਤੋਂ ਪੰਜਾਬੀਆਂ ਨੂੰ ਸਮਝਣ ਦੀ ਲੋੜ ਹੈ ਕਿ ਅਮੀਰ ਦੇਸ਼ਾਂ ਵਿਚੋਂ ਕੋਈ ਪਰਿਵਾਰ ਵਾਪਸ ਪੰਜਾਬ ਅੱਜ ਤੱਕ ਕਦੇ ਪੱਕੇ ਤੌਰ 'ਤੇ ਨਹੀਂ ਆਇਆ। ਇਹ ਲੋਕ ਬਾਹਰ ਬੈਠੇ ਅੱਗ ਲਾ ਕੇ ਤਮਾਸ਼ਾ ਦੇਖ ਰਹੇ ਹਨ, ਪਰ ਜਿਨ੍ਹਾਂ ਪੰਜਾਬੀਆਂ ਨੇ ਪੰਜਾਬ ਵਿਚ ਰਹਿਣਾ ਹੈ, ਉਨ੍ਹਾਂ ਨੂੰ ਪੂਰੀ ਤਰ੍ਹਾਂ ਅਮਨ ਨਾਲ ਭਰਾਵਾਂ ਵਾਂਗ ਰਹਿਣਾ ਚਾਹੀਦਾ ਹੈ ਅਤੇ ਵੱਖਵਾਦੀਆਂ ਦੀਆਂ ਲੂੰਬੜ ਚਾਲਾਂ ਨੂੰ ਸਮਝਣਾ ਚਾਹੀਦਾ ਹੈ।

***

## ਪਾਠਕਾਂ ਦੀ ਗੱਲ

# ਜ਼ਖ਼ਮੀ ਦਰਿਆ

ਗੁਰਬਖ਼ਸ਼ ਨੇ ਵੀ ਖਿੜਕ ਕੋਲ ਮੋਟਰ ਸਾਈਕਲ ਤੋਂ ਉਤਰਦੇ ਲਵੇ ਜਿਹੇ ਲਗਰ ਵਰਗੇ ਮੁੰਡੇ ਨੂੰ ਵੇਖ ਕੇ ਖਿੜਕ ਵਲ ਪੈਰ ਵਧਾਇਆ। ਬਰਾੜ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਦੇਖਿਆ, ਚੌੜੇ ਗੋਲ ਭਰਵੇਂ ਚਿਹਰੇ ਵਾਲੇ ਸਰਦਾਰ ਦੀਆਂ ਅੱਖਾਂ ਵਿਚ ਲਾਲੀ ਵਿਛੀ ਪਈ ਸੀ, ਕੁਲਵੰਤ ਨੇ ਪਾਲ ਬਾਰੇ ਪੁੱਛਿਆ।

"ਉਹ ਤਾਂ ਜੁਆਨਾ ਸਿੱਧਵਾਂ ਨੂੰ ਗਿਆ ਹੋਇਐ....ਤੂੰ....?"

ਸਾਹਬ ਕੁਰ ਨੇ ਮਗਰ ਆ ਕੇ ਮੁੰਡੇ ਨੂੰ ਪਛਾਣ ਲਿਆ। "ਆ ਬਾਈ ਬਿੱਲੂ, ਆ-ਜਾ ਅੰਦਰ ਲੰਘਿਆ!"

ਕੁਲਵੰਤ ਨੇ ਦੋਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਸਾਹਬ ਕੁਰ ਨੇ ਵਿਹੜੇ ਵਿਚ ਮੰਜਾ ਡਾਹ ਦਿੱਤਾ। ਗੁਰਬਖ਼ਸ਼ ਨੇ ਮੰਜੇ ਉੱਤੇ ਬਹਿੰਦਿਆਂ ਕੁਲਵੰਤ ਦੇ ਮੋਢੇ 'ਤੇ ਹੱਥ ਰੱਖਿਆ, "ਬਈ ਕਾਕਾ, ਮੈਂ ਤਾਂ ਤੈਨੂੰ ਪਛਾਣਿਆ ਈ ਨਾ।"

"ਕੋਈ ਨਾ ਜੀ!"

"ਬਈ ਮੱਲ੍ਹ ਗੁੱਸਾ ਨਾ ਕਰੀਂ, ਮੈਨੂੰ ਤਾਂ ਕਈ ਸਾਲ ਹੋ ਗਏ, ਬਾਹਰ ਗਿਆਂ ਨੂੰ...! ਹੋਰ ਸੁਣਾ, ਕੀ ਖਾਏਂ-ਪੀਏਂਗਾ?"

ਸਾਹਬ ਕੁਰ ਨੇ ਦੁੱਧ ਦਾ ਗਿਲਾਸ ਲਿਆ ਕੇ ਕੁਲਵੰਤ ਨੂੰ ਫੜਾਉਂਦਿਆਂ ਕਿਹਾ, "ਤੁਸੀਂ ਤਾਂ ਤੜਕੇ ਈ ਜਾਗ ਲਾ ਲਿਆ!...ਥੋੜੀ ਖਾਧੀ ਪੀਤੀ ਐ...ਇਹਨਾਂ ਦੀ ਨਵੀਂ ਉਮਰ ਐ!"

ਗੁਰਬਖ਼ਸ਼ ਨੇ ਨਜ਼ਰ ਚੁੱਕ ਕੇ ਸਾਹਬ ਕੁਰ ਵਲ ਗਹਿਰੀ ਤੱਕਣੀ ਦੇਖਿਆ। ਉਸ ਦੀਆਂ ਛੋਟੀਆਂ ਅੱਖਾਂ ਵਿਚ ਤਣਾਅ ਕਸਿਆ ਹੋਇਆ ਵੇਖ ਕੇ ਸਾਹਬ ਕੁਰ ਨੇ ਪਹਿਲਾਂ ਉਸਦੇ ਢਿਲਕੇ ਜੂੜੇ ਅਤੇ ਖਿਚੜੀ ਵਾਲਾਂ ਵਲ ਨਿਗਾਹ ਮਾਰ ਕੇ ਚਿੱਤ 'ਚ ਆਖਿਆ, "ਏਸ ਬੰਦੇ ਦੇ ਸਾਰੀ ਉਮਰ ਏਹੀ ਚੱਜ ਰਹੇ।" ਪਰ ਉਹ ਕੁਲਵੰਤ ਨੂੰ ਉਹਨਾਂ ਦੇ ਘਰ ਦੀ ਸੁਖਸਾਂਦ ਪੁੱਛਣ ਲੱਗ ਪਈ। ਗੁਰਬਖ਼ਸ਼ ਪਲ-ਝਟ ਉਸੇ ਤਰ੍ਹਾਂ ਉਹਨਾਂ ਵਲ ਵੇਖਦਾ ਰਿਹਾ, ਫੇਰ ਉੱਠ ਕੇ ਅੰਦਰ ਚੱਲਾ ਗਿਆ। ਕੁਲਵੰਤ ਵੀ ਜਾਣ ਲਈ ਉੱਠ ਖਲੋਤਾ, ਸਾਹਬ ਕੁਰ ਨੇ ਖੀਸੇ ਵਿਚੋਂ ਪੰਜਾਂ ਦਾ ਨੋਟ ਕੱਢ ਕੇ ਉਹਨੂੰ ਦੇਣਾ ਚਾਹਿਆ, ਪਰ ਉਹ ਹੱਥਾਂ ਨਾਲ 'ਨਾਂਹ ਨਾਂਹ' ਕਰਦਾ ਬਾਹਰ ਵਲ ਤੁਰ ਪਿਆ।

ਬੇ ਜੀ ਨੇ ਅੰਤਾਂ ਦੀ ਸਿੱਠੀ ਹੋ ਕੇ ਰੁਪਈਏ ਮੱਲੋ ਜੋਰੀ ਉਸਦੀ ਜੇਬ ਵਿਚ ਪਾ ਦਿੱਤੇ, "ਨਾ ਮੱਲ ਤੂੰ ਵਿਆਹ ਕਰਾ ਕੇ ਸੁੱਖ ਨਾਲ ਪਹਿਲੀ ਵਾਰੀ ਸਾਡੇ ਘਰ ਆਇਐਂ! ਮੈਨੂੰ ਤਾਂ ਚਾਅ ਐ! ਨਾਲੇ ਸ਼ਗਨਾਂ ਦਾ ਈ ਖੋਟਿਆ ਖਾਈਦੀ ਐ।"

ਕੁਲਵੰਤ ਨੇ ਸਿਰ ਝੁਕਾ ਕੇ ਜੇਬ੍ਹ ਵਿਚੋਂ ਥੋੜ੍ਹਾ ਜਿਹਾ ਬਾਹਰ ਨਿਕਲੇ ਹਰੇ ਨੋਟ ਵਲ ਦੇਖਿਆ, ਜਿਹੜਾ ਤਿਰਛਾ ਜਿਹਾ ਜੇਬ੍ਹ ਦੇ ਅੱਧ ਵਿਚਕਾਰ ਫਸਿਆ ਹੋਇਆ ਸੀ। ਜਦੋਂ ਉਹ ਤੁਰਨ ਲੱਗਾ, ਤਾਂ ਸਬਾਤ ਦੇ ਬਾਹਰ ਮੂਹਰੇ ਸਰਦਾਰ ਮੁੱਛਾਂ ਪੂੰਝਦਾ ਦਿੱਸਿਆ, ਕੁਲਵੰਤ ਨੇ ਉਹਨੂੰ ਵੀ 'ਫਤਹਿ' ਬੁਲਾਈ, "ਬੱਸ ਬਈ, ਹੁਣੇਂ ਈ, ਪਾਲ ਤਾਂ ਆਉਣ ਵਾਲਾ ਈ ਐ।"

"ਗਏ ਬੰਦੇ ਦਾ ਕੀ ਪਤਾ ਸੀ, ਕਦੋਂ ਆਵੇ!...ਸ਼ਾਇਦ ਮੈਨੂੰ ਰਾਹ 'ਚ ਈ ਟਕਰ ਜੇ।"

ਤੁਰਨ ਲੱਗੇ ਕੁਲਵੰਤ ਦੀ ਗੁਰਬਖ਼ਸ਼ ਨੇ ਬਾਂਹ ਫੜ ਕੇ ਖਿੱਚਦਿਆਂ ਦੂਜੇ ਹੱਥ ਨਾਲ ਅੰਦਰ ਵਲ ਇਸ਼ਾਰਾ ਕੀਤਾ, "ਆ ਬਈ, ਇਉਂ ਤਾਂ ਕੋਈ ਗੱਲ ਨਾ ਬਣੀਂ-ਡੰਡੇ ਵਰਗਾ ਗੱਭਰੂ ਐਂ!"

"ਨਹੀਂ ਬਾਪੂ ਜੀ, ਅਜੇ ਤਾਂ ਬਹੁਤ ਸੁਵਖਤਾ ਐ! ਦਿਨ ਕਿਵੇਂ ਛਿਪੂ!" ਕੁਲਵੰਤ ਨੇ ਹੱਸਦਿਆਂ, ਮੋਟਰ ਸਾਈਕਲ ਸਿੱਧਾ ਕਰ ਲਿਆ।

ਗੁਰਬਖ਼ਸ਼ ਜਿਸ ਦਿਨ ਦਾ ਆਇਆ ਸੀ, ਉਹਨੇ ਬੱਤੀ ਨਹੀਂ ਬੁੱਝਣ ਦਿੱਤੀ ਸੀ। ਇਕ ਦੋ ਵਾਰ ਸਾਹਬ ਕੁਰ ਨੇ ਹਲੇਮੀ ਨਾਲ ਆਖਿਆ ਵੀ, ਪਰ ਉਹ ਅੱਗੋਂ ਆਖਦਾ,"ਮੈਂ ਕੀ ਕਰਾਂ ਸਾਹਬ ਕੁਰੇ, ਮੇਰਾ ਦਿਲ ਨਹੀਂ ਖੜੋਂਦਾ। ਸੋਚਦਾਂ ਬਈ ਤੂੰ ਸੱਚੀ ਸੀ। ਮੇਰੇ ਕੋਲ ਜੋ ਪੈਸਾ ਧੇਲਾ ਸੀ, ਸਭ ਲੱਗ ਚੁੱਕ ਹੋ ਗਿਆ!...ਜੇ ਸੱਚ ਪੁੱਛਦੀ ਐਂ! ਸਭ ਤੇਰੇ ਓਸ ਬੇਗੈਰਤ ਦੀਆਂ ਕਰਤੂਤਾਂ ਨੇ। ਮੈਨੂੰ ਕੌਡੀਓਂ ਖੋਟਾ ਕਰਕੇ ਰੱਖ ਦਿੱਤਾ। ...ਤੂੰ ਆਖਦੀ ਐਂ, ਮੈਂ ਪੀਵਾਂ ਨਾ, ਕਿਹੜੇ ਹੌਸਲੇ! ਕੀਹਦੇ ਆਸਰੇ ਹਿੱਕ 'ਤੇ ਹੱਥ ਮਾਰ ਕੇ ਆਖਾਂ, ਮੇਰੇ ਪੁੱਤ ਲਾਇਕ ਐ। ਮੈਨੂੰ ਕੋਈ ਫਿਕਰ ਨ੍ਹੀਂ!...ਤੂੰ ਦੱਸ, ਹੁਣ ਮੇਰੀ ਕੋਈ ਉਮਰ ਐ। ਪੂਰੇ ਪੈਂਹਠ ਸਾਲਾਂ ਦਾ ਹੋ ਗਿਆਂ।"

*(ਬਾਕੀ ਅਗਲੇ ਅੰਕ 'ਚ)*

## ਕੌਮੀ ਜ਼ਖ਼ਮ

ਕਦੇ ਕਦੇ ਸੂਰਜ,
ਐਸਾ ਲਾਲ ਸੂਹਾ ਚੜ੍ਹ ਜਾਂਦਾ।
ਜਦੋਂ ਕੋਈ ਪਾਗਲ,
ਸੰਤਾਂ-ਸੇਵਕਾਂ 'ਤੇ ਹਮਲਾ ਕਰ ਦਿੰਦਾ।

ਧਰਮ ਅਤੇ ਕੌਮਾਂ ਦੇ ਗ੍ਰੰਥ ਹੁੰਦੇ ਨੇ
ਬੜੇ ਅਵੱਲੇ।
ਜਿਨ੍ਹਾਂ ਦੀ ਰਾਖੀ ਪਿੱਛੇ,
ਲੋਕ ਲੜਦੇ ਨੇ ਵੇਲੇ-ਕੁਵੇਲੇ।

ਇਕ ਮੂਰਖ, ਜਿਵੇਂ ਰੁੱਖ ਤੇ,
ਉਵੇਂ ਬੰਦੇ ਤੇ ਵਾਰ ਕਰਦਾ।
ਚਾਹੇ ਉਸ ਦਾ ਸਾਹ-ਸਾਹ,
ਮਸਾਂ ਹੁੰਗਾਰਾ ਭਰਦਾ।

ਸੰਤਾਂ-ਮਹੰਤਾਂ ਦੇ ਸਦਕੇ ਹੀ
ਸਾਰੇ ਧਰਮ ਨੇ ਚੱਲਦੇ।
ਕਿਉਂਕਿ ਸੇਵਕ ਵੀ
ਉਨ੍ਹਾਂ ਦੇ ਦੱਸੇ ਰਾਹਾਂ 'ਤੇ ਚੱਲਦੇ।

ਕੌਮਾਂ ਦੇ ਜਜ਼ਬੇ ਤਾਂ ਹਮੇਸ਼ਾਂ ਹੀ
ਮਘਦੇ ਰਹਿਣੇ।
ਸਭ ਨੂੰ ਆਪਣੀ ਸੋਚ ਦੇ
ਸੁਪਨੇ ਜਗਦੇ ਰੱਖਣੇ ਪੈਣੇ।

ਬੱਲਾਂ ਵਾਲੇ ਸੰਤ ਰਾਮਾਨੰਦ ਜੀ
ਅਮਰ ਹੋ ਗਏ ਨੇ।
ਉਹ ਆਪਣੇ ਜੀਵਨ ਫ਼ਰਜ਼ਾਂ ਦਾ
ਭਾਰ ਢੋ ਗਏ ਨੇ।

ਅੱਗੇ ਵਧਣ ਲਈ ਸਾਰੇ ਹੀ
ਸੋਚ ਆਪਣੀ ਨਿਖਾਰੋ।
ਨਾ ਗੀਤਾਂ 'ਚ, ਨਾ ਲਿਖਤਾਂ 'ਚ,
ਕਦੇ ਕਿਸੇ ਨੂੰ ਚਿਤਾਰੋ।

ਕੱਲ੍ਹ ਜੋ ਹੋ ਗਿਆ,
ਉਸ ਦਾ ਇਲਾਜ ਕਰਨਾ ਔਖਾ।
ਨਿਮਰਤਾ ਨਾਲ "ਕਮਲ"
ਕੌਮੀ ਜ਼ਖ਼ਮਾਂ ਨੂੰ ਭਰਨਾ ਸੌਖਾ।

*-ਕਮਲ ਬੰਗਾ, ਸੈਕਰਾਮੈਂਟੋ*

# ਖ਼ੁਦਗਰਜ਼ ਨਾ ਬਣੋ

ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੋਇਆ ਹੈ, ਜਾਂ ਹੋ ਰਿਹਾ ਹੈ ਅਤੇ ਜਾਂ ਹੋਣਾ ਹੈ, ਉਹ ਚੰਗਿਆਂ ਮਨੁੱਖਾਂ ਕਰਕੇ ਹੀ ਹੈ। ਜੋ ਕੁਝ ਵੀ ਮਾੜਾ ਹੋਇਆ ਹੈ, ਹੋ ਰਿਹਾ ਹੈ ਜਾਂ ਹੋਣਾ ਹੈ, ਉਹ ਮਾੜੇ ਬੰਦਿਆਂ ਕਰਕੇ। ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਹਨ- ਗੁਰਮੁਖ ਤੇ ਮਨਮੁਖ:

ਬੰਦੇ ਬੰਦੇ ਵਿਚ ਅੰਤਰ
ਕੋਈ ਫੁੱਲ ਤੇ ਕੋਈ ਕੰਕਰ।

ਮਾੜੇ ਬੰਦਿਆਂ ਵਿਚ ਮੁੱਖ ਤੌਰ 'ਤੇ ਮੂਰਖ, ਅਗਿਆਨੀ, ਖ਼ੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ ਆਉਂਦੇ ਹਨ। ਇਨ੍ਹਾਂ ਵਿਚੋਂ ਮੂਰਖ, ਅਗਿਆਨੀ ਤੇ ਬੇ-ਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ ਜਿੰਨਾ ਖ਼ੁਦਗਰਜ਼, ਪਾਖੰਡੀਆਂ ਤੇ ਪਾਪੀਆਂ ਨੇ ਕੀਤਾ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸ ਦਾ ਮਨੁੱਖ ਨੂੰ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ। ਪਾਖੰਡੀ-ਪਾਪੀ ਆਦਮੀ ਲੁਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ, ਕਰਤੂਤੀ ਕਾਫਰ ਹੁੰਦਾ ਹੈ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਨ੍ਹਾਂ ਲੋਕਾਂ ਦੀ ਜ਼ੁਬਾਨ ਮਿੱਠੀ ਪਰ ਦਿਲ ਕਾਲੇ ਹੁੰਦੇ ਹਨ। ਅਜਿਹੇ ਲੋਕਾਂ ਬਾਰੇ ਗੁਰਬਾਣੀ ਵਿਚ "ਕਰਤੂਤਿ ਪਸੂ ਕੀ ਮਾਨਸ ਜਾਤਿ" ਕਿਹਾ ਹੈ।

ਇਸੇ ਤਰ੍ਹਾਂ ਸੁਆਰਥੀ ਫਰੇਬੀ ਤੇ ਪਾਖੰਡੀ ਮਨੁੱਖਾਂ ਦਾ ਆਪਣਾ ਕੋਈ ਕਿਰਦਾਰ ਨਹੀਂ ਹੁੰਦਾ। ਉਨ੍ਹਾਂ ਦਾ ਕੋਈ ਆਦਰ ਨਹੀਂ ਹੁੰਦਾ। ਉਨ੍ਹਾਂ ਦਾ ਆਦਰਸ਼ ਸਿਰਫ ਆਪਣਾ ਉੱਲੂ ਸਿਧਾ ਕਰਨਾ ਹੁੰਦਾ ਹੈ। ਇਨ੍ਹਾਂ ਖ਼ੁਦਗਰਜ਼ ਫਰੇਬੀ ਤੇ ਗੱਦਾਰ ਆਦਮੀਆਂ ਨੇ ਸਿੱਖ ਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖ਼ਸੀਅਤ ਨੂੰ ਵੀ ਨਹੀਂ ਬਖ਼ਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਨ ਵੀ ਅਜਿਹੇ ਲੋਕ ਸਿੱਧ ਹੋਏ ਸਨ।

ਖ਼ੁਦਗਰਜ਼ ਆਦਮੀਆਂ ਬਾਰੇ ਇਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ ਜਦੋਂ ਹਿਟਲਰ ਲੋਕਾਂ 'ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ। ਇਹ ਘਟਨਾ ਇਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ?

ਇਹ ਆਮ ਜ਼ਿੰਦਗੀ ਵਿਚ ਵੀ ਇਹੋ ਹੀ ਸੁਣਨ ਨੂੰ ਆਉਂਦਾ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਹੈ, ਜਿਵੇਂ ਘਰ ਲੱਗੇ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਦੂਜਿਆਂ ਨਾਲ ਜ਼ੁਲਮ ਹੁੰਦਾ ਹੈ ਤਾਂ ਸ਼ੁਗਲ ਸਮਝਦੇ ਹਨ, ਜਦੋਂ ਆਪਣੀ ਵਾਰੀ ਆਉਂਦੀ ਹੈ ਤਾਂ ਫਿਰ ਪਤਾ ਲਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ ਤਾਂ ਉਸ ਦਾ ਵੀ ਕੋਈ ਨਹੀਂ ਰਿਹਾ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਮਾਨਵਵਾਦੀ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ, ਕ੍ਰਿਪਾਲੂ ਬਣਨਾ ਚਾਹੀਦਾ ਹੈ। ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ ਤੇ ਦੂਜਿਆਂ ਲਈ ਜ਼ਿਆਦਾ ਜੀਊਣਾ ਸਿੱਖੋ? 'ਕੋਈ ਮਨੁੱਖ ਕਿਵੇਂ ਮਰਿਆ?' ਨਾਲੋਂ 'ਕੋਈ ਮਨੁੱਖ ਜੀਵਿਆ ਕਿਵੇਂ ਹੈ?' ਸਵਾਲ ਜ਼ਿਆਦਾ ਮਾਇਨੇ ਰੱਖਦਾ ਹੈ।

***-ਨਿਰਮਲ ਸਿੰਘ ਲਾਲੀ,***
***ਯੂਬਾ ਸਿਟੀ***

# ਹੁਣ ਬਹੁਤ ਬਿਜ਼ੀ ਹੋ ਗਈ ਏ ਲਾਰਾ ਦੱਤਾ



ਇਸ ਸਾਲ ਲਾਰਾ ਦੱਤਾ ਦੀਆਂ ਕਈ ਫ਼ਿਲਮਾਂ ਹਿੱਟ ਹੋਣ ਦੀ ਸੰਭਾਵਨਾ ਹੈ ਜਿਨ੍ਹਾਂ 'ਚੋਂ ਡੂ ਨੌਟ ਡਿਸਟਰਬ', 'ਬਲਿਊ' ਅਤੇ 'ਬੰਦਾ ਹੈ ਬਿੰਦਾਸ' ਕਾਫੀ ਮਹੱਤਵਪੂਰਨ ਹਨ। ਹੁਣੇ ਜਿਹੇ ਨਿਰਮਾਤਾ ਵਾਸੂ ਭਗਨਾਨੀ ਦੀ ਡੇਵਿਡ ਧਵਨ ਵਲੋਂ ਨਿਰਦੇਸ਼ਿਤ ਫਿਲਮ 'ਬੰਦਾ ਹੈ ਬਿੰਦਾਸ' ਫਿਲਮ ਦੀ ਸ਼ੂਟਿੰਗ ਦੌਰਾਨ ਸੈੱਟ 'ਤੇ ਲਾਰਾ ਦੱਤਾ ਨਾਲ ਮੁਲਾਕਾਤ ਹੋਈ। ਇਸ ਫ਼ਿਲਮ 'ਚ ਲਾਰਾ ਦੱਤਾ ਗੋਵਿੰਦਾ ਅਤੇ ਰਿਤੇਸ਼ ਦੇਸ਼ਮੁੱਖ ਨਾਲ ਨਜ਼ਰ ਆਵੇਗੀ। ਫ਼ਿਲਮ 'ਚ ਉਸਨੇ ਜ਼ਬਰਦਸਤ ਕਾਮੇਡੀ ਕੀਤੀ ਹੈ। ਲਾਰਾ ਦੱਤਾ ਨਾਲ ਇਕ ਗੱਲਬਾਤ ਦੌਰਾਨ ਉਸਨੇ ਦੱਸਿਆ ਕਿ ਮੇਰੀ ਜਾਣਕਾਰੀ ਅਨੁਸਾਰ ਰਾਣੀ ਨੇ 'ਬਿੱਲੂ' ਦੀ ਪੇਸ਼ਕਸ਼ ਸਿਰਫ ਤਰੀਕਾਂ ਦੀ ਸਮੱਸਿਆ ਕਾਰਨ ਸਵੀਕਾਰ ਨਹੀਂ ਕੀਤੀ ਸੀ। ਉਨ੍ਹਾਂ ਕਿਹਾ ਕਿ ਜਿੱਥੋਂ ਤਕ ਮੇਰੀ ਗੱਲ ਹੈ, ਜਦੋਂ ਮੇਰੇ ਕੋਲ ਇਹ ਪੇਸ਼ਕਸ਼ ਆਈ ਤਾਂ ਮੈਨੂੰ ਇਹ ਰੋਲ ਬਹੁਤ ਚੰਗਾ ਲੱਗਾ। ਮੈਨੂੰ ਪਹਿਲੀ ਵਾਰ ਨਾਨ-ਗਲੈਮਰਸ ਰੋਲ ਨਿਭਾਉਣ ਦਾ ਮੌਕਾ ਮਿਲ ਰਿਹਾ ਸੀ, ਇਸ ਲਈ ਮੈਂ ਨਾਂਹ ਨਹੀਂ ਕਹਿ ਸਕੀ।

ਉਸ ਨੇ ਕਿਹਾ ਕਿ ਸੱਚ ਪੁੱਛਿਆ ਜਾਵੇ ਤਾਂ ਫਿਲਮ ਸਾਈਨ ਕਰਨ ਵੇਲੇ ਮੈਂ ਕੁਝ ਵੀ ਨਹੀਂ ਸੋਚਿਆ ਸੀ। ਮੈਂ ਤਾਂ ਬੱਸ ਸ਼ਾਹਰੁਖ ਨਾਲ ਫ਼ਿਲਮ ਕਰਨ ਦੀ ਖਾਹਿਸ਼ ਖਾਤਰ ਇਹ ਫ਼ਿਲਮ ਸਾਈਨ ਕਰ ਲਈ ਸੀ। ਜਦ ਉਸਨੂੰ ਕਿਹਾ ਗਿਆ ਕਿ 'ਪਾਰਟਨਰ' 'ਚ ਕੰਮ ਕਰਦਿਆਂ ਸਲਮਾਨ ਖਾਨ ਅਤੇ ਗੋਵਿੰਦਾ ਤੁਹਾਡੇ ਤੋਂ ਕਾਫੀ ਪ੍ਰਭਾਵਿਤ ਹੋਏ ਸਨ। ਪਾਰਟਨਰ ਤੋਂ ਬਾਅਦ ਨਾ ਸਿਰਫ ਸਲਮਾਨ ਦੀ ਸਿਫਾਰਿਸ਼ 'ਤੇ ਤੁਹਾਨੂੰ ਕਾਫੀ ਫ਼ਿਲਮਾਂ ਮਿਲੀਆਂ ਸਗੋਂ ਗੋਵਿੰਦਾ ਨਾਲ ਵੀ ਤੁਸੀਂ 'ਬੰਦਾ ਹੈ ਬਿੰਦਾਸ' ਅਤੇ 'ਡੂ ਨੌਟ ਡਿਸਟਰਬ' ਵਰਗੀਆਂ ਫਿਲਮਾਂ ਝਟਕ ਲਈਆਂ ਤਾਂ ਉਸਨੇ ਜਵਾਬ ਵਿਚ ਕਿਹਾ ਕਿ ਇੱਥੇ ਕਿਸੇ ਦੀ ਸਿਫਾਰਿਸ਼ ਨਾਲ ਕਿਸੇ ਨੂੰ ਵੀ ਫਿਲਮਾਂ ਨਹੀਂ ਮਿਲਦੀਆਂ। ਇੱਥੇ ਸਿਰਫ ਹਿੱਟ ਦੀ ਭਾਸ਼ਾ ਹੀ ਸਭ ਦੀ ਸਮਝ 'ਚ ਆਉਂਦੀ ਹੈ। ਕਿਉਂਕਿ 'ਪਾਰਟਨਰ' ਮੇਰੇ ਕੈਰੀਅਰ ਦੀ ਸਭ ਤੋਂ ਵੱਡੀ ਹਿੱਟ ਸੀ ਅਤੇ ਫ਼ਿਲਮ 'ਚ ਮੇਰੀ ਪੇਸ਼ਕਾਰੀ ਕੈਰੀਅਰ ਦੀ ਸਭ ਤੋਂ ਵੱਡੀ ਹਿੱਟ ਸੀ ਅਤੇ ਫਿਲਮ 'ਚ ਮੇਰੀ ਪੇਸ਼ਕਾਰੀ ਕੈਰੀਅਰ ਦੀ ਸਭ ਤੋਂ ਸ਼ਾਨਦਾਰ ਪੇਸ਼ਕਾਰੀ ਸਿੱਧ ਹੋਈ, ਇਸ ਕਾਰਨ ਉਸ ਪਿੱਛੋਂ ਮੇਰੇ ਕੋਲ ਢੇਰ ਸਾਰੀਆਂ ਪੇਸ਼ਕਸ਼ਾਂ ਆਉਣ ਲੱਗੀਆਂ । ਮੈਂ ਫ਼ਿਲਮਾਂ 'ਚ ਬੇਹੱਦ ਬਿਜ਼ੀ ਹੋ ਗਈ। ਸਲਮਾਨ ਅਤੇ ਗੋਵਿੰਦਾ ਮੇਰੇ ਬਹੁਤ ਚੰਗੇ ਦੋਸਤ ਹਨ ਅਤੇ ਸਾਡੇ ਵਿਚਕਾਰ ਦੋਸਤੀ ਦੀ ਸ਼ੁਰੂਆਤ 'ਪਾਰਟਨਰ' ਤੋਂ ਹੀ ਹੋਈ।

ਸਲਮਾਨ ਨਾਲ ਤਾਂ ਇਸ ਵੇਲੇ ਮੇਰੀ ਕੋਈ ਫ਼ਿਲਮ ਸੈੱਟ 'ਤੇ ਨਹੀਂ ਹੈ ਪਰ ਗੋਬਿੰਦਾ ਨਾਲ ਦੋ ਫ਼ਿਲਮਾਂ ਕਰ ਰਹੀ ਹਾਂ ਤਾਂ ਇਸ 'ਚ ਬੁਰਾਈ ਕੀ ਹੈ। 'ਡੂ ਨੌਟ ਡਿਸਟਰਬ', 'ਬੰਦਾ ਹੈ ਬਿੰਦਾਸ' ਅਤੇ 'ਬਲਿਊ' 'ਚ ਉਸਨੇ ਆਪਣੇ ਕਿਰਦਾਰ ਬਾਰੇ ਦੱਸਦਿਆਂ ਹੋਇਆ ਕਿਹਾ ਕਿ 'ਬਲਿਊ' ਐਕਸ਼ਨ 'ਤੇ ਆਧਾਰਤ ਫ਼ਿਲਮ ਹੈ। ਇਸ ਫ਼ਿਲਮ 'ਚ ਮੈਂ ਦਸ ਫ਼ਿਲਮਾਂ ਦੇ ਬਰਾਬਰ ਮਿਹਨਤ ਕੀਤੀ ਹੈ। ਇਸ ਫ਼ਿਲਮ 'ਚ ਅੰਡਰਵਾਟਰ ਐਕਸ਼ਨ ਹੈ ਜੋ ਅੱਜ ਤਕ ਕਿਸੇ ਫ਼ਿਲਮ 'ਚ ਦਿਖਾਈ ਨਹੀਂ ਦਿੱਤਾ। ਇਸ ਫ਼ਿਲਮ ਲਈ ਮੈਂ ਛੇ ਮਹੀਨਿਆਂ ਤਕ ਦਿਨ-ਰਾਤ ਜ਼ਬਰਦਸਤ ਮਿਹਨਤ ਕੀਤੀ ਹੈ ਅਤੇ ਮੇਰੀ ਉਹ ਮਿਹਨਤ ਫ਼ਿਲਮ 'ਚ ਸਾਫ ਨਜ਼ਰ ਆਵੇਗੀ।

'ਬੰਦਾ ਹੈ ਬਿੰਦਾਸ' ਰਵੀ ਚੋਪੜਾ ਦੀ ਫਿਲਮ ਹੈ । ਬੀ.ਆਰ.ਫਿਲਮਸ ਨੇ ਇਸ ਵਾਰ 'ਬੰਦਾ ਹੈ ਬਿੰਦਾਸ' ਦੇ ਰੂਪ 'ਚ ਟੋਟਲ ਕਾਮੇਡੀ ਫਿਲਮ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਉਮੀਦ ਹੈ ਕਿ ਕਾਮੇਡੀ ਦਾ ਇਹ ਨਵਾਂ ਰੂਪ ਦਰਸ਼ਕਾਂ ਨੂੰ ਬਹੁਤ ਪਸੰਦ ਆਵੇਗਾ।

ਯਾਦ ਰਹੇ ਕਾਫੀ ਸਾਲਾਂ ਕੇਲੀ ਦੋਰਜੀ ਨਾਲ ਜੁੜਨ ਤੋਂ ਬਾਅਦ ਉਹ ਹੁਣ ਪੂਰੀ ਤਰ੍ਹਾਂ ਵੱਖ ਹਨ। ਹੁਣ ਲਾਰਾ ਦੀ ਜ਼ਿੰਦਗੀ 'ਚ ਦੀਨੋ ਮੋਰੀਆ ਆ ਚੁੱਕਾ ਹੈ।

ਇਸ ਬਾਰੇ ਉਹ ਆਖਦੀ ਹੈ ਕਿ ਇਨ੍ਹਾਂ ਖਬਰਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰਾਂਗੀ। ਜਦੋਂਕਿ ਅਸੀਂ ਅੱਠ ਸਾਲ ਬੰਗਲੌਰ 'ਚ ਇਕੱਠੇ ਪੜ੍ਹੇ ਹਾਂ ਅਤੇ ਵੱਡੇ ਹੋਏ ਹਾਂ। ਸਾਡੀ ਦੋਸਤੀ 20 ਸਾਲ ਤੋਂ ਵੀ ਪੁਰਾਣੀ ਹੈ। ਇਕ ਦਿਨ ਦੀਨੋ ਇਸ ਤਰ੍ਹਾਂ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਜਾਵੇਗਾ, ਮੈਂ ਕਦੇ ਸੋਚਿਆ ਨਹੀਂ ਸੀ। ਹੁਣ ਅਸੀਂ ਦੋਵੇਂ ਵਿਆਹ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਾਂ।

## ਇਟਲੀ ਦੇ ਪ੍ਰਧਾਨ ਮੰਤਰੀ ਦੇ ਮਾਡਲ ਨੋਇਮੀ ਨਾਲ ਸਬੰਧ ਦੀ ਚਰਚਾ

ਇਟਲੀ ਦੇ ਪ੍ਰਧਾਨ ਮੰਤਰੀ ਸਿਲਵੀਓ ਬਰਲਸਕੋਨੀ ਨੇ ਕਿਹਾ ਹੈ ਕਿ ਇਕ 18 ਸਾਲਾ ਮਾਡਲ ਨੋਇਮੀ ਲੇਟਿਜ਼ੀਆ ਨਾਲ ਉਨ੍ਹਾਂ ਦੇ ਸੰਬੰਧਾਂ ਬਾਰੇ ਝੂਠ ਜੇਕਰ ਸੱਚ ਸਾਬਤ ਹੋ ਜਾਂਦਾ ਹੈ ਤਾਂ ਉਹ ਗੱਦੀ ਛੱਡ ਦੇਣਗੇ। ਇਸ ਕਰੋੜਪਤੀ ਪ੍ਰਧਾਨ ਮੰਤਰੀ ਨੇ ਕਸਮ ਖਾਧੀ ਹੈ ਕਿ ਇਕ ਸਪੈਨਿਸ਼ ਅਖਬਾਰ 'ਅਲਪਾਇਸ' ਵਿਚ ਉਸ ਦੇ ਸਰਵੀਨੀਅਨ ਘਰ ਵਿਚ ਇਕ ਟਾਪਲੈਸ ਔਰਤ ਅਤੇ ਇਕ ਨੰਗੇ ਆਦਮੀ ਨਾਲ ਉਨ੍ਹਾਂ ਦੀਆਂ ਫੋਟੋਆਂ ਛਪਣ ਤੋਂ ਬਾਅਦ ਜੇਕਰ ਉਨ੍ਹਾਂ ਬਾਰੇ ਕੁਝ ਗਲਤ ਸਾਬਤ ਹੁੰਦਾ ਹੈ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ। ਦੂਜਾ ਆਦਮੀ ਟੋਪਲਨੇਕ ਦੱਸਿਆ ਜਾ ਰਿਹਾ ਹੈ।



ਟੋਪਲਨੇਕ ਪਿਛਲੀਆਂ ਗਰਮੀਆਂ ਵਿਚ ਚੈਕੋਸਲੋਵਾਕੀਆ ਦਾ ਪ੍ਰਧਾਨ ਮੰਤਰੀ ਸੀ ਜਦੋਂ ਇਹ ਫੋਟੋਆਂ ਲਈਆਂ ਗਈਆਂ। ਉਸਨੇ ਮੰਨਿਆ ਹੈ ਕਿ ਵਿਲਾ ਸਰਟੇਸਾ ਵਿਚ ਉਛਲਦਾ-ਕੁਦਦਾ ਨਜ਼ਰ ਆ ਰਿਹਾ ਆਦਮੀ ਉਹ ਹੀ ਹੈ। ਟੋਪੋਲਨੇਕ ਨੇ ਕਿਹਾ ਕਿ ਫੋਟੋ ਵਿਚ ਮੈਂ ਹੀ ਹਾਂ ਪਰ ਇਸ ਨਾਲ ਛੇੜਖਾਨੀ ਕੀਤੀ ਗਈ ਹੋਈ ਹੈ। ਇਹ ਮੇਰੀ ਨਿੱਜਤਾ ਵਿਚ ਦਖਲ ਹੈ। ਇਸ ਵਿਚ ਕੁਝ ਵੀ ਗਲਤ ਨਹੀਂ ਸੀ। ਇਹ ਬੰਦ ਘਰ ਵਿਚ ਬਿਤਾਈ ਗਈ ਮੇਰੀ ਨਿਜੀ ਛੁੱਟੀ ਸੀ, ਮੈਂ ਕੋਈ ਬਾਹਰ ਸਮੁੰਦਰੀ ਕੰਢੇ 'ਤੇ ਨਹੀਂ ਸੀ।



ਇਨ੍ਹਾਂ ਫੋਟੋਆਂ ਵਿਚਲੇ ਚਿਹਰੇ ਬਰਲਸਕੋਨੀ ਨੂੰ ਛੱਡ ਕੇ ਸਪੱਸ਼ਟ ਨਹੀਂ ਹਨ, ਮਹਿਮਾਨਾਂ ਦੀ ਪਛਾਣ ਲੁਕਾਈ ਗਈ ਹੈ। ਲੇਟਿਜ਼ੀਆ, ਜਿਸ ਦੇ ਨਾਲ ਬਰਲਸਕੋਨੀ ਨੇ ਆਪਣੇ ਸੰਬੰਧਾਂ ਤੋਂ ਇਨਕਾਰ ਕੀਤਾ ਹੈ, ਬਾਰੇ ਦਸਿਆ ਜਾਂਦਾ ਹੈ ਕਿ ਉਹ ਉਥੇ ਇਕ ਪਾਰਟੀ ਵਿਚ ਆਈ ਸੀ ਜਦੋਂ ਉਹ 17 ਸਾਲਾਂ ਦੀ ਸੀ।

ਓਧਰ ਬਰਲਸਕੋਨੀ ਦੀ ਪਤਨੀ ਨੇ ਕਿਹਾ ਹੈ ਕਿ ਉਹ ਤਲਾਕ ਲਈ ਅਰਜ਼ੀ ਦਾਇਰ ਕਰ ਰਹੀ ਹੈ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਜਦੋਂ ਬਰਲਸਕੋਨੀ ਦੇ ਸੰਬੰਧਾਂ ਬਾਰੇ ਚਰਚੇ ਹੋਏ ਹੋਣ। ਇਕ ਹੋਰ ਔਰਤ ਨੇ ਵੀ ਉਸ ਨਾਲ ਸੰਬੰਧਾਂ ਬਾਰੇ ਜ਼ਿਕਰ ਕੀਤਾ ਹੈ। ਪਿਛਲੇ ਹਫਤੇ ਪਹਿਲੀ ਵਾਰ ਬੋਲਦੇ ਹੋਏ 32 ਸਾਲਾ ਸਨਜਸਟ ਨੇ ਬਰਲਸਕੋਨੀ ਲਈ ਆਪਣੇ ਪਿਆਰ ਦਾ ਜ਼ਿਕਰ ਕੀਤਾ ਅਤੇ ਇਸ 'ਤੇ ਵੀ ਖੂਬ ਰੌਲਾ ਰੱਪਾ ਪਿਆ।

## ਭਲਾ ਕੀ ਹੈ ਅਭਿਨੇਤਰੀਆਂ ਦੀ ਪਤਲੀ ਪਤੰਗ ਫਿੱਗਰ ਦਾ ਅਸਲ ਰਾਜ਼ ?

ਕੀ ਤੁਸੀਂ ਹੈਰਾਨ ਹੋ ਕਿ ਫਿਲਮੀ ਹਸਤੀਆਂ ਕਿਵੇਂ ਇਕਹਿਰੇ ਬਦਨ ਦੀਆਂ ਬਣੀਆਂ ਰਹਿੰਦੀਆਂ ਹਨ। ਸਿਰ ਖੁਰਕਣ ਦੀ ਲੋੜ ਨਹੀਂ ਕਿਉਂਕਿ ਸਟਾਰ ਅਭਿਨੇਤਰੀਆਂ ਨੇ ਆਪਣੇ ਪਤਲੇ ਪਤੰਗ ਸਰੀਰਾਂ ਦੇ ਰਾਜ ਜ਼ਾਹਰ ਕਰ ਦਿੱਤੇ ਹਨ।



ਕੈਲੀ ਬਰੁਕ ਨੇ ਇੰਕਸ਼ਾਫ ਕੀਤਾ ਹੈ ਕਿ ਉਸ ਨੇ ਜੂਸ ਅਤੇ ਸਬਜ਼ੀਆਂ 'ਤੇ ਹੀ ਨਿਰਭਰ ਰਹਿਣਾ ਸ਼ੁਰੂ ਕਰ ਦਿੱਤਾ ਹੈ। ਨਿਊਜ਼ ਆਫ ਵਰਲਡ ਨੇ ਇਕ ਸੂਤਰ ਦੇ ਹਵਾਲੇ ਨਾਲ ਦਸਿਆ ਕਿ ਉਹ ਅਲਕੋਹਲ ਨਹੀਂ ਪੀਂਦੀ ਅਤੇ ਪਿਛਲੇ ਕੁਝ ਦਿਨਾਂ ਤੋਂ ਉਹ ਬਿਲਕੁਲ ਨਸ਼ਾ ਮੁਕਤ ਹੈ।

ਬ੍ਰਿਟਨੀ ਸਪੀਅਰ ਨੇ ਮਿੱਠੀਆਂ ਚੀਜ਼ਾਂ ਖਾਣੀਆਂ ਘਟਾ ਦਿੱਤੀਆਂ ਹਨ। ਉਸ ਦਾ ਕਹਿਣਾ ਹੈ ਕਿ ਮੈਨੂੰ ਸ਼ੁਗਰ ਨਹੀਂ ਹੈ ਅਤੇ ਨਾ ਹੀ ਫਲ ਜਾਂ ਫਲਾਂ ਦਾ ਜੂਸ ਲੈਂਦੀ ਹਾਂ।

ਦੋ ਬੱਚਿਆਂ ਦੀ ਮਾਂ ਹੋਣ ਦੇ ਬਾਵਜੂਦ ਬ੍ਰਿਟਨੀ ਦੀ ਬਾਡੀ ਦਿਖਾਵੇਯੋਗ ਹੈ ਅਤੇ ਉਸ ਨੂੰ ਪ੍ਰਮਾਣਤ ਕਰਨ ਲਈ, ਇਸ ਨੇ ਪਹਿਲੀ ਵਾਰ ਟਾਪਲੈਸ ਹੋ ਕੇ ਤਸਵੀਰ ਵੀ ਖਿਚਵਾਈ। ਜਿੰਮੀ ਮੋਰ ਨੇ ਵੀ ਵੀਡੀਓ ਲਈ ਇਕ ਸ਼ੂਟਿੰਗ ਦੌਰਾਨ ਆਪਣੇ ਕੱਪੜੇ ਉਤਾਰੇ। ਕੈਟੀ ਪੈਰੀ ਦਾ ਕਹਿਣਾ ਹੈ ਕਿ ਉਸ ਨੂੰ ਕਸਰਤ ਤੋਂ ਨਫਰਤ ਹੈ, ਪਰ ਉਸ ਨੂੰ ਰੱਸੀ ਟੱਪਣਾ ਪਸੰਦ ਹੈ। ਉਹ ਕਹਿੰਦੀ ਹੈ, ''ਮੈਨੂੰ ਕਸਰਤ ਕਰਨ ਤੋਂ ਨਫਰਤ ਹੈ, ਪਰ ਰੱਸੀ ਟੱਪਣਾ ਮੈਨੂੰ ਪਸੰਦ ਹੈ। ਰੱਸੀ ਟੱਪਣ ਵਿਚ ਲੈਅ ਹੈ-ਇਹ ਡਾਂਸ ਕਰਨ ਦੇ ਬਰਾਬਰ ਹੈ। ਮੈਂ ਡਬਲ, ਕ੍ਰਾਸ ਜੰਪ ਲਗਾ ਸਕਦੀ ਹਾਂ। ਮੈਂ ਹਰ ਤਰ੍ਹਾਂ ਨਾਲ ਰੱਸੀ ਟੱਪ ਸਕਦੀ ਹਾਂ।'' ਫਰਗੀ ਤਾਂ ਸਿਰਕੇ ਦੇ ਗੁਣ ਗਾਉਂਦੀ ਹੈ, ਜਿਸ ਬਾਰੇ ਉਸ ਦੀ ਟ੍ਰੇਨਰ ਨਤਾਸ਼ਾ ਕੁਠ ਦਾ ਦਾਅਵਾ ਹੈ ਕਿ ਇਹ ਵੱਡੀ ਆਂਤ ਵਿਚਲੇ ਫੈਟ ਨੂੰ ਬਾਹਰ ਕੱਢ ਦਿੰਦਾ ਹੈ ਅਤੇ ਭੋਜਨ ਪਚਣ ਵਿਚ ਸਰੀਰ ਦੀ ਮਦਦ ਕਰਦਾ ਹੈ। ਫਰਗੀ ਦਾ ਕਹਿਣਾ ਹੈ ਕਿ ਮੈਂ ਸਿਰਕੇ ਦੀ ਵਰਤੋਂ ਕਰਦੀ ਹਾਂ। ਸਪਾਈਸ ਗਰਲ ਮੇਲ ਬੀ.ਐੱਸ.ਦਾ ਕਹਿਣਾ ਹੈ ਕਿ ਉਹ ਆਰਗੈਨਿਕ ਸੇਬ ਦਾ ਰਸ ਬਿਨਾਂ ਪੁਣੇ ਪੀਂਦੀ ਹੈ। ਮੈਂ ਆਪਣੇ ਮਿਹਦੇ ਵਿਚ ਕਾਫੀ ਬਦਲਾਅ ਮਹਿਸੂਸ ਕੀਤਾ ਹੈ।



ਉਸ ਨੇ ਕਿਹਾ ਕਿ ਮੈਨੂੰ ਕਸਰਤ ਚੰਗੀ ਲੱਗਦੀ ਹੈ। ਜੇਕਰ ਤੁਸੀਂ ਇਸ ਨੂੰ ਲਗਾਤਾਰ ਕਰਦੇ ਹੋ ਅਤੇ ਸਿਹਤ ਵਧਾਊ ਖਾਣਾ ਖਾਂਦੇ ਹੋ ਤਾਂ ਤੁਹਾਡੀ ਬਾਡੀ ਚੁਸਤ ਅਤੇ ਫੁਰਤੀਲੀ ਹੋ ਜਾਂਦੀ ਹੈ। ਮੈਂ ਸਾਫ-ਸੁਥਰਾ ਅਤੇ ਸਿਹਤ ਵਧਾਊ ਖਾਣਾ ਖਾਂਦੀ ਹਾਂ। ਅੱਸੀ ਮੱਖਣ ਜਾਂ ਲੂਣ ਦੀ ਵਰਤੋਂ ਨਹੀਂ ਕਰਦੇ ਪਰ ਅਸੀਂ ਜੈਤੂਨ ਦੇ ਤੇਲ ਦੀ ਵਰਤੋਂ ਜਰੂਰ ਕਰਦੇ ਹਾਂ। ਅਸੀਂ ਅਕਸਰ ਭੁੰਨੀ ਹੋਈ ਮੱਛੀ ਅਤੇ ਭਾਫ ਨਾਲ ਪਕਾਈ ਸਬਜ਼ੀ ਸਲਾਦ ਦੇ ਨਾਲ ਖਾਂਦੇ ਹਾਂ।

## ਮਾਫੀਆ ਦੀ ਮੌਤ ਨੂੰ ਹਾਸੇ ਠੱਠੇ 'ਚ ਬਦਲਦੀ ਹੈ 'ਡੈਡੀ ਕੂਲ'

ਕਾਮੇਡੀ ਦੇ ਨਵੇਂ ਦੌਰ 'ਚ ਸਾਡੇ ਨਿਰਮਾਤਾ-ਨਿਰਦੇਸ਼ਕ ਆਪਣੀਆਂ ਫਿਲਮਾਂ ਨੂੰ ਹੁਣ ਹਰ ਛੋਟੇ-ਵੱਡੇ ਪ੍ਰਸੰਗ 'ਤੇ ਫੋਕਸ ਕਰਨ ਲੱਗੇ ਹਨ। ਨਿਰਮਾਤਾ ਇੰਦਰ ਕੁਮਾਰ ਅਤੇ ਅਸ਼ੋਕ ਠਕੇਰੀਆ ਨੇ ਆਪਣੀ ਫਿਲਮ 'ਡੈਡੀ ਕੂਲ' ਵਿਚ ਇਕ ਮਾਫੀਆ ਦੀ ਮੌਤ ਦੇ ਮਾਤਮ ਦਾ ਫਾਇਦਾ ਲੈਣ ਵਾਲਿਆਂ ਨੂੰ ਕਾਮੇਡੀ ਦੇ ਐਂਗਲ 'ਚ ਪੇਸ਼ ਕੀਤਾ ਹੈ।



ਫਿਲਮ ਡੈਡੀ ਕੂਲ

'ਡੈਡੀ ਕੂਲ' ਦੀ ਕਹਾਣੀ ਡੈਡੀ ਕੂਲ ਉਰਫ਼ ਡਗਲਸ ਲੇਜਾਰਸ (ਸ਼ਰਤ ਸਕਸੈਨਾ) ਦੀ ਮੌਤ ਤੋਂ ਬਾਅਦ ਦੇ ਘਟਨਾਕ੍ਰਮ ਦੇ ਆਲੇ-ਦੁਆਲੇ ਘੁੰਮਦੀ ਹੈ। ਡੈਡੀ ਕੂਲ ਦਾ ਬੇਟਾ ਸਟੀਵਨ ਲੇਜਾਰਸ (ਸੁਨੀਲ ਸ਼ੈਟੀ) ਆਪਣੇ ਪਿਤਾ ਦਾ ਦਾਹ-ਸੰਸਕਾਰ ਵਧੀਆ ਤਰੀਕੇ ਨਾਲ ਕਰਨਾ ਚਾਹੁੰਦਾ ਹੈ। ਸਟੀਵਨ ਦਾ ਛੋਟਾ ਭਰਾ ਬ੍ਰਿਆਨ (ਆਸ਼ੀਸ਼ ਚੌਧਰੀ) ਵੀ ਮੁੰਬਈ ਤੋਂ ਗੋਆ ਪਹੁੰਚਦਾ ਹੈ। ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਐਲਾਨ ਕਰਦਾ ਹੈ।

ਓਧਰ ਸਟੀਵਨ ਦੀ ਪਤਨੀ ਨੈਂਸੀ (ਆਰਤੀ ਛਾਬੜੀਆ), ਸਟੀਵਨ ਦੀ ਮਾਂ ਸੁਹਾਸਿਨੀ ਮੁਲੇ ਨਾਲ ਨਹੀਂ ਰਹਿਣਾ ਚਾਹੁੰਦੀ। ਇਸ ਲਈ ਇਕ ਸਟੇਟ ਏਜੰਟ ਪਿੰਟੋ (ਵਿਜੇ ਪਾਟਕਰ) ਨੇ ਨੈਂਸੀ ਲਈ ਇਕ ਮਕਾਨ ਦਾ ਸੌਦਾ ਤੈਅ ਕਰ ਦਿੱਤਾ ਹੈ। ਮਿਸਿਜ਼ ਲੇਜਾਰਸ 'ਤੇ ਪਤੀ ਦੀ ਮੌਤ ਦੇ ਸਦਮੇ ਪਿੱਛੋਂ ਇਹ ਦੂਜਾ ਸਦਮਾ ਹੈ। ਓਧਰ ਮਾਰੀਆ (ਟਿਊਲਿਪ ਜੋਸ਼ੀ) ਆਪਣੀ ਚਚੇਰੀ ਭੈਣ ਦੇ ਮੰਗੇਤਰ ਮਿਸ਼ੇਲ (ਆਫ਼ਤਾਬ ਸ਼ਿਵਦਾਸਾਨੀ) ਅਤੇ ਹੋਣ ਵਾਲੇ ਸਹੁਰੇ ਨਾਸਿਰ ਅਬਦੁੱਲਾ ਬਾਰੇ ਜਾਣ ਕੇ ਪ੍ਰੇਸ਼ਾਨ ਹੋ ਜਾਂਦੀ ਹੈ ਕਿਉਂਕਿ ਇਨ੍ਹਾਂ ਨੇ ਹੀ ਮਾਰੀਆ ਦੇ ਵਿਗੜੇ ਭਰਾ ਹੈਰੀ (ਚੰਕੀ ਪਾਂਡੇ) ਨੂੰ ਖ਼ਤਰਨਾਕ ਡਰੱਗਸ ਦਿੱਤੀ ਸੀ।

ਚਾਕੂ ਵਾਂਗ ਤਿੱਖੀ ਅਤੇ ਰਹੱਸਮਈ ਜੇਨੀ (ਕਿਮ ਸ਼ਰਮਾ) ਨੂੰ ਪਤਾ ਲੱਗਦਾ ਹੈ ਕਿ ਉਸ ਦਾ ਪਤੀ ਕਾਰਲੋਸ (ਜਾਵੇਦ ਜਾਫਰੀ) ਇਕ ਮਸ਼ਹੂਰ ਮਾਡਲ ਆਇਸ਼ਾ (ਸੋਫੀ ਚੌਧਰੀ) ਦੇ ਸਾਹਮਣੇ ਮੁਆਫੀ ਦੀ ਭੀਖ ਮੰਗ ਰਿਹਾ ਹੈ। ਇਸ ਮਾਡਲ ਨੂੰ ਇਕ ਵਿਗਿਆਪਨ 'ਚ ਕੰਮ ਦਿਵਾਉਣ ਦੇ ਨਾਂ 'ਤੇ ਕਾਲੇ ਸੂਟ ਪਹਿਨਣ ਵਾਲੇ ਇਕ ਇਨਸਾਨ ਨੂੰ ਖੁਸ਼ ਕਰਨ ਲਈ ਕਿਹਾ ਗਿਆ ਸੀ ਅਤੇ ਜਦੋਂ ਉਹ ਉਥੇ ਪੁੱਜੀ ਤਾਂ ਉਥੇ ਇਕ ਨਹੀਂ, ਸਗੋਂ ਕਈ ਕਰਮਚਾਰੀ ਮੌਜੂਦ ਹੁੰਦੇ ਹਨ। ਇਸ ਨਾਲ ਆਇਸ਼ਾ ਦਾ ਗੁੱਸਾ ਸਤਵੇਂ ਅਸਮਾਨ 'ਤੇ ਪੁੱਜ ਜਾਂਦਾ ਹੈ। ਦੂਜੇ ਪਾਸੇ ਲੰਮੇ ਵਾਲ ਅਤੇ ਰੋਡ ਸਾਈਡ ਰੋਮੀਓ ਜਿਮ (ਬ੍ਰਜੇਸ਼ ਹੀਰਜੀ) ਨੂੰ ਲੱਗਦਾ ਹੈ ਕਿ ਮਾਰੀਆ ਨੂੰ ਖੁਸ਼ ਕਰਨ ਲਈ ਡਗਲਸ ਦੇ ਦਾਹ-ਸੰਸਕਾਰ ਤੋਂ ਵਧੀਆ ਮੌਕਾ ਨਹੀਂ ਹੋ ਸਕਦਾ।

ਵ੍ਹੀਲ ਚੇਅਰ 'ਤੇ ਘੁੰਮਣ ਵਾਲੇ ਬਜ਼ੁਰਗ (ਪ੍ਰੇਮ ਚੋਪੜਾ) ਦੀਆਂ ਨਜ਼ਰਾਂ ਹੁਣ ਵੀ ਕੁੜੀਆਂ 'ਤੇ ਟਿੱਕੀਆਂ ਰਹਿੰਦੀਆਂ ਹਨ। ਉਥੇ ਹੀ ਬਲੈਕਮੇਲਰ ਐਂਡਰਿਊ (ਰਾਜਪਾਲ ਯਾਦਵ) ਵੀ ਡਗਲਸ ਦੇ ਅੰਤਿਮ ਸਸਕਾਰ 'ਤੇ ਪਹੁੰਚਦਾ ਹੈ ਕਿਉਂਕਿ ਉਸ ਕੋਲ ਡੈਡੀ ਦੇ ਸਾਰੇ ਸਕੈਂਡਲਾਂ ਦੇ ਰਾਜ਼ ਹਨ। ਇਨ੍ਹਾਂ ਸਭ ਦੀ ਆਪਸੀ ਹੋੜ 'ਚ ਕਾਫੀ ਕੁਝ ਵਾਪਰਦਾ ਹੈ।

ਮਾਰੂਤੀ ਪਿਕਚਰਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੀ ਕਹਾਣੀ ਅਤੇ ਸਕ੍ਰਿਪਟ ਤੁਸ਼ਾਰ ਹੀਰਾਨੰਦਾਨੀ ਨੇ ਲਿਖੀ ਹੈ, ਜਦਕਿ ਸੰਵਾਦ ਲੇਖਕ ਹਨ ਫਰਹਾਦ-ਸਾਜਿਦ ਅਤੇ ਸੰਗੀਤਕਾਰ ਹਨ ਰਾਘਵ।

## ਹਾਲੀਵੁੱਡ ਗਾਇਕ ਉਸ਼ੇਰ ਕਰਨਗੇ ਮੱਲਿਕਾ ਸ਼ੇਰਾਵਤ ਨੂੰ ਗਾਣਾ ਸਮਰਪਿਤ

ਹਰਿਆਣਾ ਦੀ ਮਿੱਟੀ ਤੋਂ ਨਿਕਲੀ ਅਤੇ ਸੈਕਸ ਸਿੰਬਲ ਦੇ ਰੂਪ ਵਿਚ ਮਸ਼ਹੂਰ ਹੋਈ ਬਾਲੀਵੁੱਡ ਦੀ ਅਦਾਕਾਰਾ ਮੱਲਿਕਾ ਸ਼ੇਰਾਵਤ ਨੇ ਇਨ੍ਹੀਂ ਦਿਨੀਂ ਲਾਸ ਏਂਜਲਸ ਵਿਚ ਵੀ ਆਪਣੇ ਆਕਰਸ਼ਣ ਦਾ ਜਲਵਾ ਖਿਲਾਰ ਰੱਖਿਆ ਹੈ। ਆਰ.ਐਂਡ ਬੀ ਦੇ ਸੁਪਰਸਟਾਰ ਅਤੇ ਹਾਲੀਵੁੱਡ ਦੇ ਗਾਇਕ ਉਸ਼ੇਰ ਨੇ ਆਪਣੇ ਗੀਤਾਂ ਵਿਚੋਂ ਇਕ ਗੀਤ ਇਸ ਅਭਿਨੇਤਰੀ ਨੂੰ ਸਮਰਪਿਤ ਕਰਨ ਦਾ ਫੈਸਲਾ ਕੀਤਾ ਹੈ। ਲਾਸ ਏਂਜਲਸ ਦਾ ਇਕ ਰੈਸਟੋਰੈਂਟ ਪਹਿਲਾਂ ਹੀ ਆਪਣੇ ਇਕ ਮਿਲਕ ਸ਼ੇਕ ਦਾ ਨਾਂ ਮੱਲਿਕਾ ਦੇ ਨਾਂ 'ਤੇ ਰੱਖ ਚੁੱਕਾ ਹੈ। ਮੱਲਿਕਾ ਆਪਣੀ ਪਹਿਲੀ ਹਾਲੀਵੁੱਡ ਫਿਲਮ 'ਹਿਸ' ਦੇ ਸਿਲਸਿਲੇ ਵਿਚ ਇਨ੍ਹੀਂ ਦਿਨੀਂ ਲਾਸ ਏਂਜਲਸ ਵਿਚ ਹੈ।

## ਹਾਲੀਵੁਡ ਫ਼ਿਲਮ ਵਿਚਲੇ 'ਲਵ ਸੀਨਜ਼' 'ਤੇ ਬਿਪਾਸ਼ਾ ਸ਼ਰਮਸਾਰ

ਬਿਪਾਸਾ ਬਸੂ ਇਨ੍ਹਾਂ ਖਬਰਾਂ 'ਤੇ ਸ਼ਰਮਸਾਰ ਹੈ ਕਿ ਉਹ ਆਪਣੀ ਪਹਿਲੀ ਹਾਲੀਵੁਡ ਫਿਲਮ 'ਚਿਮੇਰਾ' ਵਿਚ ਪਿਆਰ ਦੇ ਸੀਨ ਕਰ ਰਹੀ ਹੈ। ਇਹ ਫਿਲਮ ਜੋ ਕਿ ਡੈਲੀਅਲ ਸਿਲਵਰਮੈਨ ਅਤੇ ਤਪਨ ਸਿਨਹਾ ਵਲੋਂ ਡਾਇਰੈਕਟ ਕੀਤੀ ਗਈ ਹੈ, ਵਿਚ ਦਸਿਆ ਜਾਂਦਾ ਹੈ ਕਿ ਬਿਪਾਸ਼ਾ ਅਤੇ ਹਾਲੀਵੁਡ ਕਲਾਕਾਰ ਬਿੱਲੀ ਜੈਨੇ ਵਿਚਾਲੇ ਬਹੁਤ ਨਜ਼ਦੀਕੀ ਸੀਨ ਹਨ। ਇਹ ਖਬਰਾਂ ਜਿਨ੍ਹਾਂ ਨੂੰ ਲੀਕ ਨਹੀਂ ਹੋਣ ਦਿਤਾ ਜਾਣਾ ਚਾਹੀਦਾ ਸੀ, ਹਾਲ ਹੀ ਵਿਚ ਛਪੀਆਂ ਹਨ ਜਿਸ ਕਾਰਨ ਬਿਪਾਸ਼ਾ ਨੂੰ ਬਹੁਤ ਨਮੋਸ਼ੀ ਹੋਈ ਹੈ ਅਤੇ 'ਅਪਸੈਟ' ਹੈ। ਇਸ ਫਿਲਮ ਵਿਚ ਬਿੱਲੀ ਜੈਨੇ ਨੇ ਇਕ ਅਮਰੀਕੀ ਡਾਕਟਰ ਦਾ ਰੋਲ ਨਿਭਾਇਆ ਹੈ ਜੋ ਕਿ ਕੰਮ ਦੀ ਖਾਤਰ ਭਾਰਤ ਆਉਂਦਾ ਹੈ।

ਉਹ ਇਥੇ ਬਿਪਾਸ਼ਾ, ਜੋ ਕਿ ਉਸਦੀ ਮਰੀਜ਼ ਹੈ, ਨੂੰ ਮਿਲਦਾ ਹੈ ਤੇ ਉਸ ਨਾਲ ਪਿਆਰ ਕਰਨ ਲੱਗਦਾ ਹੈ। ਇਸ ਫਿਲਮ ਦੀ ਸ਼ੂਟਿੰਗ ਮਹਾਬਲੇਸ਼ਵਰ ਅਤੇ ਪੰਚਨਾਨੀ ਵਿਚ ਕੀਤੀ ਗਈ ਹੈ।

# ਕੰਮ ਦੇ ਬੰਦੇ

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਪੀਟਰ ਸਿੰਘ ਇਕੋ ਵੇਲੇ ਕਈ ਕੰਮਾਂ ਵਿਚ ਲੱਤਾਂ ਅੜਾਈ ਰੱਖਦਾ ਹੈ। ਉਹ ਭਲਾਮਾਣਸ ਸਵੇਰ ਸਾਰ ਰਾਤੀਂ ਕੰਮ ਤੋਂ ਲੇਟ ਆਈ ਆਪਣੀ ਪਤਨੀ ਰੂਬੀ ਨੂੰ ਤੰਗ ਨਹੀਂ ਕਰਦਾ। ਕੰਮ ਤੇ ਜਾਣ ਤੋਂ ਉਹ ਅੱਧਾ ਕੁ ਘੰਟਾ ਪਹਿਲਾਂ ਉਠਦਾ ਹੈ, ਉਠਦਾ ਨਹੀਂ ਮੰਜੇ ਤੋਂ ਛਲਾਂਗ ਮਾਰਦਾ ਹੈ। ਨਹਾਉਣ ਲਈ ਉਹ ਪਜਾਮੇ ਦਾ ਨਾਲਾ ਖੋਲ੍ਹਦਿਆਂ ਬਰੱਸ਼ ਤੇ ਪੇਸਟ ਥੱਪ ਕੇ ਛੁਕ ਛੁਕ ਕਰਦਾ ਹੈ, ਟੀ.ਵੀ. ਦਾ ਸਵਿਚ ਆਨ ਕਰਦਾ ਹੈ ਤੇ ਚੁਲ੍ਹੇ 'ਤੇ ਚਾਹ ਦਾ ਪਾਣੀ ਧਰਕੇ ਬੈਕਯਾਰਡ ਵਿਚ ਚਲਾ ਜਾਂਦਾ ਹੈ ਇਹ ਦੇਖਣ ਲਈ ਕਿ ਅੱਜ ਕਿਹੜਾ ਨਵਾਂ ਗੁੱਲ ਖਿੜਿਆ ਹੈ ਜਾਂ ਕਿਹੜੀ ਨਦੀਨ ਨੇ ਸਿਰ ਚੁੱਕਿਆ ਹੈ। ਅਕਸਰ ਉਸਦਾ ਘੱਟੋ ਘੱਟ ਇਕ ਕੰਮ ਤਮਾਮ ਹੋਇਆ ਹੁੰਦਾ ਹੈ। ਪਹਿਨੀ ਹੋਈ ਕਮੀਜ਼ ਤੇ ਪੇਸਟ ਦੀਆਂ ਘਰਾਲਾਂ ਲਮਕ ਜਾਂਦੀਆਂ ਹਨ ਜਾਂ ਚਾਹ ਉਬਲ ਉਬਲ ਕੇ ਚੁਲ੍ਹੇ ਵਿਚ ਡੁਲ੍ਹ ਜਾਂਦੀ ਹੈ; ਬਗੀਚੀ 'ਚੋਂ ਗਿੱਲੀ ਹੋਈ ਜੁੱਤੀ ਨਾਲ ਕਾਰਪੈਟ ਗੰਦੀ ਹੋ ਜਾਂਦੀ ਹੈ ਜਾਂ ਹੋਰ ਨਹੀਂ ਤਾਂ ਟੀ.ਵੀ. ਦੀ ਆਵਾਜ਼ ਏਨੀ ਉਚੀ ਹੋ ਜਾਂਦੀ ਹੈ ਕਿ ਗਵਾਂਢੀ ਗੋਰਿਆਂ ਦੇ ਬੂਥੇ ਸੁੱਜਣ ਦਾ ਡਰ ਪੈਦਾ ਹੋ ਜਾਂਦਾ ਹੈ।

ਇਹ ਗੱਲ ਨਹੀਂ ਕਿ ਸਵੇਰੇ ਕੰਮ ਤੇ ਜਾਣ ਲੱਗਿਆਂ ਉਸ ਕੋਲ ਵਕਤ ਨਹੀਂ ਹੁੰਦਾ। ਵਕਤ ਤਾਂ ਅਸਲ ਵਿਚ ਹਰ ਮਨੁੱਖ ਦੇ ਕੋਲ ਹਰ ਵਕਤ ਹੀ ਹੁੰਦਾ ਹੈ ਮਨੁੱਖ ਹੀ ਅਕਸਰ ਇਸ ਨੂੰ ਧੱਕੇ ਮਾਰਦਾ ਹੈ। ਐਪਰ ਪੀਟਰ ਸਿੰਘ ਵਰਗੇ ਬੰਦੇ ਉਪਲਬਧ ਸਮੇਂ ਨੂੰ ਵੀ ਪੰਜ ਗੁਣਾ ਕਰ ਲੈਂਦੇ ਹਨ। ਖੁਲ੍ਹਾ ਵਕਤ ਹੋਣ ਦੇ ਬਾਵਜੂਦ ਕੰਮ ਤੋਂ ਆਉਂਦਿਆਂ ਵੀ ਪੀਟਰ ਸਿੰਘ ਦੇ ਏਹੀ ਚਾਲੇ ਹੁੰਦੇ ਹਨ। ਪੈਂਟ ਦੇ ਬਟਣ ਤਾਂ ਉਹ ਕਾਰ ਵਿਚੋਂ ਹੀ ਖੋਲ੍ਹਣੇ ਸ਼ੁਰੂ ਕਰ ਦਿੰਦਾ ਹੈ। ਟੀ.ਵੀ. ਆਨ ਕਰਕੇ ਉਹ ਖਾਣਾ ਗਰਮ ਕਰਨ ਲਈ ਚੁਲ੍ਹੇ ਤੇ ਰਖਦਾ ਹੈ ਤੇ ਬਗੀਚੇ ਦੀ ਖਬਰ ਲੈਣ ਚਲੇ ਜਾਂਦਾ ਹੈ। ਸੋ ਜੋ ਹੋਣਾ ਹੁੰਦਾ ਹੈ ਉਹ ਤਾਂ ਹੋ ਕੇ ਹੀ ਹਟਦਾ ਹੈ, ਸਵੇਰ ਹੋਵੇ ਸ਼ਾਮ ਹੋਵੇ।

ਮੈਂ ਗਹੁ ਨਾਲ ਤਾੜਿਆ ਹੈ ਕਿ ਪੀਟਰ ਸਿੰਘ ਕੰਮ ਤੋਂ ਘਰ ਆ ਕੇ ਵੀ ਘਟੋ ਘਟ ਦੋ ਕੰਮ ਤਾਂ ਹਰ ਵੇਲੇ ਜ਼ਰੂਰ ਹੀ ਕਰਦਾ ਦਿਸੇਗਾ: ਪਾਖਾਨੇ ਬੈਠਾ ਕਿਤਾਬ ਪੜ੍ਹੇਗਾ, ਕਿਤਾਬ ਪੜ੍ਹਦਾ ਰੋਟੀ ਖਾਏਗਾ, ਰੋਟੀ ਖਾਂਦਾ ਟੀ.ਵੀ. ਦੇਖੇਗਾ, ਟੀ.ਵੀ. ਦੇਖਦਾ ਮਿੰਟ ਮਿੰਟ ਇਸਦੇ ਚੈਨਲ ਬਦਲੇਗਾ ਤੇ ਚੈਨਲ ਬਦਲਦਾ ਹੀ ਪੈਗ ਬਣਾਏਗਾ। ਆਖਿਰ ਪੈਗ ਚਾੜ੍ਹਦਾ ਚਾੜ੍ਹਦਾ ਹੀ ਉਹ ਲਮਲੇਟ ਹੋ ਜਾਂਦਾ ਹੈ ਇਸ ਕਰਕੇ ਅਗੇ ਮਲਟੀਟਾਸਕਿੰਗ ਦੀ ਗੁੰਜਾਇਸ਼ ਖਤਮ ਹੋ ਜਾਂਦੀ ਹੈ।

ਤੁਸੀਂ ਉਸਨੂੰ ਪੁਛ ਵੇਖੋ ਕਿ ਪੀਟਰ ਸਿੰਘ ਜੀ ਤੁਸੀਂ ਇਕੋ ਵੇਲੇ ਕਿਉਂ ਸਾਰੇ ਅੰਗਾਂ ਨੂੰ ਸੂਲੀ ਤੇ ਟੰਗਿਆ ਹੋਇਆ ਹੈ, ਕਿਉਂ ਤੁਹਾਡਾ ਮਲਟੀਟਾਸਕਿੰਗ ਵਿਚ ਏਨਾ ਅਟੁੱਟ ਵਿਸ਼ਵਾਸ ਹੈ? ਉਹ ਸ਼ਾਇਦ ਤੁਹਾਨੂੰ ਕੁਝ ਇਸ ਤਰਾਂ ਜਵਾਬ ਦੇਵੇਗਾ: ਮੇਰੇ ਸਰੀਰ ਦੇ ਸਾਰੇ ਅੰਦਰਲੇ ਅੰਗ ਨਾਲੋ ਨਾਲੋ ਆਪਣੇ ਕੰਮ ਕਰੀ ਜਾ ਰਹੇ ਹਨ, ਦਿਲ ਧੜਕ ਰਿਹਾ ਹੈ, ਫੇਫੜੇ ਸਾਹ ਦੀ ਖਿੱਚ-ਧੱਕ ਕਰ ਰਹੇ ਹਨ, ਮਿਅਦਾ ਖਾਧਾ ਪੀਤਾ ਪਚਾ ਰਿਹਾ ਹੈ, ਦਿਮਾਗ ਵੀ ਮੈਥੋਂ ਬੇਖਬਰ ਆਪਣੇ ਕੰਮ ਲੱਗਾ ਆਪੇ ਸੋਚੀ ਜਾ ਰਿਹਾ ਹੈ। ਫਿਰ ਮੈਂ ਖੁਦ ਕਿਉਂ ਨਾ ਆਪਣੇ ਕੰਟਰੋਲ ਵਿਚਲੇ ਸਾਰੇ ਅੰਗਾਂ ਨੂੰ ਕੰਮ ਤੇ ਲਾਵਾਂ?

ਪਰ ਮੈਨੂੰ ਲਗਦਾ ਹੈ ਇਹ ਮਲਟੀਟਾਸਕਿੰਗ ਵਾਲੀ ਗੱਲ ਸ਼ਾਇਦ ਉਸਨੇ ਆਪਣੀ ਕੰਪਨੀ ਤੋਂ ਸਿੱਖੀ ਹੋਵੇ ਕਿਉਂਕਿ ਕੰਪਨੀਆਂ ਵਿਚ ਕੋਈ ਸੁਪਰਵਾਈਜ਼ਰ ਕਿਸੇ ਕਰਮਚਾਰੀ ਦੇ ਕਿਸੇ ਅੰਗ ਨੂੰ ਵਿਹਲੇ ਮਸਤੀਆਂ ਕਰਦੇ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦਾ। ਉਂਝ ਮੈਂ ਇਹ ਗੱਲ ਯਕੀਨੀ ਤੌਰ ਤੇ ਨਹੀਂ ਕਹਿ ਸਕਦਾ, ਮੈਂ ਉਸਦੀ ਕੰਪਨੀ ਵਿਚ ਕਦੇ ਗਿਆ ਨਹੀਂ, ਸਿਰਫ ਅਨੁਮਾਨ ਹੀ ਲਾਇਆ ਹੈ ਕਿਉਂਕਿ ਉਸਨੂੰ ਅਜੇ ਤਕ ਕੰਮ ਤੋਂ ਜਵਾਬ ਨਹੀਂ ਮਿਲਿਆ।

ਉਸਦੀ ਬੀਵੀ ਉਸਤੋਂ ਬਿਲਕੁਲ ਉਲਟ ਹੈ। ਉਹ ਇਕੋ ਕੰਮ ਨੂੰ ਬਹੁਤੀ ਵਾਰ ਕਰਦੀ ਹੈ ਜਾਂ ਇਕੋ ਹੀ ਕੰਮ ਕਰੀ ਜਾਂਦੀ ਹੈ। ਖਾਣ ਤੋਂ ਪਹਿਲਾਂ ਵੀ ਬਰੱਸ਼ ਕਰਦੀ ਹੈ ਤੇ ਖਾਣ ਤੋਂ ਬਾਅਦ ਵੀ; ਬਰੱਸ਼ ਤੋਂ ਪਹਿਲਾਂ ਵੀ ਖਾਂਦੀ ਹੈ ਤੇ ਪਿਛੋਂ ਵੀ। ਨਹਾਉਣ ਤੋਂ ਪਹਿਲਾਂ ਵੀ ਚਾਹ ਪੀਂਦੀ ਹੈ ਬਾਅਦ ਵੀ । ਸਵੇਰੇ ਸਭ ਤੋਂ ਪਹਿਲਾਂ ਉਠਦੀ ਵੈਕਿਊਮ ਕਰਦੀ ਹੈ ਤੇ ਫਿਰ ਪਤੀ ਵਲੋਂ ਗੰਦੇ ਕੀਤੇ ਕਾਰਪੈਟ ਨੂੰ ਫਿਰ ਵੈਕਿਊਮ ਕਰਦੀ ਹੈ। ਬਾਥ ਰੂਮ ਤਾਂ ਉਹ ਕਈ ਵਾਰੀ ਜਾਂਦੀ ਹੈ ਕਿਉਂਕਿ ਉਹ ਹਰ ਵੇਲੇ ਹਾਜਤ ਵਿਚ ਹੀ ਰਹਿੰਦੀ ਹੈ। ਸੋਚਣ ਦਾ ਕੰਮ ਉਹ ਕਈ ਵਾਰੀ ਕਰਦੀ ਹੈ। ਪਹਿਲਾਂ ਸੋਚਦੀ ਹੈ ਕਿ ਪਹਿਲਾਂ ਕੱਪੜੇ ਧੋ ਲਵਾਂ, ਫਿਰ ਸੋਚਦੀ ਹੈ ਕਿ ਨਹੀਂ ਪਹਿਲਾਂ ਭਾਂਡੇ ਧੋ ਲਵਾਂ, ਫਿਰ ਸੋਚਦੀ ਹੈ ਕਿ ਚਲੋ ਪਹਿਲਾਂ ਰੋਟੀ ਟੁਕ ਹੀ ਨਿਬੇੜਦੀ ਹਾਂ। ਰੋਟੀ ਉਹ ਬੜੀ ਰੀਝ ਤੇ ਨੀਝ ਨਾਲ ਬਣਾਉਂਦੀ ਹੈ। ਪਹਿਲਾਂ ਪੇੜਾ ਕਰਦੀ ਹੈ, ਫਿਰ ਉਸਦੀ ਚੂੰਡੀ ਕਰਦੀ ਹੈ, ਫਿਰ ਉਸਨੂੰ ਚਕਲੇ ਤੇ ਵੇਲਦੀ ਹੈ, ਫਿਰ ਤਵੇ ਤੇ ਰਖਕੇ ਚੱਕ ਥੱਲ ਕਰਦੀ ਫੁਲਾਉਂਦੀ ਹੈ ਤੇ ਅੰਤ ਨੂੰ ਛਾਬੇ ਵਿਚ ਰੱਖਕੇ ਉਸਨੂੰ ਪੋਣੇ ਨਾਲ ਢਕ ਦਿੰਦੀ ਹੈ। ਇਸ ਤਰਾਂ ਪਹਿਲੀ ਰੋਟੀ ਦਾ ਕੰਮ ਮੁਕੰਮਲ ਕਰਕੇ ਉਹ ਅਗਲੀ ਰੋਟੀ ਦਾ ਪੇੜਾ ਕਰਨਾ ਸ਼ੁਰੂ ਕਰਦੀ ਹੈ ਤੇ ਸਾਰੀ ਕਾਰਵਾਈ ਇਕ ਤੋਂ ਬਾਅਦ ਇਕ ਨਿਬੇੜਦੀ ਹੈ। ਉਹ ਸਿਕਦੀ ਹੋਈ ਰੋਟੀ ਦੌਰਾਨ ਅਗਲੀ ਰੋਟੀ ਦਾ ਪੇੜਾ ਨਹੀਂ ਕਰਦੀ, ਇਸ ਤਰ੍ਹਾਂ ਉਸਨੂੰ ਬਿਰਤੀ ਬਿਖਰ ਜਾਣ ਦਾ ਡਰ ਰਹਿੰਦਾ ਹੈ ਜੋ ਕੰਪਨੀ ਵਲੋਂ ਦਿੱਤੀ ਮੱਤ ਦੀ ਉਲੰਘਣਾ ਹੈ। ਨਾਲੇ ਉਹ ਪਤੀ ਦੀ ਤੇ ਨਾਲ ਹੀ ਉਸਦੀ ਮਲਟੀਟਾਸਕਿੰਗ ਵਾਲੀ ਆਦਤ ਦੀ ਕੱਟੜ ਵਿਰੋਧੀ ਹੈ। ਕੰਮ ਤੇ ਜਾਣ ਤੋਂ ਪਹਿਲਾਂ ਜੇ ਵਕਤ ਬਚੇ ਤਾਂ ਉਹ ਇਕ ਤੋਂ ਬਾਅਦ ਇਕ ਘਰ ਦੀਆਂ ਸਮੱਸਿਆਵਾਂ ਬਾਰੇ ਸੋਚਣ ਲੱਗ ਜਾਂਦੀ ਹੈ, ਵਿਛੇ ਹੋਏ ਬਿਸਤਰਿਆਂ ਨੂੰ ਮੁੜ ਝਾੜ ਕੇ ਵਿਛਾ ਦਿੰਦੀ ਹੈ ਜਾਂ ਧੋਤੇ ਹੋਏ ਭਾਂਡਿਆਂ ਨੂੰ ਮੁੜ ਧੋਣਾ ਸ਼ੁਰੂ ਕਰ ਦਿੰਦੀ ਹੈ।

ਤੁਸੀਂ ਉਸ ਨੂੰ ਵੀ ਪੁੱਛ ਸਕਦੇ ਹੋ ਕਿ ਉਹ ਆਪਣੇ ਪਤੀ ਦੇਵ ਦੇ ਕਦਮਾਂ ਤੇ ਕਿਉਂ ਨਹੀਂ ਚਲਦੀ, ਕਿਉਂ ਬਾਰ ਬਾਰ ਇਕੋ ਕੰਮ ਕਰੀ ਜਾਂਦੀ ਹੈ ਜਾਂ ਇਕਵਾਰਗੀ ਕਿੰਨੇ ਕੰਮਾਂ ਨੂੰ ਕਿਉਂ ਨਹੀਂ ਹੱਥ ਪਾਉਂਦੀ? 99% ਉਸਦਾ ਜਵਾਬ ਇਹ ਹੋਵੇਗਾ: ਮੇਰੀ ਕੰਪਨੀ ਵਾਲੇ ਏਨੇ ਚੰਗੇ ਹਨ ਕਿ ਮੈਥੋਂ ਅੱਠ ਘੰਟਿਆਂ ਵਿਚ 960 ਵਾਰ ਇਕੋ ਹੀ ਕੰਮ ਲੈਂਦੇ ਹਨ। ਮਣ ਪੱਕਾ ਪਾਰਟ ਰੋਬਾਟ ਤੋਂ ਜਿਉਂ ਹੀ ਡਿਗਿਆ, ਇਸ ਨੂੰ ਚੁੱਕ ਲੈਣਾ, ਹੋ ਸਕੇ ਤਾਂ ਉਪਰੋਂ ਹੀ ਬੋਚ ਲੈਣਾ, ਫਿਰ ਇਸ ਨੂੰ ਚੈਕ ਕਰਕੇ ਖੂਬ ਸੁਆਰਨਾ ਤੇ ਬਕਸੇ ਵਿਚ ਰੱਖ ਦੇਣਾ। ਫਿਰ ਅਗਲਾ ਪਾਰਟ ਚੁਕਣਾ, ਸੁਆਰਨਾ, ਚੈਕ ਕਰਨਾ ਤੇ ਬਕਸੇ ਵਿਚ ਰੱਖ ਦੇਣਾ। ਮੈਂ ਅਠੇ ਘੰਟੇ ਬਾਰ ਬਾਰ ਲਗਾਤਾਰ ਏਹੀ ਕੰਮ ਕਰਦੀ ਹਾਂ। ਕੰਮ ਕਰਦਿਆਂ ਮੇਰੇ ਹੱਥ ਤੇ ਮਸ਼ੀਨ ਦਾ ਪਾਰਟ, ਬੱਸ ਏਹੀ ਮੇਰੀ ਦੁਨੀਆਂ ਹੁੰਦੀ ਹੈ। ਹੱਥਾਂ ਤੇ ਪਾਰਟ ਦਰਮਿਆਨ ਬੁਰਦ ਲੱਗ ਜਾਂਦੀ ਹੈ ਕੌਣ ਕਿਸ ਨੂੰ ਪਛਾੜਦਾ ਹੈ। ਇਸ ਦੌਰਾਨ ਸਰੀਰਕ ਲੋੜਾਂ ਦਾ ਕੋਈ ਅਹਿਸਾਸ ਨਹੀਂ ਹੁੰਦਾ, ਕਈ ਵਾਰੀ ਤਾਂ ਸਾਹ ਲੈਣਾ ਵੀ ਭੁਲ ਜਾਂਦੀ ਹਾਂ, ਬਰੇਕ ਹੋਈ 'ਤੇ ਪਤਾ ਲਗਦਾ ਹੈ ਕਿ ਜੀਭ ਪਿਆਸ ਨਾਲ ਬਾਹਰ ਲਮਕ ਰਹੀ ਹੈ ਤੇ ਏਨੇ ਸਾਹ ਲੈਣੇ ਅਜੇ ਬਾਕੀ ਹਨ। ਤੀਵੀਂ-ਮਾਨੀ ਵਾਸ਼ਰੂਮ ਦੀ ਗੱਲ ਕਰਦੀ ਚੰਗੀ ਨਹੀਂ ਲਗਦੀ। ਕੰਮ ਕਰਦਿਆਂ ਦਿਮਾਗ ਨਾ ਤਾਂ ਆਪ ਕੁਝ ਸੋਚਦਾ ਹੈ ਤੇ ਨਾ ਮੈਂ ਉਸਨੂੰ ਕੋਈ ਸੋਚਣ ਦੇ ਕੰਮ ਲਾਉਂਦੀ ਹਾਂ ਕਿਉਂਕਿ ਨੋਟਿਸ ਬੋਰਡ ਤੇ ਲਿਖਕੇ ਲਾਇਆ ਹੈ ਕਿ ਇਕ ਵੇਲੇ ਇਕੋ ਕੰਮ ਕਰੋ, ਕੰਮ ਵੇਲੇ ਘਰ ਦੀਆਂ ਚਿੰਤਾਵਾਂ ਬਾਰੇ ਨਾ ਸੋਚੋ, ਕੰਮ 'ਚ ਵਿਘਨ ਪੈਂਦਾ ਹੈ, ਤੁਹਾਨੂੰ 16 ਘੰਟਿਆਂ ਦੀ ਵਿਹਲ ਸੋਚਣ ਲਈ ਦਿੱਤੀ ਹੈ।

ਖੈਰ, ਪੀਟਰ ਸਿੰਘ ਦੀ ਬੀਵੀ ਦੀ ਕੰਪਨੀ ਵਿਚ ਵੀ ਮੈਂ ਜਾ ਕੇ ਤਾਂ ਨਹੀਂ ਦੇਖਿਆ ਪਰ ਜੇ ਉਹ ਇਹ ਗੱਲ ਕਹਿੰਦੀ ਹੈ ਤਾਂ ਠੀਕ ਹੀ ਹੋਵੇਗੀ ਕਿਉਂਕਿ ਉਸਨੂੰ ਅਜੇ ਤਕ ਕੰਮ ਤੋਂ ਜਵਾਬ ਨਹੀਂ ਮਿਲਿਆ।

ਤੁਸੀਂ ਸੋਚਦੇ ਹੋਵੋਗੇ ਕਿ ਇਹ ਇਕ ਦੂਸਰੇ ਤੋਂ ਉਲਟ ਚਰਿੱਤਰ ਜਦ ਵੀਕਐਂਡ ਤੇ 'ਕਠੇ ਹੁੰਦੇ ਹਨ ਤਾਂ ਕਿਹੜੀ ਕੁੜੀ ਘੁਲਦੀ ਹੋਵੇਗੀ। ਤੁਹਾਨੂੰ ਇਕ ਸਨਿਚਰਵਾਰ ਦਾ ਸਜੀਵ ਨਜ਼ਾਰਾ ਦਿਖਾ ਹੀ ਦੇਂਦੇ ਹਾਂ। ਆਦਤ ਅਨੁਸਾਰ ਪੀਟਰ ਸਿੰਘ ਸਵੇਰੇ ਸਵੇਰੇ ਪਜਾਮੇ ਦੀ ਇਕ ਲੱਤ ਪਾਉਂਦਾ ਹੋਇਆ ਤੇ ਮੂੰਹ 'ਚ ਬਰੱਸ਼ ਨਾਲ ਕੁਲਚਾ-ਕੁਲਚੀ ਕਰਦਾ ਹੋਇਆ ਪੌੜੀਆਂ ਉਤਰ ਰਿਹਾ ਸੀ। ਉਹ ਪੌੜੀਆਂ ਦੇ ਅਧ-ਵਿਚਾਲੇ ਹੀ ਪਹੁੰਚਿਆ ਸੀ ਕਿ ਅੱਧ-ਖਲ੍ਹੇ ਪਜਾਮੇ ਵਿਚ ਉਲਝ ਕੇ ਧੜੈਂ ਕਰਦਾ ਥੱਲੇ ਡਿਗ ਪਿਆ। ਉਸਦਾ ਬੁਰਸ਼ ਪੌੜੀਆਂ ਦਾ ਪੇਸਟ ਕਰਦਾ ਹੋਇਆ ਵੈਕਿਊਮ ਕਲੀਨਰ ਵਿਚ ਜਾ ਲੱਗਾ। ਉਹ ਖੁਦ ਲਹੂ ਲੁਹਾਣ ਹੋਇਆ ਫਰਸ਼ ਤੇ ਚੌਫਾਲ ਪਿਆ ਸੀ ਤੇ ਪਤਨੀ ਨੂੰ ਅਵਾਜ਼ਾਂ ਦੇ ਰਿਹਾ ਸੀ, "ਆਈਂ ਰੂਬੀ, ਆਈਂ, ਮੈਂ ਮਰ ਗਿਆ, ਮੈਨੂੰ ਚੁਕੀਂ, ਹਾਏ ਮੇਰਾ ਬੁਰਸ਼, ਮੇਰਾ ਪਜਾਮਾ..."

ਰੂਬੀ ਕਿਚਨ ਵਿਚ ਰੋਟੀਆਂ ਪਕਾਉਣ ਲੱਗੀ ਸੀ। ਅਜੇ ਪਹਿਲੀ ਹੀ ਰੋਟੀ ਦਾ ਉਸਨੇ ਪੇੜਾ ਵੇਲਿਆ ਸੀ, ਫਿਰ ਇਸਦੀ ਚੂੰਡੀ ਕਰਨੀ ਸੀ, ਫਿਰ ਇਸਨੂੰ ਵੇਲਣਾ ਸੀ, ਫਿਰ ਤਵੇ ਤੇ ਰਖਣਾ ਸੀ, ਫਿਰ ਥੱਲਣਾ ਸੀ ਫੁਲਾਉਣਾ ਸੀ ਤੇ ਛਾਬੇ 'ਚ ਰੱਖਕੇ ਇਸਨੂੰ ਪੋਣੇ ਨਾਲ ਢਕਣਾ ਸੀ। ਇਸ ਤਰ੍ਹਾਂ ਉਸਨੇ ਕੋਈ ਵੀਹ ਰੋਟੀਆਂ ਬਣਾਉਣੀਆਂ ਸਨ। ਰੋਟੀਆਂ ਦਾ ਕੰਮ ਮੁਕਾ ਕੇ ਉਹ ਖੂਨੋਂ ਖੂਨ ਪਤਨੀ ਨੂੰ ਅਟੈਂਡ ਕਰ ਸਕਦੀ ਸੀ ਕਿਉਂਕਿ ਉਹ ਇਕ ਵੇਲੇ ਇਕੋ ਕੰਮ ਕਰਦੀ ਸੀ, ਉਸਦਾ ਮਲਟੀਟਾਸਕਿੰਗ ਵਿਚ ਵਿਸ਼ਵਾਸ ਨਹੀਂ ਸੀ।

# ਰੰਗਮੰਚ ਦਾ ਸ਼ੈਦਾਈ-ਹਬੀਬ ਤਨਵੀਰ


ਸ਼ਰਧਾਂਜਲੀ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਭਾਰਤੀ ਰੰਗਮੰਚ ਦੀ ਮਹਾਨ ਹਸਤੀ ਹਬੀਬ ਅਹਿਮਦ ਖਾਨ ਤਨਵੀਰ, ਜਿਨ੍ਹਾਂ ਨੂੰ ਥੀਏਟਰ ਨਾਲ ਜੁੜੇ ਲੋਕ ਹਬੀਬ ਤਨਵੀਰ ਦੇ ਨਾਂ ਨਾਲ ਜਾਣਦੇ ਹਨ, ਹੁਣ ਸਾਡੇ ਵਿਚ ਨਹੀਂ ਰਹੇ। ਹਬੀਬ ਤਨਵੀਰ 86 ਵਰਿਆਂ ਦੇ ਸਨ। 8 ਜੂਨ 2009 ਨੂੰ ਉਨ੍ਹਾਂ ਦਾ ਭੋਪਾਲ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ ਜਿਥੇ ਉਹ ਲਗਭਗ ਤਿੰਨ ਹਫਤਿਆਂ ਤੋਂ ਜ਼ੇਰੇ-ਇਲਾਜ ਸਨ। ਆਖਰੀ ਸਮੇਂ ਉਨ੍ਹਾਂ ਦੀ ਇਕਲੌਤੀ ਬੇਟੀ ਨਗੀਨਾ ਉਨ੍ਹਾਂ ਕੋਲ ਹਾਜ਼ਰ ਸੀ ਜੋ ਉਨ੍ਹਾਂ ਦੀ ਦੇਖਭਾਲ ਕਰ ਰਹੀ ਸੀ। ਉਨ੍ਹਾਂ ਦੀ ਪਤਨੀ ਮੋਨਿਕਾ ਮਿਸ਼ਰਾ, ਜੋ ਖੁਦ ਇਕ ਨਾਮਵਰ ਐਕਟਰ ਤੇ ਨਿਰਦੇਸ਼ਕ ਸਨ, ਦਾ ਕੁਝ ਸਾਲ ਪਹਿਲਾਂ ਦਿਹਾਂਤ ਹੋ ਚੁੱਕਾ ਹੈ।

ਹਬੀਬ ਤਨਵੀਰ ਦਾ ਜਨਮ 1923 'ਚ ਛਤੀਸਗੜ੍ਹ ਦੇ ਸ਼ਹਿਰ ਰਾਏਪੁਰ 'ਚ ਹੋਇਆ। ਬੀ.ਏ. ਉਨ੍ਹਾਂ ਨਾਗਪੁਰ ਤੋਂ ਕੀਤੀ ਤੇ ਐਮ.ਏ. ਭਾਗ ਪਹਿਲਾ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ। ਫਿਰ ਐਮ.ਏ. ਅਧੂਰੀ ਛੱਡ ਕੇ ਬੰਬਈ ਚਲੇ ਗਏ ਜਿਥੇ ਉਨਾਂ ਆਲ ਇੰਡੀਆ ਰੇਡੀਓ ਤੇ ਪ੍ਰੋਡਿਊਸਰ ਦੀ ਨੌਕਰੀ ਸ਼ੁਰੂ ਕਰ ਲਈ। ਇਥੇ ਉਨ੍ਹਾਂ ਕੁਝ ਫਿਲਮਾਂ ਦੇ ਗੀਤ ਵੀ ਲਿਖੇ। 1955 'ਚ ਉਹ ਐਕਟਿੰਗ ਅਤੇ ਡਾਇਰੈਕਸ਼ਨ ਦੀ ਟਰੇਨਿੰਗ ਲੈਣ ਲਈ ਇੰਗਲੈਂਡ ਚਲੇ ਗਏ। ਉਥੋਂ ਉਹ ਜਰਮਨੀ ਪਹੁੰਚ ਗਏ ਜਿਥੇ ਉਨ੍ਹਾਂ ਦਾ ਵਾਹ ਉੱਘੇ ਨਾਟਕਕਾਰ ਬਰਲਾਈਨਰ (Berliner) ਨਾਲ ਪਿਆ ਜਿਹੜਾ ਉਨ੍ਹਾਂ ਦਿਨਾਂ 'ਚ ਜਿਆਦਾਤਰ ਬਰੈਖਤ ਦੇ ਲਿਖੇ ਨਾਟਕ ਸਟੇਜ ਕਰਦਾ ਹੁੰਦਾ ਸੀ। ਹਬੀਬ ਬਰਲਾਈਨਰ ਦੇ ਨਿਰਦੇਸ਼ਨ ਅਤੇ ਬਰੈਖਤ ਦੀ ਲਿਖਤ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਇਹ ਪ੍ਰਭਾਵ ਆਖਰ ਤੱਕ ਉਨ੍ਹਾਂ ਦੇ ਹਰ ਨਾਟਕ 'ਚ ਦਿਖਾਈ ਦਿੰਦਾ ਸੀ।

ਹਬੀਬ ਤਨਵੀਰ ਇਕ ਮਕਬੂਲ ਨਾਟਕ ਲੇਖਕ ਹੋਣ ਦੇ ਨਾਲ ਨਾਲ ਇਕ ਸਫਲ ਨਿਰਦੇਸ਼ਕ, ਐਕਟਰ ਅਤੇ ਕਵੀ ਵੀ ਸੀ। ਉਨ੍ਹਾਂ ਕੁਝ ਫ਼ਿਲਮਾਂ ਦੀਆਂ ਸਕਰਿਪਟਾਂ ਵੀ ਲਿਖੀਆਂ ਅਤੇ ਰਿਚਰਡ ਐਟਨਬਰੋ ਦੀ 'ਗਾਂਧੀ' ਅਤੇ ਕੁਝ ਹੋਰ ਫ਼ਿਲਮਾਂ 'ਚ ਕੰਮ ਵੀ ਕੀਤਾ। ਉਹ ਆਪਣੇ ਕੈਰੀਅਰ ਦੇ ਸ਼ੁਰੂ ਤੋਂ ਅੰਤ ਤੱਕ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਰਹੇ ਅਤੇ ਇਪਟਾ ਅਤੇ ਪਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀ ਡਬਲਿਊ ਏ) ਵਰਗੀਆਂ ਲੋਕ ਪੱਖੀ ਸੱਭਿਆਚਾਰਕ ਜਥੇਬੰਦੀਆਂ ਨਾਲ ਸਰਗਰਮੀ ਨਾਲ ਜੁੜੇ ਰਹੇ। ਇਕ ਵਾਰ ਜਦੋਂ ਇਪਟਾ ਦੀ ਸਾਰੀ ਲੀਡਰਸ਼ਿਪ ਨੂੰ ਸਰਕਾਰ ਨੇ ਜੇਲ੍ਹੀਂ ਡੱਕ ਦਿੱਤਾ ਸੀ ਤਾਂ ਇਪਟਾ ਦੀ ਵਾਗਡੋਰ ਹਬੀਬ ਤਨਵੀਰ ਨੇ ਹੀ ਸੰਭਾਲੀ ਸੀ। ਹੋਰ ਖੱਬੀ ਧਾਰਾ ਨਾਲ ਸਬੰਧਤ ਲੋਕ, ਜਿਵੇਂ ਮਰਹੂਮ ਸਫਦਰ ਹਾਸ਼ਮੀ, ਉਸਦੀ ਪਤਨੀ ਮਲੋਆਸਿਰੀ ਹਾਸ਼ਮੀ, ਸ਼ਿਆਮ ਬੇਨੇਗਲ, ਸੁਧਾਨਵੀ ਦੇਸ਼ਪਾਂਡੇ, ਸੰਜੇ ਮਹਾਂਰਿਸ਼ੀ ਅਤੇ ਕੁਦੀਸ਼ੀਆ ਜ਼ੈਦੀ ਆਦਿ ਹਮੇਸ਼ਾ ਹਬੀਬ ਤਨਵੀਰ ਦੇ ਸੰਗੀ ਸਾਥੀ ਰਹੇ।



ਹਬੀਬ ਤਨਵੀਰ ਨੇ ਆਪਣੇ ਨਾਟਕਾਂ 'ਚ ਫੋਕ, ਰਵਾਇਤੀ ਅਤੇ ਨਵੀਨਤਮ ਮੰਚ ਦਾ ਇਕ ਸਫਲ ਅਤੇ ਆਲ੍ਹਾ ਸੁਮੇਲ ਪੇਸ਼ ਕੀਤਾ। ਉਸਨੇ ਆਪਣੇ ਨਾਟਕ 'ਗਾਓਂ ਕਾ ਨਾਮ ਸੁਸਰਾਲ, ਮੇਰੋ ਨਾਮ ਦਾਮਾਦ' ਵਿਚ ਛਤੀਸਗੜ੍ਹ ਦੀ ਇਕ ਕਮੇਡੀ ਲੋਕ ਗਾਥਾ ਨੂੰ ਇਸ ਢੰਗ ਨਾਲ ਪੇਸ਼ ਕੀਤਾ ਕਿ ਇਹ ਇਕ ਮਨੋਰੰਜਨ ਅਤੇ ਅਰਥਭਰਪੂਰ ਕਮੇਡੀ ਹੋ ਨਿਬੜੀ। ਇਸੇ ਤਰ੍ਹਾਂ ਉਸਨੇ ਅਸਗ਼ਰ ਵਜ਼ਾਹਦ ਦਾ ਨਾਟਕ 'ਜਿਸਨੇ ਲਾਹੌਰ ਨਹੀਂ ਦੇਖਾ' ਛਤੀਸ਼ਗੜ੍ਹ ਦੀ ਇਕ ਲੋਕ ਕਲਾਕਾਰਾਂ ਦੀ ਮੰਡਲੀ ਰਾਹੀਂ ਥਾਂ-ਥਾਂ ਤੇ ਇੰਨੀ ਸਫਲਤਾ ਨਾਲ ਪੇਸ਼ ਕੀਤਾ ਕਿ ਇਹ ਮੌਲਿਕ ਛਤੀਸਗੜ੍ਹੀ ਨਾਟਕ ਲਗਦਾ ਸੀ। 'ਮਿੱਟੀ ਕੀ ਗਾੜੀ' ਅਤੇ 'ਮੋਤੀ ਰਾਮ ਕਾ ਸਤਿਆਗ੍ਰਹਿ' ਵੀ ਇਸੇ ਲੜੀ 'ਚ ਹੀ ਉਸਦੇ ਬੜੇ ਸਫਲ ਨਾਟਕ ਸਨ। 'ਆਗਰਾ ਬਾਜ਼ਾਰ' ਅਤੇ 'ਚਰਨ ਦਾਸ ਚੋਰ' ਉਸਦੇ ਸਭ ਤੋਂ ਸਫਲ ਅਤੇ ਚਰਚਿਤ ਨਾਟਕ ਮੰਨੇ ਜਾਂਦੇ ਹਨ ਜਿਹੜੇ ਨਾ ਸਿਰਫ ਭਾਰਤ 'ਚ ਸਗੋਂ ਸਾਰੇ ਸੰਸਾਰ 'ਚ ਬੜੀ ਸਫਲਤਾ ਪੂਰਵਕ ਖੇਡੇ ਗਏ। 'ਆਗਰਾ ਬਾਜ਼ਾਰ' 18ਵੀਂ ਸਦੀ ਦੇ ਮਸ਼ਹੂਰ ਸ਼ਾਇਰ ਨਜ਼ੀਰ ਅਕਬਰਬਾਦੀ ਦੀ ਸ਼ਾਇਰੀ 'ਤੇ ਆਧਾਰਤ ਹੈ। ਜਦੋਂ ਤਨਵੀਰ ਨੇ ਇਸ ਨਾਟਕ ਦੀ ਸ਼ੂਟਿੰਗ ਕੀਤੀ ਤਾਂ ਦਿੱਲੀ ਦੇ ਇਕ ਪਿੰਡ ਔਖਲਾ ਨੂੰ ਹੀ 18ਵੀਂ ਸਦੀ ਦੇ ਆਗਰੇ ਦਾ ਰੂਪ ਦੇ ਦਿੱਤਾ। ਇਸ ਨਾਟਕ ਲਈ ਉਸਨੇ ਮੰਜੇ ਹੋਏ ਕਲਾਕਾਰਾਂ ਦੀ ਬਜਾਏ ਉਸੇ ਪਿੰਡ ਦੇ ਆਮ ਲੋਕਾਂ, ਲੋਕ-ਕਲਾਕਾਰਾਂ ਅਤੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਕੁਝ ਆਮ ਵਿਦਿਆਰਥੀਆਂ ਨੂੰ ਹੀ ਕਲਾਕਾਰਾਂ ਦੇ ਤੌਰ 'ਤੇ ਪੇਸ਼ ਕੀਤਾ। ਨਾਟਕ ਦੇਖਦਿਆਂ ਇਉਂ ਲਗਦੈ ਜਿਵੇਂ ਅਸੀਂ 18ਵੀਂ ਸਦੀ ਦੇ ਆਗਰੇ ਫਿਰਦੇ ਹੋਈਏ। ਇਹ ਪਿਰਤ ਉਸਨੇ ਬਾਕੀ ਨਾਟਕਾਂ 'ਚ ਵੀ ਕਾਇਮ ਰੱਖੀ। ਛਤੀਸਗੜ੍ਹ ਦੀ ਜ਼ਿੰਦਗੀ ਬਾਰੇ ਆਪਣੇ ਨਾਟਕਾਂ 'ਚ ਉਹ ਉਥੋਂ ਦੇ ਰਿਕਸ਼ੇ ਵਾਲਿਆਂ, ਪਾਨਵਾੜੀਆਂ ਅਤੇ ਸਧਾਰਣ ਮਜਦੂਰਾਂ ਨੂੰ ਮੰਚ 'ਤੇ ਕਲਾਕਾਰਾਂ ਦੇ ਤੌਰ 'ਤੇ ਆਮ ਹੀ ਪੇਸ਼ ਕਰਦਾ ਰਿਹਾ ਹੈ।

ਹਬੀਬ ਤਨਵੀਰ ਇਕ ਦ੍ਰਿੜ ਇਰਾਦੇ ਵਾਲਾ ਕਲਾਕਾਰ ਸੀ ਅਤੇ ਉਸਨੂੰ ਸਮੱਸਿਆਵਾਂ ਨੂੰ ਲਤੀਫਿਆਂ 'ਚ ਬਦਲਣ ਦੀ ਜਾਚ ਸੀ। ਉਸਦਾ ਨਾਟਕ 'ਪੋਂਗਾ ਪੰਡਿਤ' 1960 ਤੋਂ ਖੇਡਿਆ ਜਾ ਰਿਹਾ ਸੀ ਕਦੇ ਕੋਈ ਵਿਵਾਦ ਨਹੀਂ ਸੀ ਖੜ੍ਹਾ ਹੋਇਆ। ਬੀ ਜੇ ਪੀ ਅਤੇ ਆਰ. ਐਸ. ਐਸ. ਵਲੋਂ ਬਾਬਰੀ ਮਸਜਿਦ ਢਾਹੀ ਜਾਣ ਤੋਂ ਬਾਅਦ ਇਹ ਜਥੇਬੰਦੀਆਂ ਇਸ ਨਾਟਕ ਨੂੰ ਆਪਣੇ ਵਿਰੋਧੀ ਪ੍ਰਚਾਰ ਵਾਲਾ ਨਾਟਕ ਮੰਨ ਰਹੀਆਂ ਸਨ ਤੇ ਸ਼ੋਆਂ 'ਚ ਹੁਲੜਬਾਜ਼ੀ ਕਰਦੀਆਂ ਸਨ। ਪਰ ਹਬੀਬ ਤਨਵੀਰ ਨਾ ਹੀ ਘਬਰਾਇਆ ਅਤੇ ਨਾ ਹੀ ਨਾਟਕ ਦੀ ਪੇਸ਼ਕਾਰੀ ਬੰਦ ਕੀਤੀ। ਇਕ ਵਾਰੀ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੜਬੜ ਸ਼ੁਰੂ ਹੋ ਗਈ, ਪੁਲਿਸ ਆ ਗਈ। ਉਨ੍ਹਾਂ ਸਭ ਦਰਸ਼ਕਾਂ ਨੂੰ ਭਜਾ ਦਿੱਤਾ ਤੇ ਥੀਏਟਰ ਖਾਲੀ ਹੋ ਗਿਆ। ਪੁਲਿਸ ਅਫਸਰ ਨੇ ਹਬੀਬ ਤਨਵੀਰ ਨੂੰ ਬੋਰੀਆ ਬਿਸਤਰਾ ਲਪੇਟ ਕੇ ਵਾਪਸ ਜਾਣ ਲਈ ਕਿਹਾ ਪਰ ਹਬੀਬ ਤਨਵੀਰ ਕਹਿਣ ਲੱਗਾ ਕਿ ਨਾਟਕ 'ਪੋਂਗਾ ਪੰਡਿਤ' ਪੇਸ਼ ਕਰਨ ਆਏ ਹਾਂ ਤੇ ਜ਼ਰੂਰ ਪੇਸ਼ ਕਰਾਂਗੇ। ਹੁਣੇ ਹੀ ਤੇ ਇਥੇ ਹੀ। ਇਵੇਂ ਹੀ ਹੋਇਆ ਚਾਰ ਦਰਸ਼ਕਾਂ ਸਾਹਮਣੇ ਪੂਰਾ ਨਾਟਕ ਖੇਡਿਆ ਗਿਆ। ਦੋ ਦਿੱਲੀ ਤੋਂ ਨਾਲ ਆਏ ਤਨਵੀਰ ਦੇ ਦੋਸਤ ਤੇ ਦੋ ਟਰੁੱਪ ਦੀਆਂ ਗੱਡੀਆਂ ਦੇ ਡਰਾਈਵਰ। ਇਸੇ ਤਰ੍ਹਾਂ ਇਕ ਵਾਰ ਉਹ ਛਤੀਸਗੜ੍ਹ 'ਚ ਕਿਤੇ ਧਰਮ 'ਤੇ ਵਿਅੰਗ ਕਰਦਾ ਇਕ ਨਾਟਕ ਖੇਡ ਰਿਹਾ ਸੀ। ਨਾਟਕ ਦੀ ਲੋੜ ਅਨੁਸਾਰ ਜਦੋਂ ਰਾਮ ਤੇ ਲਕਸ਼ਮਣ ਮੁੱਛਾਂ ਦਾੜ੍ਹੀ ਨਾਲ ਮੰਚ 'ਤੇ ਆਏ ਤਾਂ ਲੋਕਾਂ ਨੇ ਰੌਲਾ ਪਾ ਦਿੱਤਾ ਕਿ ਇਹ ਤਾਂ ਮਹਾਂਪੁਰਸ਼ਾਂ ਦੀ ਬੇਇਜ਼ਤੀ ਹੈ ਕਿਉਂਕਿ ਇਨ੍ਹਾਂ ਨੂੰ ਪਹਿਲਾਂ ਕਦੇ ਵੀ ਕਿਸੇ ਮੂਰਤੀ, ਤਸਵੀਰ ਜਾਂ ਫਿਲਮਾਂ 'ਚ ਇਸ ਤਰ੍ਹਾਂ ਨਹੀਂ ਦਿਖਾਇਆ ਗਿਆ। ਫਟਾਫਟ ਤਨਵੀਰ ਨੇ ਮਾਈਕ ਸੰਭਾਲਿਆ ਤੇ ਲੋਕਾਂ ਨੂੰ ਕਿਹਾ ਕਿ ਇਹ ਸਾਡੇ ਰਾਮ ਤੇ ਲਕਸ਼ਮਣ 14 ਸਾਲ ਜੰਗਲਾਂ 'ਚ ਬਣਵਾਸ ਕੱਟਕੇ ਆ ਰਹੇ ਹਨ ਅਤੇ ਜੰਗਲਾਂ 'ਚ ਸ਼ੇਵ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਲਈ ਇਨ੍ਹਾਂ ਦੀ ਦਾੜ੍ਹੀ ਮੁੱਛਾਂ ਵਧ ਗਈਆਂ ਹਨ। ਹੁਣ ਅਯੋਧਿਆ ਪਹੁੰਚਣਗੇ ਤੇ ਸ਼ੇਵ ਵੀ ਕਰਵਾ ਲੈਣਗੇ। ਹਬੀਬ ਦੀ ਗੱਲ ਸੁਣਕੇ ਤਣੇ ਖੜੇ ਦਰਸ਼ਕ ਠਹਾਕੇ ਮਾਰਕੇ ਹਸ ਰਹੇ ਸਨ।

ਜੇ ਹਬੀਬ ਤਨਵੀਰ ਨੇ ਰੰਗ-ਮੰਚ ਦੀ ਇੰਨੀ ਜ਼ਿਆਦਾ ਸੇਵਾ ਕੀਤੀ ਹੈ ਤਾਂ ਸਮਾਜ ਨੇ ਉਨ੍ਹਾਂ ਨੂੰ ਮਾਣ ਸਨਮਾਨ ਵੀ ਬਹੁਤ ਦਿੱਤਾ ਹੈ। 1969 'ਚ ਉਨ੍ਹਾਂ ਨੂੰ ਸੰਗੀਤ ਅਕਾਡਮੀ ਇਨਾਮ ਦਿੱਤਾ ਗਿਆ ਅਤੇ ਬਾਅਦ 'ਚ ਪਦਮਸ੍ਰੀ। 1982 'ਚ ਈਡਨਬਰਗ ਵਿਖੇ ਉਸਦੇ ਨਾਟਕ ਨੂੰ 'ਫਰਿੰਜ ਫਸਟ ਐਵਾਰਡ' ਮਿਲਿਆ। 1996 'ਚ ਉਨ੍ਹਾਂ ਨੂੰ ਸੰਗੀਤ ਨਾਟਕ ਅਕਾਡਮੀ ਦੀ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਅਤੇ 2002 'ਚ ਪਦਮਭੂਸ਼ਨ। ਉਹ 1972-78 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ।

ਅੱਜ ਭਾਵੇਂ ਉਹ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਰਹੇ ਪਰ ਉਹ ਆਪਣੇ ਨਾਟਕਾਂ ਤੇ ਨਾਟਕਾਂ ਰਾਹੀਂ ਭਾਰਤੀ ਲੋਕਾਂ ਤੇ ਰੰਗ ਮੰਚ ਦੇ ਅੰਗ-ਸੰਗ ਸਦਾ ਮੌਜੂਦ ਰਹਿਣਗੇ। ਸੰਜੇ ਮਹਾਂਰਿਸ਼ੀ ਅਤੇ ਸੁਧਾਨਵਾਂ ਦੇਸ਼ਪਾਂਡੇ ਵਲੋਂ ਹਬੀਬ ਤਨਵੀਰ ਬਾਰੇ ਬਣਾਈ ਖ਼ੂਬਸੂਰਤ ਡਾਕੂਮੈਂਟਰੀ 'ਗਾਓਂ ਕਾ ਨਾਮ ਥੀਏਟਰ, ਮੇਰੋ ਨਾਮ ਹਬੀਬ' ਉਸਨੂੰ ਉਸਦੇ ਚਾਹੁਣ ਵਾਲਿਆਂ 'ਚੋਂ ਕਦੇ ਵੀ ਗ਼ੈਰਹਾਜ਼ਰ ਨਹੀਂ ਹੋਣ ਦੇਵੇਗੀ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਦੇ ਮਾਲਕ ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 20 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

**Let us start looking for homes. Foreclosures, bank owned and other good deals are waiting for you. Now is time to act when sellers are motivated and aware of market situations. We start seeing multiple offer situations on all under market homes. Act now before its too late. Master of winners in multiple offer situation is waiting for your call.**

## Just Sold!

| | | | | |
|---|---|---|---|---|
| 321 Stone Bridge Dr., Fremont CA 94536 | | | | 1715 Reyes Ln Tracy CA 95376 |
| 940 Silver Court, Lathrop CA 95330 | 4604 Rochelle Dr. Union City CA 94587 | 1939 Navy Pl San Jose CA 95133 | 3155 Antonio Loop Tracy CA 95377 | 2434 Elkins Way San Jose CA 95121 |
| 4169 Colby St. Fremont CA 94538 | 27476 Coronado Way Hayward CA 94545 | 1430 Chilco St. Menlo Park CA 94025 | 4561 Niland St. Union City CA 94587 | 4663 Mildred Dr Fremont CA 94536 |
| 27106 Saint Francis Ave Hayward CA 94544 | 164 Harvard Dr Vallejo CA 94589 | 4900 Rochelle Comm Fremont CA 94536 | 1222 Montgomery ln Tracy CA 95377 | 2174 Decoto Dr Union City CA 94587 |

## Refinance Now

30 Yr Fixed Rates Are Getting Better!!!
Refinance Now At Low Cost
**Call Sukhi Gill @ 510-207-9067**

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ
ਸੁਖਵੀਰ ਅਤੇ ਜੱਸੀ ਗਿੱਲ

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc(PAU)
CA DRE# 00966763
Broker/Owner/Notary

*We can also sell your house in short sale.*

*2004 to 2006 Award Winner Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:- 916-612-5773
Fax:- 916-393-2586

E-mail: jassi@jassigill.com or
Visit us @ www.jassigill.com for hot listings



Sam Chahal
916-612-5773



Jaspreet Kaur
408-832-5759



Kamaljit Sidhu
510-541-2253



Rakesh Pabla
408-531-5464